SUPREME AUDIT INSTITUTION OF INDIA
लोकहितार्थ सत्यनिष्ठा
Dedicated to Truth in Public Interest

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਸਾਲ 2023–24 ਲਈ ਰਾਜ ਦੇ ਵਿੱਤਾਂ ਉੱਤੇ ਰਿਪੋਰਟ

ਪੰਜਾਬ ਸਰਕਾਰ

ਵਿੱਤ ਵਿਭਾਗ

2025 ਦੀ ਰਿਪੋਰਟ ਨੰ. 1

(ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ)

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਸਾਲ 2023–24 ਲਈ ਰਾਜ ਦੇ ਵਿੱਤਾਂ ਉੱਤੇ ਰਿਪੋਰਟ

ਪੰਜਾਬ ਸਰਕਾਰ

ਵਿੱਤ ਵਿਭਾਗ

2025 ਦੀ ਰਿਪੋਰਟ ਨੰ. 1

ਵਿਸ਼ਾ ਸਾਰਣੀ

ਵਿਸ਼ਾ	ਪੈਰ੍ਹਾ	ਪੰਨਾ
ਭੂਮਿਕਾ		vii
ਕਾਰਜਕਾਰੀ ਸਾਰ		ix-xvi
ਅਧਿਆਇ -I: ਝਲਕ		
ਰਾਜ ਦੀ ਰੂਪ ਰੇਖਾ	1.1	1
ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦਾ ਅਧਾਰ ਅਤੇ ਪਹੁੰਚ	1.2	4
ਸਰਕਾਰ ਦੇ ਲੇਖੇ ਦੀ ਬਣਤਰ ਅਤੇ ਬਜਟਰੀ ਪ੍ਰਕਿਰਿਆਵਾਂ ਦੀ ਝਲਕ	1.3	5
ਵਿੱਤੀ ਬਕਾਇਆ: ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚਿਆਂ ਦੀ ਪ੍ਰਾਪਤੀ	1.4	10
ਲੇਖਾ ਪ੍ਰੀਖਿਆ ਦੁਆਰਾ ਪੜਤਾਲ ਉਪਰੰਤ ਘਾਟੇ	1.5	18
ਲੇਖਾ ਪ੍ਰੀਖਿਆ ਉਪਰੰਤ – ਕੁੱਲ ਬਕਾਇਆ ਕਰਜ਼ਾ	1.6	19
ਅਧਿਆਇ-II: ਰਾਜ ਦੇ ਵਿੱਤ		
ਮੁੱਖ ਵਿੱਤੀ ਜੋੜਾਂ ਵਿੱਚ 2022-23 ਦੀ ਤੁਲਨਾ ਵਿੱਚ 2023-24 ਵਿੱਚ ਹੋਏ ਵੱਡੇ ਬਦਲਾਅ	2.1	21
ਫੰਡਾਂ ਦੇ ਸ੍ਰੋਤ ਅਤੇ ਵਰਤੋਂ	2.2	21
ਰਾਜ ਦੇ ਸਾਧਨ	2.3	23
ਸਾਧਨਾਂ ਦੀ ਵਰਤੋਂ	2.4	40
ਲੋਕ ਲੇਖਾ	2.5	63
ਰਾਜ ਦੇ ਸੰਚਿਤ ਫੰਡ/ਲੋਕ ਲੇਖੇ ਤੋਂ ਬਾਹਰ ਫੰਡ ਅਤੇ ਸਮਰਪਿਤ ਫੰਡ	2.6	70
ਜਨਤਕ ਦੇਣਦਾਰੀਆਂ ਪ੍ਰਬੰਧਨ	2.7	73
ਕਰਜ਼ਾ ਸਸਟੇਨੇਬਿਲਟੀ ਵਿਸ਼ਲੇਸ਼ਣ	2.8	80
ਮੁੱਖ ਵਿਸ਼ੇਸ਼ਤਾਵਾਂ	2.9	92

ਵਿਸ਼ਾ	**ਪੈਰ੍ਹਾ**	**ਪੰਨਾ**
ਸਿੱਟਾ	2.10	93
ਸਿਫਾਰਸ਼ਾਂ	2.11	94
ਅਧਿਆਇ-III: ਬਜਟਰੀ ਪ੍ਰਬੰਧਨ		
ਬਜਟ ਪ੍ਰਕਿਰਿਆ	3.1	95
ਨਿਮਿੱਤਣ ਲੇਖੇ	3.2	100
ਬਜਟਰੀ ਅਤੇ ਲੇਖਾ ਪ੍ਰਕਿਰਿਆ ਦਾ ਏਕੀਕਰਣ	3.3	100
ਬਜਟਰੀ ਅਤੇ ਲੇਖਾ ਪ੍ਰਕਿਰਿਆ ਦੀ ਪ੍ਰਭਾਵਿਕਤਾ	3.4	106
ਸਿੱਟਾ	3.5	120
ਸਿਫਾਰਸ਼ਾਂ	3.6	120
ਅਧਿਆਇ-IV: ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ		
ਵਿਆਜਯੋਗ ਰਾਖਵੇਂ ਫੰਡਾਂ ਅਤੇ ਵਿਆਜਯੋਗ ਡਿਪਾਜ਼ਿਟਜ਼ ਨਾਲ ਸਬੰਧਤ ਵਿਆਜ ਦੀ ਦੇਣਦਾਰੀ ਨਾ ਚੁਕਾਉਣਾ	4.1	121
ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਫੰਡ	4.2	122
ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਦੇਰੀ	4.3	122
ਅਬਸਟ੍ਰੈਕਟ ਕੰਟੀਜੈਂਟ ਬਿਲ	4.4	124
ਛੋਟੀ ਮੱਦ-800 ਦੀ ਅਵਿਵੇਕਪੂਰਣ ਵਰਤੋਂ	4.5	125
ਮੁੱਖ ਸਸਪੈਂਸ ਅਤੇ ਡੀ ਡੀ ਆਰ ਮੱਦਾਂ ਅਧੀਨ ਪਿਆ ਬਕਾਇਆ	4.6	126
ਕੈਸ਼ ਬਕਾਇਆਂ ਦਾ ਮਿਲਾਨ	4.7	127
ਮੰਡਲ ਅਧਿਕਾਰੀਆਂ ਕੋਲ ਪਈ ਅਣਖਰਚੀ ਰਾਸ਼ੀ	4.8	127
ਲੇਖਾ ਮਿਆਰਾਂ ਦੀ ਪਾਲਣਾ	4.9	128
ਖੁਦਮੁਖਤਿਆਰ ਸੰਗਠਨਾਂ ਦੇ ਲੇਖੇ ਪੇਸ਼ ਕਰਨਾ	4.10	129
ਵਿਭਾਗੀ ਕਮਰਸ਼ੀਅਲ ਅਦਾਰੇ/ਕਾਰਪੋਰੇਸ਼ਨਾਂ/ਕੰਪਨੀਆਂ	4.11	130
ਦੁਰਵਰਤੋਂ, ਨੁਕਸਾਨ, ਚੋਰੀਆਂ, ਆਦਿ	4.12	132
ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਪੈਰਵ੍ਹੀ ਕਰਨ ਲਈ ਕਾਰਵਾਈ	4.13	133

ਵਿਸ਼ਾ	**ਪੈਰ੍ਹਾ**	**ਪੰਨਾ**
ਵਿੱਤੀ ਵੰਡ ਬਾਰੇ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ	4.14	134
ਸਿੱਟਾ	4.15	134
ਸਿਫਾਰਸ਼ਾਂ	4.16	135

ਅੰਤਿਕਾਵਾਂ

ਵਿਸ਼ਾ	ਅੰਤਿਕਾ	ਪੰਨਾ
ਪੰਜਾਬ ਦੀ ਰੂਪ-ਰੇਖਾ	1.1	137
31 ਮਾਰਚ 2024 ਨੂੰ ਪੰਜਾਬ ਸਰਕਾਰ ਦੀ ਸੰਖੇਪਕ ਵਿੱਤੀ ਸਥਿਤੀ	1.2	139
ਸਾਲ 2023-24 ਲਈ ਪ੍ਰਾਪਤੀਆਂ ਅਤੇ ਅਦਾਇਗੀਆਂ ਦਾ ਸਾਰ	2.1	141
ਰਾਜ ਸਰਕਾਰ ਦੇ ਵਿੱਤਾਂ ਬਾਰੇ ਟਾਈਮ ਸੀਰੀਜ਼ ਡਾਟਾ	2.2	145
ਰਾਜ ਸਰਕਾਰ ਦੇ ਇਕਿਉਟੀ ਨਿਵੇਸ਼ ਵਾਲੇ ਪੀ ਐਸ ਯੂਜ਼ ਵਿੱਚ ਸੰਚਿਤ ਘਾਟਿਆਂ ਨੂੰ ਦਰਸਾਉਂਦੀ ਵਿਵਰਣੀ	2.3	149
ਨੈਗੇਟਿਵ ਨੈਟ ਵਰਥ ਅਤੇ ਸੰਚਿਤ ਘਾਟਿਆਂ ਵਾਲੇ ਪੀ ਐਸ ਯੂਜ਼ ਜਿਨ੍ਹਾਂ ਵਿੱਚ ਪੰਜਾਬ ਸਰਕਾਰ ਨੇ ਇਕਿਉਟੀ ਵਜੋਂ ਨਿਵੇਸ਼ ਕੀਤਾ	2.4	150
31 ਮਾਰਚ 2024 ਨੂੰ ਪੰਜਾਬ ਸਰਕਾਰ ਵੱਲੋਂ ਰਾਜ ਦੇ ਪੀ ਐਸ ਯੂਜ਼ ਨੂੰ ਦਿੱਤੇ ਗਏ ਦੀਰਘ ਕਾਲੀਨ ਬਕਾਇਆ ਕਰਜ਼ਿਆਂ ਦੀ ਸਥਿਤੀ	2.5	151
ਜਨਤਕ ਖੇਤਰ ਦੇ ਅਦਾਰਿਆਂ ਦੇ ਰਿਕਾਰਡਾਂ ਦੇ ਮੁਕਾਬਲੇ ਵਿੱਤ ਲੇਖਿਆਂ ਦੇ ਅਨੁਸਾਰ ਸਰਕਾਰੀ ਨਿਵੇਸ਼	2.6	152
ਜੈਂਡਰ ਰਿਸਪਾਂਸਿਵ ਬਜਟਿੰਗ ਯੋਜਨਾ ਦੇ ਅਧੀਨ ਬਜਟ ਦੀ ਵੰਡ ਅਤੇ ਖਰਚੇ ਦੇ ਵੇਰਵੇ (₹ 50 ਕਰੋੜ ਜਾਂ ਵੱਧ ਦਾ ਮੂਲ ਬਜਟ ਉਪਬੰਧ ਹੋਣ)	3.1	153
ਰੈਵੀਨਿਊ ਸੈਕਸ਼ਨ ਦੇ ਅਧੀਨ ਬਜਟ ਅਨੁਮਾਨਾਂ ਅਤੇ ਅਸਲ ਆਊਟ-ਟਰਨ	3.2	155
ਪੂੰਜੀਗਤ ਸੈਕਸ਼ਨ ਦੇ ਅਧੀਨ ਬਜਟ ਅਨੁਮਾਨਾਂ ਅਤੇ ਅਸਲ ਆਊਟ-ਟਰਨ	3.3	157
ਰੈਵੀਨਿਊ ਸੈਕਸ਼ਨ ਦੇ ਅਧੀਨ ਸੋਧੇ ਅਨੁਮਾਨਾਂ ਅਤੇ ਅਸਲ ਆਊਟ-ਟਰਨ	3.4	159
ਪੂੰਜੀਗਤ ਸੈਕਸ਼ਨ ਦੇ ਅਧੀਨ ਸੋਧੇ ਅਨੁਮਾਨਾਂ ਅਤੇ ਅਸਲ ਆਊਟ-ਟਰਨ	3.5	161
ਬਜਟ ਉਪਬੰਧ ਤੋਂ ਬਗੈਰ ਕੀਤੇ ਗਏ ਖਰਚੇ ਨੂੰ ਦਰਸਾਉਂਦੀ ਵਿਵਰਣੀ (₹ ਇੱਕ ਕਰੋੜ ਤੋਂ ਵੱਧ)	3.6	163

ਅੰਤਿਕਾਵਾਂ

ਅਜਿਹੇ ਮਾਮਲਿਆਂ ਨੂੰ ਦਰਸਾਉਂਦੀ ਵਿਵਰਣੀ ਜਿਨ੍ਹਾਂ ਵਿੱਚ ਪੂਰਕ ਉਪਬੰਧ (ਹਰ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਗੈਰ-ਜ਼ਰੂਰੀ ਸਾਬਤ ਹੋਇਆ	3.7	164
ਅਜਿਹੇ ਮਾਮਲਿਆਂ ਨੂੰ ਦਰਸਾਉਂਦੀ ਵਿਵਰਣੀ ਜਿਨ੍ਹਾਂ ਵਿੱਚ ਪੂਰਕ ਉਪਬੰਧ (ਹਰ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਵਾਧੂ ਸਾਬਤ ਹੋਏ	3.8	166
ਫੰਡਾਂ ਦੇ ਅਨੁਚਿਤ/ਗੈਰ-ਜ਼ਰੂਰੀ ਪੁਨਰ-ਨਿਮਿੱਤਣ (ਜਿੱਥੇ ਪੁਨਰ-ਨਿਮਿੱਤਣ ਦੀ ਰਾਸ਼ੀ ਹਰੇਕ ਮਾਮਲੇ ਵਿੱਚ ₹ ਇੱਕ ਕਰੋੜ ਜਾਂ ਵੱਧ ਹੈ)	3.9	167
ਸਾਲ 2023-24 ਦੌਰਾਨ ਸਪੁਰਦਗੀਆਂ ਨੂੰ ਛੱਡ ਕੇ ਵੱਡੀਆਂ ਬੱਚਤਾਂ (₹ 100 ਕਰੋੜ ਤੋਂ ਵੱਧ) ਵਾਲੀਆਂ ਗ੍ਰਾਂਟਾਂ ਦੇ ਵੇਰਵੇ	3.10	169
ਸਾਲ 2021-2024 ਦੌਰਾਨ ਨਿਰੰਤਰ ਬੱਚਤਾਂ (₹ 100 ਕਰੋੜ ਤੋਂ ਵੱਧ) ਵਾਲੀਆਂ ਗ੍ਰਾਂਟਾਂ ਦੇ ਵੇਰਵੇ	3.11	170
ਗ੍ਰਾਂਟ-ਵਾਰ ਵਰਤੋਂ ਅਤੇ ਬੱਚਤਾਂ	3.12	171
ਨਿਮਿੱਤਣ/ਗ੍ਰਾਂਟਾਂ ਜਿਨ੍ਹਾਂ ਵਿੱਚ ਬੱਚਤਾਂ (ਹਰੇਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਬਿਲਕੁਲ ਵੀ ਸਪੁਰਦ ਨਹੀਂ ਕੀਤੀਆਂ ਗਈਆਂ	3.13	173
ਮਾਰਚ 2024 ਦੇ ਅੰਤਿਮ ਦਿਨ ₹ 10 ਕਰੋੜ ਤੋਂ ਵੱਧ ਦੇ ਫੰਡਾਂ ਦੀ ਸਪੁਰਦਗੀ ਦੇ ਵੇਰਵੇ	3.14	174
ਸਕੀਮਾਂ ਦੇ ਵੇਰਵੇ ਜਿਨ੍ਹਾਂ ਲਈ ਉਪਬੰਧ (₹ 100 ਕਰੋੜ ਅਤੇ ਵੱਧ) ਕੀਤਾ ਗਿਆ ਸੀ, ਪ੍ਰੰਤੂ ਜਾਂ ਤਾਂ ਵਾਪਸ ਲੈ ਲਿਆ ਗਿਆ ਸੀ ਜਾਂ ਕੋਈ ਵੀ ਖਰਚਾ ਨਹੀਂ ਕੀਤਾ ਗਿਆ ਸੀ	3.15	176
ਸਕੀਮਾਂ ਦੇ ਵੇਰਵੇ ਜਿਨ੍ਹਾਂ ਲਈ ਉਪਬੰਧ (₹ 10 ਕਰੋੜ ਅਤੇ ਵੱਧ) ਕੀਤਾ ਗਿਆ ਸੀ ਪ੍ਰੰਤੂ ਪੁਨਰ-ਨਿਮਿੱਤਣ ਰਾਹੀਂ ਪੂਰਨ ਤੌਰ ਤੇ ਵਾਪਸ ਲੈ ਲਿਆ ਗਿਆ ਸੀ	3.16	178
ਕੋਰ ਆਫ ਕੋਰ ਸਕੀਮਾਂ ਅਤੇ ਕੋਰ ਸਕੀਮਾਂ ਦੇ ਅਧੀਨ ਬਜਟ ਉਪਬੰਧਾਂ ਅਤੇ ਖਰਚੇ ਦੇ ਵੇਰਵੇ (ਹਰ ਇੱਕ ਮਾਮਲੇ ਵਿੱਚ ₹ 100 ਕਰੋੜ ਜਾਂ ਇਸ ਤੋਂ ਵੱਧ ਦੇ ਮੂਲ ਬਜਟ ਉਪਬੰਧ ਹੋਣ)	3.17	181
2023-24 ਦੌਰਾਨ ਨਵੀਆਂ ਸਕੀਮਾਂ 'ਤੇ ਬਜਟ ਉਪਬੰਧਾਂ ਅਤੇ ਖਰਚਿਆਂ ਦਾ ਵੇਰਵਾ (ਹਰ ਮਾਮਲੇ ਵਿੱਚ ₹ 100 ਕਰੋੜ ਤੋਂ ਵੱਧ ਦੇ ਮੂਲ ਬਜਟ ਉਪਬੰਧ ਹੋਣ)	3.18	184

ਅੰਤਿਕਾਵਾਂ

ਮੁੱਖ ਮੱਦਾਂ ਨੂੰ ਦਰਸਾਉਂਦੀ ਵਿਵਰਣੀ ਜਿਨ੍ਹਾਂ ਵਿੱਚ 50 *ਪ੍ਰਤੀਸ਼ਤ* ਤੋਂ ਵੱਧ ਖਰਚਾ ਮਾਰਚ 2024 ਵਿੱਚ ਕੀਤਾ ਗਿਆ ਸੀ	3.19	186
ਉਪ ਮੱਦਾਂ ਦੇ ਵੇਰਵੇ ਜਿੱਥੇ ਸਾਰਾ ਖਰਚਾ (ਹਰ ਮਾਮਲੇ ਵਿੱਚ ₹ 10 ਕਰੋੜ ਤੋਂ ਵੱਧ) ਮਾਰਚ 2024 ਵਿੱਚ ਕੀਤਾ ਗਿਆ ਸੀ	3.20	187
ਗ੍ਰਾਂਟ ਨੰਬਰ 01 ਅਧੀਨ ਲਾਗੂ ਕੀਤੇ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ 'ਤੇ ਬਜਟ ਉਪਬੰਧ ਅਤੇ ਖਰਚਾ (ਮੂਲ ਬਜਟ ਉਪਬੰਧ ਜਾਂ ਕੁੱਲ ਬਜਟ ਉਪਬੰਧ ₹ 10 ਕਰੋੜ ਜਾਂ ਵੱਧ)	3.21	188
ਗ੍ਰਾਂਟ ਨੰ. 17 ਦੇ ਅਧੀਨ ਲਾਗੂ ਕੀਤੇ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ 'ਤੇ ਬਜਟ ਉਪਬੰਧ ਅਤੇ ਖਰਚਾ (ਮੂਲ ਬਜਟ ਉਪਬੰਧ ਜਾਂ ਕੁੱਲ ਬਜਟ ਉਪਬੰਧ ₹ 10 ਕਰੋੜ ਜਾਂ ਇਸ ਤੋਂ ਵੱਧ)	3.22	190
ਭਾਰਤ ਸਰਕਾਰ (ਜੀ ਓ ਆਈ) ਦੁਆਰਾ 2023-24 ਦੌਰਾਨ ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਤੌਰ 'ਤੇ ਟਰਾਂਸਫਰ ਕੀਤੇ ਗਏ ਕੇਂਦਰੀ ਸਕੀਮ ਫੰਡਾਂ ਦੇ ਵੇਰਵੇ	4.1	193
ਕੇਂਦਰੀ ਪ੍ਰਾਯੋਜਿਤ ਸਕੀਮ ਦੇ ਵੇਰਵਿਆਂ ਨੂੰ ਦਰਸਾਉਂਦੀ ਵਿਵਰਣੀ, ਜਿਸ ਵਿੱਚ ਭਾਰਤ ਸਰਕਾਰ (ਜੀ ਓ ਆਈ) ਨੇ ਆਪਣਾ ਹਿੱਸਾ ਸਿੱਧਾ ਰਾਜ ਲਾਗੂਕਰਤਾ ਏਜੰਸੀਆਂ ਨੂੰ ਟਰਾਂਸਫਰ ਕਰ ਦਿੱਤਾ	4.2	194
ਛੋਟੀ ਮੱਦ-800-ਹੋਰ ਖਰਚੇ ਅਧੀਨ ਬੁੱਕ ਕੀਤੇ ਗਏ ਮਹੱਤਵਪੂਰਣ ਖਰਚਿਆਂ (₹ 10 ਕਰੋੜ ਤੋਂ ਵੱਧ ਅਤੇ ਮੁੱਖ ਮੱਦ ਦੇ ਅਧੀਨ ਕੁੱਲ ਖਰਚੇ ਦਾ 50 *ਪ੍ਰਤੀਸ਼ਤ* ਜਾਂ ਇਸ ਤੋਂ ਵੱਧ) ਦੇ ਵੇਰਵੇ	4.3	195
ਛੋਟੀ ਮੱਦ-800 ਹੋਰ ਪ੍ਰਾਪਤੀਆਂ ਅਧੀਨ ਬੁੱਕ ਕੀਤੀਆਂ ਗਈਆਂ ਮਹੱਤਵਪੂਰਣ ਪ੍ਰਾਪਤੀਆਂ (₹ 10 ਕਰੋੜ ਤੋਂ ਵੱਧ ਅਤੇ ਮੱਖ ਮੱਦ ਦੇ ਅਧੀਨ ਕੁੱਲ ਪ੍ਰਾਪਤੀਆਂ ਦਾ 50 *ਪ੍ਰਤੀਸ਼ਤ* ਜਾਂ ਇਸ ਤੋਂ ਵੱਧ) ਦੇ ਵੇਰਵੇ	4.4	196
2023-24 ਦੌਰਾਨ ਸੰਬੰਧਿਤ ਛੋਟੀ ਮੱਦ ਦੀ ਬਜਾਏ ਛੋਟੀ ਮੱਦ 800- ਹੋਰ ਖਰਚੇ ਅਧੀਨ ਸੰਚਾਲਿਤ ਉਪ-ਮੱਦਾਂ ਦੀ ਸੂਚੀ	4.5	197

ਭੂਮਿਕਾ

ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਦੇ ਅਧੀਨ ਪੰਜਾਬ ਰਾਜ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਇਸ ਰਿਪੋਰਟ ਦਾ ਅਧਿਆਇ I ਰਿਪੋਰਟ ਦੇ ਅਧਾਰ ਅਤੇ ਪਹੁੰਚ ਅਤੇ ਇਸਦੇ ਬੁਨਿਆਦੀ ਡਾਟੇ ਦਾ ਵਰਣਨ ਕਰਦਾ ਹੈ, ਸਰਕਾਰੀ ਲੇਖਿਆਂ ਦੀ ਬਣਤਰ, ਬਜਟਰੀ ਪ੍ਰਕਿਰਿਆਵਾਂ, ਪ੍ਰਮੁੱਖ ਸੂਚਕਾਂ ਦੇ ਮੈਕਰੋ-ਵਿੱਤੀ ਵਿਸ਼ਲੇਸ਼ਣ ਅਤੇ ਘਾਟੇ/ਵਾਧੇ ਸਮੇਤ ਰਾਜ ਦੀ ਵਿੱਤੀ ਸਥਿਤੀ ਦੀ ਇੱਕ ਝਲਕ ਮੁਹੱਈਆ ਕਰਵਾਉਂਦਾ ਹੈ।

ਇਸ ਰਿਪੋਰਟ ਦਾ ਅਧਿਆਇ II ਰਾਜ ਦੇ ਵਿੱਤ ਦਾ ਇੱਕ ਵਿਆਪਕ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ ਅਤੇ ਪਿਛਲੇ ਸਾਲ ਦੇ ਮੁਕਾਬਲੇ ਪ੍ਰਮੁੱਖ ਵਿੱਤੀ ਸਮੂਹਾਂ ਵਿੱਚ ਮਹੱਤਵਪੂਰਨ ਤਬਦੀਲੀਆਂ, 2019-20 ਤੋਂ 2023-24 ਦੀ ਮਿਆਦ ਦੌਰਾਨ ਸਮੂਚੇ ਰੁਝਾਨਾਂ, ਰਾਜ ਦੇ ਕਰਜ਼ੇ ਦੀ ਪ੍ਰੋਫਾਈਲ ਅਤੇ ਮੁੱਖ ਜਨਤਕ ਲੇਖੇ ਦੇ ਲੈਣ ਦੇਣ ਦਾ ਵਿਸ਼ਲੇਸ਼ਣ ਕਰਦਾ ਹੈ, ਜੋ ਕਿ ਰਾਜ ਦੇ ਵਿੱਤ ਲੇਖਿਆਂ ਦੇ ਅਧਾਰ ਤੇ ਅਧਾਰਿਤ ਹੈ।

ਇਸ ਰਿਪੋਰਟ ਦਾ ਅਧਿਆਇ III ਰਾਜ ਦੇ ਨਿਮਿੱਤਣ ਲੇਖਿਆਂ ਤੇ ਅਧਾਰਿਤ ਹੈ ਅਤੇ ਰਾਜ ਸਰਕਾਰ ਦੇ ਨਿਮਿੱਤਣਾਂ ਅਤੇ ਵੰਡ ਤਰਜੀਹਾਂ ਦੀ ਸਮੀਖਿਆ ਕਰਦਾ ਹੈ ਅਤੇ ਬਜਟਰੀ ਪ੍ਰਬੰਧਨ ਨਾਲ ਸਬੰਧਤ ਸੰਵਿਧਾਨਕ ਵਿਵਸਥਾਵਾਂ ਤੋਂ ਡੀਵੀਏਸ਼ਨਾਂ ਬਾਰੇ ਰਿਪੋਰਟ ਕਰਦਾ ਹੈ।

ਇਸ ਰਿਪੋਰਟ ਦਾ ਅਧਿਆਇ IV ਰਾਜ ਸਰਕਾਰ ਦੀਆਂ ਵੱਖ ਵੱਖ ਅਥਾਰਟੀਆਂ ਦੁਆਰਾ ਪੇਸ਼ ਕੀਤੇ ਗਏ ਲੇਖਿਆਂ ਦੀ ਗੁਣਵੱਤਾ ਅਤੇ ਨਿਰਧਾਰਤ ਵਿੱਤੀ ਨਿਯਮਾਂ ਅਤੇ ਵਿਨਿਯਮਾਂ ਦੀ ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਦੁਆਰਾ ਪਾਲਣਾ ਨਾ ਕਰਨ ਦੇ ਮਾਮਲਿਆਂ 'ਤੇ ਟਿੱਪਣੀ ਕਰਦਾ ਹੈ।

ਰਿਪੋਰਟ, ਵਿੱਚ ਵੱਖਰੇ-ਵੱਖਰੇ ਵਿਭਾਗਾਂ ਵਿੱਚ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਕਾਰਵਿਹਾਰਾਂ ਦੀ ਲੇਖਾ ਪ੍ਰੀਖਿਆ ਦੀਆਂ ਲੱਭਤਾਂ ਸ਼ਾਮਲ ਹਨ, ਰਿਪੋਰਟ ਵਿੱਚ ਵਿਧਾਨਕ ਨਿਗਮਾਂ, ਬੋਰਡਾਂ ਅਤੇ ਸਰਕਾਰੀ ਕੰਪਨੀਆਂ ਦੀ ਲੇਖਾ ਪ੍ਰੀਖਿਆ ਉੱਤੇ ਟਿੱਪਣੀਆਂ ਅਤੇ ਰੈਵੀਨਿਊ ਖੇਤਰ ਉੱਤੇ ਰਿਪੋਰਟ ਨੂੰ ਵੱਖਰੇ ਤੌਰ ਤੇ ਪੇਸ਼ ਕੀਤਾ ਗਿਆ ਹੈ।

ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜ਼ੀ ਕਥਨ ਨੂੰ ਪ੍ਰਮਾਣਕ ਮੰਨਿਆ ਜਾਵੇ ਜੀ।

ਕਾਰਜਕਾਰੀ ਸਾਰ

ਕਾਰਜਕਾਰੀ ਸਾਰ

ਰਿਪੋਰਟ ਬਾਰੇ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਇਹ ਰਿਪੋਰਟ ਸਾਲ 2023-24 ਲਈ ਰਾਜ ਦੇ ਵਿੱਤਾਂ ਉੱਤੇ ਹੈ। ਇਹ ਵਿੱਤ, ਬਜਟਰੀ ਪ੍ਰਬੰਧਨ ਅਤੇ ਲੇਖਿਆਂ ਦੀ ਗੁਣਵੱਤਾ, ਵਿੱਤੀ ਰਿਪੋਰਟਿੰਗ ਪ੍ਰਚਲਨਾਂ ਅਤੇ ਰਾਜ ਦੇ ਵਿੱਤਾਂ ਨਾਲ ਸਬੰਧਤ ਹੋਰ ਮਾਮਲਿਆਂ ਦੀ ਇੱਕ ਝਲਕ ਪੇਸ਼ ਕਰਦੀ ਹੈ।

ਇਹ ਕਾਰਜਕਾਰੀ ਸਾਰ ਇਸ ਰਿਪੋਰਟ ਦੀ ਸਮਗਰੀ ਨੂੰ ਉਜਾਗਰ ਕਰਦਾ ਹੈ ਅਤੇ ਮਹੱਤਵਪੂਰਣ ਅੰਕੜਿਆਂ ਅਤੇ ਪਹਿਲੂਆਂ ਦੇ ਸਨੈਪਸ਼ਾਟਾਂ ਰਾਹੀਂ, ਵਿੱਤੀ ਸਥਿਰਤਾ, ਬਜਟ ਉਦੇਸ਼ ਦੇ ਵਿਰੁੱਧ ਕਾਰਗੁਜ਼ਾਰੀ, ਰੈਵੀਨਿਊ ਅਤੇ ਖਰਚੇ ਦੇ ਅਨੁਮਾਨ, ਭਿੰਨਤਾਵਾਂ ਦੇ ਕਾਰਨਾਂ ਅਤੇ ਇਸਦੇ ਪ੍ਰਭਾਵ ਬਾਰੇ ਸੂਝ ਪ੍ਰਦਾਨ ਕਰਦਾ ਹੈ।

ਕੁੱਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) (ਮੌਜੂਦਾ ਕੀਮਤਾਂ 'ਤੇ) 2019-20 ਦੇ ₹ 5,37,031 ਕਰੋੜ ਤੋਂ 8.52 *ਪ੍ਰਤੀਸ਼ਤ* ਦੀ ਮਿਸ਼ਰਤ ਸਾਲਾਨਾ ਵਿਕਾਸ ਦਰ ਨਾਲ ਵੱਧ ਕੇ 2023-24 ਵਿੱਚ ₹ 7,44,899 ਕਰੋੜ ਹੋ ਗਿਆ। ਰਾਜ ਦਾ ਬਜਟ ਆਊਟਲੇਅ 2019-20 ਵਿੱਚ ₹ 1,62,060.09 ਕਰੋੜ ਤੋਂ 6.50 *ਪ੍ਰਤੀਸ਼ਤ* ਦੀ ਔਸਤ ਸਾਲਾਨਾ ਵਾਧਾ ਦਰ ਨਾਲ ਵੱਧ ਕੇ 2023-24 ਵਿੱਚ ₹ 2,08,508.68 ਕਰੋੜ ਹੋ ਗਿਆ ।

2022-23 ਦੇ ਮੁਕਾਬਲੇ ਜੀ ਐਸ ਡੀ ਪੀ ਵਿੱਚ 9.34 *ਪ੍ਰਤੀਸ਼ਤ* ਦਾ ਵਾਧਾ ਹੋਇਆ ਸੀ। ਰੈਵੀਨਿਊ ਪ੍ਰਾਪਤੀਆਂ ਵਿੱਚ 1.80 *ਪ੍ਰਤੀਸ਼ਤ* ਦਾ ਵਾਧਾ ਹੋਇਆ ਅਤੇ ਜੀ ਐਸ ਡੀ ਪੀ ਦੇ ਮੁਕਾਬਲੇ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ 2022-23 ਵਿੱਚ 12.86 *ਪ੍ਰਤੀਸ਼ਤ* ਤੋਂ ਘਟ ਕੇ 2023-24 ਵਿੱਚ 11.97 *ਪ੍ਰਤੀਸ਼ਤ* ਹੋ ਗਈ। ਇਸ ਸਮੇਂ ਦੌਰਾਨ ਕਰ ਰੈਵੀਨਿਊ ਵਿੱਚ 13.90 *ਪ੍ਰਤੀਸ਼ਤ* ਦਾ ਵਾਧਾ ਹੋਇਆ ਅਤੇ ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ 11.86 *ਪ੍ਰਤੀਸ਼ਤ* ਦਾ ਵਾਧਾ ਹੋਇਆ। ਪੰਜਾਬ ਰਾਜ ਦਾ ਕੁੱਲ ਖਰਚਾ (ਰੈਵੀਨਿਊ ਖਰਚਾ, ਪੂੰਜੀਗਤ ਖਰਚਾ ਅਤੇ ਕਰਜ਼ੇ ਅਤੇ ਪੇਸ਼ਗੀਆਂ) 2022-23 ਵਿੱਚ ₹ 1,21,710 ਕਰੋੜ ਤੋਂ ਵੱਧ ਕੇ 2023-24 ਵਿੱਚ 0.52 *ਪ੍ਰਤੀਸ਼ਤ* ਵੱਧ ਕੇ ₹ 1,22,346 ਹੋ ਗਿਆ । ਇਸ ਵਿਚ 2022-23 ਦੇ ਮੁਕਾਬਲੇ ਰੈਵੀਨਿਊ ਖਰਚੇ ਵਿੱਚ 3.30 *ਪ੍ਰਤੀਸ਼ਤ* ਦਾ ਵਾਧਾ ਦਰਸਾਇਆ ਗਿਆ । ਰੈਵੀਨਿਊ ਘਾਟਾ 2022-23 ਦੇ ਮੁਕਾਬਲੇ 8.33 *ਪ੍ਰਤੀਸ਼ਤ* ਵੱਧ ਕੇ ₹ 26,045 ਕਰੋੜ ਤੋਂ ₹ 28,215 ਕਰੋੜ ਹੋ ਗਿਆ, ਜਦੋਂ ਕਿ ਵਿੱਤੀ ਘਾਟਾ 2022-23 ਦੇ ₹ 33,930 ਕਰੋੜ (2.40 *ਪ੍ਰਤੀਸ਼ਤ)* ਤੋਂ ਘਟ ਕੇ 2023-24 ਵਿਚ ₹ 33,115 ਕਰੋੜ ਹੋ ਗਿਆ।

ਪ੍ਰਾਪਤੀ-ਖਰਚੇ ਵਿੱਚ ਅੰਤਰ

ਪ੍ਰਾਪਤੀਆਂ ਅਤੇ ਖਰਚੇ ਵਿਚਕਾਰ ਨਿਰੰਤਰ ਅੰਤਰ ਵੱਧਦੇ ਵਿੱਤੀ ਤਣਾਅ ਨੂੰ ਦਰਸਾਉਂਦਾ ਹੈ। ਰਾਜ ਕੋਲ ਪ੍ਰਾਪਤੀਆਂ ਦੇ ਵੱਖ ਵੱਖ ਸਰੋਤ ਜਿਵੇਂ ਕਿ ਰਾਜ ਦਾ ਆਪਣਾ ਕਰ ਰੈਵੀਨਿਊ, ਗੈਰ-ਕਰ

ਰੈਵੀਨਿਊ, ਕਰਾਂ ਵਿੱਚ ਰਾਜਾਂ ਦੇ ਹਿੱਸੇ ਦੀ ਵੰਡ, ਸਹਾਇਤਾ ਗ੍ਰਾਂਟਾਂ ਅਤੇ ਕੇਂਦਰ ਸਰਕਾਰ ਤੋਂ ਟਰਾਂਸਫਰਾਂ ਅਤੇ ਗੈਰ-ਕਰਜ਼ਾ ਪੂੰਜੀਗਤ ਪ੍ਰਾਪਤੀਆਂ ਹਨ। ਰਾਜ ਸਰਕਾਰ ਦੇ ਖਰਚੇ ਵਿੱਚ ਰੈਵੀਨਿਊ ਲੇਖੇ ਦੇ ਖਰਚੇ ਦੇ ਨਾਲ ਨਾਲ ਪੂੰਜੀਗਤ ਖਰਚੇ (ਜਾਇਦਾਦਾਂ ਦੀ ਸਿਰਜਣਾ, ਕਰਜ਼ੇ ਅਤੇ ਪੇਸ਼ਗੀਆਂ, ਨਿਵੇਸ਼, ਆਦਿ) ਸ਼ਾਮਲ ਹਨ।

ਸਾਲ 2019-20 ਤੋਂ 2023-24 ਤੱਕ ਰੈਵੀਨਿਊ ਪ੍ਰਾਪਤੀਆਂ ₹ 61,575 ਕਰੋੜ ਤੋਂ ਮਿਸ਼ਰਤ ਸਾਲਾਨਾ ਵਾਧਾ ਦਰ 9.71 *ਪ੍ਰਤੀਸ਼ਤ* ਨਾਲ ਵੱਧ ਕੇ ₹ 89,192 ਕਰੋੜ ਹੋ ਗਈਆਂ। ਇਸ ਸਮੇਂ ਦੌਰਾਨ ਪੂੰਜੀਗਤ ਪ੍ਰਾਪਤੀਆਂ ਵੀ ₹ 43,891 ਕਰੋੜ ਤੋਂ ਵੱਧ ਕੇ ₹ 46,902 ਕਰੋੜ ਹੋ ਗਈਆਂ। ਰੈਵੀਨਿਊ ਪ੍ਰਾਪਤੀਆਂ ਵਿੱਚ ਸਹਾਇਤਾ ਗ੍ਰਾਂਟਾ ਦਾ ਹਿੱਸਾ 2019-20 ਵਿੱਚ 23.68 *ਪ੍ਰਤੀਸ਼ਤ* ਤੋਂ ਘਟ ਕੇ 2023-24 ਵਿੱਚ 16.03 *ਪ੍ਰਤੀਸ਼ਤ* ਹੋ ਗਿਆ, ਜੋ ਭਾਰਤ ਸਰਕਾਰ ਤੋਂ ਸਹਾਇਤਾ 'ਤੇ ਨਿਰਭਰਤਾ ਵਿੱਚ ਘਾਟੇ ਦਾ ਸੰਕੇਤ ਦਿੰਦਾ ਹੈ। ਰਾਜ ਸਰਕਾਰ ਨੂੰ ਸਾਲ ਵਿੱਚ ਕੇਂਦਰੀ ਪ੍ਰਾਯੋਜਿਤ ਸਕੀਮਾਂ (ਸੀ ਐਸ ਐਸਜ਼) ਲਈ ਕੇਂਦਰੀ ਹਿੱਸੇ ਵਜੋਂ ₹ 3,184.97 ਕਰੋੜ ਪ੍ਰਾਪਤ ਹੋਏ।

ਪਿਛਲੀ ਜ਼ਿੰਮੇਵਾਰੀ ਲਈ ਸੇਵਾਵਾਂ ਅਤੇ ਭੁਗਤਾਨ ਦੇ ਮੌਜੂਦਾ ਪੱਧਰ ਨੂੰ ਬਣਾਈ ਰੱਖਣ ਲਈ ਰੈਵੀਨਿਊ ਖਰਚਾ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਇਸ ਦੇ ਨਤੀਜੇ ਵਜੋਂ ਰਾਜ ਦੇ ਬੁਨਿਆਦੀ ਢਾਂਚੇ ਅਤੇ ਸੇਵਾ ਨੈਟਵਰਕ ਵਿੱਚ ਕੋਈ ਵਾਧਾ ਨਹੀਂ ਹੁੰਦਾ। ਸਾਲ 2019-20 ਅਤੇ 2023-24 ਦੇ ਵਿਚਕਾਰ ਰੈਵੀਨਿਊ ਖਰਚਾ ₹ 75,860 ਕਰੋੜ (ਜੀ ਐਸ ਡੀ ਪੀ ਦਾ 14.13 *ਪ੍ਰਤੀਸ਼ਤ*) ਤੋਂ ਵੱਧ ਕੇ ₹ 1,17,407 ਕਰੋੜ (ਜੀ ਐਸ ਡੀ ਪੀ ਦਾ 15.76 *ਪ੍ਰਤੀਸ਼ਤ*) ਹੋ ਗਿਆ। ਇਸੇ ਸਮੇਂ ਦੌਰਾਨ ਇਹ ਨਿਰੰਤਰ ਕੁੱਲ ਖਰਚੇ ਦਾ ਇੱਕ ਮਹੱਤਵਪੂਰਨ ਹਿੱਸਾ (80 ਤੋਂ 96 *ਪ੍ਰਤੀਸ਼ਤ*) ਬਣਿਆ, ਜੋ ਔਸਤਨ 11.54 *ਪ੍ਰਤੀਸ਼ਤ* ਦੀ ਮਿਸ਼ਰਤ ਸਾਲਾਨਾ ਵਾਧਾ ਦਰ ਨਾਲ ਵੱਧ ਰਿਹਾ ਸੀ।

ਸਾਧਨਾਂ ਤੋਂ ਵੱਧ ਖਰਚੇ ਦਾ ਨਤੀਜਾ

ਰੈਵੀਨਿਊ ਪ੍ਰਾਪਤੀ ਅਤੇ ਰੈਵੀਨਿਊ ਖਰਚੇ ਵਿਚਕਾਰ ਪਾੜੇ ਦੇ ਨਤੀਜੇ ਵਜੋਂ ਰੈਵੀਨਿਊ ਘਾਟਾ ਹੁੰਦਾ ਹੈ। ਰਾਜ ਦਾ ਰੈਵੀਨਿਊ ਘਾਟਾ ਸਾਲ 2019-20 ਵਿੱਚ ₹ 14,285 ਕਰੋੜ (ਜੀ ਐਸ ਡੀ ਪੀ ਦਾ 2.66 *ਪ੍ਰਤੀਸ਼ਤ*) ਤੋਂ ਵੱਧ ਕੇ ਮੌਜੂਦਾ ਸਾਲ ਵਿੱਚ ₹ 28,215 ਕਰੋੜ (ਜੀ ਐਸ ਡੀ ਪੀ ਦਾ 3.79 *ਪ੍ਰਤੀਸ਼ਤ*) ਹੋ ਗਿਆ ਸੀ।

ਰਾਜ ਸਰਕਾਰ ਨੇ ਪੂੰਜੀਗਤ ਲੇਖੇ ਤੇ ਸਿਰਫ ₹ 4,743 ਕਰੋੜ ਖਰਚ ਕੀਤੇ । ਇਹ ਸਾਲ 2023-24 ਵਿੱਚ ਕੁੱਲ ਖਰਚੇ ਦਾ 3.88 *ਪ੍ਰਤੀਸ਼ਤ* ਸੀ। ਪੂੰਜੀਗਤ ਖਰਚਾ ਕੁੱਲ ਉਧਾਰਾਂ ਦਾ ਸਿਰਫ 4.40 *ਪ੍ਰਤੀਸ਼ਤ* ਸੀ। ਇਸ ਤਰ੍ਹਾਂ, ਉਧਾਰ ਲਏ ਗਏ ਫੰਡਾਂ ਦੀ ਵਰਤੋਂ ਮੁੱਖ ਤੌਰ ਤੇ ਪੂੰਜੀਗਤ ਸਿਰਜਣਾ/ਵਿਕਾਸ ਗਤੀਵਿਧੀਆਂ ਦੀ ਬਜਾਏ ਮੌਜੂਦਾ ਖਪਤ ਨੂੰ ਪੂਰਾ ਕਰਨ ਅਤੇ ਉਧਾਰਾਂ ਦੀ ਅਦਾਇਗੀ ਲਈ ਕੀਤੀ ਜਾ ਰਹੀ ਸੀ।

ਰਾਜ ਦੇ ਕੁੱਲ ਖਰਚੇ ਅਤੇ ਕੁੱਲ ਗੈਰ-ਕਰਜ਼ਾ ਪ੍ਰਾਪਤੀਆਂ ਦੇ ਵਿਚਕਾਰ ਪਾੜੇ ਦੇ ਨਤੀਜੇ ਵਜੋਂ ਵਿੱਤੀ ਘਾਟਾ ਹੁੰਦਾ ਹੈ। ਰਾਜ ਦਾ ਵਿੱਤੀ ਘਾਟਾ 2019-20 ਵਿੱਚ ₹ 16,826 ਕਰੋੜ (ਜੀ ਐਸ ਡੀ ਪੀ ਦਾ 3.13 *ਪ੍ਰਤੀਸ਼ਤ*) ਤੋਂ ਵੱਧ ਕੇ 2023-24 ਵਿੱਚ ₹ 33,115 ਕਰੋੜ (ਜੀ ਐਸ ਡੀ ਪੀ ਦਾ 4.45 *ਪ੍ਰਤੀਸ਼ਤ*) ਹੋ ਗਿਆ।

ਰੈਵੀਨਿਊ ਖਰਚੇ ਦੇ ਅਧੀਨ, ਵਚਨਬੱਧ ਖਰਚੇ ਦੀ ਮਾਤਰਾ ਸਭ ਤੋਂ ਵੱਡਾ ਹਿੱਸਾ ਬਣਦੀ ਹੈ। ਵਚਨਬੱਧ ਖਰਚੇ ਦਾ ਸਰੋਤਾਂ ਤੇ ਪਹਿਲਾਂ ਚਾਰਜ ਹੁੰਦਾ ਹੈ ਅਤੇ ਇਸ ਵਿੱਚ ਵਿਆਜ ਭੁਗਤਾਨਾਂ, ਤਨਖਾਹਾਂ ਅਤੇ ਉਜ਼ਰਤਾਂ ਅਤੇ ਪੈਨਸ਼ਨਾਂ ਤੇ ਖਰਚਾ ਸ਼ਾਮਲ ਹੁੰਦਾ ਹੈ। ਸਾਲ 2019-20 (69 *ਪ੍ਰਤੀਸ਼ਤ*) ਅਤੇ 2023-24 (65 *ਪ੍ਰਤੀਸ਼ਤ*) ਦੌਰਾਨ ਵਿਆਜ ਭੁਗਤਾਨਾਂ, ਤਨਖਾਹਾਂ ਅਤੇ ਪੈਨਸ਼ਨਾਂ ਤੇ ਵਚਨਬੱਧ ਖਰਚਾ ਰੈਵੀਨਿਊ ਖਰਚੇ ਦਾ 62-69 *ਪ੍ਰਤੀਸ਼ਤ* ਸੀ। ਵਚਨਬੱਧ ਖਰਚਾ ਮਿਸ਼ਰਤ ਸਾਲਾਨਾ 9.78 *ਪ੍ਰਤੀਸ਼ਤ* ਦੀ ਵਾਧਾ ਦਰ ਨਾਲ ਵਧਿਆ ਭਾਵ 2019-20 ਵਿੱਚ ₹ 52,544 ਕਰੋੜ ਤੋਂ 2023-24 ਵਿੱਚ ₹ 76,388 ਕਰੋੜ ਹੋ ਗਿਆ {2022-23 (₹ 70,290 ਕਰੋੜ) ਦੇ ਮੁਕਾਬਲੇ 8.68 *ਪ੍ਰਤੀਸ਼ਤ* ਦਾ ਵਾਧਾ}।

ਵਚਨਬੱਧ ਖਰਚੇ ਤੋਂ ਇਲਾਵਾ, 2019-20 ਤੋਂ 2023-24 ਦੌਰਾਨ ਗੈਰ-ਲਚਕਦਾਰ ਖਰਚਾ ਰੈਵੀਨਿਊ ਖਰਚੇ ਦਾ 7.95 *ਪ੍ਰਤੀਸ਼ਤ* ਤੋਂ ਵੱਧ ਕੇ 10.58 *ਪ੍ਰਤੀਸ਼ਤ* ਹੋ ਗਿਆ, ਜੋ ਵੱਧਦੇ ਰੁਝਾਨ ਦਾ ਸੰਕੇਤ ਦਿੰਦਾ ਹੈ ਸਿਵਾਏ ਸਾਲ 2021-22 ਦੇ ਜਦੋਂ ਕਿ 2020-21 ਦੇ ਮੁਕਾਬਲੇ ਮਾਮੂਲੀ ਜਿਹੀ ਗਿਰਾਵਟ ਸੀ। ਇਹ ਗੈਰ-ਲਚਕਦਾਰ ਖਰਚਾ 2022-23 ਵਿੱਚ ₹ 11,734 ਕਰੋੜ ਤੋਂ ਵੱਧ ਕੇ 2023-24 ਵਿੱਚ ₹ 12,420 ਕਰੋੜ ਹੋ ਗਿਆ ਜੋ 5.85 *ਪ੍ਰਤੀਸ਼ਤ* ਦਾ ਵਾਧਾ ਦਰਸਾਉਂਦਾ ਹੈ।

ਕੁੱਲ ਮਿਲਾ ਕੇ 2023-24 ਵਿੱਚ ਵਚਨਬੱਧ ਅਤੇ ਗੈਰ-ਲਚਕਦਾਰ ਖਰਚਾ ₹ 88,808 ਕਰੋੜ ਸੀ; ਜੋ ਰੈਵੀਨਿਊ ਖਰਚੇ ਦਾ 75.64 *ਪ੍ਰਤੀਸ਼ਤ* ਸੀ। ਵਚਨਬੱਧ ਅਤੇ ਗੈਰ-ਲਚਕਦਾਰ ਖਰਚਿਆਂ ਵਿੱਚ ਵਾਧੇ ਦਾ ਰੁਝਾਨ ਸਰਕਾਰ ਨੂੰ ਹੋਰ ਤਰਜੀਹੀ ਖੇਤਰਾਂ ਅਤੇ ਪੂੰਜੀਗਤ ਸਿਰਜਣਾ ਲਈ ਘੱਟ ਲਚਕਤਾ ਛੱਡਦਾ ਹੈ।

ਸਬਸਿਡੀਆਂ ਗੈਰ-ਵਚਨਬੱਧ ਖਰਚੇ ਦਾ ਵੱਡਾ ਹਿੱਸਾ ਬਣਦੀਆਂ ਹਨ

ਗੈਰ-ਵਚਨਬੱਧ ਖਰਚੇ ਵਿੱਚ ਸਬਸਿਡੀਆਂ ਦਾ ਰੁਝਾਨ ਵੱਧ ਰਿਹਾ ਹੈ, ਜੋ 2019-20 ਵਿੱਚ ₹ 10,161 ਕਰੋੜ ਤੋਂ ਵੱਧ ਕੇ 2023-24 ਵਿੱਚ ₹ 18,770 ਕਰੋੜ ਹੋ ਗਿਆ ਹੈ, ਭਾਵ 2019-20 ਵਿੱਚ ਕੁੱਲ ਰੈਵੀਨਿਊ ਖਰਚੇ ਦਾ 13.39 *ਪ੍ਰਤੀਸ਼ਤ* ਤੋਂ 2023-24 ਵਿੱਚ 15.99 *ਪ੍ਰਤੀਸ਼ਤ* ਹੋ ਗਿਆ ਹੈ। ਇਸ ਸਮੇਂ ਦੌਰਾਨ ਪਾਵਰ ਸਬਸਿਡੀਆਂ ਦਾ ਇੱਕ ਮਹੱਤਵਪੂਰਨ ਹਿੱਸਾ ਸੀ, ਜੋ ਕੁੱਲ ਸਬਸਿਡੀਆਂ ਦਾ 92 *ਪ੍ਰਤੀਸ਼ਤ* ਤੋਂ 99 *ਪ੍ਰਤੀਸ਼ਤ* ਤੱਕ ਸੀ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ₹ 501.24 ਕਰੋੜ ਅਪ੍ਰਤੱਖ ਸਬਸਿਡੀਆਂ ਤੇ ਵੀ ਖਰਚ ਕੀਤੇ।

ਬਜਟ ਤੋਂ ਬਾਹਰ ਉਧਾਰ

ਰਾਜ ਸਰਕਾਰ ਨੇ 31 ਮਾਰਚ 2024 ਤੱਕ ਜਨਤਕ ਖੇਤਰ ਦੇ ਅਦਾਰਿਆਂ ਅਤੇ ਪੈਰਾ-ਸਟੇਟਲਜ਼ ਰਾਹੀਂ ਬਜਟ ਤੋਂ ਬਾਹਰ ਦੇ ਉਧਾਰਾਂ ਵਜੋਂ ₹ 4,092.78 ਕਰੋੜ ਇਕੱਠੇ ਕੀਤੇ; ਜੋ ਕਿ ਰਾਜ ਦੇ ਸੰਚਿਤ ਫੰਡ ਵਿੱਚ ਨਹੀਂ ਆਏ ਪ੍ਰੰਤੂ ਬਜਟ ਰਾਹੀਂ ਵਾਪਸ ਕਰਨੇ ਅਤੇ ਚੁਕਤਾ ਕਰਨੇ ਲੋੜੀਂਦੇ ਹਨ।

ਗਾਰੰਟੀਆਂ ਦੇ ਕਾਰਨ ਕੰਟੀਜੈਂਟ ਦੇਣਦਾਰੀਆਂ

ਸਾਲ 2023-24 ਵਿੱਚ, ਸਰਕਾਰ ਨੇ ₹ 5,594 ਕਰੋੜ ਦੇ ਉਧਾਰਾਂ ਦੇ ਵਿਰੁੱਧ ਗਾਰੰਟੀਆਂ ਦਿੱਤੀਆਂ। ਸਾਲ ਦੌਰਾਨ, ਸਰਕਾਰ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ

(ਪੀ ਐਸ ਆਈ ਡੀ ਸੀ) ਦੇ ਸਬੰਧ ਵਿੱਚ ਮੰਗੀ ਗਈ ਗਾਰੰਟੀ ਦੇ ਡਿਸਚਾਰਜ ਲਈ ₹ 1.17 ਕਰੋੜ ਦਾ ਭੁਗਤਾਨ ਕੀਤਾ।

ਰਾਜ ਸਰਕਾਰ ਨੇ ਮਿਤੀ 18 ਨਵੰਬਰ 2022 ਦੇ ਨੋਟੀਫਿਕੇਸ਼ਨ ਰਾਹੀਂ ਪੁਰਾਣੀ ਪੈਨਸ਼ਨ ਸਕੀਮ (ਓ ਪੀ ਐਸ) ਨੂੰ ਵਾਪਸ ਕਰਨ ਬਾਰੇ ਵੀ ਨੋਟੀਫਾਈ ਕੀਤਾ ਸੀ। ਰਾਜ ਦੇ ਕਰਜ਼ੇ ਦੀ ਸਥਿਰਤਾ ਦਾ ਮੁਲਾਂਕਣ ਕਰਦੇ ਸਮੇਂ ਓ ਪੀ ਐਸ ਨੂੰ ਲਾਗੂ ਕਰਨ ਦੇ ਕਾਰਨ ਆਉਣ ਵਾਲੇ ਵਿੱਤੀ ਬੋਝ ਨੂੰ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ।

ਵਿੱਤੀ ਸਥਿਰਤਾ

ਵਿੱਤੀ ਸਥਿਰਤਾ ਦੀ ਜਾਂਚ ਮੈਕਰੋ-ਵਿੱਤੀ ਮਾਪਦੰਡਾਂ ਜਿਵੇਂ ਕਿ ਘਾਟੇ, ਕਰਜ਼ੇ ਅਤੇ ਦੇਣਦਾਰੀਆਂ ਦੇ ਪੱਧਰ, ਬਜਟ ਤੋਂ ਬਾਹਰ ਦੇ ਉਧਾਰਾਂ, ਗਾਰੰਟੀਆਂ, ਸਬਸਿਡੀਆਂ ਆਦਿ ਦੇ ਕਾਰਨ ਵਚਨਬੱਧਤਾ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਜਿੱਥੋਂ ਤੱਕ ਰੈਵੀਨਿਊ ਅਤੇ ਖਰਚਿਆਂ ਵਿੱਚ ਅੰਤਰ ਦਾ ਸਬੰਧ ਹੈ, ਇੱਕ ਮਹੱਤਵਪੂਰਨ ਰੁਕਾਵਟ ਵਚਨਬੱਧ ਅਤੇ ਗੈਰ-ਲਚਕਦਾਰ ਖਰਚਾ ਹੈ, ਜਿਸ ਵਿੱਚ ਤਨਖਾਹਾਂ ਅਤੇ ਉਜ਼ਰਤਾਂ, ਪੈਨਸ਼ਨ ਭੁਗਤਾਨ, ਵਿਆਜ, ਆਦਿ ਅਤੇ ਹੋਰ ਗੈਰ-ਲਚਕਦਾਰ ਖਰਚੇ ਜਿਵੇਂ ਕਿ ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਵਚਨਬੱਧਤਾ, ਰਾਖਵੇਂ ਫੰਡਾਂ ਵਿੱਚ ਟਰਾਂਸਫਰ, ਸਥਾਨਕ ਸੰਸਥਾਵਾਂ ਨੂੰ ਟਰਾਂਸਫਰ, ਆਦਿ ਤੋਂ ਪੈਦਾ ਹੋਏ ਖਰਚੇ ਵੀ ਸ਼ਾਮਲ ਹਨ।

ਐਫ ਆਰ ਬੀ ਐਮ ਲੋੜਾਂ ਅਤੇ ਵਿੱਤੀ ਮਾਪਦੰਡਾਂ ਦੀ ਪਾਲਣਾ

ਐਫ ਆਰ ਬੀ ਐਮ ਐਕਟ/ਨਿਯਮ ਕੁੱਝ ਹੱਦਾਂ ਨਿਰਧਾਰਤ ਕਰਦੇ ਹਨ ਜਿਨ੍ਹਾਂ ਦੇ ਅੰਦਰ, ਰੈਵੀਨਿਊ ਘਾਟਾ, ਵਿੱਤੀ ਘਾਟਾ, ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ ਕਰਜ਼ਾ ਹੋਣ ਚਾਹੀਦਾ ਹੈ, ਅਤੇ ਇਸੇ ਤਰ੍ਹਾਂ ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ ਗਾਰੰਟੀਆਂ ਲਈ। ਐਫ ਆਰ ਬੀ ਐਮ ਐਕਟ ਅਧੀਨ ਰਾਜ ਵਿੱਤੀ ਮਜ਼ਬੂਤੀਕਰਨ ਰੋਡਮੈਪ ਦੇ ਉਪਬੰਧਾਂ ਦੀ ਪਾਲਣਾ ਕਰਦਿਆਂ ਰਾਜ ਦੇ ਰੈਵੀਨਿਊ ਘਾਟੇ ਦਾ ਟੀਚਾ ਜੀ ਐਸ ਡੀ ਪੀ ਦਾ 3.52 *ਪ੍ਰਤੀਸ਼ਤ* ਸੀ ਜਦੋਂ ਕਿ ਵਿੱਤੀ ਘਾਟੇ ਦਾ ਟੀਚਾ 4.60 *ਪ੍ਰਤੀਸ਼ਤ* ਸੀ ਜਿਸ ਦੇ ਮੁਕਾਬਲੇ ਰੈਵੀਨਿਊ ਘਾਟਾ ਕ੍ਰਮਵਾਰ 3.79 *ਪ੍ਰਤੀਸ਼ਤ* ਅਤੇ ਰਾਜ ਦਾ ਵਿੱਤੀ ਘਾਟਾ 4.45 *ਪ੍ਰਤੀਸ਼ਤ* ਸੀ। ਕਰਜ਼ਾ 46.81 *ਪ੍ਰਤੀਸ਼ਤ* ਦੀ ਸੀਮਾ ਦੇ ਮੁਕਾਬਲੇ 43.72 *ਪ੍ਰਤੀਸ਼ਤ* ਸੀ ਅਤੇ ਦਿੱਤੀਆਂ ਗਈਆਂ ਗਾਰੰਟੀਆਂ 80 *ਪ੍ਰਤੀਸ਼ਤ* ਦੀ ਨਿਰਧਾਰਤ ਸੀਮਾਂ ਦੇ ਮੁਕਾਬਲੇ 25.90 *ਪ੍ਰਤੀਸ਼ਤ* ਸਨ।

ਇਸ ਤੋਂ ਇਲਾਵਾ, ਜੇਕਰ ਬਜਟ ਤੋਂ ਬਾਹਰ ਦੇ ਉਧਾਰਾਂ ਦੀ ਮਾਤਰਾ ਨੂੰ ਕਰਜ਼ੇ ਦੇ ਹਿੱਸੇ ਵਜੋਂ ਸ਼ਾਮਲ ਕੀਤਾ ਜਾਂਦਾ ਹੈ ਤਾਂ ਸਰਕਾਰ ਦੀ ਸਮੁੱਚੀ ਦੇਣਦਾਰੀ (ਜਿਸ ਵਿੱਚ ਜਨਤਕ ਕਰਜ਼ਾ ਅਤੇ ਲੋਕ ਲੇਖਾ ਦੇਣਦਾਰੀਆਂ ਸ਼ਾਮਲ ਹਨ) ਜੀ ਐਸ ਡੀ ਪੀ ਦਾ 44.27 *ਪ੍ਰਤੀਸ਼ਤ* ਸੀ। ਵਿੱਤੀ ਰੁਝਾਨਾਂ ਨੂੰ ਵੇਖਦੇ ਹੋਏ, ਰਾਜ ਦੇ ਵਿੱਤ ਉੱਤੇ ਭਾਰੀ ਦਬਾਅ ਹੈ।

ਕਰਜ਼ਾ ਸਥਿਰਤਾ ਵਿਸ਼ਲੇਸ਼ਣ ਅਨੁਸਾਰ, ਪੰਜਾਬ ਸਰਕਾਰ ਦਾ ਕਰਜਾ 2019-20 ਤੋਂ 2023-24 ਦਰਮਿਆਨ ਮਿਸ਼ਰਤ ਸਾਲਾਨਾ ਔਸਤ ਦਰ 9.16 *ਪ੍ਰਤੀਸ਼ਤ* ਨਾਲ ਵਧਿਆ ਹੈ। ਪੰਜਾਬ ਦਾ ਕਰਜਾ-ਜੀ ਐਸ ਡੀ ਪੀ ਅਨੁਪਾਤ 2019-20 ਵਿੱਚ 42.71 *ਪ੍ਰਤੀਸ਼ਤ* ਤੋਂ ਵੱਧ ਕੇ 2023-24

ਵਿੱਚ 43.72 *ਪ੍ਰਤੀਸ਼ਤ* ਹੋ ਗਿਆ ਹੈ, ਜੋ ਸੰਕੇਤ ਦਿੰਦਾ ਹੈ ਕਿ ਨੇੜਲੇ ਭਵਿੱਖ ਵਿੱਚ ਕਰਜ਼ਾ ਸਥਿਰਤਾ ਸੰਭਵ ਨਹੀਂ ਹੋ ਸਕਦੀ ।

ਸਾਲ 2021-22, 2022-23 ਅਤੇ 2023-24 ਦੌਰਾਨ, ਹਾਲਾਂਕਿ ਡੋਮਰ ਪਾੜਾ (ਜੀ-ਆਰ ਵਜੋਂ ਦਰਸਾਇਆ ਗਿਆ) ਸਕਾਰਾਤਮਕ ਸੀ ਪਰ ਪ੍ਰਾਇਮਰੀ ਘਾਟਾ ਸਥਿਰ ਨਹੀਂ ਸੀ। ਇਸ ਲਈ, 2021-22 , 2022-23 ਅਤੇ 2023-24 ਵਿੱਚ ਡੋਮਰ ਪਾੜੇ ਨੂੰ ਵੇਖ ਕੇ ਮਜ਼ਬੂਤ ਆਰਥਿਕ ਵਿਕਾਸ ਦੇ ਰੁਝਾਨਾਂ (ਜੀ-ਆਰ>0 ਵਜੋਂ ਦਰਸਾਇਆ ਗਿਆ) ਨੂੰ ਨਿਰਣਾਇਕ ਤੌਰ ਤੇ ਆਮ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ, ਕੁੱਲ ਕਰਜ਼ਾ ਪ੍ਰਾਪਤੀਆਂ ਦਾ ਕਾਫੀ ਹਿੱਸਾ ਉਧਾਰਾਂ ਦੀ ਮੁੜ-ਅਦਾਇਗੀ (ਮੂਲ ਅਤੇ ਵਿਆਜ ਸਮੇਤ) ਲਈ ਵਰਤਿਆ ਜਾ ਰਿਹਾ ਸੀ, ਜੋ ਕਿ 2019-2024 ਦੀ ਮਿਆਦ ਦੌਰਾਨ 87.94 *ਪ੍ਰਤੀਸ਼ਤ* ਅਤੇ 117.01 *ਪ੍ਰਤੀਸ਼ਤ* ਦੇ ਵਿਚਕਾਰ ਸੀ। ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿਰਫ ਆਰਥਿਕ ਵਿਕਾਸ ਤੇ ਨਿਰਭਰ ਕਰਨਾ (2021-2024 ਤੋਂ ਜੀ-ਆਰ>0 ਵਜੋਂ ਦਰਸਾਇਆ ਗਿਆ) ਰਾਜ ਦੀਆਂ ਕਰਜ਼ੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹੋਵੇਗਾ।

ਓਪਰੋਕਤ ਚਰਚਾ ਕੀਤੇ ਵਿਸ਼ਲੇਸ਼ਣ ਅਤੇ ਨਤੀਜਿਆਂ ਅਨੁਸਾਰ, ਪੰਜਾਬ ਰਾਜ ਦੀ ਵਿੱਤੀ ਸਥਿਤੀ ਦੇਣਦਾਰੀਆਂ (ਕਰਜ਼ਾ, ਗਾਰੰਟੀਆਂ, ਬਜਟ ਤੋਂ ਬਾਹਰ ਉਧਾਰ, ਆਦਿ) ਦੇ ਵੱਧਦੇ ਰੁਝਾਨ ਦੁਆਰਾ ਦਰਸਾਈ ਗਈ ਹੈ ਜੋ ਕਰਜ਼ੇ ਨੂੰ ਸਥਿਰ ਕਰਨ ਅਤੇ ਕਰਜ਼ੇ ਦੀ ਸਥਿਰਤਾ ਦੇ ਟੀਚੇ ਲਈ ਜੋਖਮ ਪੈਦਾ ਕਰਦੀ ਹੈ। ਪੁਰਾਣੀ ਪੈਨਸ਼ਨ ਸਕੀਮ ਦੇ ਲਾਗੂ ਹੋਣ ਨਾਲ ਇਸ ਵਿੱਤੀ ਤਣਾਅ ਵਿੱਚ ਹੋਰ ਵਾਧਾ ਹੋਵੇਗਾ।

ਬਜਟ ਕਾਰਗੁਜ਼ਾਰੀ

ਕੁੱਲ ਖਰਚਾ ਆਊਟਟਰਨ

ਕੁੱਲ ਖਰਚਾ ਆਊਟਟਰਨ ਅਸਲ ਵਿੱਚ ਮਨਜ਼ੂਰ ਕੀਤੇ ਬਜਟ ਅਨੁਮਾਨ (ਬੀ ਈ) ਦੀ ਤੁਲਨਾ ਵਿੱਚ ਪ੍ਰਵਾਨਗੀ ਤੋਂ ਘੱਟ (-) ਅਤੇ ਵੱਧ (+) ਦੇ ਰੂਪ ਵਿੱਚ ਅਸਲ ਖਰਚ (ਅਸਲ) ਵਿੱਚ ਡੀਵੀਏਸ਼ਨ ਨੂੰ ਮਾਪਦਾ ਹੈ। ਰੈਵੀਨਿਊ ਭਾਗ ਵਿੱਚ, ਬਜਟ ਅਨੁਮਾਨਾਂ (ਬੀ ਈ) ਦੀ ਤੁਲਨਾ ਵਿੱਚ ਆਊਟਟਰਨ ਵਿੱਚ (-) 7.29 *ਪ੍ਰਤੀਸ਼ਤ* ਡੀਵੀਏਸ਼ਨ ਰਿਹਾ। ਇਹ 35 ਗ੍ਰਾਂਟਾਂ ਵਿੱਚ (±) 25 *ਪ੍ਰਤੀਸ਼ਤ,* ਤਿੰਨ ਗ੍ਰਾਂਟਾਂ ਵਿੱਚ (-) 25 *ਪ੍ਰਤੀਸ਼ਤ* ਅਤੇ (-) 50 *ਪ੍ਰਤੀਸ਼ਤ* ਦੇ ਵਿਚਕਾਰ; ਅਤੇ ਚਾਰ ਗ੍ਰਾਂਟਾਂ ਵਿੱਚ (-) 50 *ਪ੍ਰਤੀਸ਼ਤ* ਅਤੇ (-) 100 *ਪ੍ਰਤੀਸ਼ਤ* ਦੇ ਵਿਚਕਾਰ ਡੀਵੀਏਸ਼ਨ ਕਾਰਨ ਸੀ। ਪੂੰਜੀਗਤ ਭਾਗ ਵਿੱਚ, ਬਜਟ ਅਨੁਮਾਨ ਦੀ ਤੁਲਨਾ ਚ ਆਊਟਟਰਨ ਵਿੱਚ ਡੀਵੀਏਸ਼ਨ (-) 3.52 *ਪ੍ਰਤੀਸ਼ਤ* ਰਿਹਾ। ਇਹ ਪੰਜ ਗ੍ਰਾਂਟਾਂ ਵਿੱਚ (-) 25 *ਪ੍ਰਤੀਸ਼ਤ* ਤੱਕ, ਤਿੰਨ ਗ੍ਰਾਂਟਾਂ ਵਿੱਚ (-) 25 *ਪ੍ਰਤੀਸ਼ਤ* ਅਤੇ (-) 50 *ਪ੍ਰਤੀਸ਼ਤ* ਦੇ ਵਿਚਕਾਰ; ਅਤੇ 28 ਗ੍ਰਾਂਟਾਂ ਵਿੱਚ (-) 50 *ਪ੍ਰਤੀਸ਼ਤ* ਅਤੇ (-) 100 *ਪ੍ਰਤੀਸ਼ਤ* ਦੇ ਵਿਚਕਾਰ ਡੀਵੀਏਸ਼ਨ ਕਾਰਨ ਸੀ। ਪੂੰਜੀਗਤ ਭਾਗ ਦੀਆਂ ਛੇ ਗ੍ਰਾਂਟਾਂ ਦੇ ਸਬੰਧ ਵਿੱਚ ਕੋਈ ਉਪਬੰਧ ਨਹੀਂ ਕੀਤਾ ਗਿਆ ਸੀ।

ਖਰਚਾ ਰਚਨਾ ਆਊਟਟਰਨ

ਬਜਟ ਦੀ ਕਾਰਗੁਜ਼ਾਰੀ ਇਹ ਵੀ ਵੇਖਦੀ ਹੈ ਕਿ ਲਾਗੂ ਕਰਨ ਦੌਰਾਨ ਮੁੱਖ ਬਜਟ ਸ਼੍ਰੇਣੀਆਂ ਵਿਚਕਾਰ ਮੁੜ ਵੰਡ ਨੇ ਖਰਚੇ ਦੀ ਰਚਨਾ ਵਿੱਚ ਅੰਤਰ ਨੂੰ ਕਿਸ ਹੱਦ ਤੱਕ ਯੋਗਦਾਨ ਪਾਇਆ ਹੈ। ਇਹ ਉਪਾਅ ਅੰਤਮ ਬਜਟ ਅਤੇ ਅਸਲ ਖਰਚੇ ਦੇ ਵਿਚਕਾਰ ਅੰਤਰ ਦੀ ਹੱਦ ਨੂੰ ਦਰਸਾਉਂਦਾ ਹੈ। ਰੈਵੀਨਿਊ ਭਾਗ ਵਿੱਚ, ਸੋਧੇ ਹੋਏ ਅਨੁਮਾਨਾਂ (ਆਰ ਈ) ਦੇ ਮੁਕਾਬਲੇ ਆਊਟਟਰਨ ਵਿੱਚ ਡੀਵੀਏਸ਼ਨ (–) 4.01 *ਪ੍ਰਤੀਸ਼ਤ* ਸੀ । ਇਸ ਦਾ ਕਾਰਨ 40 ਗ੍ਰਾਂਟਾਂ ਵਿੱਚ (±) 25 *ਪ੍ਰਤੀਸ਼ਤ* ਤੱਕ, ਇੱਕ ਗ੍ਰਾਂਟਾਂ ਵਿੱਚ (±) 25 ਅਤੇ (±) 50 *ਪ੍ਰਤੀਸ਼ਤ* ਵਿਚਕਾਰ ਅਤੇ ਇੱਕ ਗ੍ਰਾਂਟ ਵਿੱਚ (±) 50 ਅਤੇ (±) 100 *ਪ੍ਰਤੀਸ਼ਤ* ਦੇ ਵਿਚਕਾਰ ਤੱਕ ਡੀਵੀਏਸ਼ਨ ਸੀ। ਪੂੰਜੀਗਤ ਭਾਗ ਵਿੱਚ, ਆਰ ਈ ਦੇ ਮੁਕਾਬਲੇ (–) 2.91 *ਪ੍ਰਤੀਸ਼ਤ* ਆਊਟਟਰਨ ਵਿੱਚ ਡੀਵੀਏਸ਼ਨ ਸੀ। ਇਸ ਦਾ ਕਾਰਨ 16 ਗ੍ਰਾਂਟਾਂ ਵਿੱਚ (±) 25 *ਪ੍ਰਤੀਸ਼ਤ* ਤੱਕ, ਚਾਰ ਗ੍ਰਾਂਟਾਂ ਵਿੱਚ (–) 25 *ਪ੍ਰਤੀਸ਼ਤ* ਅਤੇ (–) 50 *ਪ੍ਰਤੀਸ਼ਤ* ਦੇ ਵਿਚਕਾਰ, 14 ਗ੍ਰਾਂਟਾਂ ਵਿੱਚ (–) 50 *ਪ੍ਰਤੀਸ਼ਤ* ਅਤੇ (–) 100 *ਪ੍ਰਤੀਸ਼ਤ* ਦੇ ਵਿਚਕਾਰ ਡੀਵੀਏਸ਼ਨ ਸੀ। ਹਾਲਾਂਕਿ ਅੱਠ ਗ੍ਰਾਂਟਾਂ ਦੇ ਸਬੰਧ ਵਿੱਚ ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ ਸੀ।

ਇਹ ਵੇਖਿਆ ਗਿਆ ਸੀ ਕਿ ਸਾਲ 2023-24 ਦੌਰਾਨ 20 ਮਾਮਲਿਆਂ ਵਿੱਚ ₹ 1,147.64 ਕਰੋੜ ਦੇ ਪੂਰਕ ਉਪਬੰਧ (ਹਰੇਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਗੈਰ-ਜ਼ਰੂਰੀ ਸਾਬਤ ਹੋਏ, ਕਿਉਂਕਿ ਖਰਚਾ ਮੂਲ ਉਪਬੰਧਾਂ ਦੇ ਪੱਧਰ ਤੱਕ ਵੀ ਨਹੀਂ ਹੋਇਆ।

ਸਮੁੱਚੇ ਬਜਟ ਭਰੋਸੇਯੋਗਤਾ ਮੁਲਾਂਕਣ ਤੋਂ ਇਹ ਸੰਕੇਤ ਮਿਲਦਾ ਹੈ ਕਿ ਹਾਲਾਂਕਿ ਅਸਲ ਖਰਚੇ ਅਤੇ ਮੂਲ ਬਜਟ ਦੇ ਨਾਲ-ਨਾਲ ਅਸਲ ਖਰਚਾ ਅਤੇ ਅੰਤਮ ਬਜਟ ਦੇ ਵਿਚਕਾਰ ਡੀਵੀਏਸ਼ਨਜ਼ 10 ਪ੍ਰਤੀਸ਼ਤ ਤੋਂ ਘੱਟ ਸੀ, ਪਰ ਵੱਖ-ਵੱਖ ਗ੍ਰਾਂਟਾਂ ਵਿੱਚ 25 ਪ੍ਰਤੀਸ਼ਤ ਅਤੇ ਇਸ ਤੋਂ ਵੀ ਵੱਧ ਦੇ ਡੀਵੀਏਸ਼ਨਜ਼ ਸਨ। ਇਸ ਤੋਂ ਇਲਾਵਾ, ਇਹ ਵੀ ਵੇਖਿਆ ਗਿਆ ਸੀ ਕਿ ਕਈ ਮਾਮਲਿਆਂ ਵਿੱਚ ਪੂਰਕ ਗ੍ਰਾਂਟਾਂ ਸਨ ਜਿੱਥੇ ਖਰਚਾ ਮੂਲ ਗ੍ਰਾਂਟ ਤੱਕ ਵੀ ਨਹੀਂ ਸੀ। ਅਜਿਹੀਆਂ ਡੀਵੀਏਸ਼ਨਜ਼ ਨਾਲ ਨਜਿੱਠਣ ਲਈ ਇੱਕ ਭਰੋਸੇਯੋਗ ਬਜਟ ਪ੍ਰਚਲਨ ਦੀ ਲੋੜ ਹੋਣੀ ਚਾਹੀਦੀ ਹੈ।

ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ

ਲੇਖਿਆ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਉਨ੍ਹਾਂ ਮੱਦਾਂ, ਲੈਣ-ਦੇਣ ਅਤੇ ਘਟਨਾਵਾਂ ਨੂੰ ਕਵਰ ਕਰਦੀ ਹੈ ਜੋ ਪਾਲਣਾ ਵਿੱਚ ਪਾੜੇ, ਨਿਯਮਿਤਤਾ ਕਮਜ਼ੋਰੀਆਂ ਅਤੇ ਉਨ੍ਹਾਂ ਲੇਖਾਕਾਰੀ ਰਿਕਾਰਡਾਂ ਜਾਂ ਸਮਾਯੋਜਨ ਰਿਕਾਰਡਾਂ ਦੀ ਪ੍ਰਾਪਤੀ ਵਿੱਚ ਦੇਰੀ ਨਾਲ ਸਬੰਧਤ ਮੁੱਦਿਆਂ ਨਾਲ ਸਬੰਧਤ ਹਨ ਜੋ ਅਸਲ ਖਰਚੇ ਦਾ ਸਬੂਤ ਦਿੰਦੇ ਹਨ। ਇਹ ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਨਾਲ ਜੁੜੇ ਮੁੱਦੇ ਜਿਵੇਂ ਕਿ ਫੰਡਾਂ ਨੂੰ ਸਰਕਾਰੀ ਲੇਖਿਆਂ ਤੋਂ ਬਾਹਰ ਰੱਖਣਾ, ਅਤੇ ਦੇਣਦਾਰੀਆਂ ਦਾ ਭੁਗਤਾਨ ਨਾ ਜਾਂ ਘੱਟ ਕਰਨ ਨੂੰ ਵੀ ਉਜਾਗਰ ਕਰਦਾ ਹੈ।

ਗ੍ਰਾਂਟਾਂ/ਨਿਮਿੱਤਣਾਂ ਤੋਂ ਵੱਧ ਖਰਚੇ ਨੂੰ ਨਿਯਮਤ ਕਰਨਾ

ਰਾਜ ਸਰਕਾਰ ਨੂੰ ਸੰਵਿਧਾਨ ਦੀ ਧਾਰਾ 204 ਅਤੇ 205(1)(ਬੀ) ਅਨੁਸਾਰ ਰਾਜ ਵਿਧਾਨ ਸਭਾ ਦੁਆਰਾ ਗ੍ਰਾਂਟਾਂ/ਨਿਮਿੱਤਣਾਂ ਤੋਂ ਵਾਧੂ ਖਰਚੇ ਨੂੰ ਨਿਯਮਤ ਕਰਨਾ ਪੈਂਦਾ ਹੈ। ਇਹ ਵੇਖਿਆ ਗਿਆ ਸੀ ਕਿ 2023-24 ਵਿੱਚ ਤਿੰਨ ਗ੍ਰਾਂਟਾਂ ਦੇ ਅਧੀਨ ₹ 5,242.75 ਕਰੋੜ ਦਾ ਵਾਧੂ ਖਰਚਾ ਕੀਤਾ ਗਿਆ ਸੀ

ਜਿਸ ਨੂੰ ਨਿਯਮਤ ਕਰਨਾ ਲੋੜੀਂਦਾ ਸੀ। ਇਸ ਤੋਂ ਇਲਾਵਾ, ਸਾਲ 2022-23 ਲਈ ਤਿੰਨ ਗ੍ਰਾਂਟਾਂ ਅਧੀਨ ₹ 1,475.11 ਕਰੋੜ ਦੇ ਵਾਧੂ ਖਰਚੇ ਨੂੰ ਦੀ ਨਿਯਮਤ ਕਰਵਾਉਣਾ ਲੋੜੀਂਦਾ ਸੀ।

ਆਈ ਜੀ ਏ ਐਸ ਦੀ ਪਾਲਣਾ

ਭਾਰਤ ਸਰਕਾਰ ਦੇ ਲੇਖਾ ਮਿਆਰਾਂ (ਆਈ ਜੀ ਏ ਐਸ) ਦੀਆਂ ਜ਼ਰੂਰਤਾਂ ਦੇ ਵਿਰੁੱਧ, ਰਾਜ ਸਰਕਾਰ ਨੇ ਆਈ ਜੀ ਏ ਐਸ-2: ਸਹਾਇਤਾ ਗ੍ਰਾਂਟਾਂ ਦੀ ਲੇਖਾਬੱਧਤਾ ਅਤੇ ਵਰਗੀਕਰਣ ਅਤੇ ਆਈ ਸੀ ਏ ਐਸ-3: ਸਰਕਾਰ ਦੁਆਰਾ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ ਦੀ ਪਾਲਣਾ ਨਹੀਂ ਕੀਤੀ।

ਸਿੰਗਲ ਨੋਡਲ ਏਜੰਸੀ ਨੂੰ ਫੰਡ

ਭਾਰਤ ਸਰਕਾਰ ਅਤੇ ਰਾਜ ਸਰਕਾਰ ਨੇ ਹਰੇਕ ਕੇਂਦਰੀ ਪ੍ਰਾਯੋਜਿਤ ਸਕੀਮ (ਸੀ ਐਸ ਐਸ) ਨੂੰ ਲਾਗੂ ਕਰਨ ਅਤੇ ਫੰਡ ਫਲੋਅ ਲਈ ਸਿੰਗਲ ਨੋਡਲ ਏਜੰਸੀ (ਐਸ ਐਨ ਏ) ਦੀ ਪ੍ਰਣਾਲੀ ਸ਼ੁਰੂ ਕੀਤੀ ਹੈ। ਭਾਰਤ ਸਰਕਾਰ ਅਤੇ ਰਾਜ ਸਰਕਾਰ ਦਾ ਹਿੱਸਾ ਸਰਕਾਰੀ ਲੇਖੇ ਤੋਂ ਬਾਹਰ ਪਏ ਐਸ ਐਨ ਏ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤਾ ਜਾਂਦਾ ਹੈ। ਪੀ ਐਫ ਐਮ ਐਸ ਪੋਰਟਲ ਤੇ ਉਪਲਬਧ ਜਾਣਕਾਰੀ ਅਨੁਸਾਰ, ਸਾਲ 2023-24 ਦੌਰਾਨ ₹ 6,487.22 ਕਰੋੜ (ਭਾਰਤ ਸਰਕਾਰ ਦਾ ₹ 2,758.22 ਕਰੋੜ ਦਾ ਹਿੱਸਾ ਅਤੇ ਰਾਜ ਸਰਕਾਰ ਦਾ ₹ 3,729.00 ਕਰੋੜ ਦਾ ਹਿੱਸਾ) ਐਸ ਐਨ ਏਜ਼ ਨੂੰ ਟਰਾਂਸਫਰ ਕੀਤੇ ਗਏ ਸਨ। ਹਾਲਾਂਕਿ, ਰਾਜ ਸਰਕਾਰ ਨੇ ਦੱਸਿਆ ਕਿ ਸਾਲ 2023-24 ਦੌਰਾਨ ਐਸ ਐਨ ਏਜ਼ ਨੂੰ ₹ 6,677.24 ਕਰੋੜ ਟਰਾਂਸਫਰ ਕੀਤੇ ਗਏ ਸਨ, ਜਿਸ ਵਿੱਚੋਂ ₹ 2,914.78 ਕਰੋੜ ਏ ਸੀ ਬਿਲਾਂ ਰਾਹੀਂ, ₹ 2,974.38 ਕਰੋੜ ਜੀ ਆਈ ਏ ਬਿਲਾਂ ਰਾਹੀਂ, ₹ 788.08 ਕਰੋੜ ਫੁਲੀ ਵਾਊਚਡ ਕੰਟੀਜੈਂਟ ਬਿੱਲਾਂ ਰਾਹੀਂ, ਟਰਾਂਸਫਰ ਕੀਤੇ ਗਏ ਸਨ। ਪੀ ਐਫ ਐਮ ਐਸ ਪੋਰਟਲ ਤੇ ਉਪਲਬਧ ਡਾਟੇ ਅਨੁਸਾਰ, 31 ਮਾਰਚ 2024 ਤੱਕ ਐਸ ਐਨ ਏਜ਼ ਦੇ ਬੈਂਕ ਖਾਤਿਆਂ ਵਿੱਚ ₹ 3,372.86 ਕਰੋੜ ਅਣਖਰਚੇ ਪਏ ਸਨ। ਮਹਾਂ ਲੇਖਾਕਾਰ (ਏ ਐਂਡ ਈ) ਪੰਜਾਬ ਦੇ ਦਫਤਰ ਨੂੰ ਐਸ ਐਨ ਏਜ਼ ਤੋਂ ਅਸਲ ਖਰਚੇ ਦੇ ਵਿਸਥਾਰਤ ਵਾਊਚਰ ਅਤੇ ਸਹਾਇਕ ਦਸਤਾਵੇਜ ਪ੍ਰਾਪਤ ਨਹੀਂ ਹੋਏ ਸਨ। ਰਾਜ ਸਰਕਾਰ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਡਰਾਅ ਕੀਤੇ ਗਏ ਬਿਲਾਂ ਦੇ ਵੇਰਵੇ ਤਿਆਰ ਕਰੇ ਕਿਉਂਕਿ ਇਹ ਲੇਖਿਆਂ ਦੀ ਮੁਕੰਮਲਤਾ, ਵਿੱਤੀ ਰਿਪੋਰਟਿੰਗ ਅਤੇ ਪਾਰਦਰਸ਼ੀ ਵਿੱਤੀ ਨਿਯੰਤਰਣ ਲਈ ਮਹੱਤਵਪੂਰਨ ਹੈ।

ਸ਼ਰਤਾਂ ਵਾਲੀਆਂ ਗ੍ਰਾਂਟਾਂ ਦੇ ਵਿਰੁੱਧ ਵਰਤੋਂ ਸਰਟੀਫੀਕੇਟ ਜਮ੍ਹਾਂ ਨਾਂ ਕਰਨਾ

ਨਿਰਧਾਰਤ ਸਮੇਂ ਦੇ ਅੰਦਰ ਸ਼ਰਤਾਂ ਵਾਲੀਆਂ ਗ੍ਰਾਂਟਾਂ ਦੇ ਵਿਰੁੱਧ ਵਰਤੋਂ ਸਰਟੀਫਿਕੇਟ (ਯੂ ਸੀਜ਼) ਜਮ੍ਹਾਂ ਕਰਨ ਦੀ ਲੋੜ ਦੇ ਬਾਵਜੂਦ, 31 ਮਾਰਚ 2024 ਤੱਕ ₹ 3,089.57 ਕਰੋੜ ਦੇ 597 ਯੂ ਸੀਜ਼ ਬਕਾਇਆ ਸਨ।

ਨਿਸ਼ਚਿਤ ਸਮੇਂ ਤੋਂ ਬਾਅਦ ਬਕਾਇਆ ਵਰਤੋਂ ਸਰਟੀਫਿਕੇਟ (ਯੂ ਸੀ) ਗ੍ਰਾਂਟਾਂ ਦੀ ਇੱਛਤ ਉਦੇਸ਼ਾਂ ਲਈ ਵਰਤੋਂ ਤੇ ਭਰੋਸੇ ਦੀ ਅਣਹੋਂਦ ਨੂੰ ਦਰਸਾਉਂਦੇ ਹਨ ਅਤੇ ਉਸ ਹੱਦ ਤੱਕ ਲੇਖਿਆਂ ਵਿੱਚ ਦਰਸਾਏ ਗਏ ਖਰਚਿਆਂ ਨੂੰ ਅੰਤਿਮ ਨਹੀਂ ਮੰਨਿਆ ਜਾ ਸਕਦਾ।

ਏ ਸੀ ਬਿਲਾਂ ਦੇ ਵਿਰੁੱਧ ਡੀ ਸੀ ਬਿਲ ਜਮ੍ਹਾਂ ਨਾ ਕਰਨਾ

ਇਸੇ ਤਰ੍ਹਾਂ, ਐਬਸਟ੍ਰੈਕਟ ਕੰਟੀਜੈਂਟ (ਏ ਸੀ) ਬਿਲਾਂ ਰਾਹੀਂ ਕਢਵਾਏ ਗਏ ਐਡਵਾਂਸ ਪੈਸੇ ਦੇ ਵਿਰੁੱਧ ਡੀਟੇਲਡ ਕੰਟੀਜੈਂਸੀ (ਡੀ ਸੀ) ਬਿੱਲ ਜਮ੍ਹਾਂ ਕਰਨ ਦੀ ਲੋੜ ਦੇ ਬਾਵਜੂਦ, 31 ਮਾਰਚ 2024 ਤੱਕ ਡੀ ਸੀ ਬਿਲ ਜਮ੍ਹਾਂ ਕਰਵਾਉਣ ਲਈ ₹ 2,804.85 ਕਰੋੜ ਦੇ 2,037 ਏ ਸੀ ਬਿਲ ਬਕਾਇਆ ਸਨ, ਜਿਨ੍ਹਾਂ ਵਿੱਚੋਂ ₹ 1,746.84 ਕਰੋੜ ਦੇ 1,098 ਏ ਸੀ ਬਿਲ 2022-23 ਤੱਕ ਦੇ ਸਮੇਂ ਨਾਲ ਸਬੰਧਤ ਸਨ।

ਲੰਬੇ ਸਮੇਂ ਲਈ ਪੇਸ਼ਗੀਆਂ ਦਾ ਸਮਾਯੋਜਨ ਨਾ ਕਰਨਾ ਦੁਰਵਿਵਹਾਰ ਦੇ ਜੋਖਮ ਨਾਲ ਭਰਿਆ ਹੁੰਦਾ ਹੈ ਅਤੇ ਇਸ ਲਈ, ਡੀ ਸੀ ਬਿਲਾਂ ਨੂੰ ਜਮ੍ਹਾਂ ਕਰਾਉਣ ਨੂੰ ਯਕੀਨੀ ਬਣਾਉਣ ਲਈ ਸਬੰਧਤ ਡੀ ਡੀ ਓਜ਼ ਦੁਆਰਾ ਚੰਗੀ ਤਰ੍ਹਾਂ ਨਿਗਰਾਨੀ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਡੀ ਸੀ ਬਿਲਾਂ ਦੀ ਪ੍ਰਾਪਤੀ ਨਾ ਹੋਣ ਦੀ ਹੱਦ ਤੱਕ, ਵਿੱਤ ਲੇਖਿਆਂ ਵਿੱਚ ਦਰਸਾਏ ਗਏ ਖਰਚਿਆਂ ਨੂੰ ਸਹੀ ਜਾਂ ਅੰਤਿਮ ਨਹੀਂ ਕਿਹਾ ਜਾ ਸਕਦਾ।

ਸਰਕਾਰੀ ਲੇਖੇ ਤੋਂ ਬਾਹਰ ਫੰਡ

ਇਹ ਵੇਖਿਆ ਗਿਆ ਸੀ ਕਿ ਸੈੱਸ/ਲੈਵੀਜ਼ ਆਦਿ ਦੇ ਇਕੱਤਰ ਕੀਤੇ ₹ 406.98 ਕਰੋੜ ਡੀ ਡੀ ਓਜ਼ ਦੁਆਰਾ ਸਰਕਾਰੀ ਲੇਖੇ ਵਿੱਚ ਜਮ੍ਹਾਂ ਨਹੀਂ ਕਰਵਾਏ ਗਏ ਸਨ।

ਪ੍ਰਚਲਿਤ ਨਿਯਮਾਂ ਅਤੇ ਕੋਡਲ ਉਪਬੰਧਾਂ ਦੀ ਪਾਲਣਾ ਲੇਖਾਬੱਧਤਾ ਅਤੇ ਵਿੱਤੀ ਰਿਪੋਰਟਿੰਗ ਵਿੱਚ ਨਿਯੰਤਰਣ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਹੈ। ਗੈਰ-ਪਾਲਣਾ ਅਤੇ ਡੀਵੀਏਸ਼ਨ ਲੇਖਿਆਂ ਅਤੇ ਵਿੱਤੀ ਰਿਪੋਰਟਿੰਗ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪਾਉਂਦੀ ਹੈ।ਸ਼ਰਤਾਂ ਵਾਲੀਆਂ ਗ੍ਰਾਂਟਾਂ ਦੇ ਵਿਰੁੱਧ ਯੂ ਸੀਜ਼ ਨੂੰ ਸਮੇਂ ਸਿਰ ਜਮ੍ਹਾਂ ਨਾਂ ਕਰਨਾ; ਏ ਸੀ ਬਿਲਾਂ ਦੇ ਵਿਰੁੱਧ ਡੀ ਸੀ ਬਿਲ ਜਮ੍ਹਾਂ ਨਾਂ ਕਰਨਾ; ਆਈ ਜੀ ਏ ਐਸ -2 ਅਤੇ 3; ਦੀ ਪਾਲਣਾ ਨਾਂ ਕਰਨਾ; ਸਰਕਾਰੀ ਲੇਖਿਆਂ ਤੋਂ ਬਾਹਰ ਰਹਿੰਦੇ ਫੰਡ; ਅਤੇ ਐਸ ਐਨ ਏਜ਼ ਤੋਂ ਖਰਚੇ ਦੇ ਵੇਰਵਿਆਂ ਦੀ ਸਪਲਾਈ ਨਾਂ ਹੋਣ ਨੇ ਲੇਖਿਆਂ ਦੀ ਗੁਣਵੱਤਾ ਤੇ ਮਾੜਾ ਅਸਰ ਪਾਇਆ ਹੈ।

***

ਅਧਿਆਇ-I

ਝਲਕ

ਅਧਿਆਇ–I

ਝਲਕ

1.1 ਰਾਜ ਦੀ ਰੂਪ ਰੇਖਾ

ਪੰਜਾਬ ਮੁੱਖ ਤੌਰ ਤੇ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੈ। ਇਹ ਰਾਜ ਭਾਰਤ ਦੇ ਉੱਤਰ ਪੱਛਮੀ ਕੋਣੇ ਵਿੱਚ ਸਥਿਤ ਹੈ। ਇਹ 50,362 ਵਰਗ ਕਿ.ਮੀ. ਦੇ ਭੂਗੋਲਿਕ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਖੇਤਰਫਲ ਅਨੁਸਾਰ ਰਾਜਾਂ/ਸੰਘੀ ਖੇਤਰਾਂ ਵਿੱਚ ਇਸ ਦਾ 20ਵਾਂ ਦਰਜਾ ਹੈ। ਇਸ ਨੂੰ 23 ਜ਼ਿਲ੍ਹਿਆਂ ਵਿੱਚ ਸੰਗਠਿਤ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਨੂੰ ਅੱਗੇ 97 ਸਬ–ਡਿਵੀਜ਼ਨਾਂ, 154 ਬਲਾਕਾਂ ਅਤੇ 12,581 ਵਸਦੇ ਪਿੰਡਾਂ ਵਿੱਚ ਵੰਡਿਆ ਗਿਆ ਹੈ।

ਭਾਰਤ ਸਰਕਾਰ ਅਤੇ ਸਿਹਤ ਪਰਿਵਾਰ ਭਲਾਈ ਮੰਤਰਾਲੇ ਦੇ ਰਾਸ਼ਟਰੀ ਜਨਸੰਖਿਆ ਆਯੋਗ ਦੇ ਜਨਸੰਖਿਆ ਦੇ ਅਨੁਮਾਨਾਂ ਅਨੁਸਾਰ, ਰਾਜ ਦੀ ਅਨੁਮਾਨਿਤ ਜਨਸੰਖਿਆ ਮਾਰਚ 2024 ਨੂੰ 3.09 ਕਰੋੜ ਸੀ ਜੋ ਕਿ ਦੇਸ਼ ਦੀ ਅਨੁਮਾਨਿਤ ਜਨਸੰਖਿਆ (140.07 ਕਰੋੜ) ਦਾ 2.21 *ਪ੍ਰਤੀਸ਼ਤ* ਹੈ ਅਤੇ ਜਨਸੰਖਿਆ ਦੇ ਹਿਸਾਬ ਨਾਲ ਰਾਜਾਂ ਵਿੱਚ ਇਸਦਾ 16ਵਾਂ ਦਰਜਾ ਹੈ। ਰਾਜ ਦੀ 614.07 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੀ ਜਨਸੰਖਿਆ ਘਣਤਾ, 426.09 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੀ ਰਾਸ਼ਟਰੀ ਔਸਤ ਨਾਲੋਂ ਵੱਧ ਸੀ। ਰਾਜ ਦੀ ਸਾਖਰਤਾ ਦਰ 75.80 *ਪ੍ਰਤੀਸ਼ਤ* (2011 ਦੀ ਜਨਗਣਨਾ ਅਨੁਸਾਰ) ***(ਅੰਤਿਕਾ 1.1)*** ਹੈ।

1.1.1 ਰਾਜ ਦਾ ਸਕਲ ਰਾਜ ਘਰੇਲੂ ਉਤਪਾਦ

ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦਿੱਤੇ ਹੋਏ ਸਮੇਂ ਦੀ ਇੱਕ ਮਿਆਦ ਵਿੱਚ ਰਾਜ ਦੀਆਂ ਸੀਮਾਵਾਂ ਦੇ ਅੰਦਰ ਪੈਦਾ ਕੀਤੀਆਂ ਜਾਣ ਵਾਲੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਮੁੱਲ ਹੈ। ਜੀ ਐਸ ਡੀ ਪੀ ਵਿੱਚ ਵਾਧਾ ਰਾਜ ਦੀ ਆਰਥਿਕਤਾ ਦਾ ਇਕ ਮਹੱਤਵਪੂਰਣ ਸੂਚਕ ਹੈ ਕਿਉਂਜੋ ਇਹ ਕਿਸੇ ਸਮੇਂ ਦੌਰਾਨ ਰਾਜ ਦੇ ਆਰਥਿਕ ਵਿਕਾਸ ਦੇ ਪੱਧਰ ਵਿੱਚ ਹੋਈਆਂ ਤਬਦੀਲੀਆਂ ਦੀ ਮਾਤਰਾ ਨੂੰ ਦਰਸਾਉਂਦਾ ਹੈ।

ਜੀ ਐਸ ਡੀ ਪੀ ਵਿੱਚ ਖੇਤਰ ਵਾਰ ਯੋਗਦਾਨ ਵਿੱਚ ਹੋਏ ਬਦਲਾਅ ਆਰਥਿਕਤਾ ਦੇ ਬਦਲਦੇ ਢਾਂਚੇ ਨੂੰ ਸਮਝਣ ਲਈ ਵੀ ਮਹੱਤਵਪੂਰਣ ਹਨ। ਆਰਥਿਕ ਗਤੀਵਿਧੀ ਨੂੰ ਆਮ ਤੌਰ ਤੇ ਪ੍ਰਾਇਮਰੀ, ਸੈਕੰਡਰੀ ਅਤੇ ਟਰਸ਼ਿਅਰੀ ਸੈਕਟਰਾਂ ਵਿੱਚ ਵੰਡਿਆ ਜਾਂਦਾ ਹੈ, ਜੋ ਮੁੱਖ ਤੌਰ ਤੇ ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰਾਂ ਨਾਲ ਸਬੰਧਤ ਹਨ।

ਜੀ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਵਿੱਚ ਰੁਝਾਨਾਂ ਨੂੰ **ਸਾਰਣੀ 1.1** ਵਿੱਚ ਦਰਸਾਇਆ ਗਿਆ ਹੈ।

ਸਾਰਣੀ 1.1: ਜੀ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਡੀ ਪੀ ਵਿੱਚ ਰੁਝਾਨ
(ਪ੍ਰਚੱਲਤ ਕੀਮਤਾਂ 'ਤੇ)

*(₹ **ਕਰੋੜ ਵਿੱਚ**)*

ਸਾਲ	2019-20	2020-21	2021-22	2022-23	2023-24
ਭਾਰਤ					
ਜੀ ਡੀ ਪੀ (2011-12 ਦੀ ਲੜੀ)	2,01,03,593	1,98,54,096 3ਜੀ ਆਰ ਈ	2,35,97,399 2ਜੀ ਆਰ ਈ	2,69,49,646 1ਲੀ ਆਰ ਈ	2,95,35,667 ਪੀ ਈ
ਜੀ ਵੀ ਏ	1,83,81,117	1,82,10,997	2,16,35,584	2,46,59,041	2,67,62,147
ਪਿਛਲੇ ਸਾਲ ਨਾਲੋਂ ਜੀ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ* ਵਿੱਚ)	6.37	(-)1.24	18.85	14.21	9.60
ਪਿਛਲੇ ਸਾਲ ਨਾਲੋਂ ਜੀ ਵੀ ਏ ਦੇ ਵਾਧੇ ਦੀ ਦਰ (*ਪ੍ਰਤੀਸ਼ਤ* ਵਿੱਚ)	7.02	(-)0.93	18.81	13.97	8.53
ਪ੍ਰਤੀ ਵਿਅਕਤੀ ਜੀ ਡੀ ਪੀ (₹ ਵਿੱਚ)	1,49,915	1,46,481	1,72,420	1,94,878	2,11,725
ਪੰਜਾਬ					
ਜੀ ਐਸ ਡੀ ਪੀ (2011-12 ਦੀ ਲੜੀ)	5,37,031	5,40,853	6,27,717	6,81,251	7,44,899
ਜੀ ਐਸ ਵੀ ਏ	4,90,095	4,86,839	5,62,593	6,26,711	6,82,515
ਪਿਛਲੇ ਸਾਲ ਨਾਲੋਂ ਜੀ ਐਸ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ* ਵਿੱਚ)	4.78	0.71	16.06	8.53	9.34
ਪਿਛਲੇ ਸਾਲ ਨਾਲੋਂ ਜੀ ਐਸ ਵੀ ਏ ਦੇ ਵਾਧੇ ਦੀ ਦਰ (*ਪ੍ਰਤੀਸ਼ਤ* ਵਿੱਚ)	5.63	(-)0.66	15.56	11.40	8.90
ਪ੍ਰਤੀ ਵਿਅਕਤੀ ਜੀ ਐਸ ਡੀ ਪੀ (₹ ਵਿੱਚ)	1,73,119	1,72,098	1,97,156	2,11,204	2,27,950

ਸ੍ਰੋਤ: ਭਾਰਤ ਸਰਕਾਰ ਦਾ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲਾ (ਐਮ ਓ ਐਸ ਪੀ ਆਈ)

ਆਰ ਈ- ਸੋਧਿਤ ਅਨੁਮਾਨ; ਪੀ ਈ- ਆਰਜ਼ੀ ਅਨੁਮਾਨ;

2018-19: ਜੀ ਵੀ ਏ : ₹ 1,71,75,128 ਕਰੋੜ; ਜੀ ਡੀ ਪੀ : ₹ 1,88,99,668 ਕਰੋੜ; ਜੀ ਐਸ ਵੀ ਏ: ₹ 4,63,988 ਕਰੋੜ; ਅਤੇ ਜੀ ਐਸ ਡੀ ਪੀ : ₹ 5,12,510 ਕਰੋੜ।

ਮੌਜੂਦਾ ਕੀਮਤਾਂ ਤੇ 2023-24 ਵਿੱਚ ਪੰਜਾਬ ਦੇ ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਅਤੇ ਭਾਰਤ ਦੇ ਸਕਲ ਘਰੇਲੂ ਉਤਪਾਦ (ਜੀ ਡੀ ਪੀ) ਕ੍ਰਮਵਾਰ ₹ 7,44,899 ਕਰੋੜ ਅਤੇ ₹ 2,95,35,667 ਕਰੋੜ ਸੀ। ਅੱਗੇ, 2023-24 ਲਈ ਰਾਜ ਦਾ ਪ੍ਰਤੀ ਵਿਅਕਤੀ ਜੀ ਐਸ ਡੀ ਪੀ ₹ 2,27,950 ਸੀ ਜਦੋਂਕਿ ਦੇਸ਼ ਵਿੱਚ ਪ੍ਰਤੀ ਵਿਅਕਤੀ ਜੀ ਡੀ ਪੀ ₹ 2,11,725 ਸੀ। ਹਾਲਾਂਕਿ 2019-2024 ਮਿਆਦ ਦੇ ਦੌਰਾਨ ਮਿਸ਼ਰਿਤ ਸਾਲਾਨਾ ਵਿਕਾਸ ਦਰ (ਸੀ ਏ ਜੀ ਆਰ) ਦੁਆਰਾ ਮਾਪੀ ਗਈ ਪ੍ਰਤੀ ਵਿਅਕਤੀ ਜੀ ਐਸ ਡੀ ਪੀ ਵਿੱਚ (7.12 *ਪ੍ਰਤੀਸ਼ਤ*) ਦਾ ਸਾਲਾਨਾ ਵਾਧਾ ਉਸੇ ਸਮੇਂ ਦੌਰਾਨ ਪ੍ਰਤੀ ਵਿਅਕਤੀ ਜੀ ਡੀ ਪੀ (9.01 *ਪ੍ਰਤੀਸ਼ਤ*) ਵਿੱਚ ਸਾਲਾਨਾ ਵਾਧੇ ਨਾਲੋਂ ਘੱਟ ਰਿਹਾ। ਇਸ ਦਾ ਸਬੂਤ ਇਸ ਤੱਥ ਤੋਂ ਮਿਲਦਾ ਹੈ ਕਿ ਰਾਜ ਦੇ ਪ੍ਰਤੀ ਵਿਅਕਤੀ ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਜੋ ਕਿ 2019-20 ਵਿੱਚ ਦੇਸ਼ ਦੇ ਪ੍ਰਤੀ ਵਿਅਕਤੀ ਜੀ ਡੀ ਪੀ ਤੋਂ 15.48 *ਪ੍ਰਤੀਸ਼ਤ* ਵੱਧ ਸੀ, 2023-24 ਦੇ ਅਖੀਰ ਵਿੱਚ ਘਟ ਕੇ ਪ੍ਰਤੀ ਵਿਅਕਤੀ ਜੀ ਡੀ ਪੀ 7.66 *ਪ੍ਰਤੀਸ਼ਤ* ਰਹਿ ਗਈ।

ਭਾਰਤ ਸਰਕਾਰ (ਜੀ ਓ ਆਈ) ਅਤੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ ਐਮ ਐਫ) ਅਤੇ ਵਿਸ਼ਵ ਬੈਂਕ ਵਰਗੇ ਅੰਤਰ-ਰਾਸ਼ਟਰੀ ਸੰਗਠਨਾਂ ਵਲੋਂ ਆਰਥਿਕ ਵਿਸ਼ਲੇਸ਼ਣ ਲਈ ਸਕਲ ਮੁੱਲ ਵਾਧੇ

(ਜੀ ਵੀ ਏ) ਦੀ ਵਰਤੋਂ ਕੀਤੀ ਜਾ ਰਹੀ ਹੈ। ਜੀ ਵੀ ਏ ਨੂੰ ਜੀ ਡੀ ਪੀ ਦੀ ਤੁਲਨਾ ਵਿੱਚ ਆਰਥਿਕ ਵਿਕਾਸ ਦਾ ਇੱਕ ਬਿਹਤਰ ਸੂਚਕ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਕਰਾਂ ਅਤੇ ਸਬਸਿਡੀਆਂ ਦੇ ਅਸਰ ਨੂੰ ਨਜ਼ਰਅੰਦਾਜ ਕਰ ਦਿੱਤਾ ਜਾਂਦਾ ਹੈ, ਜਦੋਂਕਿ ਜੀ ਡੀ ਪੀ ਨੂੰ ਨਿੱਜੀ ਖਪਤ ਸਮੇਤ ਅਰਥਚਾਰੇ ਵਿੱਚ ਕੀਤੇ ਜਾਂਦੇ ਵੱਖ-ਵੱਖ ਖਰਚਿਆਂ ਦੇ ਕੁੱਲ ਜੋੜ ਵਜੋਂ ਗਣਨਾ ਕੀਤੀ ਜਾਂਦੀ ਹੈ ਅਤੇ ਆਂਕਿਆ ਜਾਂਦਾ ਹੈ, ਜਿਸ ਵਿੱਚ ਨਿੱਜੀ ਖਰਚ, ਸਰਕਾਰੀ ਖਪਤ ਖਰਚ ਅਤੇ ਕੁੱਲ ਸਥਿਰ ਪੂੰਜੀ ਨਿਰਮਾਣ ਜਾਂ ਨਿਵੇਸ਼ ਖਰਚ ਸ਼ਾਮਲ ਹਨ, ਅਰਥਚਾਰੇ ਵਿੱਚ ਮੰਗ ਦੀਆਂ ਹਲਾਤਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਦੋਵੇਂ ਤਰ੍ਹਾਂ ਦੀ ਆਂਕਣਾ ਵਿੱਚਕਾਰ ਨਿਰੋਲ ਕਰਾਂ ਨੂੰ ਆਂਕਣਾ ਵਿੱਚ ਲੈਣ ਦਾ ਅੰਤਰ ਹੈ, ਜਿਸ ਦੇ ਨਤੀਜੇ ਵਜੋਂ ਜੀ ਡੀ ਪੀ ਵਿੱਚ ਕਰਾਂ ਦੇ ਸ਼ਾਮਲ ਹੋਣ ਨਾਲ ਜੀ ਡੀ ਪੀ ਅਸਲ ਉਤਪਾਦਨ ਦੀ ਸਥਿਤੀ ਤੋਂ ਵੱਖ ਹੋ ਸਕਦਾ ਹੈ। ਇਸ ਕਰਕੇ ਨੀਤੀ ਨਿਰਮਾਤਾ ਦੀ ਦ੍ਰਿਸ਼ਟੀ ਤੋਂ ਬਿਹਤਰ ਵਿਸ਼ਲੇਸ਼ਣ ਅਤੇ ਨੀਤੀਗਤ ਕਾਰਵਾਈ ਕਰਨ ਲਈ ਜੀ ਵੀ ਏ ਅਤੇ ਜੀ ਐਸ ਵੀ ਏ ਦੇ ਡਾਟੇ ਦੀ ਤੁਲਨਾ ਕਰਨਾ ਅਤਿ-ਮਹੱਤਵਪੂਰਣ ਹੈ।

ਸਾਲ 2019-20 ਤੋਂ 2023-24 ਦੇ ਸਮੇਂ ਦੌਰਾਨ ਜੀ ਐਸ ਡੀ ਪੀ ਦੀ ਤੁਲਨਾ ਵਿੱਚ ਜੀ ਐਸ ਵੀ ਏ ਦੇ ਵਾਧੇ ਵਿੱਚ ਰੁਝਾਨ ਅਤੇ ਜੀ ਐਸ ਡੀ ਪੀ ਵਿੱਚ ਖੇਤਰਵਾਰ ਵਾਧੇ ਨੂੰ ਕ੍ਰਮਵਾਰ **ਚਾਰਟ 1.1** ਅਤੇ **ਚਾਰਟ 1.2** ਵਿੱਚ ਦਰਸਾਇਆ ਗਿਆ ਹੈ।

ਚਾਰਟ 1.1: ਜੀ ਐਸ ਡੀ ਪੀ ਦੀ ਅਤੇ ਜੀ ਐਸ ਵੀ ਏ ਦੀ ਤੁਲਨਾਤਮਕ ਵਾਧਾ ਦਰ
(2019-20 ਤੋਂ 2023-24)



ਸ੍ਰੋਤ: ਭਾਰਤ ਸਰਕਾਰ ਦਾ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲਾ।

ਚਾਰਟ 1.2 : ਜੀ ਐਸ ਡੀ ਪੀ ਵਿੱਚ ਖੇਤਰ-ਵਾਰ ਵਾਧਾ



ਸ੍ਰੋਤ: ਭਾਰਤ ਸਰਕਾਰ ਦਾ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲਾ।

ਚਾਰਟ 1.2 ਦਰਸਾਉਂਦਾ ਹੈ ਕਿ 2023-24 ਦੌਰਾਨ, ਜੀ ਐਸ ਡੀ ਪੀ ਨੂੰ ਯੋਗਦਾਨ ਦੇਣ ਵਾਲੇ ਉਦਯੋਗ ਭਾਵ ਸੈਕੰਡਰੀ ਖੇਤਰ ਅਤੇ ਟਰਸ਼ਿਅਰੀ ਖੇਤਰ ਨਾਮਕ ਦੋ ਸੈਕਟਰਾਂ ਵਿੱਚ ਗਿਰਾਵਟ ਸੀ ਭਾਵੇਂ ਪ੍ਰਾਇਮਰੀ ਖੇਤਰ ਵਿੱਚ ਮਹੱਤਵਪੂਰਨ ਵਾਧਾ ਸੀ। ਹਾਲਾਂਕਿ, ਖੇਤਰ-ਵਾਰ ਵਾਧੇ ਵਿਕਾਸ ਵਿੱਚ ਘਾਟੇ/ਵਾਧੇ ਦੇ ਵਿਸ਼ੇਸ਼ ਕਾਰਨ ਲੇਖਾ ਪ੍ਰੀਖਿਆ ਨੂੰ ਦੱਸੇ ਨਹੀਂ ਗਏ ਸਨ।

1.2 ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦਾ ਅਧਾਰ ਅਤੇ ਪਹੁੰਚ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਨੁਸਾਰ, ਰਾਜ ਦੇ ਲੇਖਿਆਂ ਨਾਲ ਸਬੰਧਤ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀਆਂ ਰਿਪੋਰਟਾਂ ਰਾਜ ਦੇ ਰਾਜਪਾਲ ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ, ਜੋ ਕਿ ਇਨ੍ਹਾਂ ਰਿਪੋਰਟਾਂ ਨੂੰ ਰਾਜ ਦੀ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਵਾਉਂਦੇ ਹਨ। ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ (ਐਸ ਐਫ ਏ ਆਰ) ਭਾਰਤ ਦੇ ਸੰਵਿਧਾਨ ਦੇ ਉਕਤ ਅਨੁਛੇਦ ਅਧੀਨ ਬਣਾਈ ਅਤੇ ਪੇਸ਼ ਕੀਤੀ ਜਾਂਦੀ ਹੈ।

ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ) ਦੁਆਰਾ ਰਾਜ ਸਰਕਾਰ ਦੇ ਕੰਟਰੋਲ ਅਧੀਨ ਕੰਮ ਕਰ ਰਹੇ ਖਜ਼ਾਨਿਆਂ ਅਤੇ ਅਜਿਹੇ ਲੇਖੇ ਰੱਖਣ ਲਈ ਜ਼ਿੰਮੇਵਾਰ ਦਫਤਰਾਂ ਅਤੇ ਵਿਭਾਗਾਂ ਵਲੋਂ ਭੇਜੇ ਵਾਊਚਰਾਂ, ਚਲਾਨਾਂ ਅਤੇ ਆਰੰਭਿਕ ਤੇ ਸਹਾਇਕ ਲੇਖਿਆਂ ਅਤੇ ਭਾਰਤੀ ਰਿਜ਼ਰਵ ਬੈਂਕ ਕੋਲੋਂ ਪ੍ਰਾਪਤ ਵਿਵਰਣੀਆਂ ਤੋਂ ਰਾਜ ਦੇ ਸਾਲਾਨਾ ਵਿੱਤ ਲੇਖੇ ਅਤੇ ਨਿਮਿੱਤਣ ਲੇਖੇ ਬਣਾਏ ਜਾਂਦੇ ਹਨ। ਇਨ੍ਹਾਂ ਲੇਖਿਆਂ ਦੀ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਨਿਰਪੱਖ ਤੌਰ ਤੇ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ ਅਤੇ ਇਨਾਂ ਨੂੰ ਸੀ ਏ ਜੀ ਦੁਆਰਾ ਪ੍ਰਮਾਣਿਤ ਕੀਤਾ ਜਾਂਦਾ ਹੈ।

ਰਾਜ ਦੇ ਵਿੱਤ ਲੇਖੇ ਅਤੇ ਨਿਮਿੱਤਣ ਲੇਖੇ ਇਸ ਰਿਪੋਰਟ ਲਈ ਮੁੱਖ ਡਾਟਾ ਹਨ। ਹੋਰ ਸ੍ਰੋਤਾਂ ਵਿੱਚ ਹੇਠ ਲਿਖਤ ਸ਼ਾਮਲ ਹਨ:

- ਰਾਜ ਦਾ ਬਜਟ: ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਵਿੱਤੀ ਮਾਪਦੰਡਾਂ ਅਤੇ ਵੰਡ ਤਰਜੀਹਾਂ ਦਾ ਮੁਲਾਂਕਣ ਕਰਨ ਲਈ ਅਤੇ ਇਸ ਦੇ ਨਾਲ ਨਾਲ ਇਸ ਦੇ ਲਾਗੂਕਰਣ ਦੀ ਪ੍ਰਭਾਵਿਕਤਾ ਅਤੇ ਸਬੰਧਤ ਨਿਯਮਾਂ ਅਤੇ ਨਿਰਧਾਰਤ ਪ੍ਰਕ੍ਰਿਆਵਾਂ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ ;
- ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੇ ਦਫਤਰ ਦੁਆਰਾ ਕੀਤੀ ਗਈ ਲੇਖਾ ਪ੍ਰੀਖਿਆ ਦੇ ਨਤੀਜੇ ;
- ਵਿਭਾਗੀ ਅਥਾਰਟੀਆਂ ਅਤੇ ਖਜ਼ਾਨਿਆਂ ਦਾ ਹੋਰ ਡਾਟਾ (ਲੇਖੇ ਅਤੇ ਇਸ ਦੇ ਨਾਲ ਨਾਲ ਐਮ ਆਈ ਐਸ);
- ਜੀ ਐਸ ਡੀ ਪੀ ਦਾ ਡਾਟਾ ਅਤੇ ਰਾਜ ਨਾਲ ਸਬੰਧਤ ਹੋਰ ਅੰਕੜੇ; ਅਤੇ
- ਭਾਰਤ ਦੇ ਸੀ ਏ ਜੀ ਦੀਆਂ ਵੱਖ ਵੱਖ ਲੇਖਾ ਪ੍ਰੀਖਿਆ ਰਿਪੋਰਟਾਂ।

ਇਹ ਵਿਸ਼ਲੇਸ਼ਣ ਚੌਦ੍ਹਵੇਂ ਵਿੱਤ ਕਮਿਸ਼ਨ (14ਵੇਂ ਐਫ ਸੀ), ਪੰਦਰਵ੍ਹੇਂ ਵਿੱਤ ਕਮਿਸ਼ਨ (15ਵੇਂ ਐਫ ਸੀ), ਦੀਆਂ ਸਿਫਾਰਸ਼ਾਂ ਰਾਜ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐਮ) ਐਕਟ, 2003, ਅਤੇ ਭਾਰਤ ਸਰਕਾਰ (ਜੀ ਓ ਆਈ) ਦੇ ਸਰਵੋਤਮ ਪ੍ਰਚਲਨਾਂ ਅਤੇ ਦਿਸ਼ਾ ਨਿਰਦੇਸ਼ਾਂ ਦੇ ਪ੍ਰਸੰਗ ਵਿੱਚ ਵੀ ਕੀਤਾ ਗਿਆ ਹੈ।

ਇਸ ਰਿਪੋਰਟ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ/ਲੱਭਤਾਂ ਦੀ ਪ੍ਰਮੁੱਖ ਸਕੱਤਰ ਵਿੱਤ ਵਿਭਾਗ, ਪੰਜਾਬ ਸਰਕਾਰ ਨਾਲ ਹੋਈ ਇੱਕ ਬੈਠਕ (ਦਸੰਬਰ 2024) ਵਿੱਚ ਚਰਚਾ ਕੀਤੀ ਗਈ ਸੀ। ਇਸ ਬੈਠਕ ਵਿੱਚ ਹੋਈ ਚਰਚਾ ਅਨੁਸਾਰ ਪ੍ਰਾਪਤ ਹੋਏ ਉੱਤਰਾਂ ਨੂੰ ਇਸ ਰਿਪੋਰਟ ਵਿੱਚ ਉਚਿਤ ਤੌਰ ਤੇ ਸ਼ਾਮਲ ਕਰ ਲਿਆ ਗਿਆ ਹੈ।

1.3 ਸਰਕਾਰ ਦੇ ਲੇਖੇ ਦੀ ਬਣਤਰ ਅਤੇ ਬਜਟਰੀ ਪ੍ਰਕਿਰਿਆਵਾਂ ਦੀ ਝਲਕ

ਰਾਜ ਸਰਕਾਰ ਦੇ ਲੇਖੇ ਤਿੰਨ ਭਾਗਾਂ ਵਿੱਚ ਰੱਖੇ ਜਾਂਦੇ ਹਨ:

I. ਰਾਜ ਦਾ ਸੰਚਿਤ ਫੰਡ (ਭਾਰਤ ਦੇ ਸੰਵਿਧਾਨ ਦਾ ਅਨੁਛੇਦ 266 (1))

ਇਸ ਫੰਡ ਵਿੱਚ, ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤਾ ਸਾਰਾ ਰੈਵੀਨਿਊ, ਰਾਜ ਸਰਕਾਰ ਦੁਆਰਾ ਲਏ ਗਏ ਸਾਰੇ ਕਰਜ਼ੇ (ਮਾਰਕੀਟ ਕਰਜ਼ੇ, ਬਾਂਡਜ਼, ਕੇਂਦਰ ਸਰਕਾਰ ਤੋਂ ਕਰਜ਼ੇ, ਵਿੱਤੀ ਸੰਸਥਾਵਾਂ ਤੋਂ ਕਰਜ਼ੇ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ, ਆਦਿ), ਭਾਰਤੀ ਰਿਜ਼ਰਵ ਬੈਂਕ ਦੁਆਰਾ ਦਿੱਤੀਆਂ ਗਈਆਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਰਾਜ ਸਰਕਾਰ ਦੁਆਰਾ ਕਰਜ਼ਿਆਂ ਦੀ ਮੁੜ ਅਦਾਇਗੀ ਵਜੋਂ ਪ੍ਰਾਪਤ ਕੀਤਾ ਸਾਰਾ ਧਨ ਸ਼ਾਮਲ ਹੁੰਦਾ ਹੈ। ਇਸ ਫੰਡ ਵਿਚੋਂ ਕੋਈ ਵੀ ਪੈਸਾ ਸਿਵਾਏ ਕਾਨੂੰਨ ਅਨੁਸਾਰ ਅਤੇ ਭਾਰਤ ਦੇ ਸੰਵਿਧਾਨ ਵਿੱਚ ਦਿੱਤੇ ਗਏ ਮੰਤਵਾਂ ਅਤੇ ਵਿਧੀ ਦੇ ਵਰਤਿਆ ਨਹੀਂ ਜਾ ਸਕਦਾ। ਖਰਚੇ ਦੀਆਂ ਕੁਝ ਸ਼੍ਰੇਣੀਆਂ (ਜਿਵੇਂ ਕਿ ਸੰਵਿਧਾਨਿਕ ਅਥਾਰਟੀਆਂ ਦੀਆਂ ਤਨਖਾਹਾਂ, ਕਰਜ਼ਿਆਂ ਦੀਆਂ ਮੁੜ ਅਦਾਇਗੀਆਂ, ਆਦਿ) ਰਾਜ ਦੇ ਸੰਚਿਤ ਫੰਡ ਤੋਂ ਕੀਤੇ ਜਾਂਦੇ ਚਾਰਜ (ਚਾਰਜਡ ਖਰਚੇ) ਵਿੱਚ ਸ਼ਾਮਲ ਹਨ ਅਤੇ ਇਹ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹਨ। ਹੋਰ ਸਾਰੇ ਖਰਚੇ (ਵੋਟਡ ਖਰਚੇ) ਲਈ ਵਿਧਾਨਪਾਲਿਕਾ ਤੋਂ ਵੋਟ ਲਈ ਜਾਂਦੀ ਹੈ।

II. ਰਾਜ ਦਾ ਅਚੇਤ ਫੰਡ (ਭਾਰਤ ਦੇ ਸੰਵਿਧਾਨ ਦਾ ਅਨੁਛੇਦ 267 (2))

ਇਹ ਫੰਡ ਇੱਕ ਇੰਪਰੈਸਟ ਦੀ ਸ਼ਕਲ ਵਿੱਚ ਹੈ ਜਿਸਨੂੰ ਕਿ ਵਿਧਾਨਪਾਲਿਕਾ ਦੁਆਰਾ ਕਨੂੰਨ ਰਾਹੀਂ ਸਥਾਪਿਤ ਕੀਤਾ ਜਾਂਦਾ ਹੈ ਅਤੇ ਇਸਨੂੰ ਵਿਧਾਨਪਾਲਿਕਾ ਪਾਸੋਂ ਮਨਜ਼ੂਰੀ ਨੂੰ ਅੱਗੇ ਪਾਉਂਦੇ ਹੋਏ ਅਣਚਿਤਵੇ ਖਰਚੇ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਪੇਸ਼ਗੀਆਂ ਦੇਣ ਦੇ ਸਮਰੱਥ ਬਣਾਉਣ ਲਈ ਰਾਜਪਾਲ ਦੇ ਅਖਤਿਆਰ ਵਿਚ ਰੱਖਿਆ ਜਾਂਦਾ ਹੈ। ਇਸ ਫੰਡ ਦੀ ਭਰਪੂਰਤੀ ਰਾਜ ਦੇ ਸੰਚਿਤ ਫੰਡ ਦੀ ਸਬੰਧਤ ਫੰਕਸ਼ਨਲ ਮੁੱਖ ਮੱਦ ਨੂੰ ਖਰਚਾ ਡੈਬਿਟ ਕਰਕੇ ਕੀਤੀ ਜਾਂਦੀ ਹੈ।

III. ਰਾਜ ਦਾ ਲੋਕ ਲੇਖਾ (ਭਾਰਤ ਦੇ ਸੰਵਿਧਾਨ ਦਾ ਅਨੁਛੇਦ 266 (2))

ਉਕਤ ਤੋਂ ਇਲਾਵਾ, ਸਰਕਾਰ ਦੁਆਰਾ ਜਾਂ ਸਰਕਾਰ ਵਾਸਤੇ ਪ੍ਰਾਪਤ ਕੀਤਾ ਹੋਰ ਸਾਰਾ ਜਨਤਕ ਧਨ, ਜਿੱਥੇ ਕਿ ਸਰਕਾਰ ਬੈਂਕਰ ਜਾਂ ਟਰੱਸਟੀ ਵਜੋਂ ਕੰਮ ਕਰਦੀ ਹੈ, ਲੋਕ ਲੇਖੇ ਵਿੱਚ ਕਰੈਡਿਟ ਕੀਤਾ ਜਾਂਦਾ ਹੈ। ਲੋਕ ਲੇਖੇ ਵਿੱਚ ਛੋਟੀਆਂ ਬੱਚਤਾਂ ਅਤੇ ਪ੍ਰਾਵੀਡੈਂਟ ਫੰਡਜ਼, ਡਿਪਾਜ਼ਿਟਜ਼ (ਵਿਆਜਯੋਗ ਅਤੇ ਵਿਆਜਹੀਣ), ਪੇਸ਼ਗੀਆਂ, ਰਿਜ਼ਰਵ ਫੰਡ (ਵਿਆਜਯੋਗ ਅਤੇ ਵਿਆਜਹੀਣ), ਰੈਮੀਟੈਂਸਜ਼ ਅਤੇ ਸਸਪੈਂਸ ਮੱਦਾਂ (ਜੋਕਿ ਦੋਵੇਂ ਅਸਥਾਈ ਮੱਦਾਂ ਹਨ, ਜਿਨ੍ਹਾਂ ਨੂੰ ਕਿ ਅੰਤਿਮ ਇੰਦਰਾਜ ਬਾਅਦ ਵਿੱਚ ਕਰਨ ਲਈ ਪੈਂਡਿੰਗ ਰੱਖ ਲਿਆ ਜਾਂਦਾ ਹੈ) ਵਰਗੀਆਂ ਮੁੜ-ਭੁਗਤਾਨਯੋਗ ਮੱਦਾਂ ਸ਼ਾਮਲ ਹਨ। ਸਰਕਾਰ ਕੋਲ ਉਪਲਬਧ ਨਿਰੋਲ ਕੈਸ਼ ਬਕਾਇਆ ਵੀ ਲੋਕ ਲੇਖੇ ਅਧੀਨ ਸ਼ਾਮਲ ਹੁੰਦਾ ਹੈ। ਲੋਕ ਲੇਖਾ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੈ।

ਬਜਟ ਦਸਤਾਵੇਜ਼

ਹਰ ਵਿੱਤੀ ਸਾਲ ਨਾਲ ਸਬੰਧਤ ਸਰਕਾਰ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਇੱਕ ਵਿਵਰਣੀ ਰਾਜ ਦੀ ਵਿਧਾਨਪਾਲਿਕਾ ਦੇ ਸਦਨ ਜਾਂ ਸਦਨਾਂ ਦੇ ਸਨਮੁੱਖ ਪੇਸ਼ ਕਰਨ ਦੀ ਭਾਰਤ ਵਿੱਚ ਇੱਕ ਸੰਵਿਧਾਨਕ ਲੋੜ ਹੈ (ਅਨੁਛੇਦ 202)। ਇਹ 'ਸਾਲਾਨਾ ਵਿੱਤੀ ਵਿਵਰਣੀ' ਮੁੱਖ ਬਜਟ ਦਸਤਾਜਵੇਜ਼ ਹੈ। ਅੱਗੇ, ਬਜਟ ਵਿੱਚ ਰੈਵੀਨਿਊ ਲੇਖੇ ਦੇ ਖਰਚੇ ਨੂੰ ਹੋਰ ਖਰਚਿਆਂ ਨਾਲੋਂ ਲਾਜ਼ਮੀ ਤੌਰ ਤੇ ਵੱਖ ਕਰਕੇ ਦਰਸਾਉਣਾ ਚਾਹੀਦਾ ਹੈ।

ਰੈਵੀਨਿਊ ਪ੍ਰਾਪਤੀਆਂ ਵਿੱਚ ਕਰ ਰੈਵੀਨਿਊ (ਆਪਣਾ ਕਰ ਰੈਵੀਨਿਊ ਜਮ੍ਹਾਂ ਕੇਂਦਰੀ ਕਰਾਂ/ਡਿਊਟੀਆਂ ਦਾ ਹਿੱਸਾ), ਗੈਰ- ਕਰ ਰੈਵੀਨਿਓ ਅਤੇ ਭਾਰਤ ਸਰਕਾਰ ਤੋਂ ਗ੍ਰਾਂਟਾਂ ਸ਼ਾਮਲ ਹਨ।

ਰੈਵੀਨਿਊ ਖਰਚਿਆਂ ਵਿੱਚ ਸਰਕਾਰ ਦੇ ਉਹ ਸਾਰੇ ਖਰਚੇ ਸ਼ਾਮਲ ਹੁੰਦੇ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਭੌਤਿਕ ਜਾਂ ਵਿੱਤੀ ਜਾਇਦਾਦਾਂ ਦਾ ਨਿਰਮਾਣ ਨਹੀਂ ਹੁੰਦਾ। ਇਹ ਉਨ੍ਹਾਂ ਖਰਚਿਆਂ ਨਾਲ ਸਬੰਧਿਤ ਹੈ ਜੋਕਿ ਸਰਕਾਰੀ ਵਿਭਾਗਾਂ ਦੇ ਆਮ ਕੰਮਕਾਜ ਅਤੇ ਵੱਖ ਵੱਖ ਸੇਵਾਵਾਂ, ਸਰਕਾਰ ਦੁਆਰਾ ਲਏ ਗਏ ਕਰਜ਼ਿਆਂ 'ਤੇ ਵਿਆਜ ਦੀਆਂ ਅਦਾਇਗੀਆਂ ਅਤੇ ਵੱਖ ਵੱਖ ਸੰਸਥਾਵਾਂ ਨੂੰ ਦਿੱਤੀਆਂ ਗਈਆਂ ਗ੍ਰਾਂਟਾਂ (ਭਾਵੇਂ ਕਿ ਇਨ੍ਹਾਂ ਵਿੱਚੋਂ ਕੁੱਝ ਗ੍ਰਾਂਟਾਂ ਜਾਇਦਾਦਾਂ ਦੇ ਨਿਰਮਾਣ ਲਈ ਵੀ ਹੋ ਸਕਦੀਆਂ ਹਨ) ਲਈ ਕੀਤੇ ਜਾਂਦੇ ਹਨ।

ਪੂੰਜੀਗਤ ਪ੍ਰਾਪਤੀਆਂ ਵਿੱਚ ਹੇਠ ਲਿਖਤ ਸ਼ਾਮਲ ਹਨ:

- **ਜਨਤਕ ਕਰਜ਼ਾ ਪ੍ਰਾਪਤੀਆਂ:** ਮਾਰਕੀਟ ਕਰਜ਼ੇ, ਬਾਂਡਜ਼, ਵਿੱਤੀ ਸੰਸਥਾਵਾਂ ਤੋਂ ਕਰਜ਼ੇ, ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਧੀਨ ਨਿਰੋਲ ਲੈਣ ਦੇਣ, ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਆਦਿ: ਅਤੇ
- **ਗੈਰ-ਕਰਜ਼ਾ ਪ੍ਰਾਪਤੀਆਂ:** ਵਿਨਿਵੇਸ਼ ਤੋਂ ਵੱਟਕ, ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਆਦਿ।

ਪੂੰਜੀਗਤ ਖਰਚੇ ਵਿੱਚ ਸਰਕਾਰ ਦੁਆਰਾ ਭੌਂ ਪ੍ਰਾਪਤੀ, ਬਿਲਡਿੰਗ, ਮਸ਼ੀਨਰੀ, ਸਾਜ਼ੋ ਸਮਾਨ ਅਤੇ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂਜ਼) ਦੇ ਸ਼ੇਅਰਾਂ ਵਿੱਚ ਨਿਵੇਸ਼ ਉੱਤੇ ਖਰਚਾ ਸ਼ਾਮਲ ਹੈ।

ਇਸ ਸਮੇਂ ਸਰਕਾਰ ਵਿੱਚ ਇੱਕ ਲੇਖਾ ਵਰਗੀਕਰਣ ਦਾ ਸਿਸਟਮ ਹੈ ਜਿਹੜਾ ਕਿ ਫੰਕਸ਼ਨਲ ਅਤੇ ਆਰਥਿਕ ਦੋਵੇਂ ਹੀ ਹੈ।

	ਵਿੱਤੀ ਕਾਰਵਿਹਾਰ ਦੀ ਪ੍ਰਕਿਰਤੀ	ਵਰਗੀਕਰਣ
ਸੀ ਜੀ ਏ ਦੁਆਰਾ ਮੁੱਖ ਅਤੇ ਛੋਟੀਆਂ ਮੱਦਾਂ ਦੀ ਸੂਚੀ ਵਿੱਚ ਕੀਤਾ ਗਿਆ ਮਿਆਰੀਕਰਣ	ਫੰਕਸ਼ਨ-ਸਿੱਖਿਆ, ਸਿਹਤ, ਆਦਿ/ਵਿਭਾਗ	ਗ੍ਰਾਂਟਾਂ ਅਧੀਨ ਮੁੱਖ ਮੱਦ (4-ਅੰਕ)
	ਉਪ-ਫੰਕਸ਼ਨ	ਉਪ ਮੁੱਖ ਮੱਦ (2-ਅੰਕ)
	ਪ੍ਰੋਗਰਾਮ	ਛੋਟੀ ਮੱਦ (3-ਅੰਕ)
ਰਾਜਾਂ ਲਈ ਛੱਡਿਆ ਗਿਆ ਲਚਕੀਲਾਪਣ	ਸਕੀਮ	ਉਪ ਮੱਦ (2-ਅੰਕ)
	ਉਪ -ਸਕੀਮ	ਵਿਸਥਾਰਤ ਮੱਦ (2-ਅੰਕ)
	ਆਰਥਿਕ ਪ੍ਰਕਿਰਤੀ/ਗਤੀਵਿਧੀ	ਆਬਜੈਕਟ ਮੱਦ –ਤਨਖਾਹ, ਮਾਈਨਰ ਵਰਕਸ, ਆਦਿ (2- ਅੰਕ)

ਫੰਕਸ਼ਨਲ ਵਰਗੀਕਰਣ ਸਾਨੂੰ ਵਿਭਾਗ, ਕੰਮ, ਸਕੀਮ ਜਾਂ ਪ੍ਰੋਗਰਾਮ ਅਤੇ ਖਰਚੇ ਦੇ ਆਬਜੈਕਟ ਦੀ ਜਾਣਕਾਰੀ ਦਿੰਦਾ ਹੈ। ਆਰਥਿਕ ਵਰਗੀਕਰਣ ਇਨ੍ਹਾਂ ਅਦਾਇਗੀਆਂ ਨੂੰ ਰੈਵੀਨਿਊ, ਪੂੰਜੀਗਤ, ਕਰਜ਼ੇ,

ਆਦਿ ਵਜੋਂ ਸੰਗਠਿਤ ਕਰਨ ਵਿੱਚ ਸਹਾਇਤਾ ਕਰਦਾ ਹੈ। ਆਰਥਿਕ ਵਰਗੀਕਰਣ 4-ਅੰਕ ਵਾਲੀ ਮੁੱਖ ਮੱਦ ਦੇ ਪਹਿਲੇ ਅੰਕ ਵਿੱਚ ਸ਼ਾਮਲ ਨੰਬਰਿੰਗ ਤਰਕ ਰਾਹੀਂ ਹਾਸਲ ਕੀਤਾ ਜਾਂਦਾ ਹੈ। ਉਦਾਹਰਣ ਲਈ 0 ਅਤੇ 1 ਰੈਵੀਨਿਊ ਪ੍ਰਾਪਤੀਆਂ ਲਈ ਹੈ, 2 ਅਤੇ 3 ਰੈਵੀਨਿਊ ਖਰਚੇ ਲਈ ਹੈ, ਆਦਿ। ਆਰਥਿਕ ਵਰਗੀਕਰਣ ਅੰਤਰੀਵ ਪਰਿਭਾਸ਼ਾ ਅਤੇ ਕੁਝ ਆਬਜੈਕਟ ਮੱਦਾਂ ਦੀ ਵੰਡ ਰਾਹੀਂ ਵੀ ਹਾਸਲ ਕੀਤਾ ਜਾਂਦਾ ਹੈ। ਉਦਾਹਰਣ ਲਈ ਆਮ ਤੌਰ ਤੇ ਆਬਜੈਕਟ ਮੱਦ "ਤਨਖਾਹ" ਰੈਵੀਨਿਊ ਖਰਚਾ ਹੁੰਦਾ ਹੈ, ਆਬਜੈਕਟ ਮੱਦ "ਨਿਰਮਾਣ" ਪੂੰਜੀਗਤ ਖਰਚਾ ਹੁੰਦਾ ਹੈ। ਬਜਟ ਦਸਤਾਵੇਜ਼ਾਂ ਵਿੱਚ ਆਬਜੈਕਟ ਮੱਦ ਨਿਮਿੱਤਣ ਦੀ ਮੁਢਲੀ ਇਕਾਈ ਹੈ।

ਚਾਰਟ 1.3: ਸਰਕਾਰ ਦੇ ਲੇਖਿਆਂ ਦੀ ਬਣਤਰ



ਸ੍ਰੋਤ: ਵਿੱਤ ਲੇਖੇ

ਜਨਤਕ ਖਰਚਾ ਅਤੇ ਜਨਤਕ ਦੇਣਦਾਰੀ : ਇਸ ਰਿਪੋਰਟ ਵਿੱਚ ਜਨਤਕ ਕਰਜੇ ਵਿੱਚ ਮਾਰਕੀਟ ਕਰਜੇ, ਸੰਸਥਾਗਤ ਕਰਜੇ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ (ਐਨ ਐਸ ਐਸ ਐਫ) ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ, ਕੇਂਦਰੀ ਸਰਕਾਰ ਵਲੋਂ ਦਿੱਤੇ ਗਏ ਕਰਜੇ ਆਦਿ ਵਜੋਂ ਲਿਆ ਗਿਆ ਹੈ। ਇਸ ਮੰਤਵ ਲਈ ਮੁੱਖ ਮੱਦ 6003 ਅਤੇ 6004-ਜਨਤਕ ਕਰਜੇ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।

ਇਸ ਤੋਂ ਇਲਾਵਾ, ਲੋਕ ਲੇਖੇ ਅਧੀਨ 'ਛੋਟੀਆਂ ਬੱਚਤਾਂ', 'ਪ੍ਰਾਵੀਡੈਂਟ ਫੰਡ', ਆਦਿ, 'ਰਾਖਵੇਂ ਫੰਡ' ਅਤੇ 'ਡਿਪਾਜ਼ਿਟਜ਼ ਅਤੇ ਪੇਸ਼ਗੀਆਂ' ਨਾਲ ਸਬੰਧਤ ਅਜਿਹੇ ਲੈਣ ਦੇਣ ਹਨ ਜਿੱਥੇ ਕਿ ਪ੍ਰਾਪਤ ਕੀਤੇ

ਧਨ ਦੀ ਮੁੜ ਅਦਾਇਗੀ ਕਰਨਾ ਸਰਕਾਰ ਦੀ ਦੇਣਦਾਰੀ ਹੈ ਜਾਂ ਕੀਤੀ ਗਈ ਅਦਾਇਗੀ ਦੀ ਵਸੂਲੀ ਲਈ ਇਸ ਦਾ ਦਾਅਵਾ ਹੈ। ਲੋਕ ਲੇਖੇ ਅਧੀਨ 'ਰੈਮੀਟੈਂਸਜ਼' ਅਤੇ 'ਸਸਪੈਂਸ' ਨਾਲ ਸਬੰਧਤ ਲੈਣ-ਦੇਣ ਵਿੱਚ ਖਜ਼ਾਨਿਆਂ ਅਤੇ ਕਰੰਸੀ ਚੈਸਟਾਂ ਵਿਚਕਾਰ ਰੈਮੀਟੈਂਸਜ਼ ਵਜੋਂ ਕੈਸ਼ ਦਾ ਲੈਣ-ਦੇਣ ਅਤੇ ਵੱਖ ਵੱਖ ਲੇਖਾ ਸਰਕਲਾਂ ਵਿਚਕਾਰ ਟਰਾਂਸਫਰ ਵਰਗੀਆਂ, ਸਿਰਫ ਸਮਾਯੋਜਨ ਮੱਦਾਂ ਸ਼ਾਮਲ ਹਨ।

ਇਸ ਰਿਪੋਰਟ ਵਿੱਚ 'ਜਨਤਕ ਦੇਣਦਾਰੀ' ਵਿੱਚ 'ਛੋਟੀਆਂ ਬੱਚਤਾਂ' 'ਪ੍ਰਾਵੀਡੈਂਟ ਫੰਡ', ਆਦਿ, 'ਰਾਖਵੇਂ ਫੰਡ', ਅਤੇ 'ਡਿਪਾਜ਼ਿਟਜ਼ ਅਤੇ ਪੇਸ਼ਗੀਆਂ' ਨਾਲ ਸਬੰਧਤ ਮੁੱਖ ਮੱਦ 8001 ਤੋਂ 8554 ਅਧੀਨ ਲੈਣ ਦੇਣ ਅਤੇ ਇਸ ਦੇ ਨਾਲ ਮੁੱਖ ਮੱਦ 6003 ਅਤੇ 6004 ਅਧੀਨ ਲੈਣ ਦੇਣ ਸ਼ਾਮਲ ਹਨ।

ਬਜਟਰੀ ਪ੍ਰੀਕਿਰਿਆਵਾਂ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਅਨੁਸਾਰ ਰਾਜ ਦੇ ਰਾਜਪਾਲ, ਰਾਜ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚੇ ਦੀ ਵਿਵਰਣੀ ਨੂੰ ਇੱਕ ਸਾਲਾਨਾ ਵਿੱਤੀ ਵਿਵਰਣੀ ਦੇ ਰੂਪ ਵਿੱਚ ਰਾਜ ਦੀ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕਰਵਾਉਂਦੇ ਹਨ। ਅਨੁਛੇਦ 203 ਦੇ ਅਨੁਸਾਰ ਇਹ ਵਿਵਰਣੀ ਰਾਜ ਵਿਧਾਨਪਾਲਿਕਾ ਨੂੰ ਗ੍ਰਾਂਟਾਂ ਦੀਆਂ ਮੰਗਾਂ/ਨਿਮਿੱਤਣਾਂ ਦੇ ਰੂਪ ਵਿੱਚ ਪੇਸ਼ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਮਨਜ਼ੂਰੀ ਤੋਂ ਬਾਅਦ ਸੰਚਿਤ ਫੰਡ ਵਿੱਚੋਂ ਲੋੜੀਂਦਾ ਧਨ ਹਾਸਲ ਕਰਨ ਲਈ ਅਨੁਛੇਦ 204 ਅਧੀਨ ਵਿਧਾਨਪਾਲਿਕਾ ਵੱਲੋਂ ਨਿਮਿੱਤਣ ਬਿਲ ਪਾਸ ਕੀਤਾ ਜਾਂਦਾ ਹੈ।

ਰਾਜ ਦਾ ਬਜਟ ਮੈਨੂਅਲ ਬਜਟ ਤਿਆਰ ਕਰਨ ਦੀ ਪ੍ਰੀਕਿਰਿਆ ਦਾ ਵੇਰਵਾ ਦਿੰਦਾ ਹੈ ਅਤੇ ਰਾਜ ਸਰਕਾਰ ਨੂੰ ਇਸ ਦੇ ਬਜਟ ਅਨੁਮਾਨਾਂ ਨੂੰ ਤਿਆਰ ਕਰਨ ਵਿੱਚ ਅਤੇ ਇਸ ਦੇ ਖਰਚਿਆਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨ ਲਈ ਮਾਰਗ ਦਰਸ਼ਨ ਕਰਦਾ ਹੈ। ਬਜਟ ਦੀ ਲੇਖਾ ਪ੍ਰੀਖਿਆ ਪੜਤਾਲ ਦੇ ਨਤੀਜੇ ਅਤੇ ਰਾਜ ਸਰਕਾਰ ਦੀਆਂ ਹੋਰ ਬਜਟਰੀ ਪਹਿਲਕਦਮੀਆਂ ਦੇ ਲਾਗੂਕਰਣ ਨੂੰ ਇਸ ਰਿਪੋਰਟ ਦੇ ਅਧਿਆਇ-III ਵਿੱਚ ਵਿਸਥਾਰਤ ਕੀਤਾ ਗਿਆ ਹੈ।

1.3.1 ਵਿੱਤਾਂ ਦੀ ਤਸਵੀਰ

ਸਾਰਣੀ 1.2 ਸਾਲ 2022-23 ਅਤੇ 2023-24 ਲਈ ਅਸਲ ਵਿੱਤੀ ਨਤੀਜਿਆਂ ਦੇ ਵੇਰਵਿਆਂ ਨੂੰ ਦਰਸਾਉਂਦੀ ਹੈ। ਬਜਟ ਅਨੁਮਾਨਾਂ (ਬੀ ਈ) ਅਤੇ ਸਾਲ 2023-24 ਲਈ ਜੀ ਐਸ ਡੀ ਪੀ ਦੀ ਤੁਲਨਾ ਵਿੱਚ ਅਤੇ ਸਾਲ 2023-24 ਦੇ ਸਾਲ ਲਈ ਨਤੀਜਿਆਂ ਦੀ ਤੁਲਨਾ ਨੂੰ ਵੀ ਦਰਸਾਇਆ ਗਿਆ ਹੈ।

ਸਾਰਣੀ 1.2: ਵਿੱਤਾਂ ਦੀ ਤਸਵੀਰ

(₹ ਕਰੋੜ ਵਿੱਚ)

ਲੜੀ ਨੰ.	ਭਾਗ	2022-23 (ਅਸਲ)	2023-24 (ਬਜਟ ਅਨੁਮਾਨ)	2023-24 (ਅਸਲ)	ਬਜਟ ਅਨੁਮਾਨ ਨੂੰ ਅਸਲ ਦੀ ਪ੍ਰਤੀਸ਼ਤਤਾ	ਜੀ ਐਸ ਡੀ ਪੀ ਨੂੰ ਅਸਲ ਦੀ ਪ੍ਰਤੀਸ਼ਤਤਾ
1.	ਕਰ ਰੈਵੀਨਿਊ	59,406.82	70,293.06	67,662.08	96.26	9.08
	ਆਪਣਾ ਕਰ ਰੈਵੀਨਿਊ	42,243.17	51,835.49	47,252.16	91.16	6.34
	ਕੇਂਦਰੀ ਕਰਾਂ/ ਡਿਊਟੀਆਂ ਦਾ ਹਿੱਸਾ	17,163.65	18,457.57	20,409.92	110.58	2.74
2.	ਗੈਰ ਕਰ ਰੈਵੀਨਿਊ	6,231.94	7,823.99	7,233.63	92.45	0.97
3.	ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ	21,976.84	20,735.08	14,296.36	68.95	1.92
4.	**ਰੈਵੀਨਿਊ ਪ੍ਰਾਪਤੀਆਂ (1+2+3)**	**87,615.60**	**98,852.13**	**89,192.07**	**90.23**	**11.97**
5.	ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ	163.67	200.00	38.77	19.39	0.01
6.	ਹੋਰ ਪ੍ਰਾਪਤੀਆਂ	0.21	1,000.00	0.00	0.00	0.00
7.	ਉਧਾਰ ਅਤੇ ਹੋਰ ਦੇਣਦਾਰੀਆਂ*	33,930.04	34,784.15	33,115.16	95.20	4.45
8.	**ਨਿਰੋਲ ਪੂੰਜੀਗਤ ਪ੍ਰਾਪਤੀਆਂ (5+6+7)**	**34,093.92**	**35,984.15**	**33,153.93**	**92.13**	**4.45**
9.	**ਕੁੱਲ ਪ੍ਰਾਪਤੀਆਂ (4+8)**	**1,21,709.52**	**1,34,836.28**	**1,22,346.00**	**90.74**	**16.42**
10.	**ਰੈਵੀਨਿਊ ਖਰਚਾ**	**1,13,660.63**	**1,23,440.91**	**1,17,407.37**	**95.11**	**15.76**
11.	ਵਿਆਜ ਅਦਾਇਗੀਆਂ#	19,905.13	22,000.00	22,551.93	102.51	3.03
12.	ਪੂੰਜੀਗਤ ਖਰਚਾ	6,667.21	10,354.53	4,742.81	45.80	0.64
13.	ਕਰਜ਼ੇ ਅਤੇ ਪੇਸ਼ਗੀਆਂ	1,381.68	1,040.84	195.82	18.81	0.03
14.	**ਕੁੱਲ ਖਰਚਾ (10+12+13)**	**1,21,709.52**	**1,34,836.28**	**1,22,346.00**	**90.74**	**16.42**
15.	**ਰੈਵੀਨਿਊ ਘਾਟਾ (4-10)**	**(-)26,045.03**	**(-)24,588.78**	**(-)28,215.30**	**114.75**	**(-)3.79**
16.	**ਵਿੱਤੀ ਘਾਟਾ {(4+5+6)-14)}**	**(-)33,930.04**	**(-)34,784.15**	**(-)33,115.16**	**95.20**	**(-)4.45**
17.	**ਮੁੱਢਲਾ ਘਾਟਾ(-) / ਵਾਧਾ (+) (16-11)**	**(-)14,024.91**	**(-)12,784.15**	**(-)10,563.23**	**82.63**	**(-)1.42**

ਸ੍ਰੋਤ : ਵਿੱਤ ਲੇਖੇ ਅਤੇ ਸਾਲਾਨਾ ਵਿੱਤੀ ਵਿਵਰਣੀ

** ਉਧਾਰ ਅਤੇ ਹੋਰ ਦੇਣਦਾਰੀਆਂ: ਜਨਤਕ ਕਰਜ਼ੇ ਦਾ ਨਿਰੋਲ (ਪ੍ਰਾਪਤੀਆਂ-ਅਦਾਇਗੀਆਂ) + ਅਚੇਤ ਫੰਡ ਦਾ ਨਿਰੋਲ +ਲੋਕ ਲੇਖੇ ਦਾ ਨਿਰੋਲ (ਪ੍ਰਾਪਤੀਆਂ-ਅਦਾਇਗੀਆਂ) + ਮੁਢਲੇ ਅਤੇ ਅੰਤਿਮ ਕੈਸ਼ ਬਕਾਏ ਦਾ ਨਿਰੋਲ।*

 # ਲੜੀ ਨੰ. 10 ਤੇ ਦਰਸਾਏ ਗਏ ਰੈਵੀਨਿਊ ਖਰਚੇ ਵਿੱਚ ਸ਼ਾਮਲ ਹੈ।

ਸਾਲ 2023-24 ਦੌਰਾਨ, ਰਾਜ ਦੀਆਂ ਰੈਵੀਨਿਊ ਪ੍ਰਾਪਤੀਆ ਭਾਵੇਂ ਪਿਛਲੇ ਸਾਲ ਨਾਲੋਂ 1.80 *ਪ੍ਰਤੀਸ਼ਤ* ਨਾਲ ਵਧੀਆਂ, ਪ੍ਰੰਤੂ ਇਹ ਬਜਟ ਅਨੁਮਾਨਾਂ ਨਾਲੋਂ 9.77 *ਪ੍ਰਤੀਸ਼ਤ* ਘੱਟ ਸਨ। ਚਾਲੂ ਸਾਲ ਦੌਰਾਨ, ਰੈਵੀਨਿਊ ਪ੍ਰਾਪਤੀਆਂ (₹ 1,17,407 ਕਰੋੜ) ਨਾਲੋਂ ਰੈਵੀਨਿਊ ਖਰਚਾ (₹ 89,192 ਕਰੋੜ) ਵੱਧ ਸੀ, ਜਿਸ ਦੇ ਨਤੀਜੇ ਵਜੋਂ ₹ 28,215 ਕਰੋੜ ਦਾ ਰੈਵੀਨਿਊ ਘਾਟਾ ਹੋਇਆ।

ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਦਾ ਮੁਆਵਜ਼ਾ ਜੀ ਐਸ ਟੀ (ਰਾਜਾਂ ਨੂੰ ਮੁਆਵਜ਼ਾ) ਐਕਟ, 2017 ਅਧੀਨ ਰਾਜ ਸਰਕਾਰ ਦਾ ਰੈਵੀਨਿਊ ਹੈ। ਚਾਲੂ ਸਾਲ ਦੌਰਾਨ ਪੰਜਾਬ ਸਰਕਾਰ ਨੇ ਜੀ ਐਸ ਟੀ ਮੁਆਵਜ਼ੇ ਵਜੋਂ ₹ 3,671 ਕਰੋੜ ਪ੍ਰਾਪਤ ਕੀਤੇ।

1.3.2 ਸਰਕਾਰ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦੀ ਤਸਵੀਰ

ਸਰਕਾਰ ਦੇ ਲੇਖੇ ਸਰਕਾਰ ਦੀਆਂ ਵਿੱਤੀ ਦੇਣਦਾਰੀਆਂ ਅਤੇ ਕੀਤੇ ਗਏ ਖਰਚੇ ਵਿੱਚੋਂ ਸਿਰਜੀਆਂ ਜਾਇਦਾਦਾਂ ਦੀ ਤਸਵੀਰ ਖਿੱਚਦੇ ਹਨ। ***ਅੰਤਿਕਾ 1.2*** ਪਿਛਲੇ ਸਾਲ ਦੀ ਇਸ ਸਥਿਤੀ ਦੀ ਤੁਲਨਾ

ਵਿੱਚ ਅਜਿਹੀਆਂ ਦੇਣਦਾਰੀਆਂ ਅਤੇ ਜਾਇਦਾਦਾਂ ਦੀ 31 ਮਾਰਚ 2024 ਨੂੰ ਸਥਿਤੀ ਦਾ ਸਾਰ ਮੁਹੱਈਆ ਕਰਵਾਉਂਦੀ ਹੈ। ਦੇਣਦਾਰੀਆਂ ਵਿੱਚ ਮੁੱਖ ਤੌਰ ਤੇ ਅੰਦਰੂਨੀ ਉਧਾਰ, ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਲੋਕ ਲੇਖੇ ਤੋਂ ਪ੍ਰਾਪਤੀਆਂ ਅਤੇ ਰਾਖਵੇਂ ਫੰਡ ਸ਼ਾਮਲ ਹਨ, ਅਤੇ ਜਾਇਦਾਦਾਂ ਵਿੱਚ ਮੁੱਖ ਤੌਰ ਤੇ ਪੂੰਜੀਗਤ ਖਰਚਾ ਅਤੇ ਰਾਜ ਸਰਕਾਰ ਵਲੋਂ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ ਅਤੇ ਕੈਸ਼ ਬਕਾਏ ਸ਼ਾਮਲ ਹਨ। ਜਾਇਦਾਦਾਂ ਅਤੇ ਦੇਣਦਾਰੀਆਂ ਦੀ ਸੰਖੇਪਕ ਸਥਿਤੀ **ਸਾਰਣੀ 1.3** ਵਿੱਚ ਦਰਸਾਈ ਗਈ ਹੈ।

ਸਾਰਣੀ 1.3: ਜਾਇਦਾਦਾਂ ਅਤੇ ਦੇਣਦਾਰੀਆਂ ਦੀ ਸੰਖੇਪਕ ਸਥਿਤੀ

(₹ ਕਰੋੜ ਵਿੱਚ)

ਦੇਣਦਾਰੀਆਂ					ਜਾਇਦਾਦਾਂ				
		2022-23	**2023-24**	***ਪ੍ਰਤੀਸ਼ਤ ਵਾਧਾ/ ਘਾਟਾ***			**2022-23**	**2023-24**	***ਪ੍ਰਤੀਸ਼ਤ ਵਾਧਾ/ ਘਾਟਾ***
ਸੰਚਿਤ ਫੰਡ									
ੳ	ਅੰਦਰੂਨੀ ਕਰਜ਼ਾ	2,50,971.66	2,80,965.94	11.95	ੳ	ਸਕਲ ਪੂੰਜੀਗਤ ਖਰਚਾ	85,134.74	89,877.55	5.57
ਅ	ਭਾਰਤ ਸਰਕਾਰ* ਤੋਂ ਕਰਜ਼ੇ ਅਤੇ ਪੇਸ਼ਗੀਆਂ	25,487.39	25,075.35	(-)1.62	ਅ	ਕਰਜ਼ੇ ਅਤੇ ਪੇਸ਼ਗੀਆਂ	38,887.68	39,044.72	0.40
ਅਚੇਤ ਫੰਡ		**25.00**	**25.00**	**0.00**					
ਲੋਕ ਲੇਖਾ									
ੳ	ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ,ਆਦਿ	22,404.33	23,005.28	2.68	ੳ	ਵਿਭਾਗੀ ਅਫਸਰਾਂ ਕੋਲ ਪੇਸ਼ਗੀਆਂ	0.42	0.42	0.00
ਅ	ਡਿਪਾਜ਼ਿਟਜ਼	4,913.27	5,072.27	3.24	ਅ	ਰੈਮੀਟੈਂਸਜ਼	44.26	23.99	(-)45.80
ੲ	ਰਾਖਵੇਂ ਫੰਡ	16,795.71	20,682.91	23.14	ੲ	ਸਸਪੈਂਸ ਅਤੇ ਫੁਟਕਲ	0.66	0.66	0.00
ਸ	ਰੈਮੀਟੈਂਸਜ਼	0	0	0.00	**ਕੈਸ਼ ਬਕਾਇਆ (ਚਿੰਨ੍ਹਤ ਫੰਡਾਂ ਵਿੱਚ ਨਿਵੇਸ਼ ਸਮੇਤ)**		**9,009.46**	**10,158.43**	**12.75**
ਹ	ਸਸਪੈਂਸ ਅਤੇ ਫੁਟਕਲ	327.36	341.86	4.43	**ਜੋੜ**		**1,33,077.22**	**1,39,105.77**	**4.53**
					ਰਾਊਡਿੰਗ ਆਫ ਕਰਨ ਕਰਕੇ ਆਇਆ ਅੰਤਰ		**0.04**	**0.08**	
					ਰੈਵੀਨਿਊ ਲੇਖੇ ਵਿੱਚ ਘਾਟਾ		**1,87,847.46**	**2,16,062.76**	**15.02**
ਜੋੜ		**3,20,924.72**	**3,55,168.61**	**10.67**	**ਜੋੜ**		**3,20,924.72**	**3,55,168.61**	**10.67**

ਸ੍ਰੋਤ: ਵਿੱਤ ਲੇਖੇ

** ਇਸ ਵਿੱਚ ਬੈਕ ਟੂ ਬੈਕ ਕਰਜ਼ੇ ਦੇ ₹ 20,491.41 ਕਰੋੜ (2020-21 ਅਤੇ 2021-22 ਦੌਰਾਨ ਭਾਰਤ ਸਰਕਾਰ ਤੋਂ ਲਏ ਗਏ ਕ੍ਰਮਵਾਰ ₹ 8,359 ਕਰੋੜ ਅਤੇ ₹ 12,132.41 ਕਰੋੜ) ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਸ਼ਾਮਲ ਹਨ ਜਿਨ੍ਹਾਂ ਦਾ ਰਾਜ ਤੇ ਆਪਣੇ ਸਾਧਨਾਂ ਤੋਂ ਭੁਗਤਾਨ ਨਹੀਂ ਕਰਨਾ ਹੈ।*

^ ਇਸ ਵਿੱਚ 2022-23 ਅਤੇ 2023-24 ਦੌਰਾਨ ਸੰਚਿਤ ਸਿਕਿੰਗ ਫੰਡ ਤੋਂ ਨਿਵੇਸ਼ ਦੇ ਕਾਰਨ ਲਏ ਗਏ ਕ੍ਰਮਵਾਰ ₹ 6,351.61 ਅਤੇ ₹ 8,616.66 ਕਰੋੜ ਸ਼ਾਮਲ ਹਨ।

1.4 ਵਿੱਤੀ ਬਕਾਇਆ: ਘਾਟੇ ਅਤੇ ਕੁੱਲ ਕਰਜ਼ੇ ਦੇ ਟੀਚਿਆਂ ਦੀ ਪ੍ਰਾਪਤੀ

ਜਦੋਂ ਕੋਈ ਸਰਕਾਰ ਰੈਵੀਨਿਊ ਵਜੋਂ ਕੀਤੀ ਗਈ ਉਗਰਾਹੀ ਤੋਂ ਵੱਧ ਖਰਚਾ ਕਰਦੀ ਹੈ ਤਾਂ ਇਹ ਘਾਟਾ ਸਹੇੜਦੀ ਹੈ। ਸਰਕਾਰ ਦੇ ਘਾਟੇ ਨੂੰ ਕਾਬੂ ਵਿੱਚ ਰੱਖਣ ਦੇ ਵੱਖ-ਵੱਖ ਉਪਾਅ ਹਨ।

ਘਾਟਿਆਂ ਨੂੰ ਉਧਾਰ ਲੈ ਕੇ ਪੂਰਿਆ ਜਾਂਦਾ ਹੈ ਜਿਸ ਨਾਲ ਸਰਕਾਰ ਦਾ ਕਰਜ਼ਾ ਵਧਦਾ ਹੈ। ਘਾਟਿਆਂ ਅਤੇ ਕਰਜ਼ੇ ਦੀਆਂ ਧਾਰਨਾਵਾਂ ਦਾ ਨੇੜਲਾ ਸਬੰਧ ਹੈ। ਘਾਟਿਆਂ ਨੂੰ ਇੱਕ ਵਹਾਅ ਵਜੋਂ ਸਮਝਿਆ ਜਾ ਸਕਦਾ ਹੈ, ਜੋ ਕਿ ਕਰਜ਼ੇ ਦੇ ਭੰਡਾਰ ਵਿੱਚ ਵਾਧਾ ਕਰਦੇ ਹਨ। ਜੇਕਰ ਸਰਕਾਰ, ਸਾਲ ਦਰ ਸਾਲ ਕਰਜ਼ਾ ਲੈਣਾ ਜਾਰੀ ਰੱਖਦੀ ਹੈ ਤਾਂ ਇਸ ਨਾਲ ਕਰਜ਼ਾ ਇਕੱਠਾ ਹੋ ਜਾਂਦਾ ਹੈ ਅਤੇ ਸਰਕਾਰ ਨੂੰ ਵਿਆਜ ਵਜੋਂ ਜ਼ਿਆਦਾ ਅਤੇ ਹੋਰ ਜ਼ਿਆਦਾ ਅਦਾਇਗੀਆਂ ਕਰਨੀਆਂ ਪੈਂਦੀਆਂ ਹਨ। ਇਹ ਵਿਆਜ ਅਦਾਇਗੀਆਂ ਆਪਣੇ ਆਪ ਵਿੱਚ ਹੀ ਕਰਜ਼ੇ ਵਿੱਚ ਯੋਗਦਾਨ ਪਾਉਂਦੀਆਂ ਹਨ।

ਉਧਾਰ ਲੈ ਕੇ ਸਰਕਾਰ ਘਟੀ ਹੋਈ ਖਪਤ ਦਾ ਬੋਝ ਆਉਣ ਵਾਲੀਆਂ ਪੀੜ੍ਹੀਆਂ ਤੇ ਪਾਉਂਦੀ ਹੈ। ਇਹ ਇਸ ਕਰਕੇ ਹੈ ਕਿਉਂਕਿ ਇਹ ਵਰਤਮਾਨ ਵਿੱਚ ਜੀਵਤ ਲੋਕਾਂ ਨੂੰ ਬਾਂਡਜ਼ ਜਾਰੀ ਕਰਕੇ ਉਧਾਰ ਲੈਂਦੀ ਹੈ ਪ੍ਰੰਤੂ ਲੱਗਭਗ ਵੀਹ ਸਾਲਾਂ ਬਾਅਦ ਇਹ ਕਰ ਵਧਾ ਕੇ ਜਾਂ ਖਰਚਾ ਘੱਟ ਕਰਕੇ ਬਾਂਡਜ਼ ਨੂੰ ਚੁਕਤਾ ਕਰਨ ਦਾ ਫੈਸਲਾ ਕਰ ਸਕਦੀ ਹੈ। ਇਸ ਨਾਲ ਇਹ ਵੀ ਹੁੰਦਾ ਹੈ ਕਿ ਸਰਕਾਰ ਦੁਆਰਾ ਲੋਕਾਂ ਤੋਂ ਲਏ ਉਧਾਰ ਨਿੱਜੀ ਸੈਕਟਰ ਲਈ ਉਪਲੱਬਧ ਬੱਚਤਾਂ ਨੂੰ ਵੀ ਘੱਟ ਕਰਦੇ ਹਨ। ਇਸ ਨਾਲ ਜਿਸ ਮਾਤਰਾ ਵਿੱਚ ਪੂੰਜੀ ਨਿਰਮਾਣ ਅਤੇ ਵਿਕਾਸ ਘਟਦਾ ਹੈ, ਓਨਾ ਹੀ ਕਰਜ਼ਾ ਅਗਲੀਆਂ ਪੀੜ੍ਹੀਆਂ ਤੇ 'ਬੋਝ' ਬਣਦਾ ਹੈ।

ਪ੍ਰੰਤੂ, ਜੇਕਰ ਸਰਕਾਰ ਦੇ ਘਾਟੇ, ਉਤਪਾਦਨ ਵਧਾਉਣ ਦਾ ਆਪਣਾ ਉਦੇਸ਼ ਹਾਸਲ ਕਰਨ ਵਿੱਚ ਸਫਲ ਹੁੰਦੇ ਹਨ ਤਾਂ ਵੱਧ ਆਮਦਨ ਹੋਵੇਗੀ ਅਤੇ ਇਸ ਕਰਕੇ ਵੱਧ ਬੱਚਤ ਹੋਵੇਗੀ। ਇਸ ਸੂਰਤ ਵਿੱਚ ਸਰਕਾਰ ਅਤੇ ਉਦਯੋਗ ਦੋਵੇਂ ਹੋਰ ਉਧਾਰ ਲੈ ਸਕਦੇ ਹਨ। ਇਸ ਨਾਲ ਇਹ ਵੀ ਹੈ ਕਿ ਜੇਕਰ ਸਰਕਾਰ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦੀ ਹੈ ਤਾਂ ਅਗਲੀਆਂ ਪੀੜ੍ਹੀਆਂ ਬਿਹਤਰ ਸਥਿਤੀ ਵਿੱਚ ਹੋ ਸਕਦੀਆਂ ਹਨ, ਬਸ਼ਰਤੇ ਕਿ ਅਜਿਹੇ ਨਿਵੇਸ਼ਾਂ ਤੇ ਪ੍ਰਤੀਫਲ ਵਿਆਜ ਦੀ ਦਰ ਤੋਂ ਜ਼ਿਆਦਾ ਹੋਵੇ। ਉਤਪਾਦਨ ਵਿੱਚ ਵਾਧੇ ਨਾਲ ਅਸਲ ਕਰਜ਼ਾ ਵਾਪਸ ਕੀਤਾ ਜਾ ਸਕਦਾ ਹੈ। ਕਰਜ਼ੇ ਨੂੰ ਬੋਝ ਨਹੀਂ ਸਮਝਿਆ ਜਾਣਾ ਚਾਹੀਦਾ। ਕਰਜ਼ੇ ਵਿੱਚ ਵਾਧੇ ਨੂੰ ਸਮੁੱਚੇ ਅਰਥਚਾਰੇ ਦੇ ਵਿਕਾਸ ਦੇ ਪੱਖ (ਰਾਜ ਦੀ ਜੀ ਡੀ ਪੀ) ਤੋਂ ਸਮਝਣਾ ਪਵੇਗਾ।

ਸਰਕਾਰ ਦੇ ਘਾਟੇ ਨੂੰ ਕਰਾਂ ਵਿੱਚ ਵਾਧਾ ਕਰਕੇ ਜਾਂ ਖਰਚੇ ਵਿੱਚ ਕਟੌਤੀ ਕਰਕੇ ਘੱਟ ਕੀਤਾ ਜਾ ਸਕਦਾ ਹੈ। ਜਦੋਂਕਿ ਜ਼ਿਆਦਾ ਜ਼ੋਰ ਸਰਕਾਰੀ ਖਰਚੇ ਵਿੱਚ ਕਟੌਤੀ ਕਰਨ ਤੇ ਰਿਹਾ ਹੈ। ਇਸ ਨੂੰ ਪ੍ਰੋਗਰਾਮਾਂ ਦੀ ਬਿਹਤਰ ਯੋਜਨਾਬੰਦੀ ਅਤੇ ਬਿਹਤਰ ਪ੍ਰਸ਼ਾਸਨ ਰਾਹੀਂ, ਸਰਕਾਰੀ ਗਤੀਵਿਧੀਆਂ ਨੂੰ ਜ਼ਿਆਦਾ ਕੁਸ਼ਲ ਬਣਾ ਕੇ ਹਾਸਲ ਕੀਤਾ ਜਾ ਸਕਦਾ ਸੀ।

ਕੇਂਦਰੀ ਅਤੇ ਵੱਖ ਵੱਖ ਰਾਜ ਸਰਕਾਰਾਂ ਨੇ, ਰੈਵੀਨਿਊ ਘਾਟੇ ਨੂੰ ਖਤਮ ਕਰਕੇ, ਵਿੱਤੀ ਘਾਟੇ ਅਤੇ ਸਮੁੱਚੇ/ਬਕਾਇਆ ਕਰਜ਼ੇ ਨੂੰ ਸਵੀਕਾਰਯੋਗ ਪੱਧਰ ਤੱਕ ਘਟਾਕੇ, ਸੋਧਿਤ ਕਰਜ਼ ਪ੍ਰਬੰਧਨ ਸਥਾਪਤ ਕਰਕੇ, ਅਤੇ ਮੀਡੀਅਮ ਟਰਮ ਫਰੇਮਵਰਕ ਵਿੱਚ ਪਾਰਦਰਸ਼ਤਾ ਵਿੱਚ ਸੁਧਾਰ ਕਰਕੇ, ਵਿੱਤੀ ਪ੍ਰਬੰਧਨ ਵਿੱਚ ਸਿਆਣਪਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਐਫ ਆਰ ਬੀ ਐਮ) ਐਕਟ ਪਾਸ ਕੀਤਾ। ਇਸ ਪ੍ਰਸੰਗ ਵਿੱਚ ਇਹ ਐਕਟ ਘਾਟੇ ਦੇ ਉਪਾਵਾਂ ਅਤੇ ਕਰਜ਼ੇ ਦੇ ਪੱਧਰ ਦੇ ਸਬੰਧ ਵਿੱਚ ਰਾਜ ਦੁਆਰਾ ਪਾਲਣਾ ਕੀਤੇ ਜਾਣ ਵਾਲੇ ਆਂਕਣਯੋਗ ਟੀਚੇ ਮੁਹੱਈਆ ਕਰਵਾਉਂਦਾ ਹੈ।

ਰਾਜ ਸਰਕਾਰ ਨੇ, ਰੈਵੀਨਿਊ ਵਾਧੇ ਦੀ ਪ੍ਰਾਪਤੀ ਕਰਕੇ, ਵਿੱਤੀ ਘਾਟੇ ਨੂੰ ਕਾਬੂ ਕਰਕੇ ਅਤੇ ਸਿਆਣਪ ਭਰੇ ਕਰਜ਼ ਪ੍ਰਬੰਧਨ ਰਾਹੀਂ, ਦੀਰਘ ਕਾਲੀਨ ਵਿੱਤੀ ਸਥਿਰਤਾ ਯਕੀਨੀ ਬਣਾਉਣ ਲਈ ਮਈ 2003 ਵਿੱਚ ਪੰਜਾਬ ਐਫ ਆਰ ਬੀ ਐਮ ਐਕਟ, 2003 ਲਾਗੂ ਕੀਤਾ। ਇਸ ਤੋਂ ਬਾਅਦ ਮਾਰਚ 2011

ਵਿੱਚ, ਰਾਜ ਸਰਕਾਰ ਨੇ ਤੇਰ੍ਹਵੇਂ ਵਿੱਤ ਕਮਿਸ਼ਨ (ਟੀ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ ਐਫ ਆਰ ਬੀ ਐਮ ਐਕਟ ਨੂੰ ਸੋਧਿਆ ਅਤੇ ਐਫ ਆਰ ਬੀ ਐਮ (ਸੋਧ) ਐਕਟ, 2011 ਬਣਾਇਆ, ਜਿਸ ਦੇ ਅਧਾਰ ਤੇ ਸਾਲ 2014-15 ਤੱਕ ਦੇ ਵਿੱਤੀ ਟੀਚੇ ਨਿਰਧਾਰਤ ਕੀਤੇ ਗਏ ਸਨ।

ਚੌਦ੍ਹਵੇਂ ਵਿੱਤ ਕਮਿਸ਼ਨ (14ਵੇਂ ਐਫ ਸੀ) ਨੇ ਸਿਫਾਰਸ਼ ਕੀਤੀ ਕਿ ਰਾਜ ਸਰਕਾਰ ਵਿੱਤੀ ਘਾਟੇ ਉੱਤੇ ਕਾਨੂੰਨੀ ਲਚਕਦਾਰ ਸੀਮਾਵਾਂ ਦੀ ਵਿਵਸਥਾ ਕਰਨ ਲਈ ਅਤੇ ਇਸ ਦੇ ਨਾਲ-ਨਾਲ ਇਹ ਯਕੀਨੀ ਬਣਾਉਣ ਲਈ ਕਿ ਅਧੂਰੇ ਅਤੇ ਚਲ ਰਹੇ ਪੂੰਜੀਗਤ ਪ੍ਰੋਜੈਕਟਾਂ ਦੀਆਂ ਦੇਣਦਾਰੀਆਂ ਇਕੱਠੀਆਂ ਨਾ ਹੋਣ, ਸਾਲਾਨਾ ਬਜਟ ਉਪਬੰਧ ਦੇ ਉਚਿਤ ਗੁਣਾਂਕ ਤਕ ਨਵੇਂ ਪੂੰਜੀਗਤ ਕਾਰਜਾਂ ਦੀ ਮਨਜ਼ੂਰੀ ਉੱਤੇ ਕਾਨੂੰਨੀ ਸੀਮਾਂ ਲਾਉਣ ਲਈ, ਆਪਣੇ ਐਫ ਆਰ ਬੀ ਐਮ ਐਕਟ ਨੂੰ ਸੋਧ ਸਕਦੀ ਹੈ।

14ਵੇਂ ਐਫ ਸੀ ਨੇ ਗਰੰਟੀਆਂ, ਬਜਟ ਤੋਂ ਬਾਹਰੀ ਉਧਾਰਾਂ ਅਤੇ ਵਿੱਤੀ ਤੌਰ ਤੇ ਕਮਜ਼ੋਰ ਜਨਤਕ ਖੇਤਰ ਦੇ ਅਦਾਰਿਆਂ ਦੇ ਇਕੱਠੇ ਹੋਏ ਘਾਟਿਆਂ ਤੋਂ ਉਪਜੇ ਜੋਖਮਾਂ ਦੇ ਪ੍ਰਸੰਗ ਵਿੱਚ, ਰਾਜ ਦੇ ਕਰਜ਼ੇ ਦੀ ਸਥਿਤੀ ਦਾ ਮੁਲਾਂਕਣ ਕਰਨ ਲਈ, ਬਜਟ ਵਿਚਲੇ ਕੁੱਲ ਐਕਸਟੈਂਡਡ ਕਰਜ਼ੇ ਦੀ ਤੁਲਨਾ, ਵਿਸ਼ਲੇਸ਼ਣ, ਅਤੇ ਸਾਲਾਨਾ ਰਿਪੋਰਟਿੰਗ ਕਰਨ ਲਈ, ਰਾਜ ਸਰਕਾਰ ਨੂੰ ਬਜਟ ਦੇ ਪੂਰਕ ਵਜੋਂ ਇੱਕ ਖਾਕਾ ਅਪਣਾਏ ਜਾਣ ਦੀ ਵੀ ਸਿਫਾਰਸ਼ ਕੀਤੀ। ਵਿੱਤੀ ਪ੍ਰਬੰਧਨ ਕਾਨੂੰਨ ਨੂੰ ਵਧੇਰੇ ਮਹੱਤਤਾ ਅਤੇ ਕਾਨੂੰਨੀ ਮਾਨਤਾ ਦੇਣ ਲਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 293(1) ਦਾ ਵਿਸ਼ੇਸ਼ ਤੌਰ ਤੇ ਹਵਾਲਾ ਦਿੰਦੇ ਹੋਏ, ਰਾਜ ਸਰਕਾਰ ਨੂੰ ਮੌਜੂਦਾ ਐਫ ਆਰ ਬੀ ਐਮ ਐਕਟ ਦੀ ਥਾਂ ਤੇ ਕਰਜ਼ ਸੀਮਾਂ ਅਤੇ ਵਿੱਤੀ ਜ਼ਿੰਮੇਵਾਰੀ ਕਾਨੂੰਨ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ।

ਰਾਜ ਸਰਕਾਰ ਨੇ ਮਾਰਚ 2020 ਵਿੱਚ 14ਵੇਂ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ ਆਪਣੇ ਐਫ ਆਰ ਬੀ ਐਮ ਐਕਟ ਵਿੱਚ ਸੋਧ ਕੀਤੀ। ਵਿੱਤੀ ਘਾਟੇ 'ਤੇ ਕਾਨੂੰਨੀ ਲਚਕਦਾਰ ਸੀਮਾ ਵਿੱਤੀ ਸਾਲ 2019-20 ਵਿੱਚ ਅਡੀਸ਼ਨਲ ₹ 928 ਕਰੋੜ ਤੋਂ ਇਲਾਵਾ ਜੀ ਐਸ ਡੀ ਪੀ ਦਾ ਤਿੰਨ *ਪ੍ਰਤੀਸ਼ਤ* ਨਿਰਧਾਰਤ ਕੀਤੀ ਗਈ ਸੀ।

ਪੰਦਰਵ੍ਹੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ ਰਾਜ ਸਰਕਾਰ ਨੇ ਮਾਰਚ 2021 ਵਿੱਚ ਆਪਣੇ ਐਫ ਆਰ ਬੀ ਐਮ ਐਕਟ ਵਿੱਚ ਹੋਰ ਸੋਧ ਕੀਤੀ। ਕਨੂੰਨੀ ਲਚਕਦਾਰ ਸੀਮਾਂ ਵਿੱਤੀ ਘਾਟੇ ਤੇ ਜੀ ਐਸ ਡੀ ਪੀ ਦਾ ਚਾਰ ਪ੍ਰਤੀਸ਼ਤ ਅਤੇ ਵਿੱਤੀ ਸਾਲ 2020-2021 ਵਿੱਚ, ਇਸ ਵਿੱਚ ਨਿਰਧਾਰਤ ਸੁਧਾਰਾਂ ਦੀ ਸ਼ਰਤ ਤੇ, ਇਸ ਤੋਂ ਇੱਕ *ਪ੍ਰਤੀਸ਼ਤ* ਵੱਧ ਨਿਰਧਾਰਤ ਕੀਤੀ ਗਈ ਸੀ ਅਤੇ ਇਸ ਤੋਂ ਬਾਅਦ ਤਿੰਨ *ਪ੍ਰਤੀਸ਼ਤ* ਤੇ ਜਾਂ ਭਾਰਤ ਸਰਕਾਰ ਦੁਆਰਾ ਸਮੇਂ-ਸਮੇਂ ਤੇ ਦਿੱਤੀ ਗਈ ਆਗਿਆ ਅਨੁਸਾਰ ਬਰਕਰਾਰ ਰੱਖਣੀ ਸੀ। ਵਿੱਤੀ ਸਾਲ 2020-2021 ਵਿੱਚ ਵਧੀਕ ਇੱਕ *ਪ੍ਰਤੀਸ਼ਤ* ਵੱਖ-ਵੱਖ ਸੁਧਾਰਾਂ[1] ਦੀ ਸ਼ਰਤ ਤੇ ਹੋਵੇਗਾ:

ਰਾਜ ਸਰਕਾਰ ਨੇ ਜਨਵਰੀ 2022 ਵਿੱਚ ਆਪਣੇ ਐਫ ਆਰ ਬੀ ਐਮ ਐਕਟ ਵਿੱਚ ਹੋਰ ਸੋਧ ਕੀਤੀ। ਸਾਲ 2021-22 ਵਿੱਚ ਵਿੱਤੀ ਘਾਟੇ ਦੀ ਕਨੂੰਨੀ ਲਚਕਦਾਰ ਸੀਮਾਂ ਜੀ ਐਸ ਡੀ ਪੀ ਦਾ 3.50 *ਪ੍ਰਤੀਸ਼ਤ* ਅਤੇ ਰਾਜ ਦੁਆਰਾ ਕੀਤੇ ਪੂੰਜੀਗਤ ਖਰਚੇ ਦੇ ਅਧਾਰ ਤੇ ਜੀ ਐਸ ਡੀ ਪੀ ਦਾ ਵਧੀਕ 0.50 *ਪ੍ਰਤੀਸ਼ਤ* ਤੈਅ ਕੀਤੀ ਗਈ ਸੀ ਅਤੇ ਬਾਅਦ ਵਿੱਚ ਤਿੰਨ *ਪ੍ਰਤੀਸ਼ਤ* ਤੇ ਜਾਂ ਸਮੇਂ ਸਮੇਂ ਤੇ

1 (i) ਇੱਕ ਰਾਸ਼ਟਰ ਇੱਕ ਰਾਸ਼ਨ ਕਾਰਡ ਪ੍ਰਣਾਲੀ ਦਾ ਲਾਗੂਕਰਣ; (ii) ਕਾਰੋਬਾਰ ਸੁਧਾਰਾਂ ਨੂੰ ਅਸਾਨ ਕਰਨਾ; (iii) ਸ਼ਹਿਰੀ ਸਥਾਨਕ ਸੰਸਥਾ/ਉਪਯੋਗਤਾ ਸੁਧਾਰ/ਅਤੇ (iv) ਪਾਵਰ ਖੇਤਰ ਦੇ ਸੁਧਾਰ। ਹਰ ਇੱਕ ਸੁਧਾਰ ਦਾ ਜੋੜ ਜੀ ਐਸ ਡੀ ਪੀ ਦਾ 0.25 ਪ੍ਰਤੀਸ਼ਤ ਸੀ ਜੋ ਕੁੱਲ ਇੱਕ *ਪ੍ਰਤੀਸ਼ਤ* ਤੱਕ ਸੀ।

ਭਾਰਤ ਸਰਕਾਰ ਦੀ ਆਗਿਆ ਅਨੁਸਾਰ ਬਰਕਰਾਰ ਰੱਖੀ ਜਾਣੀ ਸੀ। ਅਨੁਮਾਨਿਤ ਜੀ ਐਸ ਡੀ ਪੀ ਦੀ 0.50 *ਪ੍ਰਤੀਸ਼ਤ* ਦੀ ਵਧੀਕ ਸੀਮਾਂ ਦੀ ਆਗਿਆ ਤਾਂ ਮਿਲਣੀ ਸੀ ਜੇਕਰ ਰਾਜ ਸਰਕਾਰ ਨੇ 2021-22 ਦੌਰਾਨ ਭਾਰਤ ਸਰਕਾਰ ਵੱਲੋਂ ਤੈਅ ਕੀਤੇ ₹ 5,421 ਕਰੋੜ ਦੇ ਪੂੰਜੀਗਤ ਖਰਚੇ ਦੇ ਟੀਚੇ ਦਾ ਦਸੰਬਰ 2021 ਤੱਕ ਘੱਟ ਤੋਂ ਘੱਟ 70 *ਪ੍ਰਤੀਸ਼ਤ* ਖਰਚ ਕੀਤਾ ਹੁੰਦਾ।

ਰਾਜ ਸਰਕਾਰ ਨੇ ਜੁਲਾਈ 2022 ਵਿੱਚ ਆਪਣੇ ਐਫ਼ ਆਰ ਬੀ ਐਮ ਐਕਟ ਦੀ ਹੋਰ ਸੋਧ ਕੀਤੀ। ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਖਰਚਾ ਵਿਭਾਗ ਦੁਆਰਾ ਤੈਅ ਕੀਤੀ ਗਈ (ਮਾਰਚ 2022) ਰਾਜ ਦੀ ਨਿਰੋਲ ਉਧਾਰ ਸੀਮਾਂ (ਐਨ ਬੀ ਸੀ) ਅਨੁਸਾਰ:

- ਸਾਲ 2022-23 ਲਈ ਵਿੱਤੀ ਘਾਟੇ ਤੇ ਕਾਨੂੰਨੀ ਲਚਕਦਾਰ ਸੀਮਾਂ ਜੀ ਐਸ ਡੀ ਪੀ ਦੀ 3.50 *ਪ੍ਰਤੀਸ਼ਤ* ਤੈਅ ਕੀਤੀ ਗਈ ਸੀ ;
- ਰਾਸ਼ਟਰੀ ਪੈਨਸ਼ਨ ਲਿਮਿਟਡ (ਐਨ ਪੀ ਐਸ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਨੋਨੀਤ ਅਥਾਰਟੀ ਭਾਵ ਰਾਸ਼ਟਰੀ ਸਕਿਓਰਟੀ ਡਿਪਾਜ਼ਿਟਰੀ ਲਿਮਿਟਡ (ਐਨ ਐਸ ਡੀ ਐਲ)/ ਟਰੱਸਟੀ ਬੈਂਕ ਕੋਲ ਅਸਲ ਵਿੱਚ ਜਮ੍ਹਾਂ ਕਰਵਾਈ ਗਈ ਵਿੱਤੀ ਸਾਲ 2022-23 ਨਾਲ ਸਬੰਧਤ ਰੁਜ਼ਗਾਰਦਾਤਾ ਅਤੇ ਇਸ ਦੇ ਕਰਮਚਾਰੀਆਂ ਦੇ ਹਿੱਸੇ ਦੀ ਕਰਮਚਾਰੀਆਂ ਦੀ ਵਧੀਕ ਰਾਸ਼ੀ ਦੇ ਬਰਾਬਰ; ਅਤੇ
- ਪਹਿਲੇ ਸਾਲਾਂ ਲਈ ਆਗਿਆ ਦਿੱਤੀ ਗਈ ਉਧਾਰ ਦੀ ਸੀਮਾਂ ਵਿੱਚੋਂ ਅਣਵਰਤੇ ਅੱਗੇ ਲਿਆਂਦੇ ਗਏ ਉਧਾਰ ਦੇ ਬਰਾਬਰ ਵਧੀਕ ਰਾਸ਼ੀ; ਅਤੇ
- "2022-23 ਲਈ ਰਾਜਾਂ ਨੂੰ ਪੂੰਜੀਗਤ ਨਿਵੇਸ਼ ਲਈ ਵਿਸ਼ੇਸ਼ ਸਹਾਇਤਾ ਲਈ ਸਕੀਮ" ਅਧੀਨ ਲਏ ਵਿਆਜਹੀਣ ਕਰਜੇ ਦੇ ਬਰਾਬਰ ਵਿੱਤੀ ਸਾਲ 2022-23 ਵਿੱਚ ਲਈ ਗਈ ਵਧੀਕ ਰਾਸ਼ੀ ਅਤੇ ਇਸ ਤੋਂ ਬਾਅਦ ਤਿੰਨ *ਪ੍ਰਤੀਸ਼ਤ* ਜਾਂ ਭਾਰਤ ਸਰਕਾਰ ਦੁਆਰਾ ਦਿੱਤੀ ਗਈ ਆਗਿਆ ਅਨੁਸਾਰ ਬਣਾਈ ਰੱਖੀ ਜਾਣੀ ਸੀ।

ਇਸ ਤੋਂ ਇਲਾਵਾ, ਭਾਰਤ ਸਰਕਾਰ ਨੇ ਵਿੱਤ ਮੰਤਰਾਲਾ ਖਰਚਾ ਵਿਭਾਗ ਵੱਲੋਂ ਤੈਅ ਕੀਤੀ (ਮਾਰਚ 2023) ਰਾਜ ਦੀ ਐਨ ਬੀ ਸੀ[2] ਅਨੁਸਾਰ:

- ਸਾਲ 2023-24 ਲਈ ਵਿੱਤੀ ਘਾਟੇ ਤੇ ਕਾਨੂੰਨੀ ਲਚਕਦਾਰ ਸੀਮਾ ਜੀ ਐਸ ਡੀ ਪੀ ਦੀ ਤਿੰਨ *ਪ੍ਰਤੀਸ਼ਤ* ਤੈਅ ਕੀਤੀ ਗਈ ਸੀ ;
- ਰਾਸ਼ਟਰੀ ਪੈਨਸ਼ਨ ਲਿਮਿਟਡ (ਐਨ ਪੀ ਐਸ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਨੋਨੀਤ ਅਥਾਰਟੀ ਭਾਵ ਰਾਸ਼ਟਰੀ ਸਕਿਓਰਟੀ ਡਿਪਾਜ਼ਿਟਰੀ ਲਿਮਿਟਡ (ਐਨ ਐਸ ਡੀ ਐਲ)/ਟਰੱਸਟੀ ਬੈਂਕ ਕੋਲ ਅਸਲ ਵਿੱਚ ਜਮ੍ਹਾਂ ਕਰਵਾਈ ਗਈ ਵਿੱਤੀ ਸਾਲ 2023-24 ਨਾਲ ਸਬੰਧਤ ਰੁਜ਼ਗਾਰਦਾਤਾ ਅਤੇ ਇਸ ਦੇ ਕਰਮਚਾਰੀਆਂ ਦੇ ਹਿੱਸੇ ਦੀ ਕਰਮਚਾਰੀਆਂ ਦੀ ਵਧੀਕ ਰਾਸ਼ੀ ਦੇ ਬਰਾਬਰ; ਅਤੇ
- ਪਿਛਲੇ ਸਾਲਾਂ ਲਈ ਆਗਿਆ ਦਿੱਤੀ ਗਈ ਉਧਾਰ ਦੀ ਸੀਮਾਂ ਵਿੱਚੋਂ ਅਣਵਰਤੇ ਉਧਾਰ ਦੇ ਬਰਾਬਰ ਦੀ ਵਧੀਕ ਰਾਸ਼ੀ

2 ਰਾਜ ਸਰਕਾਰ ਨੇ ਪਾਵਰ ਖੇਤਰ ਵਿੱਚ ਕੁਝ ਭਾਗੀਦਾਰ ਰਾਜਾਂ ਲਈ ਕੁੱਝ ਕਾਰਗੁਜ਼ਾਰੀ ਮਾਪਦੰਡਾਂ ਤੇ ਵਧੀਕ ਉਧਾਰ ਸੀਮਾ ਦਾ ਲਾਭ ਲੈਣ ਲਈ ਜੀ ਐਸ ਡੀ ਪੀ ਦੇ 0.50 *ਪ੍ਰਤੀਸ਼ਤ* ਦਾ ਵਿਕਲਪ ਨਹੀਂ ਚੁਣਿਆ ਸੀ।

ਇਸ ਅਨੁਸਾਰ, ਸਾਲ 2023-24 ਕਈ ਪੰਜਾਬ ਸਰਕਾਰ ਲਈ ਕਾਨੂੰਨੀ ਸੀਮਾਂ ₹ 34,248 ਕਰੋੜ ਆਂਕੀ ਗਈ, ਜਿਵੇਂ ਕਿ ਹੇਠਾ ਵਿਸਥਾਰਤ ਕੀਤਾ ਗਿਆ ਹੈ:

(i) ₹ 22,347 ਕਰੋੜ (₹ 7,44,899 ਕਰੋੜ[3] ਦੀ ਜੀ ਐਸ ਡੀ ਪੀ ਦਾ ਤਿੰਨ *ਪ੍ਰਤੀਸ਼ਤ*);

(ii) ਮਨੋਨੀਤ ਅਥਾਰਟੀ ਭਾਵ ਰਾਸ਼ਟਰੀ ਸਕਿਓਰਟੀ ਡਿਪਾਜਿਟਰੀ ਲਿਮਟਿਡ (ਐਨ ਐਸ ਡੀ ਐਲ) ਟਰੱਸਟੀ ਬੈਂਕ ਕੋਲ ਅਸਲ ਵਿੱਚ ਜਮ੍ਹਾਂ ਕਰਵਾਈ ਗਈ ਵਿੱਤੀ ਸਾਲ 2023-24 ਨਾਲ ਸਬੰਧਤ ਰੁਜ਼ਗਾਰਦਾਤਾ ਅਤੇ ਇਸਦੇ ਕਰਮਚਾਰੀਆਂ ਦੇ ਹਿੱਸੇ ਦੀ ਕਰਮਚਾਰੀਆਂ ਦੀ ਵਧੀਕ ਰਾਸ਼ੀ ₹ 3,161 ਕਰੋੜ; ਅਤੇ

(iii) ਸਾਲ 2022-23 ਲਈ ਆਗਿਆ ਦਿੱਤੀ ਗਈ ਉਧਾਰ ਸੀਮਾਂ ਦੇ ਵਿੱਚੋਂ ਅੱਗੇ ਲਿਆਂਦੇ ਗਏ ਅਣਵਰਤੇ ਉਧਾਰ ਦੇ ਕਾਰਣ ₹ 8,740 ਕਰੋੜ[4] ਦੀ ਵਧੀਕ ਸੀਮਾਂ।

ਇਸ ਤੋਂ ਇਲਾਵਾ, ਸਾਲ 2015-2020 ਦੇ ਸਮੇਂ ਲਈ ਐਫ ਆਰ ਬੀ ਐਮ ਐਕਟ ਅਧੀਨ ਵਿੱਤੀ ਮਜ਼ਬੂਤੀਕਰਨ ਰੋਡਮੈਪ (ਐਫ ਸੀ ਆਰ) ਤਿਆਰ ਕੀਤਾ ਗਿਆ ਅਤੇ ਸਾਲ 2017-18 ਤੋਂ ਲਾਗੂ ਕੀਤਾ ਗਿਆ। ਐਫ ਸੀ ਆਰ ਅਧੀਨ 2020-21 ਤੋਂ 2023-24 ਦੇ ਸਾਲਾਂ ਲਈ ਟੀਚੇ ਸਬੰਧਤ ਸਾਲ ਲਈ ਸਾਲਾਨਾ ਵਿੱਤੀ ਵਿਵਰਣੀ (ਏ ਐਫ ਐਸ) ਤੋਂ ਲਏ ਗਏ ਸਨ। ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੀ 2019-20 ਤੋਂ 2023-24 ਦੇ ਸਮੇਂ ਦੌਰਾਨ ਪਾਲਣਾ ਨੂੰ **ਸਾਰਣੀ 1.4 (ਉ)** ਵਿੱਚ ਦਰਸਾਇਆ ਗਿਆ ਹੈ।

ਸਾਰਣੀ 1.4 (ਉ): ਐਫ ਆਰ ਬੀ ਐਮ ਐਕਟ ਅਧੀਨ ਰਾਜ ਐਫ ਸੀ ਆਰ ਦੇ ਉਪਬੰਧਾਂ ਦੀ ਪਾਲਣਾ

ਵਿੱਤੀ ਮਾਪਦੰਡ		ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੀ ਤੁਲਨਾ ਵਿੱਚ ਪ੍ਰਾਪਤੀ				
		2019-20	2020-21	2021-22	2022-23	2023-24
ਰੈਵੀਨਿਊ ਘਾਟਾ (-) / ਵਾਧਾ (+) (₹ ਕਰੋੜ ਵਿੱਚ)	ਟੀ	(-)11,687	(-)7,712	(-)8,622	(-)12,554	(-)24,589
	ਏ	(-)14,285 ✗	(-)17,296 ✗	(-)18,468 ✗	(-)26,045 ✗	(-)28,215 ✗
ਵਿੱਤੀ ਘਾਟਾ (-) / ਵਾਧਾ (+) (₹ ਕਰੋੜ ਵਿੱਚ) *ਬਰੈਕਟਾਂ ਵਿੱਚ ਹਿੰਦਸੇ ਜੀ ਐਸ ਡੀ ਪੀ ਨੂੰ ਐਫ ਡੀ ਦੀ ਪ੍ਰਤੀਸ਼ਤਤਾ ਦਰਸਾਉਂਦੀਆਂ ਹਨ*	ਟੀ	(-)17,039 (3.17)	(-)21,634 (4.00)	(-)25,109 (4.00)	(-)41,589 (6.10)	(-)34,248 (4.60)
	ਏ	(-)16,826 (3.13) ✓	(-)22,584 (4.18) ✗	(-)27,847 (4.44) ✗	(-)33,930 (4.98) ✓	(-)33,115 (4.45) ✓
ਕੁੱਲ ਬਕਾਇਆ ਦੇਣਦਾਰੀ ਦੀ ਜੀ ਐਸ ਡੀ ਪੀ ਨੂੰ ਰੇਸ਼ੋ (*ਪ੍ਰਤੀਸ਼ਤ* ਵਿੱਚ)	ਟੀ	39.74	38.53	45.05	45.23	46.81
	ਏ*	42.71 ✗	46.16 ✗	41.62 ✓	43.12 ✓	43.72 ✓

ਸ੍ਰੋਤ : ਸਾਲ 2019-20 ਤੋਂ 2023-24 ਲਈ ਸਾਲਾਨਾ ਵਿੱਤੀ ਵਿਵਰਣੀਆਂ ਅਤੇ ਵਿੱਤ ਲੇਖੇ

ਟੀ: ਟੀਚੇ; ਏ: ਪ੍ਰਾਪਤੀ

* *ਇਸ ਵਿੱਚ 2020-21 ਅਤੇ 2021-2024 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ਪ੍ਰਾਪਤ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ (₹ 8,359 ਕਰੋੜ + ₹ 12,132.41 ਕਰੋੜ) ਦੇ ਬੈਕ-ਟੂ-ਬੈਕ ਕਰਜ਼ੇ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।*

3 15ਵੇਂ ਐਫ ਸੀ ਦੁਆਰਾ ਨਿਰਧਾਰਤ ਵਿਧੀ ਅਨੁਸਾਰ ਭਾਰਤ ਸਰਕਾਰ ਨੇ 2023-24 ਦਾ ਪ੍ਰੋਜੈਕਟਡ ਜੀ ਐਸ ਡੀ ਪੀ (₹ 6,87,604 ਕਰੋੜ) ਨਿਰਧਾਰਤ ਕੀਤਾ। ਜਦੋਂਕਿ ਭਾਰਤ ਸਰਕਾਰ ਦੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲੇ (ਐਮ ਓ ਐਸ ਪੀ ਆਈ) ਅਨੁਸਾਰ 2023-24 ਲਈ ਜੀ ਐਸ ਡੀ ਪੀ 01 ਅਗਸਤ 2024 ਨੂੰ ਸੋਧ ਕੇ ₹ 7,44,899 ਕਰੋੜ ਕਰ ਦਿੱਤਾ ਗਿਆ ਸੀ।

4 2022-23 ਦੌਰਾਨ ₹ 41,588 ਕਰੋੜ ਦੀ ਆਗਿਆ ਦਿੱਤੀ ਗਈ ਐਨ ਬੀ ਸੀ ਮਾਈਨਸ ₹ 32,848 ਕਰੋੜ ਦੀ ਅਣਵਰਤੀ ਸੀਮਾ।

15ਵੇਂ ਐਫ ਸੀ ਦੁਆਰਾ ਤੈਅ ਕੀਤੇ ਗਏ ਟੀਚੇ ਅਤੇ 2023-24 ਦੌਰਾਨ ਜੀ ਐਸ ਡੀ ਪੀ ਦੇ ਸੰਦਰਭ ਨਾਲ ਮੁੱਖ ਵਿੱਤੀ ਜੋੜਾਂ ਨਾਲ ਸਬੰਧਤ ਪ੍ਰਾਪਤੀਆਂ ਦੀ ਤੁਲਨਾ ਵਿੱਚ ਰਾਜ ਦੇ ਬਜਟ ਵਿੱਚ ਪ੍ਰੋਜੈਕਟ ਕੀਤੇ ਗਏ ਟੀਚਿਆਂ ਨੂੰ **ਸਾਰਣੀ 1.4(ਅ)** ਦਿੱਤਾ ਗਿਆ ਹੈ।

ਸਾਰਣੀ 1.4(ਅ): ਸਾਲ 2023-24 ਲਈ ਮੁੱਖ ਵਿੱਤੀ ਜੋੜਾਂ ਨਾਲ ਸਬੰਧਤ ਪ੍ਰਾਪਤੀਆਂ ਦੀ ਤੁਲਨਾ ਵਿੱਚ ਟੀਚੇ

ਵਿੱਤੀ ਵੇਰੀਏਬਲਜ਼	15ਵੇਂ ਐਫ ਸੀ ਦੁਆਰਾ ਤੈਅ ਕੀਤੇ ਗਏ ਟੀਚੇ	ਬਜਟ ਵਿਚਲੇ ਟੀਚੇ	ਅਸਲ*	ਅਸਲਾਂ ਦੇ ਵਖਰੇਵੇਂ ਦੀ ਪ੍ਰਤੀਸ਼ਤਤਾ	
				15ਵੇਂ ਐਫ ਸੀ ਦੇ ਟੀਚਿਆਂ ਨਾਲੋਂ	ਬਜਟ ਵਿਚਲੇ ਟੀਚਿਆਂ ਨਾਲੋਂ
ਰੈਵੀਨਿਊ ਘਾਟਾ/ਜੀ ਐਸ ਡੀ ਪੀ (*ਪ੍ਰਤੀਸ਼ਤ*)	0.00#	(-)3.52	(-)3.79	3.79	0.27
ਵਿੱਤੀ ਘਾਟਾ/ਜੀ ਐਸ ਡੀ ਪੀ (*ਪ੍ਰਤੀਸ਼ਤ*)	(-)3.00	(-)4.98	(-)4.45	1.45	(-)0.53
ਕੁੱਲ ਬਕਾਇਆ ਦੇਣਦਾਰੀ/ਜੀ ਐਸ ਡੀ ਪੀ (*ਪ੍ਰਤੀਸ਼ਤ*)	44.90	46.81$	43.72$	(-)1.18	(-)3.09

ਸ੍ਰੋਤ: 15ਵੇਂ ਐਫ ਸੀ ਦੀਆਂ ਸਿਫਾਰਸ਼ਾਂ (ਅਵਾਰਡ ਦੇ ਸਮੇਂ 2021-2026 ਲਈ ਸੰਕੇਤਕ ਘਾਟਾ ਅਤੇ ਡੈੱਟ ਪਾਥ), ਸਾਲਾਨਾ ਵਿੱਤੀ ਵਿਵਰਣੀ ਅਤੇ ਵਿੱਤ ਲੇਖੇ

ਨੋਟ: ਘਾਟੇ ਦੀਆਂ ਰਾਸ਼ੀਆਂ ਮਾਈਨਸ ਵਿੱਚ ਦਰਸਾਈਆਂ ਗਈਆਂ ਹਨ।

 # 15ਵੇਂ ਐਫ ਸੀ ਦੀ ਸ਼ਿਫਾਰਸ਼ ਅਨੁਸਾਰ ਸਾਲ 2023-24 ਦੌਰਾਨ ਰਾਜ ਨੂੰ ਪ੍ਰਾਪਤ ਹੋਈ ₹ 5,618 ਕਰੋੜ ਦੀ ਵੰਡ ਤੋਂ ਬਾਅਦ ਦੀ ਰੈਵੀਨਿਊ ਘਾਟਾ ਗ੍ਰਾਂਟ ਨੂੰ ਧਿਆਨ ਵਿੱਚ ਰੱਖਿਆ ਗਿਆ।

** ਭਾਰਤ ਸਰਕਾਰ ਦੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲੇ ਦੁਆਰਾ ਪ੍ਰਕਾਸ਼ਿਤ (01-08-2024 ਨੂੰ) ₹ 7,44,899 ਕਰੋੜ ਦੇ ਜੀ ਐਸ ਡੀ ਪੀ ਅੰਕੜਿਆਂ ਦੇ ਅਧਾਰ 'ਤੇ ਗਣਨਾ ਕੀਤੀ ਗਈ।*

$ 2020-21 ਦੌਰਾਨ (₹ 8,359 ਕਰੋੜ) ਅਤੇ 2021-22 (₹ 12,132.41 ਕਰੋੜ) ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ਪ੍ਰਾਪਤ ₹ 20,491.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਤੋਂ ਬਗੈਰ।

ਸਾਲ 2023-24 ਦੌਰਾਨ, ਸਰਕਾਰ ਰੈਵੀਨਿਊ ਘਾਟਾ-ਜੀ ਐਸ ਡੀ ਪੀ ਅਤੇ ਵਿੱਤੀ ਘਾਟਾ-ਜੀ ਐਸ ਡੀ ਪੀ ਦਰਾਂ 15ਵੇਂ ਐਫ ਸੀ ਦੁਆਰਾ ਨਿਰਧਾਰਤ ਪੱਧਰਾਂ ਅਤੇ ਬਜਟ ਅਨੁਮਾਨਾਂ ਵਿੱਚ ਬਣਾਈਆਂ ਪ੍ਰੋਜੈਕਸ਼ਨਾਂ ਦੇ ਅੰਦਰ ਰੱਖਣ ਵਿੱਚ ਅਸਮਰੱਥ ਰਹੀ ਸੀ। ਲੇਖਿਆਂ ਵਿੱਚ ਦਰਸਾਈਆਂ ਗਈਆਂ ਦੇਣਦਾਰੀਆਂ ਤੋਂ ਇਲਾਵਾ ਰਾਜ ਸਰਕਾਰ ਨੇ ₹ 4,092.78 ਕਰੋੜ ਆਫ ਬਜਟ ਦੇਣਦਾਰੀਆਂ ਵੀ ਸਨ, ਜਿਵੇਂ ਕਿ **ਪੈਰ੍ਹਾ 2.8(ਓ)** ਵਿੱਚ ਚਰਚਾ ਕੀਤੀ ਗਈ। ਜੇਕਰ ਇਹਨਾਂ ਆਫ ਬਜਟ ਦੇਣਦਾਰੀਆਂ ਨੂੰ ਵੀ ਹਿਸਾਬ ਵਿੱਚ ਲਿਆ ਜਾਂਦਾ ਤਾਂ ਜੀ ਐਸ ਡੀ ਪੀ ਨੂੰ ਅਸਲ ਕੁੱਲ ਬਕਾਇਆ ਦੇਣਦਾਰੀ 43.72 *ਪ੍ਰਤੀਸ਼ਤ* ਦੀ ਬਜਾਏ 44.27 *ਪ੍ਰਤੀਸ਼ਤ* ਹੋ ਜਾਣੀ ਸੀ।

ਪੰਜਾਬ ਐਫ ਆਰ ਬੀ ਐਮ ਐਕਟ, 2003 ਅਨੁਸਾਰ, ਮੀਡੀਅਮ-ਟਰਮ ਵਿੱਤੀ ਪਾਲਿਸੀ (ਐਮ ਟੀ ਐਫ ਪੀ) ਵਿਵਰਣੀ ਵਿੱਚ , ਨਿਰਧਾਰਤ ਵਿੱਤੀ ਸੂਚਕਾਂ ਲਈ ਬੁਨਿਆਦੀ ਮਨੋਂਤਾਂ ਨਿਸ਼ਚਤ ਕਰਨ ਦੇ ਨਾਲ-ਨਾਲ ਇੱਕ ਤਿੰਨ ਸਾਲਾ ਰੋਲਿੰਗ ਟੀਚਾ ਤੈਅ ਕੀਤਾ ਜਾਵੇਗਾ। ਮੀਡੀਅਮ ਟਰਮ ਵਿੱਤੀ ਪਾਲਿਸੀ (ਐਮ ਟੀ ਐਫ ਪੀ) ਵਿੱਚ ਬਣਾਈਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲਾਂ ਨੂੰ **ਸਾਰਣੀ 1.5** ਵਿੱਚ ਦਰਸਾਇਆ ਗਿਆ ਹੈ।

ਸਾਰਣੀ 1.5: ਸਾਲ 2023-24 ਲਈ ਮੀਡੀਅਮ ਟਰਮ ਵਿੱਤੀ ਪਾਲਿਸੀ ਵਿਚਲੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲ

(₹ ਕਰੋੜ ਵਿੱਚ)

ਲੜੀ ਨੰ.	ਵਿੱਤੀ ਵੇਰੀਏਬਲਜ਼	ਐਮ ਟੀ ਐਫ ਪੀ ਅਨੁਸਾਰ ਪ੍ਰੋਜੈਕਸ਼ਨ	ਅਸਲ (2023-24)	ਅੰਤਰ (*ਪ੍ਰਤੀਸ਼ਤ* ਵਿੱਚ)
1.	ਆਪਣਾ ਕਰ ਰੈਵੀਨਿਊ	51,835	47,252	(-)8.84
2.	ਗੈਰ-ਕਰ ਰੈਵੀਨਿਊ	7,824	7,234	(-)7.54
3.	ਕੇਂਦਰੀ ਕਰਾਂ ਅਤੇ ਡਿਊਟੀਆਂ ਦਾ ਹਿੱਸਾ	18,458	20,410	10.58
4.	ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ*	20,735	14,296	(-)31.05
5.	**ਰੈਵੀਨਿਊ ਪ੍ਰਾਪਤੀਆਂ (1+2+3+4)**	**98,852**	**89,192**	**(-)9.77**
6.	**ਰੈਵੀਨਿਊ ਖਰਚਾ**	**1,23,441**	**1,17,407**	**(-)4.89**
7.	**ਰੈਵੀਨਿਊ ਘਾਟਾ (-)/ ਵਾਧਾ (+) (5-6)**	**(-)24,589**	**(-)28,215**	**14.75**
8.	**ਵਿੱਤੀ ਘਾਟਾ (-)/ ਵਾਧਾ (+)**	**(-)34,784**	**(-)33,115**	**(-)4.80**
9.	***ਵਿੱਤੀ ਘਾਟਾ- ਜੀ ਐਸ ਡੀ ਪੀ ਰੇਸ਼ੋ (ਪ੍ਰਤੀਸ਼ਤ)***	***4.98***	***4.45***	***(-)0.53***
10.	***ਕਰਜ਼ਾ - ਜੀ ਐਸ ਡੀ ਪੀ ਰੇਸ਼ੋ (ਪ੍ਰਤੀਸ਼ਤ)#***	***46.81***	***43.72***	***(-)3.09***
11.	***ਪ੍ਰਚੱਲਤ ਕੀਮਤਾਂ 'ਤੇ ਜੀ ਐਸ ਡੀ ਪੀ ਵਾਧਾ ਦਰ (ਪ੍ਰਤੀਸ਼ਤ)***	***9.50***	***9.34***	***(-)0.16***

ਸ੍ਰੋਤ: ਵਿੱਤ ਲੇਖੇ ਅਤੇ ਸਾਲਾਨਾ ਵਿੱਤੀ ਵਿਵਰਣੀਆਂ

** ਇਸ ਵਿੱਚ ਸਾਲ 2023-24 ਲਈ 15ਵੇਂ ਐਫ ਸੀ ਦੁਆਰਾ ਸਿਫਾਰਸ਼ ਕੀਤੀ ₹ 5,618 ਕਰੋੜ ਦੀ ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਗ੍ਰਾਂਟ ਸ਼ਾਮਲ ਹੈ।*

 # ਸਾਲ 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਤੋਂ ਬਗੈਰ, ਜਿਸ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।

ਸਿਵਾਏ ਕੇਂਦਰੀ ਕਰਾਂ ਅਤੇ ਡਿਊਟੀਆਂ ਦੇ ਹਿੱਸੇ ਦੇ ਜਿਸ ਵਿੱਚ 10.58 *ਪ੍ਰਤੀਸ਼ਤ* ਦਾ ਵਾਧਾ ਦਰਜ ਕੀਤਾ ਗਿਆ ਸੀ, ਸਾਲ 2023-24 ਦੌਰਾਨ ਰੈਵੀਨਿਊ ਪ੍ਰਾਪਤੀਆਂ ਦੇ ਸਾਰੇ ਭਾਗਾਂ ਵਿੱਚ 7.54 *ਪ੍ਰਤੀਸ਼ਤ* ਅਤੇ 31.05 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਕਮੀ ਕਾਰਣ ਸਰਕਾਰ ਰੈਵੀਨਿਊ ਘਾਟੇ ਨੂੰ ਐਮ ਟੀ ਐਫ ਪੀ ਵਿੱਚ ਪ੍ਰੋਜੈਕਟ ਕੀਤੇ ਪੱਧਰ ਤੱਕ ਰੱਖਣ ਵਿੱਚ ਅਸਮਰੱਥ ਰਹੀ। ਹਾਲਾਂਕਿ, ਵਿੱਤੀ ਘਾਟਾ ਅਤੇ ਵਿੱਤੀ ਘਾਟਾ- ਜੀ ਐਸ ਡੀ ਪੀ ਰੇਸ਼ੋ ਟੀਚੇ ਦੇ ਅੰਦਰ ਰਿਹਾ।

ਚਾਰਟ 1.4 ਅਤੇ **ਚਾਰਟ 1.5** ਸਾਲ 2019-2024 ਦੇ ਸਮੇ ਦੌਰਾਨ ਕ੍ਰਮਵਾਰ ਜੀ ਐਸ ਡੀ ਪੀ ਦੇ ਅਨੁਸਾਰ ਘਾਟੇ ਦੇ ਮਾਪਦੰਡਾਂ ਅਤੇ ਰੁਝਾਨਾਂ ਨੂੰ ਪੇਸ਼ ਕਰਦੇ ਹਨ।

ਚਾਰਟ 1.4: ਘਾਟੇ ਦੇ ਮਾਪਦੰਡਾਂ ਵਿੱਚ ਰੁਝਾਨ



ਸ੍ਰੋਤ: ਵਿੱਤ ਲੇਖੇ

ਚਾਰਟ 1.5: ਜੀ ਐਸ ਡੀ ਪੀ ਦੀ ਤੁਲਨਾ ਵਿੱਚ ਘਾਟੇ/ਵਾਧੇ ਵਿੱਚ ਰੁਝਾਨ



ਸ੍ਰੋਤ: ਵਿੱਤ ਲੇਖੇ

ਰੈਵੀਨਿਊ ਘਾਟਾ ਜੋਕਿ ਰੈਵੀਨਿਊ ਪ੍ਰਾਪਤੀਆਂ ਨਾਲੋਂ ਰੈਵੀਨਿਊ ਖਰਚੇ ਦੇ ਵੱਧ ਹੋਣ ਨੂੰ ਦਰਸਾਉਂਦਾ ਹੈ, ਇਹ ਸਾਲ 2019-20 ਵਿੱਚ ₹ 14,285 ਕਰੋੜ (ਜੀ ਐਸ ਡੀ ਪੀ ਦਾ 2.66 *ਪ੍ਰਤੀਸ਼ਤ*) ਤੋਂ ਵਧਕੇ ਸਾਲ 2023-24 ਵਿੱਚ ₹ 28,215 ਕਰੋੜ (ਜੀ ਐਸ ਡੀ ਪੀ ਦਾ 3.79 *ਪ੍ਰਤੀਸ਼ਤ*) ਹੋ ਗਿਆ। ਹਾਲਾਂਕਿ, ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ ਇਹ ਪਿਛਲੇ ਸਾਲ (3.82 *ਪ੍ਰਤੀਸ਼ਤ)* ਦੀ ਤੁਲਨਾ ਵਿੱਚ 2023-24 ਵਿੱਚ ਘੱਟ ਗਿਆ (3.79 *ਪ੍ਰਤੀਸ਼ਤ*)।

ਵਿੱਤੀ ਘਾਟਾ, ਜਿਹੜਾ ਕਿ ਰਾਜ ਦੇ ਕੁੱਲ ਉਧਾਰਾਂ ਭਾਵ ਇਸ ਦੇ ਕੁੱਲ ਰੀਸੋਰਸ ਗੈਪ ਨੂੰ ਦਰਸਾਉਂਦਾ ਹੈ, 2019-20 ਵਿੱਚ ₹ 16,826 ਕਰੋੜ (ਜੀ ਐਸ ਡੀ ਪੀ ਦਾ 3.13 *ਪ੍ਰਤੀਸ਼ਤ*) ਤੋਂ ਵੱਧ ਵਾਧਾ ਦਰਜ ਕਰਕੇ ਕੇ 2023-24 ਵਿੱਚ ₹ 33,115 ਕਰੋੜ (ਜੀ ਐਸ ਡੀ ਪੀ ਦਾ 4.45 *ਪ੍ਰਤੀਸ਼ਤ*) ਹੋ ਗਿਆ। ਹਾਲਾਂਕਿ, ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ ਇਹ 2022-23 ਵਿੱਚ 4.98 *ਪ੍ਰਤੀਸ਼ਤ* ਤੋਂ ਘੱਟ ਕੇ 2023-24 ਵਿੱਚ 4.45 *ਪ੍ਰਤੀਸ਼ਤ* ਹੋ ਗਿਆ।

ਪਿਛਲੇ ਪੰਜ ਸਾਲਾਂ ਦੌਰਾਨ ਵਿੱਤੀ ਦੇਣਦਾਰੀਆਂ ਦੇ ਭਾਗਾਂ ਵਿੱਚ ਰੁਝਾਨ **ਚਾਰਟ 1.6** ਵਿੱਚ ਦਿਖਾਇਆ ਗਿਆ ਹੈ।

ਚਾਰਟ 1.6: ਵਿੱਤੀ ਦੇਣਦਾਰੀਆਂ ਅਤੇ ਜੀ ਐਸ ਡੀ ਪੀ ਵਿੱਚ ਰੁਝਾਨ



ਸ੍ਰੋਤ: ਵਿੱਤ ਲੇਖੇ ਅਤੇ ਭਾਰਤ ਸਰਕਾਰ ਦਾ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਣ ਮੰਤਰਾਲਾ (ਐਮ ਓ ਐਸ ਪੀ ਆਈ)

** ਇਸ ਵਿੱਚ 2020-21 ਅਤੇ 2021-24 ਦੇ ਸਾਲਾਂ ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ਪ੍ਰਾਪਤ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ (₹ 8,359 ਕਰੋੜ + ₹ 12,132.41 ਕਰੋੜ) ਦੇ ਬੈਕ-ਟੂ-ਬੈਕ ਕਰਜ਼ੇ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।*

ਚਾਰਟ 1.6 ਦਰਸਾਉਂਦਾ ਹੈ ਕਿ ਵਿੱਤੀ ਦੇਣਦਾਰੀਆਂ ਵਧ ਰਹੀਆਂ ਹਨ ਕਿਉਂਕਿ ਇਹ 2019-20 ਵਿੱਚੋਂ ₹ 2,29,354 ਕਰੋੜ ਤੋਂ 42 *ਪ੍ਰਤੀਸ਼ਤ* ਨਾਲ ਵਧ ਕੇ 2023-24 ਵਿੱਚ ₹ 3,25,694 ਕਰੋੜ ਹੋ ਗਈਆਂ। 2019-2021 ਦੇ ਸਮੇਂ ਦੌਰਾਨ ਜੀ ਐਸ ਡੀ ਪੀ ਨੂੰ ਕੁੱਲ ਬਕਾਇਆ ਦੇਣਦਾਰੀਆਂ ਦੇ ਰੇਸ਼ੋ ਐਫ ਆਰ ਬੀ ਐਮ ਟੀਚਿਆਂ ਦੇ ਅੰਦਰ ਨਹੀਂ ਰੱਖਿਆ ਜਾ ਸਕਿਆ ਸੀ ਭਾਵੇਂ ਕਿ ਇਹ 2021-24 ਦੇ ਸਮੇਂ ਦੌਰਾਨ ਇਹ ਟੀਚਿਆਂ ਦੇ ਅੰਦਰ ਰਹੀਆਂ।

ਮੁਢਲਾ ਘਾਟਾ, ਜਿਹੜਾ ਕਿ ਮੁਢਲੇ ਖਰਚੇ (ਵਿਆਜ ਦੇ ਭੁਗਤਾਨਾਂ ਦਾ ਨਿਰੋਲ ਕੁੱਲ ਖਰਚਾ) ਦੇ ਗੈਰ-ਕਰਜ਼ਾ ਪ੍ਰਾਪਤੀਆਂ ਨਾਲੋਂ ਵੱਧ ਹੋਣ ਨੂੰ ਦਰਸਾਉਂਦਾ ਹੈ, ਜੋ ਸਾਲ 2019-24 ਵਿੱਚ ਜੀ ਐਸ ਡੀ ਪੀ ਦਾ 0.82 *ਪ੍ਰਤੀਸ਼ਤ*, ਅਤੇ 2.06 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਰਿਹਾ ਸਿਵਾਏ ਸਾਲ 2019-20 ਦੇ ਜਦੋਂ ਇਹ ਮੁਢਲਾ ਵਾਧਾ ₹ 741 ਕਰੋੜ (ਜੀ ਐਸ ਡੀ ਪੀ ਦਾ ₹ 0.14 ਕਰੋੜ) ਸੀ।

1.4.1 ਰਾਜ ਸਰਕਾਰ ਦੀ ਉਧਾਰਾਂ ਦੇ ਸਬੰਧ ਵਿੱਚ ਭਾਰਤ ਸਰਕਾਰ ਦੁਆਰਾ ਨਿਰਧਾਰਤ ਸੀਮਾਵਾਂ ਅਨੁਸਾਰ ਕਾਰਗੁਜ਼ਾਰੀ

ਭਾਰਤ ਦੇ ਸੰਵਿਧਾਨ ਦਾ ਅਨੁਛੇਦ 293(3) ਇਹ ਵਿਵਸਥਾ ਵੀ ਕਰਦਾ ਹੈ ਕਿ ਕੋਈ ਵੀ ਰਾਜ ਜੇਕਰ ਉਸ ਰਾਜ ਨੂੰ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਕਰਜ਼ੇ ਦਾ ਕੁਝ ਹਿੱਸਾ ਅਜੇ ਬਕਾਇਆ ਰਹਿੰਦਾ ਹੋਵੇ, ਭਾਰਤ ਸਰਕਾਰ (ਜੀ ਓ ਆਈ) ਦੀ ਮਨਜ਼ੂਰੀ ਤੋਂ ਬਗੈਰ ਕੋਈ ਕਰਜ਼ਾ ਨਹੀਂ ਲੈ ਸਕਦਾ।

ਉਧਾਰਾਂ ਅਤੇ ਹੋਰ ਦੇਣਦਾਰੀਆਂ ਨਾਮਕ ਵਿੱਤ ਲੇਖਿਆਂ ਦੀ ਵਿਵਰਣੀ 6 ਅਨੁਸਾਰ ਵਿੱਤੀ ਸਾਲ 2023-24 ਦੌਰਾਨ ਰਾਜ ਦੇ ਇਨਕਰੀਮੈਂਟਲ ਉਧਾਰ ਅਤੇ ਹੋਰ ਦੇਣਦਾਰੀਆਂ ₹ 31,964 ਕਰੋੜ ਸਨ। ਇਸ ਤੋਂ ਇਲਾਵਾ, ਜੇਕਰ ਸਾਲ 2023-24 ਦੌਰਾਨ ਰਾਜ ਸਰਕਾਰ ਵੱਲੋਂ ਸਹਾਰਾ ਲਏ ਗਏ ₹ 2,138 ਕਰੋੜ ਦੇ ਬਾਹਰੀ ਬਜਟ ਉਧਾਰਾਂ ਨੂੰ ਵੀ ਹਿਸਾਬ ਵਿੱਚ ਲੈ ਲਿਆ ਜਾਂਦਾ ਤਾਂ ਸਾਲ ਦੌਰਾਨ ਅਸਲ ਉਧਾਰ ₹ 34,102 ਕਰੋੜ ਹੋ ਜਾਂਦੇ ਜੋ ਕਿ ₹ 34,248 ਕਰੋੜ[5] ਦੀ ਉਧਾਰਾਂ ਦੀ ਸੀਮਾਂ ਦੇ ਅੰਦਰ ਸੀ।

1.5 ਲੇਖਾ ਪ੍ਰੀਖਿਆ ਦੁਆਰਾ ਪੜਤਾਲ ਉਪਰੰਤ ਘਾਟੇ

ਐਫ ਆਰ ਬੀ ਐਮ ਐਕਟ ਅਨੁਸਾਰ ਰਾਜ ਸਰਕਾਰ ਨੂੰ ਘਾਟਿਆਂ, ਕਰਜੇ ਅਤੇ ਗਰੰਟੀਆਂ ਉੱਤੇ ਸੀਮਾਂ, ਆਦਿ ਵਰਗੇ ਵਿੱਤੀ ਸੂਚਕਾਂ ਲਈ ਤੈਅ ਕੀਤੇ ਟੀਚਿਆਂ ਦੀ ਪਾਲਣਾ ਕਰਨ ਨੂੰ ਲਾਜ਼ਮੀ ਤੌਰ ਤੇ ਯਕੀਨੀ ਬਣਾਉਣਾ ਚਾਹੀਦਾ ਹੈ। ਰੈਵੀਨਿਊ ਖਰਚੇ ਨੂੰ ਪੂੰਜੀਗਤ ਵਜੋਂ ਗਲਤ ਵਰਗੀਕਰਣ ਕਰਨ ਅਤੇ ਬਜਟ ਤੋਂ ਬਾਹਰੀ ਵਿੱਤੀ ਆਪਰੇਸ਼ਨਾਂ ਵਰਗੀਆਂ ਵੱਖ-ਵੱਖ ਸਥਿਤੀਆਂ ਕਾਰਣ ਰਾਜ ਲਈ ਆਂਕੇ ਜਾਂਦੇ ਰੈਵੀਨਿਊ ਘਾਟੇ ਅਤੇ ਵਿੱਤੀ ਘਾਟੇ ਤੇ ਅਸਰ ਪੈਂਦਾ ਹੈ। ਇਸ ਤੋਂ ਇਲਾਵਾ, ਬਿਲਕੁਲ ਸਪਸ਼ਟ ਦੇਣਦਾਰੀਆਂ ਨੂੰ ਅੱਗੇ ਪਾਉਣਾ, ਸੈੱਸ/ਰਾਇਲਟੀ ਨੂੰ ਸੰਚਿਤ ਫੰਡ ਵਿੱਚ ਜਮ੍ਹਾਂ ਨਾ ਕਰਵਾਉਣਾ, ਨਵੀਂ ਪੈਨਸ਼ਨ ਸਕੀਮ, ਸਿੰਕਿੰਗ ਅਤੇ ਗਰੰਟੀ ਰਿਡੰਪਸ਼ਨ ਫੰਡ,ਆਦਿ ਨੂੰ ਘੱਟ ਯੋਗਦਾਨ ਕਰਨਾ, ਆਦਿ ਵੀ ਰੈਵੀਨਿਊ ਅਤੇ ਵਿੱਤੀ ਘਾਟੇ ਦੇ ਅੰਕੜਿਆਂ ਤੇ ਅਸਰ ਪਾਉਂਦੇ ਹਨ। ਘਾਟੇ ਦੇ ਅਸਲ

5 ਜਿਵੇਂ ਕਿ ਪਹਿਲੇ ਪੈਰ੍ਹੇ ਵਿੱਚ ਵੇਰਵਾ ਦਿੱਤਾ ਗਿਆ ਹੈ, ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਖਰਚਾ ਵਿਭਾਗ ਦੁਆਰਾ ਤੈਅ ਕੀਤੇ ਗਏ (ਮਾਰਚ 2023) ਐਨ ਬੀ ਸੀ ਦੇ ਮਾਪਦੰਡਾਂ ਅਨੁਸਾਰ ਆਂਕਿਆ ਗਿਆ ਹੈ।

ਅੰਕੜਿਆਂ ਨੂੰ ਜਾਣਨ ਲਈ ਰੈਵੀਨਿਊ ਖਰਚੇ/ਪੂੰਜੀਗਤ ਆਊਟਲੇਅ ਅਤੇ/ਜਾਂ ਅਜਿਹੇ ਕਿਸੇ ਗਲਤ ਵਰਗੀਕਰਣ ਦੇ ਪ੍ਰਭਾਵ ਨੂੰ ਸ਼ਾਮਲ ਕਰਨ ਦੀ ਲੋੜ ਹੈ ਅਤੇ ਅਜਿਹੀਆਂ ਅਨਿਯਮਤਾਵਾਂ ਦੇ ਅਸਰ ਨੂੰ ਖਤਮ ਕਰਨ ਦੀ ਜਰੂਰਤ ਹੈ। ਲੇਖਾ ਪ੍ਰੀਖਿਆ ਵਿੱਚ ਪੜਤਾਲ ਉਪਰੰਤ ਘਾਟਿਆਂ ਦੇ ਵਿਸ਼ਲੇਸ਼ਣ ਨੂੰ **ਸਾਰਣੀ 1.6** ਵਿੱਚ ਦਿੱਤਾ ਗਿਆ ਹੈ।

ਸਾਰਣੀ 1.6: ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ, ਲੇਖਾ ਪ੍ਰੀਖਿਆ ਦੁਆਰਾ ਪੜਤਾਲ ਉਪਰੰਤ

ਵੇਰਵੇ	ਰੈਵੀਨਿਊ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+)/ਵੱਧ ਦਰਸਾਏ ਗਏ (-) *(₹ ਕਰੋੜ ਵਿੱਚ)*	ਵਿੱਤੀ ਘਾਟੇ 'ਤੇ ਅਸਰ (ਘੱਟ ਦਰਸਾਏ ਗਏ(+)/ਵੱਧ ਦਰਸਾਏ ਗਏ (-) *(₹ ਕਰੋੜ ਵਿੱਚ)*	ਪੈਰ੍ਹੇ ਦਾ ਹਵਾਲਾ
ਰਾਸ਼ਟਰੀ ਪੈਨਸ਼ਨ ਪ੍ਰਣਾਲੀ (ਐਨ ਪੀ ਐਸ) ਨੂੰ ਘੱਟ ਟਰਾਂਸਫਰ	(+)10.18	(+)10.18	2.4.1.2 (i)
ਗਾਰੰਟੀ ਰਿਡੰਪਸ਼ਨ ਫੰਡ ਨੂੰ ਗਾਰੰਟੀ ਫੀਸ ਟਰਾਂਸਫਰ ਨਾ ਕਰਨਾ	(+)57.37	(+)57.37	2.5.2.3
ਰਾਜ ਦੇ ਸੰਚਿਤ ਫੰਡ ਵਿੱਚ ਰਾਜ ਲੈਵੀਜ਼ ਜਮ੍ਹਾਂ ਨਾ ਕਰਵਾਉਣਾ	(-)406.98	(-)406.98	2.6
ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਨੂੰ ਕਿਰਤ ਸੈਸ ਟਰਾਂਸਫਰ ਨਾ ਕਰਨਾ	(+)10.02	(+)10.02	2.6.5
ਵਿਆਜਯੋਗ ਡਿਪਾਜ਼ਿਟਜ਼/ ਰਾਖਵੇਂ ਫੰਡਾਂ ਦੇ ਵਿਆਜ ਦੀ ਦੇਣਦਾਰੀ ਨਾ ਚੁਕਾਉਣਾ	(+)42.12	(+)42.12	4.1
ਜੋੜ	**(-)287.29**	**(-)287.29**	

ਸ੍ਰੋਤ: ਵਿੱਤ ਲੇਖੇ

ਸਾਲ 2023-24 ਦੌਰਾਨ, ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 28,215 ਕਰੋੜ (ਜੀ ਐਸ ਡੀ ਪੀ ਦਾ 3.79 *ਪ੍ਰਤੀਸ਼ਤ*) ਅਤੇ ₹ 33,115 ਕਰੋੜ (ਜੀ ਐਸ ਡੀ ਪੀ ਦਾ 4.45 *ਪ੍ਰਤੀਸ਼ਤ*) ਸੀ, ਜਿਵੇਂ ਕਿ **ਚਾਰਟ 1.4** ਅਤੇ **1.5** ਵਿੱਚ ਦਰਸਾਇਆ ਗਿਆ ਹੈ। ਜੇਕਰ ਉਕਤ ਵਿੱਤੀ ਲੈਣ-ਦੇਣ ਨੂੰ ਲੇਖੇ ਵਿੱਚ ਲੈ ਲਿਆ ਜਾਂਦਾ ਤਾਂ ਅਸਲ ਰੈਵੀਨਿਊ ਘਾਟਾ ਅਤੇ ਵਿੱਤੀ ਘਾਟਾ ਕ੍ਰਮਵਾਰ ₹ 27,928 ਕਰੋੜ (ਜੀ ਐਸ ਡੀ ਪੀ ਦਾ 3.75 *ਪ੍ਰਤੀਸ਼ਤ*) ਅਤੇ ₹ 32,828 ਕਰੋੜ (ਜੀ ਐਸ ਡੀ ਪੀ ਦਾ 4.41 *ਪ੍ਰਤੀਸ਼ਤ*) ਹੋਣਾ ਸੀ ਅਤੇ ਅਸਲ ਰੈਵੀਨਿਊ ਘਾਟਾ ਐਮ ਟੀ ਐਫ ਪੀ ਟੀਚਿਆਂ ਤੋਂ ਕ੍ਰਮਵਾਰ ₹ 3,339 ਕਰੋੜ (13.58 *ਪ੍ਰਤੀਸ਼ਤ*) ਅਤੇ ਵਿੱਤੀ ਘਾਟਾ, ₹ 1,956 ਕਰੋੜ (5.62 *ਪ੍ਰਤੀਸ਼ਤ*) ਵੱਧ ਹੋਣਾ ਸੀ। ਇਸ ਦੇ ਨਤੀਜੇ ਵਜੋਂ ਰੈਵੀਨਿਊ ਘਾਟੇ ਨੂੰ ਵੀ 1.02 *ਪ੍ਰਤੀਸ਼ਤ* ਨਾਲ ਅਤੇ ਵਿੱਤੀ ਘਾਟੇ ਨੂੰ 0.87 *ਪ੍ਰਤੀਸ਼ਤ* ਨਾਲ ਵਧਾ ਕੇ ਵੀ ਦਰਸਾਇਆ ਗਿਆ ਸੀ।

1.6 ਲੇਖਾ ਪ੍ਰੀਖਿਆ ਉਪਰੰਤ – ਕੁੱਲ ਬਕਾਇਆ ਕਰਜ਼ਾ

ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003, ਅਨੁਸਾਰ ਕੁੱਲ ਦੇਣਦਾਰੀਆਂ ਤੋਂ ਭਾਵ ਭਾਰਤ ਦੇ ਸੰਵਿਧਾਨ ਦੇ ਅਨੁਛੇਦ 266 ਵਿੱਚ ਦੱਸੇ ਅਨੁਸਾਰ ਰਾਜ ਦੇ ਸੰਚਿਤ ਫੰਡ ਅਤੇ ਰਾਜ ਦੇ ਲੋਕ ਲੇਖੇ ਅਧੀਨ ਦੇਣਦਾਰੀਆਂ ਤੋਂ ਹੈ। ਬਕਾਇਆ ਕਰਜ਼ੇ/ਦੇਣਦਾਰੀਆਂ ਨੂੰ ਵੱਖ ਵੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਵੇਂ ਕਿ ਹੇਠਾਂ **ਸਾਰਣੀ 1.7** ਵਿੱਚ ਦਿੱਤਾ ਗਿਆ ਹੈ।

ਸਾਰਣੀ 1.7 : 31 ਮਾਰਚ 2024 ਨੂੰ ਬਕਾਇਆ ਕਰਜ਼ੇ/ ਦੇਣਦਾਰੀਆਂ ਦੇ ਭਾਗ

(₹ ਕਰੋੜ ਵਿੱਚ)

ਵਿੱਤ ਲੇਖਿਆਂ ਅਨੁਸਾਰ ਉਧਾਰ ਅਤੇ ਹੋਰ ਦੇਣਦਾਰੀਆਂ	**ਰਾਸ਼ੀ**
ਅੰਦਰੂਨੀ ਕਰਜ਼ਾ (ੳ)	**2,80,965.94**
ਵਿਆਜਯੋਗ ਮਾਰਕੀਟ ਕਰਜ਼ੇ	2,32,555.58
ਵਿਆਜਹੀਣ ਮਾਰਕੀਟ ਕਰਜ਼ੇ	0.02
ਮੁਆਵਜਾ ਅਤੇ ਹੋਰ ਬਾਂਡਜ਼	10,363.12
ਵੇਅਜ ਐਂਡ ਮੀਨਜ਼ ਪੇਸ਼ਗੀਆਂ/ਵਿਸ਼ੇਸ ਡਰਾਇੰਗ ਸੁਵਿਧਾ	3,580.43
ਹੋਰ ਸੰਸਥਾਵਾਂ, ਆਦਿ ਤੋਂ ਕਰਜ਼ੇ	25,135.25
ਕੇਂਦਰ ਸਰਕਾਰ ਦੇ ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ	9,331.54
ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ (ਅ)	**25,075.35**
ਨਾਲ-ਪਲਾਨ ਕਰਜ਼ੇ	7.08
ਰਾਜ ਪਲਾਨ ਸਕੀਮਾਂ ਲਈ ਕਰਜ਼ੇ	130.76
ਹੋਰ*	24,937.51
ਲੋਕ ਲੇਖੇ ਦੀਆਂ ਦੇਣਦਾਰੀਆਂ (ੲ)	**40,143.78**
ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ,ਆਦਿ	23,005.27
ਡਿਪਾਜ਼ਿਟਜ਼	5,072.27
ਰਾਖਵੇਂ ਫੰਡ ^	12,066.24
ਜੋੜ (ੳ+ ਅ+ ੲ)	**3,46,185.07**

ਸ੍ਰੋਤ: ਵਿੱਤ ਲੇਖੇ

** ਇਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਵਿੱਚ ਭਾਰਤ ਸਰਕਾਰ ਤੋਂ ਬੈਕ ਟੂ ਬੈਕ ਕਰਜ਼ੇ ਦੇ ₹ 20,491 ਕਰੋੜ (2020-21 ਵਿੱਚ ₹ 8,359 ਕਰੋੜ ਅਤੇ 2021-22 ਵਿੱਚ ₹ 12,132 ਕਰੋੜ) ਸ਼ਾਮਲ ਹਨ।*

^ ਇਸ ਵਿੱਚ ਸੰਚਿਤ ਸਿਕਿੰਗ ਫੰਡ ਦੇ ਨਿਵੇਸ਼ ਦੇ ₹ 8,616.67 ਕਰੋੜ ਸ਼ਾਮਲ ਨਹੀਂ ਹਨ।

ਸਸਪੈਂਸ ਅਤੇ ਫੁਟਕਲ: ₹ 341.20 ਕਰੋੜ (ਕ੍ਰੈਡਿਟ ਬਕਾਇਆ) ਰੈਮੀਟੈਂਸਜ਼: ₹ 23.99 ਕਰੋੜ (ਡੈਬਿਟ ਬਕਾਇਆ) ਅਤੇ ਬਜਟ ਤੋਂ ਬਾਹਰੀ ਉਧਾਰਾਂ: ₹ 4,092.78 ਕਰੋੜ (ਕ੍ਰੈਡਿਟ ਬਕਾਇਆ) ਨੂੰ ਹਿਸਾਬ ਵਿੱਚ ਨਾ ਲੈਣ ਕਰਕੇ ਸਾਲ 2023-24 ਦੇ ਅਖੀਰ ਤੇ, ਰਾਜ ਦਾ ਸਮੁੱਚਾ ਬਕਾਇਆ ਕਰਜ਼ਾ/ਦੇਣਦਾਰੀਆਂ ਨੂੰ ₹ 4,409.99 ਕਰੋੜ ਨਾਲ ਘੱਟ ਕਰਕੇ ਦਰਸਾਇਆ ਗਿਆ ਸੀ ਅਤੇ ਇਸ ਕਰਕੇ ਇਸ ਨੂੰ ਜੀ ਐਸ ਡੀ ਪੀ ਦੇ ਸਬੰਧ ਵਿੱਚ 0.59 *ਪ੍ਰਤੀਸ਼ਤ* ਨਾਲ ਘਟਾ ਕੇ ਦਰਸਾਇਆ ਗਿਆ ਸੀ। ਚਾਲੂ ਸਾਲ ਦੌਰਾਨ 46.81 *ਪ੍ਰਤੀਸ਼ਤ* ਦੇ ਨਾਰਮੈਟਿਵ ਅਸੈਸਮੈਂਟ ਦੇ ਟਾਕਰੇ ਵਿੱਚ, ਐਮ ਟੀ ਐਫ ਪੀ ਸਟੇਟਮੈਂਟ ਅਧੀਨ 44.31 *ਪ੍ਰਤੀਸ਼ਤ*[6] ਦੀਆਂ ਜੀ ਐਸ ਡੀ ਪੀ ਨੂੰ ਦੇਣਦਾਰੀਆਂ, ਵਧੇਰੇ ਸਨ।

6 ਸਾਲ 2020-2022 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ਪ੍ਰਾਪਤ ਹੋਏ ₹ 20,491.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਕੇ ਜਿਸ ਨੂੰ ਕਿ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਰਾਹੀਂ ਰਾਜ ਦਾ ਕਰਜ਼ਾ ਨਹੀਂ ਸਮਝਿਆ ਜਾਣਾ ਸੀ।

ਅਧਿਆਇ-II

ਰਾਜ ਦੇ ਵਿੱਤ

ਅਧਿਆਇ-II

ਰਾਜ ਦੇ ਵਿੱਤ

2.1 ਮੁੱਖ ਵਿੱਤੀ ਜੋੜਾਂ ਵਿੱਚ 2022–23 ਦੀ ਤੁਲਨਾ ਵਿੱਚ 2023–24 ਵਿੱਚ ਹੋਏ ਵੱਡੇ ਬਦਲਾਅ

ਪਿਛਲੇ ਸਾਲ ਦੀ ਤੁਲਨਾ ਵਿੱਚ ਵਿੱਤੀ ਸਾਲ 2023–24 ਦੌਰਾਨ ਰਾਜ ਦੇ ਮੁੱਖ ਵਿੱਤੀ ਜੋੜਾਂ ਵਿੱਚ ਹੋਏ ਵੱਡੇ ਬਦਲਾਅ **ਸਾਰਣੀ 2.1** ਵਿੱਚ ਦਿੱਤੇ ਗਏ ਹਨ।

ਸਾਰਣੀ 2.1: ਮੁੱਖ ਵਿੱਤੀ ਜੋੜਾਂ ਵਿੱਚ 2022–23 ਦੀ ਤੁਲਨਾ ਵਿੱਚ 2023–24 ਵਿੱਚ ਹੋਏ ਬਦਲਾਅ

ਰੈਵੀਨਿਊ ਪ੍ਰਾਪਤੀਆਂ	• ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ 1.80 *ਪ੍ਰਤੀਸ਼ਤ* ਨਾਲ ਵਧੀਆਂ • ਰਾਜ ਦੀਆਂ ਆਪਣੀਆਂ ਕਰ ਪ੍ਰਾਪਤੀਆਂ 11.86 *ਪ੍ਰਤੀਸ਼ਤ* ਨਾਲ ਵਧੀਆਂ • ਆਪਣੀਆਂ ਗੈਰ–ਕਰ ਪ੍ਰਾਪਤੀਆਂ 16.08 *ਪ੍ਰਤੀਸ਼ਤ* ਨਾਲ ਵਧੀਆਂ • ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ 18.91 *ਪ੍ਰਤੀਸ਼ਤ* ਨਾਲ ਵਧੀਆਂ • ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ 34.95 *ਪ੍ਰਤੀਸ਼ਤ* ਨਾਲ ਘਟੀਆਂ
ਰੈਵੀਨਿਊ ਖਰਚਾ	• ਰੈਵੀਨਿਊ ਖਰਚਾ 3.30 *ਪ੍ਰਤੀਸ਼ਤ* ਨਾਲ ਵਧੀਆਂ • ਆਮ ਸੇਵਾਵਾਂ 'ਤੇ ਰੈਵੀਨਿਊ ਖਰਚਾ 5.77 *ਪ੍ਰਤੀਸ਼ਤ* ਨਾਲ ਵਧੀਆਂ • ਸਮਾਜਿਕ ਸੇਵਾਵਾਂ 'ਤੇ ਰੈਵੀਨਿਊ ਖਰਚਾ 10.79 *ਪ੍ਰਤੀਸ਼ਤ* ਨਾਲ ਵਧੀਆਂ • ਆਰਥਿਕ ਸੇਵਾਵਾਂ 'ਤੇ ਰੈਵੀਨਿਊ ਖਰਚਾ 7.28 *ਪ੍ਰਤੀਸ਼ਤ* ਨਾਲ ਘਟੀਆਂ • ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨਾਂ 'ਤੇ ਖਰਚਾ 13.54 *ਪ੍ਰਤੀਸ਼ਤ* ਨਾਲ ਘਟੀਆਂ
ਪੂੰਜੀਗਤ ਪ੍ਰਾਪਤੀਆਂ	• ਜਨਤਕ ਕਰਜ਼ੇ ਦੀਆਂ ਪੂੰਜੀਗਤ ਪ੍ਰਾਪਤੀਆਂ 0.85 *ਪ੍ਰਤੀਸ਼ਤ* ਨਾਲ ਘਟੀਆਂ • ਗੈਰ–ਕਰਜ਼ਾ ਪੂੰਜੀਗਤ ਪ੍ਰਾਪਤੀਆਂ 76.22 *ਪ੍ਰਤੀਸ਼ਤ* ਨਾਲ ਘਟੀਆਂ
ਪੂੰਜੀਗਤ ਖਰਚਾ	• ਪੂੰਜੀਗਤ ਖਰਚਾ 28.86 *ਪ੍ਰਤੀਸ਼ਤ* ਨਾਲ ਘਟੀਆਂ • ਆਮ ਸੇਵਾਵਾਂ 'ਤੇ ਪੂੰਜੀਗਤ ਆਊਟਲੇਅ 15.11 *ਪ੍ਰਤੀਸ਼ਤ* ਨਾਲ ਵਧੀਆਂ • ਸਮਾਜਿਕ ਸੇਵਾਵਾਂ 'ਤੇ ਪੂੰਜੀਗਤ ਆਊਟਲੇਅ 45.43 *ਪ੍ਰਤੀਸ਼ਤ* ਨਾਲ ਘਟੀਆਂ • ਆਰਥਿਕ ਸੇਵਾਵਾ 'ਤੇ ਪੂੰਜੀਗਤ ਆਊਟਲੇਅ 5.08 *ਪ੍ਰਤੀਸ਼ਤ* ਨਾਲ ਘਟੀਆਂ
ਕਰਜ਼ੇ ਅਤੇ ਪੇਸ਼ਗੀਆਂ	• ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ 76.22 *ਪ੍ਰਤੀਸ਼ਤ* ਨਾਲ ਘਟੀਆਂ • ਕਰਜ਼ੇ ਅਤੇ ਪੇਸ਼ਗੀਆਂ ਦੀ ਅਦਾਇਗੀ 85.82 *ਪ੍ਰਤੀਸ਼ਤ* ਨਾਲ ਘਟੀਆਂ
ਜਨਤਕ ਕਰਜ਼ਾ	• ਜਨਤਕ ਕਰਜ਼ਾ ਪ੍ਰਾਪਤੀਆਂ 0.85 *ਪ੍ਰਤੀਸ਼ਤ* ਨਾਲ ਘਟੀਆਂ • ਜਨਤਕ ਕਰਜ਼ੇ ਦੀ ਮੁੜ ਅਦਾਇਗੀ 7.38 *ਪ੍ਰਤੀਸ਼ਤ*ਨਾਲ ਵਧੀਆਂ
ਲੋਕ ਲੇਖਾ	• ਲੋਕ ਲੇਖਾ ਪ੍ਰਾਪਤੀਆਂ 3.20 *ਪ੍ਰਤੀਸ਼ਤ* ਨਾਲ ਘਟੀਆਂ • ਲੋਕ ਲੇਖੇ ਦੀ ਅਦਾਇਗੀ 3.13 *ਪ੍ਰਤੀਸ਼ਤ* ਨਾਲ ਘਟੀਆਂ
ਕੈਸ਼ ਬਕਾਇਆ	• ਕੈਸ਼ ਬਕਾਇਆ 12.75 *ਪ੍ਰਤੀਸ਼ਤ* ਨਾਲ ਵਧੀਆਂ

ਸ੍ਰੋਤ: ਵਿੱਤ ਲੇਖੇ

2.2 ਫੰਡਾਂ ਦੇ ਸ੍ਰੋਤ ਅਤੇ ਵਰਤੋਂ

ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ਰਾਜ ਦੇ ਫੰਡਾਂ ਦੇ ਸ੍ਰੋਤ ਅਤੇ ਵਰਤੋਂ ਦੇ ਭਾਗਾਂ ਦੀ ਤੁਲਨਾ **ਸਾਰਣੀ 2.2** ਵਿੱਚ ਦਿੱਤੀ ਗਈ ਹੈ।

ਸਾਰਣੀ 2.2: ਸਾਲ 2022-23 ਅਤੇ 2023-24 ਦੌਰਾਨ ਫੰਡਾਂ ਦੇ ਸ੍ਰੋਤ ਅਤੇ ਵਰਤੋਂ ਦੇ ਵੇਰਵੇ

(₹ ਕਰੋੜ ਵਿੱਚ)

	ਵੇਰਵੇ	2022-23	2023-24	ਵਾਧਾ (+)/ ਗਿਰਾਵਟ (-) (*ਪ੍ਰਤੀਸ਼ਤ*)
ਸ੍ਰੋਤ	ਮੁਢਲਾ ਕੈਸ਼ ਬਕਾਇਆ	6,872	9,009	(+)2,137 (31)
	ਰੈਵੀਨਿਊ ਪ੍ਰਾਪਤੀਆਂ	87,616	89,192	(+)1,576 (2)
	ਕਰਜ਼ੇ ਅਤੇ ਪੇਸ਼ਗੀਆ ਦੀਆਂ ਵਸੂਲੀਆਂ	164	39	(-)125 (76)
	ਜਨਤਕ ਕਰਜ਼ਾ ਪ੍ਰਾਪਤੀਆਂ (ਨਿਰੋਲ)	31,168	29,582	(-)1,586 (5)
	ਲੋਕ ਲੇਖਾ ਪ੍ਰਾਪਤੀਆਂ (ਨਿਰੋਲ)	4,899	4,682	(-)217 (4)
	ਜੋੜ	**1,30,719**	**1,32,504**	**(+)1,785 (1)**
ਵਰਤੋਂ	ਰੈਵੀਨਿਊ ਖਰਚਾ	1,13,661	1,17,407	(+)3,746 (3)
	ਪੂੰਜੀਗਤ ਖਰਚਾ	6,667	4,743	(-)1,924 (29)
	ਕਰਜ਼ੇ ਅਤੇ ਪੇਸ਼ਗੀਆਂ ਦੀ ਅਦਾਇਗੀ	1,382	196	(-)1,186 (86)
	ਅੰਤਿਮ ਕੈਸ਼ ਬਕਾਇਆ	9,009	10,158	(+)1,149 (13)
	ਜੋੜ	**1,30,719**	**1,32,504**	**(+)1,785 (1)**

ਸ੍ਰੋਤ: ਵਿੱਤ ਲੇਖੇ

ਅੰਤਿਕਾ 2.1 ਚਾਲੂ ਸਾਲ ਦੇ ਨਾਲ ਨਾਲ ਪਿਛਲੇ ਸਾਲ ਦੌਰਾਨ ਰਾਜ ਦੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਅਤੇ ਸਮੁੱਚੀ ਵਿੱਤੀ ਸਥਿਤੀ ਦੇ ਵੇਰਵੇ ਮੁਹੱਈਆ ਕਰਵਾਉਂਦੀ ਹੈ।

ਸਾਲ 2023-24 ਦੌਰਾਨ ਰਾਜ ਦੇ ਸੰਚਿਤ ਫੰਡ ਵਿੱਚ ਸਾਧਨਾਂ ਦੀ ਕੰਪੋਜ਼ੀਸ਼ਨ ਅਤੇ ਵਰਤੋਂ ਨੂੰ ਕ੍ਰਮਵਾਰ **ਚਾਰਟ 2.1** ਅਤੇ **ਚਾਰਟ 2.2** ਵਿੱਚ ਦਿੱਤਾ ਗਿਆ ਹੈ।

ਚਾਰਟ 2.1: ਸਾਧਨਾਂ ਦੀ ਕੰਪੋਜੀਸ਼ਨ
(*ਪ੍ਰਤੀਸ਼ਤ* ਵਿੱਚ)



ਚਾਰਟ 2.2: ਸਾਧਾਨਾਂ ਦੀ ਵਰਤੋਂ
(*ਪ੍ਰਤੀਸ਼ਤ* ਵਿੱਚ)



ਸ੍ਰੋਤ: ਵਿੱਤ ਲੇਖੇ

** ਸਾਲ 2023-24 ਦੌਰਾਨ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ/ਵਿਸੇਸ਼ ਡਰਾਇੰਗ ਸਹੂਲਤ/ਓਵਰਡਰਾਫਟ ਸਮੇਤ ਪ੍ਰਾਪਤ ਕੀਤੇ।*

2.3 ਰਾਜ ਦੇ ਸਾਧਨ

ਰਾਜ ਦੇ ਸਾਧਨਾਂ ਦਾ ਵਰਣਨ ਹੇਠਾਂ ਕੀਤਾ ਗਿਆ ਹੈ:

1. **ਰੈਵੀਨਿਊ ਪ੍ਰਾਪਤੀਆਂ** ਵਿੱਚ ਕਰ ਰੈਵੀਨਿਊ (ਆਪਣਾ ਕਰ ਰੈਵੀਨਿਊ ਜਮ੍ਹਾ ਕੇਂਦਰੀ ਕਰਾਂ/ਡਿਊਟੀਆਂ ਦਾ ਹਿੱਸਾ), ਗੈਰ-ਕਰ ਰੈਵੀਨਿਊ ਅਤੇ ਭਾਰਤ ਸਰਕਾਰ (ਜੀ ਓ ਆਈ) ਤੋਂ ਸਹਾਇਤਾ ਗ੍ਰਾਂਟਾਂ ਸ਼ਾਮਲ ਹਨ।

2. **ਪੂੰਜੀਗਤ ਪ੍ਰਾਪਤੀਆਂ** (ਕਰਜ਼ਾ ਅਤੇ ਗੈਰ-ਕਰਜ਼ਾ ਪੂੰਜੀਗਤ ਪ੍ਰਾਪਤੀਆਂ) ਵਿੱਚ ਫੁਟਕਲ ਪੂੰਜੀਗਤ ਪ੍ਰਾਪਤੀਆਂ ਜਿਵੇਂ ਕਿ ਵਿਨਿਵੇਸ਼ ਤੋਂ ਆਮਦਨ, ਕਰਜ਼ਿਆਂ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਅੰਦਰੂਨੀ ਸ੍ਰੋਤਾਂ (ਮਾਰਕੀਟ ਕਰਜ਼ੇ, ਵਿੱਤੀ ਸੰਸਥਾਵਾਂ/ਕਮਰਸ਼ੀਅਲ ਬੈਂਕਾਂ ਤੋਂ ਉਧਾਰ) ਤੋਂ ਕਰਜ਼ਾ ਪ੍ਰਾਪਤੀਆਂ ਅਤੇ ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ ਸ਼ਾਮਲ ਹਨ।

   ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ ਦੋਵੇਂ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਬਣਦੀਆਂ ਹਨ।

3. **ਨਿਰੋਲ ਲੋਕ ਲੇਖਾ ਪ੍ਰਾਪਤੀਆਂ:** ਕੁੱਝ ਵਿੱਤੀ ਕਾਰਵਿਹਾਰਾਂ, ਜਿਵੇਂ ਕਿ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਰਾਖਵੇਂ ਫੰਡ, ਡਿਪਾਜ਼ਿਟਜ਼, ਸਸਪੈਂਸ, ਰੈਮੀਟੈਂਸਜ਼, ਆਦਿ ਨਾਲ ਸਬੰਧਤ ਅਜਿਹੀਆਂ ਧਨ ਪ੍ਰਾਪਤੀਆਂ ਅਤੇ ਅਦਾਇਗੀਆਂ ਹਨ ਜੋਕਿ ਸੰਚਿਤ ਫੰਡ ਦਾ ਹਿੱਸਾ ਨਹੀਂ ਬਣਦੀਆਂ।

   ਇਨ੍ਹਾਂ ਨੂੰ ਸੰਵਿਧਾਨ ਦੇ ਅਨੁਛੇਦ 266(2) ਅਧੀਨ ਸਥਾਪਤ ਕੀਤੇ ਗਏ ਲੋਕ ਲੇਖੇ ਵਿੱਚ ਰੱਖਿਆ ਜਾਂਦਾ ਹੈ ਅਤੇ ਇਹ ਰਾਜ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। ਇੱਥੇ, ਸਰਕਾਰ ਇੱਕ ਬੈਂਕਰ ਵਜੋਂ ਕੰਮ ਕਰਦੀ ਹੈ। ਅਦਾਇਗੀਆਂ ਤੋਂ ਬਾਅਦ ਬਕਾਇਆ ਸਰਕਾਰ ਕੋਲ ਵਰਤੋਂ ਲਈ ਉਪਲੱਬਧ ਫੰਡ ਹੈ।

2.3.1 ਰਾਜ ਦੀਆਂ ਪ੍ਰਾਪਤੀਆਂ

ਇਹ ਪੈਰ੍ਹਾ ਸਮੁੱਚੀਆਂ ਪ੍ਰਾਪਤੀਆਂ ਦੀ ਰਚਨਾ ਬਾਰੇ ਦਸਦਾ ਹੈ। ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ ਤੋਂ ਇਲਾਵਾ, ਲੋਕ ਲੇਖੇ (ਇਸ ਵਿੱਚੋਂ ਕੀਤੀ ਗਈ ਅਦਾਇਗੀ ਉਪਰੰਤ ਨਿਰੋਲ) ਵਿੱਚ ਉਪਲਬਧ ਫੰਡ ਵੀ ਸਰਕਾਰ ਵੱਲੋਂ ਆਪਣੇ ਘਾਟੇ ਨੂੰ ਫਾਈਨਾਂਸ ਕਰਨ ਲਈ ਵਰਤੇ ਜਾਂਦੇ ਹਨ। ਰਾਜ ਦੀਆਂ ਕੁੱਲ ਪ੍ਰਾਪਤੀਆਂ ਦੀ ਕੰਪੋਜ਼ੀਸ਼ਨ ਨੂੰ **ਚਾਰਟ 2.3** ਵਿੱਚ ਦਰਸਾਇਆ ਗਿਆ ਹੈ।

ਚਾਰਟ 2.3: 2023-24 ਦੌਰਾਨ ਰਾਜ ਦੀਆਂ ਪ੍ਰਾਪਤੀਆਂ ਦੀ ਕੰਪੋਜੀਸ਼ਨ



ਸ੍ਰੋਤ: ਵਿੱਤ ਲੇਖੇ

ਸਾਲ 2023-34 ਦੌਰਾਨ ਰਾਜ ਸਰਕਾਰ ਦੇ ₹ 1,40,776 ਕਰੋੜ ਦੇ ਕੁੱਲ ਸਾਧਨਾਂ ਵਿੱਚੋਂ, ਰੈਵੀਨਿਊ ਪ੍ਰਾਪਤੀਆਂ (₹ 89,192 ਕਰੋੜ) 63.36 *ਪ੍ਰਤੀਸ਼ਤ* ਸਨ ਜਦਕਿ ਕੁੱਲ ਸਾਧਨਾਂ ਦਾ 33.32 *ਪ੍ਰਤੀਸ਼ਤ* ਅਤੇ 3.32 *ਪ੍ਰਤੀਸ਼ਤ* ਕ੍ਰਮਵਾਰ ਪੂੰਜੀਗਤ ਪ੍ਰਾਪਤੀਆਂ (₹ 46,902 ਕਰੋੜ) ਅਤੇ ਨਿਰੋਲ ਲੋਕ ਲੇਖਾ ਪ੍ਰਾਪਤੀਆਂ (₹ 4,682 ਕਰੋੜ) ਸਨ।

2.3.2 ਰਾਜ ਦੀਆਂ ਰੈਵੀਨਿਊ ਪ੍ਰਾਪਤੀਆਂ

2.3.2.1 ਰੈਵੀਨਿਊ ਪ੍ਰਾਪਤੀਆਂ ਦਾ ਰੁਝਾਨ ਅਤੇ ਵਾਧਾ

ਪੰਜ ਸਾਲਾਂ (2019-2024) ਦੇ ਸਮੇਂ ਦੌਰਾਨ ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ) ਦੇ ਸਬੰਧ ਵਿੱਚ ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ ਅਤੇ ਵਾਧੇ ਨੂੰ **ਸਾਰਣੀ 2.3** ਵਿੱਚ ਦਰਸਾਇਆ ਗਿਆ ਹੈ। ਇਸੇ ਸਮੇਂ ਦੌਰਾਨ ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ ਅਤੇ ਰਚਨਾ ਨੂੰ ***ਅੰਤਿਕਾ 2.2*** ਵਿੱਚ ਪੇਸ਼ ਕੀਤਾ ਗਿਆ ਹੈ।

ਸਾਰਣੀ 2.3: ਰੈਵੀਨਿਊ ਪ੍ਰਾਪਤੀਆਂ ਵਿੱਚ ਰੁਝਾਨ

(₹ ਕਰੋੜ ਵਿੱਚ)

ਮਾਪਦੰਡ	2019-20	2020-21	2021-22	2022-23	2023-24
ਰੈਵੀਨਿਊ ਪ੍ਰਾਪਤੀਆਂ (ਆਰ ਆਰ)	**61,575**	**69,048**	**78,168**	**87,616**	**89,192**
ਆਰ ਆਰ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	(-)1.11	12.14	13.21	12.09	1.80
ਕਰ ਰੈਵੀਨਿਊ	**40,341**	**40,691**	**52,616**	**59,407**	**67,662**
ਆਪਣਾ ਕਰ ਰੈਵੀਨਿਊ	*29,995*	*30,053*	*37,327*	*42,243*	*47,252*
ਕੇਂਦਰੀ ਕਰ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ	*10,346*	*10,638*	*15,289*	*17,164*	*20,410*
ਕਰ ਰੈਵੀਨਿਊ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	(-)7.43	0.87	29.31	12.91	13.90
ਗੈਰ-ਕਰ ਰੈਵੀਨਿਊ	**6,654**	**4,152**	**4,783**	**6,232**	**7,234**
ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ	**14,580**	**24,205**	**20,769**	**21,977**	**14,296**
ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	31.26	66.01	(-)14.20	5.82	(-)34.95
ਆਪਣਾ ਰੈਵੀਨਿਊ (ਆਪਣਾ ਕਰ ਅਤੇ ਗੈਰ-ਕਰ ਰੈਵੀਨਿਊ)	**36,649**	**34,205**	**42,110**	**48,475**	**54,486**
ਆਪਣੇ ਰੈਵੀਨਿਊ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	(-)6.40	(-)6.67	23.11	15.12	12.40
ਜੀ ਐਸ ਡੀ ਪੀ (2011-12 ਲੜੀ)	5,37,031	5,40,853	6,27,717	6,81,251	7,44,899
ਜੀ ਐਸ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	4.78	0.71	16.06	8.53	9.34
ਆਰ ਆਰ /ਜੀ ਐਸ ਡੀ ਪੀ (*ਪ੍ਰਤੀਸ਼ਤ*)	11.47	12.77	12.45	12.86	11.97
ਬਾਇਅੰਸੀ ਰੇਸ਼ੋ[1]					
ਜੀ ਐਸ ਡੀ ਪੀ ਦੇ ਸਬੰਧ ਵਿੱਚ ਰੈਵੀਨਿਊ ਬਾਇਅੰਸੀ	--*	17.10	0.82	1.42	0.19
ਜੀ ਐਸ ਡੀ ਪੀ ਦੇ ਸਬੰਧ ਵਿੱਚ ਰਾਜ ਦੀ ਆਪਣੀ ਰੈਵੀਨਿਊ ਬਾਇਅੰਸੀ	--*	--*	1.44	1.77	1.33
ਰੈਵੀਨਿਊ ਪ੍ਰਾਪਤੀਆਂ ਦੇ ਸਬੰਧ ਵਿੱਚ ਰਾਜ ਦੀ ਕਰ ਰੈਵੀਨਿਊ ਬਾਇਅੰਸੀ	--*	0.07	2.22	1.07	7.72

ਸ੍ਰੋਤ: ਰੈਵੀਨਿਊ ਪ੍ਰਾਪਤੀਆਂ ਲਈ ਵਿੱਤ ਲੇਖੇ ਅਤੇ ਜੀ ਐਸ ਡੀ ਪੀ ਦੇ ਅੰਕੜਿਆਂ ਲਈ ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲਾ, ਭਾਰਤ ਸਰਕਾਰ

** ਬਾਇਅੰਸੀ ਰੇਸ਼ੋ ਦੀ ਗਣਨਾ ਨਹੀਂ ਕੀਤੀ ਗਈ ਕਿਉਂਕਿ ਇੱਕ ਵੇਰੀਏਬਲ ਨਕਾਰਾਤਮਕ ਸੀ।*

1 ਬਾਇਅੰਸੀ ਰੇਸ਼ੋ ਮੁਢਲੇ ਵੇਰੀਏਬਲ ਵਿੱਚ ਦਿੱਤੇ ਗਏ ਬਦਲਾਅ ਦੇ ਸਬੰਧ ਵਿੱਚ ਕਿਸੇ ਵਿੱਤੀ ਵੇਰੀਏਬਲ ਦੀ ਪ੍ਰਤੀਕਿਰਿਆ ਦੀ ਡਿਗਰੀ ਨੂੰ ਦਰਸਾਉਂਦੀ ਹੈ।

ਸਾਰਣੀ 2.3 ਦਰਸਾਉਂਦੀ ਹੈ ਕਿ ਰੈਵੀਨਿਊ ਪ੍ਰਾਪਤੀਆਂ 2019-20 ਵਿੱਚ ₹ 61,575 ਕਰੋੜ ਤੋਂ 44.85 *ਪ੍ਰਤੀਸ਼ਤ* ਨਾਲ ਵਧ ਕੇ 2023-24 ਵਿੱਚ ₹ 89,192 ਕਰੋੜ ਹੋ ਗਈਆਂ। ਪੰਜ ਸਾਲ ਦੇ ਸਮੇਂ ਦੌਰਾਨ ਇਹ 9.71 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਵਾਧਾ ਦਰ ਨਾਲ ਵਧੀਆਂ। ਕਰ ਰੈਵੀਨਿਊ ਅਤੇ ਗੈਰ ਕਰ ਰੈਵੀਨਿਊ 2022-23 ਦੀ ਤੁਲਨਾ ਵਿੱਚ 2023-24 ਵਿੱਚ ਕ੍ਰਮਵਾਰ ₹ 8,255 ਕਰੋੜ (13.90 *ਪ੍ਰਤੀਸ਼ਤ*) ਅਤੇ ₹ 1,002 ਕਰੋੜ (16.08 *ਪ੍ਰਤੀਸ਼ਤ*) ਨਾਲ ਵਧੀਆਂ।

ਦੂਜੇ ਪਾਸੇ 2019-20 ਤੋਂ 2023-24 ਦੀ ਮਿਆਦ ਦੌਰਾਨ ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ ਵਿੱਚ 1.95 *ਪ੍ਰਤੀਸ਼ਤ* ਦੀ ਕਮੀ ਆਈ ਹੈ। 2022-23 ਦੇ ਮੁਕਾਬਲੇ 2023-24 ਵਿੱਚ ₹ 7,681 ਕਰੋੜ (34.95 *ਪ੍ਰਤੀਸ਼ਤ*) ਦੀ ਕਮੀ ਆਈ ਹੈ। ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਦੌਰਾਨ ਸਹਾਇਤਾ ਗ੍ਰਾਂਟ ਵਿੱਚ ਕਮੀ ਮੁੱਖ ਤੌਰ ਤੇ ਵੰਡ ਤੋਂ ਬਾਅਦ ਰੈਵੀਨਿਊ ਘਾਟੇ ਦੀ ਗ੍ਰਾਂਟ ਵਿੱਚ ₹ 2,656 ਕਰੋੜ (32.10 *ਪ੍ਰਤੀਸ਼ਤ*) ਦੀ ਕਮੀ ਅਤੇ ਜੀ ਐਸ ਟੀ ਲਾਗੂ ਹੋਣ ਨਾਲ ਹੋਣ ਵਾਲੇ ਰੈਵੀਨਿਊ ਦੇ ਨੁਕਸਾਨ ਲਈ ₹ 4,198 ਕਰੋੜ (55.35 *ਪ੍ਰਤੀਸ਼ਤ*) ਦੇ ਮੁਵਾਅਜੇ ਕਾਰਨ ਹੋਈ ਸੀ, ਜਿਵੇਂ ਕਿ **ਪੈਰਾ 2.3.2.3 (ii)** ਵਿੱਚ ਚਰਚਾ ਕੀਤੀ ਗਈ ਹੈ।

ਜੀ ਐਸ ਡੀ ਪੀ ਦੇ ਸੰਦਰਭ ਵਿੱਚ ਰੈਵੀਨਿਊ ਬਾਇਅੰਸੀ 2020-21 ਵਿੱਚ 17.10 *ਪ੍ਰਤੀਸ਼ਤ* ਤੋਂ ਘਟ ਕੇ 2023-24 ਵਿੱਚ 0.19 *ਪ੍ਰਤੀਸ਼ਤ* ਰਹਿ ਗਿਆ। ਜੀ ਐਸ ਡੀ ਪੀ ਦੇ ਸੰਦਰਭ ਵਿੱਚ ਰਾਜ ਦਾ ਆਪਣਾ ਰੈਵੀਨਿਊ ਬਾਇਅੰਸੀ 2021-22 ਵਿੱਚ 1.44 *ਪ੍ਰਤੀਸ਼ਤ* ਤੋਂ ਘਟ ਕੇ 2023-24 ਵਿੱਚ 1.33 *ਪ੍ਰਤੀਸ਼ਤ* ਰਹਿ ਗਿਆ। ਇਹ ਦਰਸਾਉਂਦੇ ਹਨ ਕਿ ਰੈਵੀਨਿਊ ਇੱਕਤਰ ਕਰਨਾ ਆਰਥਿਕ ਵਿਕਾਸ ਦੇ ਨਾਲ ਤਾਲਮੇਲ ਨਹੀਂ ਰੱਖ ਰਿਹਾ ਸੀ। ਹਾਲਾਂਕਿ, ਰੈਵੀਨਿਊ ਪ੍ਰਾਪਤੀਆਂ ਦੇ ਸਬੰਧ ਵਿੱਚ ਰਾਜ ਦਾ ਕਰ ਰੈਵੀਨਿਊ ਵਾਧਾ 2020-21 ਵਿੱਚ 0.07 *ਪ੍ਰਤੀਸ਼ਤ* ਤੋਂ ਵਧ ਕੇ 2023-24 ਵਿੱਚ 7.72 *ਪ੍ਰਤੀਸ਼ਤ* ਹੋ ਗਿਆ। **ਸਾਰਣੀ 2.4** ਵਿੱਚ ਦਰਸਾਏ ਅਨੁਸਾਰ ਐਸ ਜੀ ਐਸ ਟੀ ਅਤੇ ਰਾਜ ਆਬਕਾਰੀ ਅਧੀਨ ਪ੍ਰਾਪਤੀਆਂ ਵਿੱਚ ਵੱਡਾ ਵਾਧਾ ਹੋਇਆ ਹੈ। ਆਪਣੇ ਕਰ ਰੈਵੀਨਿਊ ਅਤੇ ਗੈਰ-ਕਰ ਰੈਵੀਨਿਊ ਦੇ ਭਾਗਾਂ ਦੇ ਰੁਝਾਨਾਂ ਬਾਰੇ ਕ੍ਰਮਵਾਰ **ਪੈਰ੍ਹਾ 2.3.2.2 (i)** ਅਤੇ **2.3.2.2 (ii)** ਵਿੱਚ ਚਰਚਾ ਕੀਤੀ ਗਈ ਹੈ।

ਰੈਵੀਨਿਊ ਪ੍ਰਾਪਤੀਆਂ ਵਿਚਲੇ ਰੁਝਾਨਾਂ ਨੂੰ **ਚਾਰਟ 2.4** ਵਿੱਚ ਦਰਸਾਇਆ ਗਿਆ ਹੈ।

ਚਾਰਟ 2.4: ਰੈਵੀਨਿਊ ਪ੍ਰਾਪਤੀਆਂ ਦੇ ਰੁਝਾਨ



ਸ੍ਰੋਤ: ਵਿੱਤ ਲੇਖੇ

ਰੈਵੀਨਿਊ ਪ੍ਰਾਪਤੀਆਂ ਦੀ ਕੰਪੋਜੀਸ਼ਨ ਦੇ ਰੁਝਾਨ **ਚਾਰਟ 2.5** ਵਿੱਚ ਦਿੱਤੇ ਗਏ ਹਨ।

ਚਾਰਟ 2.5: ਰੈਵੀਨਿਊ ਪ੍ਰਾਪਤੀਆ ਦੇ ਭਾਗਾਂ ਦਾ ਰੁਝਾਨ



ਸ੍ਰੋਤ: ਵਿੱਤ ਲੇਖੇ

2.3.2.2 ਰਾਜ ਦੇ ਆਪਣੇ ਸਾਧਨ

(i) ਆਪਣਾ ਕਰ ਰੈਵੀਨਿਊ

ਰਾਜ ਦੇ ਆਪਣੇ ਕਰ ਰੈਵੀਨਿਊ ਵਿੱਚ ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ), ਰਾਜ ਆਬਕਾਰੀ, ਵਾਹਨਾਂ ਤੇ ਕਰ, ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ, ਭੌਂ ਮਾਲੀਆ, ਵਸਤਾਂ ਅਤੇ ਯਾਤਰੀਆਂ 'ਤੇ ਕਰ, ਆਦਿ ਸ਼ਾਮਲ ਹਨ।

ਸਾਲ 2019-2024 ਦੇ ਸਮੇਂ ਦੌਰਾਨ ਆਪਣੇ ਕਰ ਰੈਵੀਨਿਊ ਦੇ ਰੁਝਾਨ ਅਤੇ ਇਸਦੇ ਭਾਗਾਂ ਦੇ ਵਿਸ਼ਲੇਸ਼ਣ ਕ੍ਰਮਵਾਰ **ਚਾਰਟ 2.6** ਅਤੇ **ਸਾਰਣੀ 2.4** ਵਿੱਚ ਦਰਸਾਏ ਗਏ ਹਨ।

ਚਾਰਟ 2.6: ਸਾਲ 2019-2024 ਦੌਰਾਨ ਆਪਣੇ ਕਰ ਰੈਵੀਨਿਊ ਦੇ ਰੁਝਾਨ



ਸ੍ਰੋਤ: ਵਿੱਤ ਲੇਖੇ

ਸਾਰਣੀ 2.4: ਰਾਜ ਦੇ ਆਪਣੇ ਕਰ ਰੈਵੀਨਿਊ ਦੇ ਭਾਗ

(₹ ਕਰੋੜ ਵਿੱਚ)

ਰੈਵੀਨਿਊ ਮੱਦ	2019-20	2020-21	2021-22	2022-23	2023-24	ਸਪਾਰਕਲਾਈਨ
ਵਿਕਰੀ, ਵਪਾਰ ਆਦਿ 'ਤੇ ਕਰ	5,223	5,372	6,869	5,637	6,501	
ਐਸ ਜੀ ਐਸ ਟੀ	12,751	11,819	15,542	18,128	20,925	
ਰਾਜ ਆਬਕਾਰੀ	4,865	6,164	6,157	8,437	9,233	
ਵਾਹਨਾਂ 'ਤੇ ਕਰ	1,994	1,472	2,359	2,674	2,938	
ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ	2,258	2,470	3,308	4,227	4,359	
ਭੰ ਰੈਵੀਨਿਊ	66	68	84	93	97	
ਵਸਤਾਂ ਅਤੇ ਯਾਤਰੀਆਂ 'ਤੇ ਕਰ	0	3	0	0	0*	
ਹੋਰ ਕਰ	2,838	2,685	3,008	3,047	3,199	
ਜੋੜ	**29,995**	**30,053**	**37,327**	**42,243**	**47,252**	

*ਸ੍ਰੋਤ: ਵਿੱਤ ਲੇਖੇ (* ਇਹ ਰਾਸ਼ੀ ₹ 0.08 ਕਰੋੜ ਹੈ)*

ਕੁੱਲ ਆਪਣੇ ਕਰ ਰੈਵੀਨਿਊ ਵਿੱਚ ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ₹ 5,009 ਕਰੋੜ (11.86 *ਪ੍ਰਤੀਸ਼ਤ*) ਦਾ ਵਾਧਾ ਹੋਇਆ। ਮੁੱਖ ਵਾਧਾ ਐਸ ਜੀ ਐਸ ਟੀ (₹ 2,797 ਕਰੋੜ), ਵਿਕਰੀਆਂ, ਵਪਾਰ ਆਦਿ ਤੇ ਕਰ (₹ 864 ਕਰੋੜ) ਰਾਜ ਆਬਕਾਰੀ (₹ 796 ਕਰੋੜ), ਵਾਹਨਾਂ ਤੇ ਕਰ (₹ 264 ਕਰੋੜ), ਹੋਰ ਕਰ (₹ 152 ਕਰੋੜ) ਅਤੇ ਸਟੈਂਪ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ (₹ 132 ਕਰੋੜ) ਵਿੱਚ ਸੀ।

(ੳ) ਰਾਜ ਵਸਤਾਂ ਅਤੇ ਸੇਵਾਵਾਂ ਕਰ (ਐਸ ਜੀ ਐਸ ਟੀ)

ਆਰ ਬੀ ਆਈ ਦੀਆਂ ਕਿਤਾਬਾਂ ਅਨੁਸਾਰ, 2023-24 ਦੌਰਾਨ ਐਸ ਜੀ ਐਸ ਟੀ ਪ੍ਰਾਪਤੀਆਂ ਦੀ ਰਾਸ਼ੀ ₹ 8,405.43 ਕਰੋੜ ਸੀ ਜਦੋਂਕਿ ਵਿੱਤ ਲੇਖਿਆਂ ਅਨੁਸਾਰ ਐਸ ਜੀ ਐਸ ਟੀ ਪ੍ਰਾਪਤੀਆਂ ਦੀ ਰਾਸ਼ੀ ₹ 7,224.43 ਕਰੋੜ ਸੀ। ₹ 1,181.00 ਕਰੋੜ ਦਾ ਅੰਤਰ ਰਾਜ ਦੀ ਤਰਫੋਂ ਕੇਂਦਰ ਵੱਲੋਂ ਕਰਦਾਤਾਵਾਂ ਨੂੰ ਕੀਤੇ ਗਏ ਐਸ ਜੀ ਐਸ ਟੀ ਰਿਫੰਡ (₹ 1,182.72 ਕਰੋੜ), ਰਾਜ ਸਰਕਾਰ ਵੱਲੋਂ ਕੀਤੇ ਗਏ ਰਿਫੰਡ (₹ 59.09 ਕਰੋੜ) ਲਈ ਰਾਜ ਤੋਂ ਵਸੂਲੀ ਕਾਰਨ ਅਤੇ 2020-2023 ਦੌਰਾਨ ਭਾਰਤ ਸਰਕਾਰ ਤੋਂ ਪ੍ਰਾਪਤ ਇੰਟਰ ਹੈੱਡ ਟ੍ਰਾਂਸਫਰ (₹ 60.81 ਕਰੋੜ) ਦੇ ਕਾਰਨ ਐਡਜਸਟਮੈਂਟ ਸੀ।

(ਅ) ਜੀ ਐਸ ਟੀ ਪ੍ਰਾਪਤੀਆਂ ਦੀ ਲੇਖਾ ਪ੍ਰੀਖਿਆ

ਭਾਰਤ ਸਰਕਾਰ ਦੇ ਜੀ ਐਸ ਟੀ ਐਨ ਪਰਿਸਰ ਵਿਖੇ ਪੈਨ-ਇੰਡੀਆ ਡਾਟਾ ਨੂੰ ਪਹੁੰਚ ਮੁਹੱਈਆ ਕਰਵਾਉਣ ਲਈ ਫੈਸਲੇ ਬਾਰੇ 22 ਜੂਨ 2020 ਨੂੰ ਸੂਚਨਾ ਦਿੱਤੀ ਗਈ ਸੀ। ਪੰਜਾਬ ਜੋਕਿ ਮਾਡਲ-II ਰਾਜ[2] ਹੈ, ਦੇ ਮਾਮਲੇ ਵਿੱਚ ਦਸੰਬਰ 2020 ਵਿੱਚ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ)

2 ਰਾਜ ਜਿਸਨੇ ਜੀ ਐਸ ਟੀ ਐਨ ਦੁਆਰਾ ਬੈਕਐਂਡ ਪ੍ਰਣਾਲੀ ਦੇ ਵਿਕਾਸ ਦੀ ਚੋਣ ਕੀਤੀ ਹੈ।

ਪੰਜਾਬ ਦੇ ਦਫਤਰ ਨੂੰ ਬੈਕ ਐਂਡ ਐਪਲੀਕੇਸ਼ਨ ਤੱਕ ਰੋਲ-ਅਧਾਰਤ ਪਹੁੰਚ ਮੁਹੱਈਆ ਕਰਵਾਈ ਗਈ ਸੀ। ਪ੍ਰੰਤੂ, ਇਹ ਪਹੁੰਚ ਸਿਰਫ ਜੀ ਐਸ ਟੀ ਐਨ ਦੇ ਪਰਿਸਰ ਤੱਕ ਹੀ ਸੀਮਤ ਸੀ।

(ਏ) ਰੈਵੀਨਿਊ ਦੇ ਬਕਾਇਆਂ ਅਤੇ ਨਿਰਧਾਰਣ ਦੇ ਬਕਾਇਆਂ ਦਾ ਵਿਸ਼ਲੇਸ਼ਣ

ਰੈਵੀਨਿਊ ਦੇ ਬਕਾਏ, ਸਰਕਾਰ ਨੂੰ ਦੇਣੀ ਬਣਦੀ ਰੈਵੀਨਿਊ ਦੀ ਪ੍ਰਾਪਤੀ ਵਿੱਚ ਦੇਰੀ ਦਾ ਸੰਕੇਤ ਦਿੰਦੇ ਹਨ। ਇਸੇ ਤਰ੍ਹਾਂ, ਨਿਰਧਾਰਣ ਦੇ ਬਕਾਏ ਉਸ ਸੰਭਾਵਿਤ ਰੈਵੀਨਿਊ ਦਾ ਸੰਕੇਤ ਦਿੰਦੇ ਹਨ ਜੋ ਕਿ ਦੇਰੀ ਨਾਲ ਕੀਤੀ ਗਈ ਨਿਰਧਾਰਣ ਕਾਰਨ ਬਲਾਕ ਹੋ ਜਾਂਦੀ ਹੈ। ਦੋਵੇਂ ਤਰਾਂ ਦੇ ਮਾਮਲੇ ਰਾਜ ਨੂੰ ਸੰਭਾਵੀ ਰੈਵੀਨਿਊ ਪ੍ਰਾਪਤੀਆਂ ਤੋਂ ਵਾਂਝਾ ਕਰਦੇ ਹਨ, ਜਿਸਦਾ ਕਿ ਅੰਤ ਵਿੱਚ ਰੈਵੀਨਿਊ ਘਾਟੇ ਤੇ ਅਸਰ ਪੈਂਦਾ ਹੈ।

ਰੈਵੀਨਿਊ ਦੇ ਬਕਾਏ

31 ਮਾਰਚ 2024 ਨੂੰ ਰੈਵੀਨਿਊ ਦੀਆਂ ਪ੍ਰਮੁੱਖ ਮੱਦਾਂ ਦੇ ਸਬੰਧ ਵਿੱਚ ਰੈਵੀਨਿਊ ਦੇ ਬਕਾਏ ₹ 23,167.70 ਕਰੋੜ ਸਨ, ਜਿਸਦੇ ਵਿੱਚੋਂ ₹ 9,518.89 ਕਰੋੜ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਸਨ, ਜਿਵੇਂ ਕਿ **ਸਾਰਣੀ 2.5** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.5: ਰੈਵੀਨਿਊ ਦੇ ਬਕਾਏ

(₹ ਕਰੋੜ ਵਿੱਚ)

ਲੜੀ ਨੰ.	ਰੈਵੀਨਿਊ ਦੀ ਮੱਦ	31 ਮਾਰਚ 2024 ਨੂੰ ਬਕਾਇਆ ਰਾਸ਼ੀ	31 ਮਾਰਚ 2024 ਨੂੰ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਰਾਸ਼ੀ
1.	ਵਿਕਰੀ, ਵਪਾਰ, ਆਦਿ 'ਤੇ ਕਰ/ਵੈਟ	18,617.38	8,945.99
2.	ਵਸਤਾਂ ਅਤੇ ਸੇਵਾਵਾਂ ਕਰ#	3,697.99	116.78
3.	ਰਾਜ ਆਬਕਾਰੀ	355.32	350.88
4.	ਵਾਹਨਾਂ ਤੇ ਕਰ	255.46	105.24
5.	ਭੰਨੈ ਰੈਵੀਨਿਊ	241.55	0.003
6.	ਅਸ਼ਟਾਮ ਅਤੇ ਰਜਿਸਟ੍ਰੇਸ਼ਨ ਫੀਸ	ਐਨ ਏ	ਐਨ ਏ
ਜੋੜ		**23,167.70**	**9,518.89**

ਸ੍ਰੋਤ: ਵਿਭਾਗੀ ਸੂਚਨਾ

ਐਨ ਏ = ਉਪਲਬਧ ਨਹੀਂ, ਕਿਉਂਕਿ ਵਿਭਾਗ ਦੁਆਰਾ ਲੋੜੀਂਦੀ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਗਈ ਸੀ।

ਨਿਰਧਾਰਣ ਵਿੱਚ ਬਕਾਏ

ਸਾਲ ਦੇ ਆਰੰਭ ਵਿੱਚ ਵਿਕਰੀ ਕਰ/ਵੈਟ ਅਤੇ ਜੀ ਐਸ ਟੀ ਨਾਲ ਸਬੰਧਤ ਬਕਾਇਆ ਮਾਮਲਿਆਂ, ਸਾਲ ਦੌਰਾਨ ਨਿਰਧਾਰਣ ਲਈ ਡਿਊ ਹੋਏ ਮਾਮਲਿਆਂ, ਸਾਲ ਦੌਰਾਨ ਨਿਪਟਾਏ ਗਏ ਮਾਮਲਿਆਂ ਅਤੇ ਸਾਲ ਦੇ ਅੰਤ ਤੇ ਅੰਤਿਮ ਰੂਪ ਦੇਣ ਲਈ ਬਕਾਇਆ ਮਾਮਲਿਆਂ ਦੀ ਗਿਣਤੀ ਬਾਰੇ ਸੂਚਨਾ, ਜਿਵੇਂ ਕਿ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਭੇਜੀ ਗਈ ਹੈ, **ਸਾਰਣੀ 2.6** ਵਿੱਚ ਦਰਸਾਈ ਗਈ ਹੈ।

ਸਾਰਣੀ 2.6: ਨਿਰਧਾਰਣ ਦੇ ਬਕਾਏ

ਲੜੀ ਨੰ.	ਰੈਵੀਨਿਊ ਦੀ ਮੱਦ	2023-24 ਦੇ ਆਰੰਭ ਵਿੱਚ ਬਕਾਇਆ ਮਾਮਲੇ	2023-24 ਦੌਰਾਨ ਨਿਰਧਾਰਣ ਲਈ ਡਿਊ ਹੋਏ ਨਵੇਂ ਮਾਮਲੇ	ਨਿਰਧਾਰਣ ਲਈ ਡਿਊ ਕੁੱਲ ਮਾਮਲੇ	2023-24 ਦੌਰਾਨ ਨਿਪਟਾਏ ਗਏ ਮਾਮਲੇ	ਸਾਲ ਦੇ ਅੰਤ ਤੇ ਬਕਾਇਆ	ਨਿਪਟਾਰੇ ਦੀ ਪ੍ਰਤੀਸ਼ਤਤਾ
1.	ਵਿਕਰੀ, ਵਪਾਰ, ਆਦਿ 'ਤੇ ਕਰ/ਵੈਟ	32,953*	14,502	47,455	21,037	26,418	44.33

ਸ੍ਰੋਤ: ਵਿਭਾਗੀ ਸੂਚਨਾ

** ਵਿਭਾਗ ਤੋਂ ਪ੍ਰਾਪਤ ਸੋਧੇ ਹੋਏ ਅੰਕੜਿਆਂ ਕਾਰਨ 2022-23 ਦੇ ਅੰਤਿਮ ਬਕਾਇਆ ਤੋਂ ਮੁੱਢਲੇ ਬਕਾਇਆ ਦਾ 231 ਮਾਮਲਿਆਂ ਦਾ ਅੰਤਰ ਹੈ।*

ਸਾਲ 2023-24 ਦੇ ਅੰਤ ਤੇ 26,418 ਮਾਮਲਿਆਂ ਦੀ ਤੁਲਨਾ ਵਿੱਚ, 2019-24 ਦੌਰਾਨ ਸਬੰਧਤ ਵੱਖ-ਵੱਖ ਸਾਲਾਂ ਦੇ ਅੰਤ ਤੇ ਬਕਾਇਆ ਮਾਮਲਿਆਂ ਦੀ ਸੰਖਿਆ 72,667 (2019-20); 44,577 (2020-21); 32,624 (2021-22); 32,953 (2022-23) ਸੀ। ਇਸ ਸਮੇਂ ਦੌਰਾਨ ਨਿਪਟਾਰਾ ਕੀਤੇ ਗਏ ਮਾਮਲੇ 30.94 *ਪ੍ਰਤੀਸ਼ਤ* ਅਤੇ 64.37 *ਪ੍ਰਤੀਸ਼ਤ* ਦੀ ਰੇਂਜ ਦੇ ਵਿਚਕਾਰ ਸਨ।

(ਸ) ਵਿਭਾਗ ਵੱਲੋਂ ਪਕੜੀ ਗਈ ਕਰ ਚੋਰੀ, ਰਿਫੰਡ ਮਾਮਲਿਆਂ, ਆਦਿ ਦੇ ਵੇਰਵੇ

ਕਰ ਚੋਰੀ ਦੇ ਪਕੜੇ ਗਏ ਮਾਮਲੇ, ਅੰਤਿਮ ਤੌਰ ਤੇ ਨਿਪਟਾਏ ਗਏ ਮਾਮਲੇ ਅਤੇ ਵਧੀਕ ਕਰ ਲਈ ਕੀਤੀਆਂ ਗਈਆਂ ਮੰਗਾਂ, ਰਾਜ ਸਰਕਾਰ ਦੇ ਰੈਵੀਨਿਊ ਇਕੱਠੇ ਕਰਨ ਦੇ ਯਤਨਾਂ ਦਾ ਮਹੱਤਵਪੂਰਣ ਸੂਚਕ ਹਨ। ਰਿਫੰਡ ਮਾਮਲਿਆਂ ਦਾ ਤੁਰੰਤ ਨਿਪਟਾਰਾ ਕਰਨਾ, ਸਬੰਧਤ ਵਿਭਾਗ ਦੀ ਕਾਰਗੁਜ਼ਾਰੀ ਦਾ ਇੱਕ ਮਹਤੱਵਪੂਰਣ ਸੂਚਕ ਹੈ।

ਸਾਲ 2023-24 ਦੌਰਾਨ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਕਰ ਚੋਰੀ ਦੇ ਪਕੜੇ ਗਏ ਮਾਮਲੇ, ਅੰਤਿਮ ਤੌਰ ਤੇ ਨਿਪਟਾਏ ਗਏ ਮਾਮਲੇ, ਹੋਰ ਕਰ ਲਈ ਕੀਤੀ ਗਈ ਮੰਗ ਦੇ ਵੇਰਵੇ **ਸਾਰਣੀ 2.7** ਵਿੱਚ ਦਰਸਾਏ ਗਏ ਹਨ। ਰਿਫੰਡ ਮਾਮਲਿਆਂ ਦੇ ਵੇਰਵੇ ਜਿਵੇਂ ਕਿ ਸਬੰਧਤ ਵਿਭਾਗਾਂ ਵੱਲੋਂ ਰਿਪੋਰਟ ਕੀਤੇ ਗਏ ਹਨ, **ਸਾਰਣੀ 2.8** ਵਿੱਚ ਦਰਸਾਏ ਗਏ ਹਨ।

ਸਾਰਣੀ 2.7: ਪਕੜੀ ਗਈ ਕਰ ਚੋਰੀ

ਲੜੀ ਨੰ.	ਰੈਵੀਨਿਊ ਦੀ ਮੱਦ	31 ਮਾਰਚ 2023 ਨੂੰ ਬਕਾਇਆ ਮਾਮਲੇ	2023-24 ਦੌਰਾਨ ਪਕੜੇ ਗਏ ਮਾਮਲੇ	ਜੋੜ	ਮਾਮਲਿਆਂ ਦੀ ਗਿਣਤੀ ਜਿਨ੍ਹਾਂ ਵਿੱਚ ਅਸੈਸਮੈਂਟ /ਜਾਂਚ ਮੁਕੰਮਲ ਹੋਈ ਅਤੇ ਦੰਡ ਆਦਿ ਸਮੇਤ ਵਧੀਕ ਮੰਗ ਕੀਤੀ ਗਈ		31 ਮਾਰਚ 2024 ਨੂੰ ਅੰਤਿਮ ਨਿਪਟਾਰਾ ਹੋਣ ਨੂੰ ਰਹਿੰਦੇ ਮਾਮਲਿਆਂ ਦੀ ਗਿਣਤੀ
					ਮਾਮਲਿਆਂ ਦੀ ਗਿਣਤੀ	ਮੰਗ ਦੀ ਰਾਸ਼ੀ (₹ ਕਰੋੜ ਵਿੱਚ)	
1.	ਵਸਤਾਂ ਅਤੇ ਸੇਵਾਵਾਂ ਕਰ	97	113	210	154	57.34	56

ਸ੍ਰੋਤ: ਵਿਭਾਗੀ ਸੂਚਨਾ

ਸਾਰਣੀ 2.8: ਰਿਫੰਡ ਮਾਮਲਿਆਂ ਦੇ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਵੇਰਵੇ	ਜੀ ਐਸ ਟੀ		ਵਿਕਰੀ ਕਰ/ਵੈਟ		ਰਾਜ ਆਬਕਾਰੀ		ਵਾਹਨਾਂ 'ਤੇ ਕਰ	
		ਮਾਮਲਿਆਂ ਦੀ ਗਿਣਤੀ	ਰਾਸ਼ੀ	ਮਾਮਲਿਆਂ ਦੀ ਗਿਣਤੀ	ਰਾਸ਼ੀ	ਮਾਮਲਿਆਂ ਦੀ ਗਿਣਤੀ	ਰਾਸ਼ੀ	ਮਾਮਲਿਆਂ ਦੀ ਗਿਣਤੀ	ਰਾਸ਼ੀ
1.	ਸਾਲ ਦੇ ਸ਼ੁਰੂ ਵਿੱਚ ਬਕਾਇਆ ਪਏ ਕਲੇਮ	1,717	690.38	270	48.38*	212#	27.36#	0	0
2.	ਸਾਲ ਦੌਰਾਨ ਪ੍ਰਾਪਤ ਹੋਏ ਕਲੇਮ	9,835	2,274.81	1034	98.00	26	4.44	0	0
3.	ਸਾਲ ਦੌਰਾਨ ਕੀਤੇ ਗਏ ਰਿਫੰਡ	8,775	1,666.55	894	80.65	2	1	0	0
4.	ਸਾਲ ਦੌਰਾਨ ਰੱਦ ਕੀਤੇ ਗਏ ਰਿਫੰਡ	1,350	470.16	168	21.24	0	0	0	0
5.	ਸਾਲ ਦੇ ਅੰਤ ਵਿੱਚ ਪਿਆ ਬਕਾਇਆ	1,427	828.48	242	44.49	236	30.80	0	0

ਸ੍ਰੋਤ: ਵਿਭਾਗੀ ਸੂਚਨਾ

**ਵਿਭਾਗ ਵੱਲੋਂ ਇੱਕ ਜ਼ਿਲ੍ਹੇ ਦੇ ਸਬੰਧ ਵਿੱਚ ਜਾਣਕਾਰੀ ਵਿੱਚ ਸੁਧਾਰ ਕਾਰਨ 2022-23 ਦੇ ਅੰਤਿਮ ਬਕਾਇਆ ਤੋਂ ਅੰਤਰ ਹੈ।*

 # ਵਿਭਾਗ ਵੱਲੋਂ ਦੋ ਜ਼ਿਲ੍ਹੇਆਂ ਦੇ ਸਬੰਧ ਵਿੱਚ ਜਾਣਕਾਰੀ ਵਿੱਚ ਸੁਧਾਰ ਕਾਰਨ 2022-23 ਦੇ ਅੰਤਿਮ ਬਕਾਇਆ ਤੋਂ ਅੰਤਰ ਹੈ।

(ii) ਗੈਰ-ਕਰ ਰੈਵੀਨਿਓ

ਗੈਰ-ਕਰ ਰੈਵੀਨਿਊ ਵਿੱਚ ਵਿਆਜ ਪ੍ਰਾਪਤੀਆਂ, ਲਾਭ-ਅੰਸ਼ ਅਤੇ ਲਾਭ, ਖਣਨ ਪ੍ਰਾਪਤੀਆਂ, ਵਿਭਾਗੀ ਪ੍ਰਾਪਤੀਆਂ, ਆਦਿ ਸ਼ਾਮਲ ਹਨ। ਰਾਜ ਦੇ ਗੈਰ-ਕਰ ਰੈਵੀਨਿਊ ਦੇ ਭਾਗਾਂ ਵਿੱਚ 2019-2024 ਦੌਰਾਨ ਰੁਝਾਨਾਂ ਨੂੰ **ਸਾਰਣੀ 2.9** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.9: ਰਾਜ ਦੀ ਗੈਰ-ਕਰ ਰੈਵੀਨਿਊ ਦੇ ਭਾਗ

(₹ ਕਰੋੜ ਵਿੱਚ)

ਰੈਵੀਨਿਊ ਮੱਦ	2019-20	2020-21	2021-22	2022-23	2023-24	ਸਪਾਰਕਲਾਈਨ
ਵਿਆਜ ਪ੍ਰਾਪਤੀਆਂ	2,106	144	181	243	278	
ਲਾਭ-ਅੰਸ਼ ਅਤੇ ਲਾਭ	4	1	7	3	4	
ਹੋਰ ਗੈਰ-ਕਰ ਪ੍ਰਾਪਤੀਆਂ	4,544	4,007	4,596	5,986	6,952	
ੳ) ਵੱਡੀ ਅਤੇ ਦਰਮਿਆਨੀ ਸਿੰਜਾਈ	92	92	108	134	261	
ਅ) ਸੜਕ ਟਰਾਂਸਪੋਰਟ	176	110	100	69	98	
ੲ) ਸ਼ਹਿਰੀ ਵਿਕਾਸ	45	50	92	134	122	
ਸ) ਸਿੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ	196	138	155	327	310	
ਹ) ਗੈਰ-ਲੋਹ ਖਣਨ	91	121	137	249	289	
ਕ) ਪੈਨਸ਼ਨ ਅਤੇ ਹੋਰ ਸੇਵਾ ਨਿਵਿਰਤੀ ਲਾਭ	122	210	148	159	121	
ਖ) ਫੁਟਕਲ ਆਮ ਸੇਵਾਵਾਂ	2,744	2,208	2,376	2,828	4,060	
ਗ) ਹੋਰ ਜਾਂ ਫੁਟਕਲ	1,078	1,078	1,480	2,086	1,691	
ਜੋੜ	**6,654**	**4,152**	**4,784**	**6,232**	**7,234**	

ਸ੍ਰੋਤ: ਵਿੱਤ ਲੇਖੇ

ਸਾਲ 2023-24 ਦੌਰਾਨ ਪਿਛਲੇ ਸਾਲ ਨਾਲੋਂ ਕੁੱਲ ਗੈਰ-ਕਰ ਰੈਵੀਨਿਊ ਵਿੱਚ ₹ 1,002 ਕਰੋੜ (16.08 *ਪ੍ਰਤੀਸ਼ਤ*) ਦਾ ਵਾਧਾ ਸੀ ਜੋ ਕਿ ਮੁੱਖ ਤੌਰ ਤੇ ਵਿਆਜ ਪ੍ਰਾਪਤੀਆਂ ਵਿੱਚ ₹ 35 ਕਰੋੜ ਅਤੇ ਹੋਰ ਗੈਰ-ਕਰ ਪ੍ਰਾਪਤੀਆਂ ਵਿੱਚ ₹ 966 ਕਰੋੜ ਦਾ ਵਾਧਾ ਸੀ। ਹੋਰ ਗੈਰ-ਕਰ ਪ੍ਰਾਪਤੀਆਂ ਵਿੱਚ ਵਾਧਾ ਮੁੱਖ ਤੌਰ 'ਤੇ ਫੁਟਕਲ ਆਮ ਸੇਵਾਵਾਂ (₹ 1,232 ਕਰੋੜ), ਪ੍ਰਮੁੱਖ ਅਤੇ ਦਰਮਿਆਨੀ ਸਿੰਚਾਈ (₹ 127 ਕਰੋੜ) ਅਧੀਨ ਹੋਇਆ ਸੀ, ਜਿਸ ਦੀ ਪੂਰਤੀ ਅੰਸ਼ਕ ਤੌਰ ਤੇ ਹੋਰ

ਜਾਂ ਫੁਟਕਲ (₹ 395 ਕਰੋੜ) ਵਿੱਚ ਕਮੀ ਨਾਲ ਕੀਤੀ ਗਈ ਸੀ। ਫੁਟਕਲ ਆਮ ਸੇਵਾਵਾਂ ਵਿੱਚ ਵਾਧਾ ਮੁੱਖ ਤੌਰ ਤੇ ਹੋਰ ਪ੍ਰਾਪਤੀਆਂ (₹ 1,520 ਕਰੋੜ) ਵਿੱਚ ਵਾਧੇ ਕਾਰਨ ਹੋਇਆ ਸੀ ਜੋ ਰਾਜ ਲਾਟਰੀਆਂ (₹ 275 ਕਰੋੜ) ਵਿੱਚ ਕਮੀ ਕਾਰਨ ਅੰਸ਼ਕ ਤੌਰ ਤੇ ਸਥਾਪਤ ਕੀਤਾ ਗਿਆ ਸੀ।

2.3.2.3 ਕੇਂਦਰ ਤੋਂ ਟਰਾਂਸਫਰਾਂ

ਕੇਂਦਰ ਤੋਂ ਪਿਛਲੇ ਦਸ ਸਾਲਾਂ ਲਈ ਟਰਾਂਸਫਰਾਂ ਵਿੱਚ ਰੁਝਾਨਾਂ ਨੂੰ **ਚਾਰਟ 2.7** ਵਿੱਚ ਦਰਸਾਇਆ ਗਿਆ ਹੈ।

ਚਾਰਟ 2.7: ਕੇਂਦਰ ਤੋਂ ਟਰਾਂਸਫਰਾਂ ਵਿੱਚ ਰੁਝਾਨ



ਸ੍ਰੋਤ: ਵਿੱਤ ਲੇਖੇ

(i) ਕੇਂਦਰੀ ਕਰ ਟਰਾਂਸਫਰ

14ਵੇਂ ਵਿੱਤ ਕਮਿਸ਼ਨ ਅਤੇ 15ਵੇਂ ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਸਾਲ 2015-16 ਤੋਂ 2023-24 ਦੇ ਸਮੇਂ ਦੌਰਾਨ ਰਾਜ ਸਰਕਾਰ ਨੂੰ ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚੋਂ ਜਾਰੀ ਹੋਏ ਅਸਲ ਹਿੱਸੇ ਨੂੰ **ਸਾਰਣੀ 2.10** ਵਿੱਚ ਸਾਰਣੀਬੱਧ ਕੀਤਾ ਗਿਆ ਹੈ।

ਸਾਰਣੀ 2.10: ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ਹਿੱਸਾ:ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਅਸਲ ਵੰਡ

(₹ ਕਰੋੜ ਵਿੱਚ)

ਸਾਲ	ਵਿੱਤ ਕਮਿਸ਼ਨ ਦੀਆਂ ਪ੍ਰੋਜੈਕਸ਼ਨਾਂ	ਵਿੱਤ ਕਮਿਸ਼ਨ ਅਨੁਸਾਰ ਪ੍ਰੋਜੈਕਸ਼ਨਾਂ	ਅਸਲ ਕਰ ਵੰਡ	ਅੰਤਰ
1	2	3	4	5 (4-3)
2015-16	ਸੇਵਾ ਕਰ ਨੂੰ ਛੱਡ ਕੇ ਸਾਰੇ ਵੰਡਣ ਯੋਗ ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.577 *ਪ੍ਰਤੀਸ਼ਤ* ਅਤੇ ਵੰਡਣਯੋਗ ਸੇਵਾ ਕਰ ਦੀਆਂ ਨਿਰੋਲ ਪ੍ਰਾਪਤੀਆਂ ਦਾ 1.589 *ਪ੍ਰਤੀਸ਼ਤ* (14ਵੇਂ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ)	9,146	8,009	(-)1,137
2016-17		10,554	9,600	(-)954
2017-18		12,194	10,617	(-)1,577
2018-19		14,108	12,005	(-)2,103
2019-20		16,340	10,346	(-)5,994
2020-21	ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.788 *ਪ੍ਰਤੀਸ਼ਤ* (ਵੰਡਣਯੋਗ ਪੂਲ) (15ਵੇਂ ਐਫ ਸੀ ਦੀਆਂ ਸਿਫਾਰਸ਼ਾਂ ਅਨੁਸਾਰ)	15,291	10,638	(-)4,653
2021-22	ਕਰਾਂ ਦੀਆਂ ਨਿਰੋਲ ਪ੍ਰਾਪਤੀਆਂ ਦਾ 1.807 *ਪ੍ਰਤੀਸ਼ਤ* (ਵੰਡਣਯੋਗ ਪੂਲ) (15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ)	11,901	15,289	(+)3,388
2022-23		13,239	17,164	(+)3,925
2023-24		14,897	20,410	(+)5,513

ਸ੍ਰੋਤ: 14ਵੇਂ ਐਫ ਸੀ, 15ਵੇਂ ਐਫ ਸੀ ਦੀਆਂ ਰਿਪੋਰਟਾਂ ਅਤੇ ਵਿੱਤ ਲੇਖੇ

ਕੇਂਦਰੀ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਸਰਕਾਰ ਦਾ ਹਿੱਸਾ, ਪਿਛਲੇ ਸਾਲ ਦੇ ਮੁਕਾਬਲੇ ਸਾਲ 2023-24 ਦੌਰਾਨ ₹ 3,246 ਕਰੋੜ (18.91 *ਪ੍ਰਤੀਸ਼ਤ*) ਨਾਲ ਵਧੀਆਂ।

15ਵੇਂ ਵਿੱਤ ਕਮਿਸ਼ਨ (2020-2026) ਦੇ ਸਮੇਂ ਦੇ ਪਹਿਲੇ ਦੋ ਸਾਲਾਂ (2020-2024) ਦੌਰਾਨ ਕਰਾਂ ਅਤੇ ਡਿਊਟੀਆਂ ਵਿੱਚ ਰਾਜ ਦਾ ₹ 63,501 ਕਰੋੜ ਦਾ ਹਿੱਸਾ 14ਵੇਂ ਵਿੱਤ ਕਮਿਸ਼ਨ ਦੌਰਾਨ (2015-2020) ਕੁੱਲ ਹਿੱਸੇ ਦਾ 125.55 *ਪ੍ਰਤੀਸ਼ਤ* ਸੀ।

ਕੇਂਦਰੀ ਕਰ ਟਰਾਂਸਫਰਾਂ ਦੇ ਭਾਗਾਂ ਵਿੱਚ ਰੁਝਾਨਾਂ ਨੂੰ **ਸਾਰਣੀ 2.11** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.11: ਕੇਂਦਰੀ ਕਰ ਟਰਾਂਸਫਰਾਂ

(₹ ਕਰੋੜ ਵਿੱਚ)

ਮੱਦ	2019-20	2020-21	2021-22	2022-23	2023-24
ਕੇਂਦਰੀ ਵਸਤਾਂ ਅਤੇ ਸੇਵਾਵਾਂ ਕਰ (ਸੀ ਜੀ ਐਸ ਟੀ)	2,935.85	3,179.01	4,580.49	4,848.76	6,194.17
ਕਾਰਪੋਰੇਸ਼ਨ ਕਰ	3,527.47	3,197.28	4,161.71	5,757.06	6,126.11
ਕਾਰਪੋਰੇਸ਼ਨ ਕਰ ਤੋਂ ਇਲਾਵਾ ਆਮਦਨ 'ਤੇ ਕਰ	2,764.01	3,276.09	4,714.62	5,616.52	7,074.91
ਕਸਟਮਜ਼	655.78	576.80	1,091.09	674.54	715.25
ਕੇਂਦਰੀ ਆਬਕਾਰੀ ਡਿਊਟੀਆਂ	455.97	359.30	557.39	211.69	270.66
ਸੇਵਾ ਕਰ	--	42.87	166.80	26.84	3.79
ਹੋਰ ਕਰ[3]	6.77	7.03	16.69	28.24	25.03
ਜੋੜ	**10,345.85**	**10,638.38**	**15,288.79**	**17,163.65**	**20,409.92**
ਪਿਛਲੇ ਸਾਲ ਨਾਲੋਂ ਵਾਧੇ/ਗਿਰਾਵਟ ਦੀ ਪ੍ਰਤੀਸ਼ਤਤਾ	(-)13.82	2.83	43.71	12.26	18.91
ਕੁੱਲ ਕੇਂਦਰੀ ਕਰ ਟਰਾਂਸਫਰਾਂ ਦੀ ਰੈਵੀਨਿਊ ਪ੍ਰਾਪਤੀਆਂ ਨੂੰ ਪ੍ਰਤੀਸ਼ਤਤਾ	16.80	15.41	19.56	19.59	22.88

ਸ੍ਰੋਤ: ਵਿੱਤ ਲੇਖੇ

(ii) ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ

ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ (ਜੀ ਆਈ ਏ) ਅਤੇ ਇਨ੍ਹਾਂ ਦੇ ਭਾਗਾਂ ਵਿੱਚ ਰੁਝਾਨ ਨੂੰ **ਸਾਰਣੀ 2.12** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.12: ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ

(₹ ਕਰੋੜ ਵਿੱਚ)

ਮੱਦ	2019-20	2020-21	2021-22	2022-23	2023-24
ਕੇਂਦਰੀ ਪ੍ਰਯੋਜਿਤ ਪਲਾਨ ਸਕੀਮਾਂ ਲਈ ਗ੍ਰਾਂਟਾਂ	(-)68.84	(-)0.48	(-)4.03	(-)47.34	(-)20.38
ਕੇਂਦਰੀ ਪ੍ਰਯੋਜਿਤ ਸਕੀਮਾਂ ਲਈ ਗ੍ਰਾਂਟਾਂ	2,864.31	2,880.41	3,678.16	3,776.79	3,184.97
ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ[#]	2,710.13	11,481.23	12,435.61	10,258.45	7,388.82
ਰਾਜਾਂ/ ਵਿਧਾਨ ਪਾਲਿਕਾ ਵਾਲੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਹੋਰ ਟਰਾਂਸਫਰਾਂ/ਗ੍ਰਾਟਾਂ	9,074.43	9,843.85	4,659.15	7,988.94	3,742.95
ਜੋੜ	**14,580.03**	**24,205.01**	**20,768.89**	**21,976.84**	**14,296.36**

3 ਇਸ ਵਿੱਚ ਵੈਲਥ 'ਤੇ ਕਰ, ਆਮਦਨ ਅਤੇ ਖਰਚੇ 'ਤੇ ਹੋਰ ਕਰ, ਵਸਤਾਂ ਅਤੇ ਸੇਵਾਵਾਂ 'ਤੇ ਹੋਰ ਕਰ ਅਤੇ ਡਿਊਟੀਆਂ ਸ਼ਾਮਲ ਹਨ।

ਮੱਦ	2019-20	2020-21	2021-22	2022-23	2023-24
ਪਿਛਲੇ ਸਾਲ ਨਾਲੋਂ ਵਾਧੇ/ਗਿਰਾਵਟ ਦੀ ਪ੍ਰਤੀਸ਼ਤਤਾ	31.26	66.01	(-)14.20	5.82	(-)34.95
ਰੈਵੀਨਿਊ ਪ੍ਰਾਪਤੀਆਂ ਨੂੰ ਸਹਾਇਤਾ ਗ੍ਰਾਂਟਾਂ ਦੀ ਪ੍ਰਤੀਸ਼ਤਤਾ	23.68	35.06	26.57	25.08	16.03

ਸ੍ਰੋਤ : ਵਿੱਤ ਲੇਖੇ

\# *ਸਾਲ 2020-21, 2021-22, 2022-23 ਅਤੇ 2023-24 ਲਈ ਇਸ ਵਿੱਚ ਕ੍ਰਮਵਾਰ ₹ 7,658.90 ਕਰੋੜ, ₹ 10,080.99 ਕਰੋੜ, ₹ 8,274 ਕਰੋੜ ਅਤੇ ₹ 5,618 ਕਰੋੜ ਦੀ ਪੋਸਟ ਡੈਵੋਲਿਊਸ਼ਨ ਰੈਵੀਨਿਊ ਘਾਟਾ ਗ੍ਰਾਂਟ ਸ਼ਾਮਲ ਹੈ, ਜਿਵੇਂ ਕਿ 15ਵੇਂ ਐਫ ਸੀ ਦੁਆਰਾ ਸਿਫਾਰਸ਼ ਕੀਤੀ ਗਈ ਸੀ।.*

ਸਾਰਣੀ 2.12 ਦਰਸਾਉਂਦੀ ਹੈ ਕਿ ਸਾਲ 2019-20 ਤੋਂ 2023-24 ਦੇ ਸਮੇਂ ਦੌਰਾਨ ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ ਵਿੱਚ 0.49 *ਪ੍ਰਤੀਸ਼ਤ* ਦੀ ਸਾਲਾਨਾ ਔਸਤ ਦਰ ਨਾਲ ਘਾਟਾ ਹੋਇਆ। ਸਾਲ 2023-24 ਦੌਰਾਨ ਰਾਜ ਨੂੰ ਕੀਤੇ ਗਏ ਹੋਰ ਟਰਾਂਸਫਰਾਂ ਵਿੱਚ ₹ 3,670.64 ਕਰੋੜ ਦਾ ਜੀ ਐਸ ਟੀ ਮੁਆਵਜ਼ਾ ਸ਼ਾਮਲ ਹੈ । ਪਿਛਲੇ ਸਾਲ ਨਾਲੋਂ ਚਾਲੂ ਸਾਲ ਦੌਰਾਨ ਸਹਾਇਤਾ ਗ੍ਰਾਂਟਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 7,680.48 ਕਰੋੜ (34.95 *ਪ੍ਰਤੀਸ਼ਤ*) ਦੀ ਕਮੀ ਮੁੱਖ ਤੌਰ ਤੇ ਵਿਧਾਨ ਸਭਾ ਦੇ ਨਾਲ ਰਾਂਜਾਂ/ਵਿਧਾਨਪਾਲਿਕਾ ਵਾਲੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਨੂੰ ਹੋਰ ਟਰਾਂਸਫਰਾਂ/ਗ੍ਰਾਂਟਾਂ ਵਿੱਚ ₹ 4,245.99 ਕਰੋੜ (53.15 *ਪ੍ਰਤੀਸ਼ਤ*) ਦੀ ਕਮੀ ਕਾਰਨ ਹੋਈ ਸੀ, ਜਿਸ ਦਾ ਕਾਰਨ ਜੀ ਐਸ ਟੀ ਮੁਆਵਜ਼ੇ ਵਿੱਚ ₹ 4,198.29 ਕਰੋੜ (53.35 *ਪ੍ਰਤੀਸ਼ਤ*) ਦੀ ਕਮੀ ਅਤੇ ਕੇਂਦਰੀ ਸੜਕ ਅਤੇ ਬੁਨਿਆਦੀ ਢਾਂਚਾ ਫੰਡ ਲਈ ਗ੍ਰਾਂਟਾਂ ਵਿੱਚ ₹ 34.80 ਕਰੋੜ (32.57 *ਪ੍ਰਤੀਸ਼ਤ*) ਦੀ ਕਮੀ ਸੀ। ਇਸ ਤੋਂ ਇਲਾਵਾ, ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਵਿੱਚ ਵੀ ₹ 2,869.63 ਕਰੋੜ (27.97 *ਪ੍ਰਤੀਸ਼ਤ*) ਦੀ ਕਟੌਤੀ ਕੀਤੀ ਗਈ ਹੈ, ਜਿਸ ਦਾ ਮੁੱਖ ਕਾਰਨ ਵੰਡ ਤੋਂ ਬਾਅਦ ਰੈਵੀਨਿਊ ਘਾਟਾ ਗ੍ਰਾਟ ਵਿੱਚ ₹ 2,656 ਕਰੋੜ (32.10 *ਪ੍ਰਤੀਸ਼ਤ*) ਅਤੇ ਪੇਂਡੂ ਸਥਾਨਕ ਸੰਸਥਾਵ ਲਈ ਗ੍ਰਾਂਟਾਂ ਵਿੱਚ ₹ 251.44 ਕਰੋੜ (23.92 *ਪ੍ਰਤੀਸ਼ਤ*) ਦੀ ਕਮੀ ਹੈ। ਰੈਵੀਨਿਊ ਪ੍ਰਾਪਤੀਆਂ ਵਿੱਚ ਜੀ ਆਈ ਏ ਦਾ ਯੋਗਦਾਨ 2019-20 ਵਿੱਚ 23.68 *ਪ੍ਰਤੀਸ਼ਤ* ਤੋਂ ਘੱਟ ਕੇ 2023-24 ਵਿੱਚ 16.03 *ਪ੍ਰਤੀਸ਼ਤ* ਹੋ ਗਿਆ। ਰਾਜ ਸਰਕਾਰ ਨੇ (ਦਸੰਬਰ 2024) ਭਾਰਤ ਸਰਕਾਰ ਤੋਂ ਸਹਾਇਤਾ ਗ੍ਰਾਂਟਾਂ ਵਿੱਚ ਗਿਰਾਵਟ ਦਾ ਕਾਰਨ ਪੰਜ ਸਾਲ ਦੀ ਮਿਆਦ ਪੂਰੀ ਹੋਣ ਕਾਰਨ ਜੀ ਐਸ ਟੀ ਮੁਆਵਜੇ ਵਿੱਚ ਕਮੀ ਅਤੇ ਰੈਵੀਨਿਊ ਘਾਟਾ ਗ੍ਰਾਂਟ ਵਿੱਚ ਕਮੀ ਨੂੰ ਦੱਸਿਆ।

(ੳ) ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਗ੍ਰਾਂਟਾਂ

ਕੇਂਦਰੀ ਪ੍ਰਯੋਜਿਤ ਸਕੀਮਾਂ ਲਈ 2023-24 ਦੌਰਾਨ ₹ 3,185 ਕਰੋੜ ਦੀਆਂ ਗ੍ਰਾਂਟਾਂ ਵਿੱਚੋਂ ਮੁੱਖ ਰਾਸ਼ੀਆਂ ਹੇਠ ਲਿਖਤ ਨੂੰ ਦਿੱਤੀਆਂ ਗਈਆਂ ਸਨ :-

- ਰਾਸ਼ਟਰੀ ਸਿੱਖਿਆ ਮਿਸ਼ਨ-ਸਮੱਗਰਾ ਸਿੱਖਿਆ ਅਭਿਆਨ (ਪਹਿਲਾਂ ਨਾਂਅ ਸਰਵ ਸਿੱਖਿਆ ਅਭਿਆਨ) (₹ 331 ਕਰੋੜ- ਪਿਛਲੇ ਸਾਲ ਨਾਲੋਂ 45.28 *ਪ੍ਰਤੀਸ਼ਤ* ਦੀ ਗਿਰਾਵਟ);
- ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ-ਆਂਗਣਵਾੜੀ ਸੇਵਾਵਾਂ (₹ 308 ਕਰੋੜ: ਪਿਛਲੇ ਸਾਲ ਦੇ ਮੁਕਾਬਲੇ 308.80 *ਪ੍ਰਤੀਸ਼ਤ* ਦਾ ਵਾਧਾ);

- ਅਰਬਨ ਰੀਜੁਵੈਨੇਸ਼ਨ ਮਿਸ਼ਨ: ਏ ਐਮ ਆਰ ਯੂ ਟੀ (ਅਟਲ ਮਿਸ਼ਨ ਫਾਰ ਰੀਜੁਵੈਨੇਸ਼ਨ ਅਤੇ ਟਰਾਂਸਫਾਰਮੇਸ਼ਨ ਅਤੇ ਸਮਾਰਟ ਸਿਟੀਜ਼ ਮਿਸ਼ਨ)– ਵਿਕਾਸ ਕਰਨ ਲਈ ਮਿਸ਼ਨ :
    - 100 ਸਮਾਰਟ ਸ਼ਹਿਰਾਂ (₹ 299 ਕਰੋੜ– ਪਿਛਲੇ ਸਾਲ ਤੋਂ 32.15 *ਪ੍ਰਤੀਸ਼ਤ* ਦਾ ਘਾਟਾ);
    - 500 ਸ਼ਹਿਰਾਂ (₹ 288 ਕਰੋੜ– ਪਿਛਲੇ ਸਾਲ ਤੋਂ 13.27 *ਪ੍ਰਤੀਸ਼ਤ* ਦਾ ਵਾਧਾ);
- ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ–ਤੇਜ਼ ਸਿੰਚਾਈ ਲਾਭ ਪ੍ਰੋਗਰਾਮ (₹ 288 ਕਰੋੜ ਪਿਛਲੇ ਸਾਲ ਨਾਲੋਂ 35.42 *ਪ੍ਰਤੀਸ਼ਤ* ਦਾ ਵਾਧਾ);
- ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ (₹ 265 ਕਰੋੜ–ਪਿਛਲੇ ਸਾਲ ਨਾਲੋਂ 14.73 *ਪ੍ਰਤੀਸ਼ਤ* ਦਾ ਵਾਧਾ);
- ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਗਾਰੰਟੀ ਸਕੀਮ (₹ 242 ਕਰੋੜ–ਪਿਛਲੇ ਸਾਲ ਤੋਂ 38.11 *ਪ੍ਰਤੀਸ਼ਤ* ਦਾ ਘਾਟਾ);
- ਸਕੂਲਾਂ ਵਿੱਚ ਮਿਡ–ਡੇਅ ਮੀਲ ਦਾ ਰਾਸ਼ਟਰੀ ਪ੍ਰੋਗਰਾਮ (₹ 200 ਕਰੋੜ– ਪਿਛਲੇ ਸਾਲ ਨਾਲੋਂ 6.81 *ਪ੍ਰਤੀਸ਼ਤ* ਦਾ ਵਾਧਾ);
- ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀ ਐਮ ਏ ਵਾਈ)–ਸ਼ਹਿਰੀ (₹ 183 ਕਰੋੜ–ਪਿਛਲੇ ਸਾਲ ਨਾਲੋਂ 48.16 *ਪ੍ਰਤੀਸ਼ਤ* ਦਾ ਵਾਧਾ); ਅਤੇ
- ਹਰੀ ਕ੍ਰਾਂਤੀ–ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (₹ 137 ਕਰੋੜ ਪਿਛਲੇ ਸਾਲ ਦੇ ਮੁਕਾਬਲੇ 3543.47 *ਪ੍ਰਤੀਸ਼ਤ* ਦਾ ਵਾਧਾ); ਅਤੇ
- ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਅੰਬਰੇਲਾ ਸਕੀਮ–ਨਾਗਰਿਕ ਅਧਿਕਾਰੀ, ਵਿਦਿਅਕ ਸਸ਼ਕਤੀਕਰਨ, ਬੁਨਿਆਦੀ ਢਾਂਚਾ ਵਿਕਾਸ, ਰੋਜ਼ੀ–ਰੋਟੀ–ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ (₹ 111 ਕਰੋੜ: ਪਿਛਲੇ ਸਾਲ ਦੇ ਮੁਕਾਬਲੇ 100 *ਪ੍ਰਤੀਸ਼ਤ* ਦਾ ਵਾਧਾ)।

(ਅ) ਸਿੰਗਲ ਨੋਡਲ ਏਜੰਸੀ

ਭਾਰਤ ਸਰਕਾਰ, ਵਿੱਤ ਮੰਤਰਾਲਾਂ, ਖਰਚ ਵਿਭਾਗ, ਨਵੀਂ ਦਿੱਲੀ ਨੇ ਇਹ ਵਿਵਸਥਾ ਕੀਤੀ ਹੈ (23 ਮਾਰਚ 2021) ਕਿ ਹਰੇਕ ਰਾਜ ਸਰਕਾਰ ਨੂੰ ਹਰੇਕ ਕੇਂਦਰੀ ਸਪਾਂਸਰ ਸਕੀਮ (ਸੀ ਐਸ ਐਸ) ਨੂੰ ਲਾਗੂ ਕਰਨ ਲਈ ਸਿੰਗਲ ਨੋਡਲ ਏਜੰਸੀ (ਐਸ ਐਨ ਏ) ਨਿਯੁਕਤ ਕਰਨ ਦੀ ਲੋੜ ਹੈ। ਸਿੰਗਲ ਨੋਡਲ ਏਜੰਸੀ ਰਾਜ ਸਰਕਾਰ ਦੁਆਰਾ ਕਾਰੋਬਾਰ ਕਰਨ ਲਈ ਅਧਿਕਾਰਤ ਅਨੁਸੂਚਿਤ ਵਪਾਰਕ ਬੈਂਕ ਵਿੱਚ ਰਾਜ ਪੱਧਰ ਤੇ ਹਰੇਕ ਸੀ ਐਸ ਐਸ ਲਈ ਇੱਕ ਸਿੰਗਲ ਨੋਡਲ ਖਾਤਾ ਖੋਲ੍ਹਗੀ। ਇਸ ਤੋਂ ਇਲਾਵਾ, ਨਵੀਂ ਪ੍ਰਕਿਰਿਆ ਦੇ ਅਨੁਸਾਰ, ਇਹ ਯਕੀਨੀ ਬਣਾਉਣਾ, ਸਬੰਧਤ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਸਾਰੀਆਂ ਲਾਗੂ ਕਰਨ ਵਾਲੀਆਂ ਏਜੰਸੀਆਂ (ਆਈ ਏ) ਦੁਆਰਾ ਪੂਰੀ ਅਣਖਰਚੀ ਰਕਮ ਸਿੰਗਲ ਨੋਡਲ ਏਜੰਸੀ ਦੇ ਸਿੰਗਲ ਨੋਡਲ ਖਾਤੇ ਵਿੱਚ ਵਾਪਸ ਕੀਤੀ ਜਾਵੇ।

ਪੀ ਐਫ ਐਮ ਐਸ ਪੋਰਟਲ ਤੇ ਉਪਲਬਧ ਰਿਪੋਰਟਾਂ ਅਨੁਸਾਰ, ਸਾਲ 2023–24 ਦੌਰਾਨ ਰਾਜ ਸਰਕਾਰ ਨੂੰ ਕੇਂਦਰੀ ਹਿੱਸੇ ਵਜੋਂ ₹ 3,094.61 ਕਰੋੜ ਪ੍ਰਾਪਤ ਹੋਏ ਸਨ। ਰਾਜ ਸਰਕਾਰ ਨੇ ਕੇਂਦਰੀ ਹਿੱਸੇ ਵਜੋਂ

₹ 2,758.22 ਕਰੋੜ ਅਤੇ ₹ 3,729.00 ਕਰੋੜ ਦੇ ਰਾਜ ਹਿੱਸੇ ਵਜੋਂ ਐਸ ਐਨ ਏਜ਼ ਨੂੰ ਟਰਾਂਸਫਰ ਕੀਤੇ।

ਹਾਲਾਂਕਿ, ਰਾਜ ਸਰਕਾਰ ਨੇ ਸੂਚਿਤ ਕੀਤਾ ਕਿ ਸਾਲ 2023-24 ਦੌਰਾਨ ₹ 6,677.24 ਕਰੋੜ ਐਸ ਐਨ ਏਜ਼ ਨੂੰ ਟਰਾਂਸਫਰ ਕੀਤੇ ਗਏ ਜਿਸ ਵਿੱਚੋਂ ₹ 2,9147.78 ਕਰੋੜ ਏ ਸੀ ਬਿੱਲਾਂ ਰਾਹੀਂ, ₹ 2,974.38 ਕਰੋੜ ਜੀ ਆਈ ਏ ਬਿੱਲਾਂ ਰਾਹੀਂ, ₹ 788.08 ਕਰੋੜ ਪੂਰੀ ਤਰ੍ਹਾਂ ਪ੍ਰਮਾਣਿਤ ਕੰਟੀਜੈਂਟ ਬਿੱਲਾਂ ਰਾਹੀਂ ਟਰਾਂਸਫਰ ਕੀਤੇ ਗਏ। ਮਹਾਂ ਲੇਖਾਕਾਰ (ਏ ਐਂਡ ਈ) ਪੰਜਾਬ ਦੇ ਦਫ਼ਤਰ ਨੂੰ ਐਸ ਐਨ ਏਜ਼ ਤੋਂ ਅਸਲ ਖਰਚੇ ਦੇ ਡਿਟੇਲਡ ਵਾਊਚਰ ਅਤੇ ਸਹਾਇਕ ਦਸਤਾਵੇਜ਼ ਪ੍ਰਾਪਤ ਨਹੀਂ ਹੋਏ। ਪੀ ਐਫ ਐਮ ਐਸ ਪੋਰਟਲ ਤੇ ਉਪਲਬਧ ਡਾਟੇ ਅਨੁਸਾਰ, 31 ਮਾਰਚ 2024 ਤੱਕ ਐਸ ਐਨ ਏਜ਼ ਦੇ ਬੈਂਕ ਖਾਤਿਆਂ ਵਿੱਚ ₹ 3,372.86 ਕਰੋੜ ਅਣਖਰਚੇ ਪਏ ਸਨ।

(ਏ) ਪੰਦਰ੍ਹਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ

15ਵੇਂ ਵਿੱਤ ਕਮਿਸ਼ਨ (15ਵੇਂ ਐਫ ਸੀ) ਦੀਆਂ ਗ੍ਰਾਂਟਾਂ ਸਥਾਨਕ ਸੰਸਥਾਵਾਂ, ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਪੋਸਟ ਡੈਵੋਲਿਊਸ਼ਨ ਰੈਵੀਨਿਊ ਡੈਫੀਸਿਟ ਅਤੇ ਸਿਹਤ ਖੇਤਰ ਲਈ ਸਨ। ਭਾਰਤ ਸਰਕਾਰ ਦੁਆਰਾ ਦਿੱਤੀਆਂ ਗਈਆਂ ਗ੍ਰਾਂਟਾਂ ਦੇ ਵੇਰਵੇ **ਸਾਰਣੀ 2.13** ਵਿੱਚ ਦਿੱਤੇ ਗਏ ਹਨ।

ਸਾਰਣੀ 2.13: ਸਹਾਇਤਾ-ਗ੍ਰਾਂਟਾਂ ਦੀ ਸਿਫਾਰਸ਼ ਕੀਤੀ ਗਈ ਰਾਸ਼ੀ, ਅਸਲ ਰਿਲੀਜ਼ ਅਤੇ ਟਰਾਂਸਫਰਾਂ

(₹ ਕਰੋੜ ਵਿੱਚ)

ਟਰਾਂਸਫਰਾਂ			15ਵੇਂ ਐਫ ਸੀ ਦੀ 2023-24 ਲਈ ਸਿਫਾਰਸ਼	ਭਾਰਤ ਸਰਕਾਰ ਵੱਲੋਂ 2023-24 ਲਈ ਅਸਲ ਰਿਲੀਜ਼	ਰਾਜ ਸਰਕਾਰ ਵੱਲੋਂ ਰਿਲੀਜ਼ ਜੋੜ (ਭਾਰਤ ਸਰਕਾਰ ਵੱਲੋਂ ਰਿਲੀਜ਼ ਦੀ ਪ੍ਰਤੀਸ਼ਤਤਾ)
(i) ਪੰਚਾਇਤੀ ਰਾਜ ਸੰਸਥਾਵਾਂ (ਪੀ ਆਰ ਆਈਜ਼) ਨੂੰ ਗ੍ਰਾਂਟਾਂ			**1,074.00**	**481.16**	**--**
(ੳ) ਸ਼ਰਤ ਸਹਿਤ ਗ੍ਰਾਂਟ			644.40	288.70	--
(ਅ) ਸ਼ਰਤ ਰਹਿਤ ਗ੍ਰਾਂਟ			429.60	192.46	--
(ii) ਸ਼ਹਿਰੀ ਸਥਾਨਕ ਸੰਸਥਾਵਾਂ (ਯੂ ਐਲ ਬੀਜ਼) ਨੂੰ ਗ੍ਰਾਂਟਾਂ			**553.00**	**282.66**	**141.87 (50)**
(ੳ) ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਆਲੇ ਦੁਆਲੇ ਦੀ ਹਵਾ ਦੀ ਗੁਣਵੱਤਾ ਲਈ)			50.00	--	--
(ਅ) ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਐਸ ਡਬਲਿਯੂ ਐਮ ਅਤੇ ਸੈਨੀਟੇਸ਼ਨ ਲਈ)			98.00	--	--
(ਏ) ਗੈਰ-ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਸਥਾਨਕ ਲੋੜਾਂ ਲਈ ਸ਼ਰਤ-ਰਹਿਤ ਗ੍ਰਾਂਟ)			162.00	112.41	56.75 (50)
(ਸ) ਗੈਰ-ਇੱਕ ਮਿਲੀਅਨ ਤੋਂ ਵੱਧ ਵਾਲੇ ਸ਼ਹਿਰ (ਪੀਣਯੋਗ ਪਾਣੀ, ਰੇਨ ਵਾਟਰ ਹਾਰਵੈਸਟਿੰਗ, ਐਸ ਡਬਲਿਯੂ ਐਮ ਅਤੇ ਸੈਨੀਟੇਸ਼ਨ ਲਈ ਸ਼ਰਤ ਸਹਿਤ ਗ੍ਰਾਂਟਾਂ)			243.00	170.25	85.12 (50)
(iii) ਸਿਹਤ ਖੇਤਰ ਲਈ ਗ੍ਰਾਂਟਾਂ			**421.00**	--	
ਸਥਾਨਕ ਸੰਸਥਾਵਾਂ ਲਈ ਕੁੱਲ			**2,048.00**	**763.82**	**141.87 (19)**
ਐਸ ਡੀ ਆਰ ਐਮ ਐਫ	**ਐਸ ਡੀ ਆਰ ਐਫ**	ਕੇਂਦਰ ਦਾ ਹਿੱਸਾ	436.80	436.80	436.80 (100)
		ਰਾਜ ਦਾ ਹਿੱਸਾ	145.60	--	145.60
	ਐਸ ਡੀ ਆਰ ਐਫ ਲਈ ਜੋੜ		**582.40**	**436.80**	**582.40**

ਟਰਾਂਸਫਰਾਂ			15ਵੇਂ ਐਫ ਸੀ ਦੀ 2023-24 ਲਈ ਸਿਫਾਰਸ਼	ਭਾਰਤ ਸਰਕਾਰ ਵੱਲੋਂ 2023-24 ਲਈ ਅਸਲ ਰਿਲੀਜ਼	ਰਾਜ ਸਰਕਾਰ ਵੱਲੋਂ ਰਿਲੀਜ਼
					ਜੋੜ (ਭਾਰਤ ਸਰਕਾਰ ਵੱਲੋਂ ਰਿਲੀਜ਼ ਦੀ ਪ੍ਰਤੀਸ਼ਤਤਾ)
	ਐਸ ਡੀ ਐਮ ਐਫ	ਕੇਂਦਰ ਦਾ ਹਿੱਸਾ	109.20	54.60	54.60 (100)
		ਰਾਜ ਦਾ ਹਿੱਸਾ	36.40	--	18.20
	ਐਸ ਡੀ ਐਮ ਐਫ ਲਈ ਜੋੜ		**145.60**	**54.60**	**72.80**
ਸਪੁਰਦਗੀਆਂ ਤੋਂ ਬਾਅਦ ਰੈਵੀਨਿਊ ਘਾਟਾ ਗ੍ਰਾਂਟ			**5,618.00**	**5,618.00**	**--**

ਸ੍ਰੋਤ: 15ਵੇਂ ਐਫ ਸੀ ਦੀ ਰਿਪੋਰਟ ਅਤੇ ਵਿਭਾਗੀ ਸੂਚਨਾ

ਪੀ ਆਰ ਆਈਜ਼-ਪੰਚਾਇਤੀ ਰਾਜ ਸੰਸਥਾਵਾਂ ਅਤੇ ਯੂ ਐਲ ਬੀਜ਼-ਸ਼ਹਿਰੀ ਸਥਾਨਕ ਸੰਸਥਾਵਾਂ

ਇਹ ਦੇਖਿਆ ਗਿਆ ਸੀ ਕਿ

- ਪੀ ਆਰ ਆਈਜ਼ ਦੇ ਸਬੰਧ ਵਿੱਚ 15ਵੇਂ ਵਿੱਤ ਕਮਿਸ਼ਨ ਵੱਲੋਂ ਸਿਫਾਰਸ਼ ਕੀਤੀ ਗਈ ₹ 1,074 ਕਰੋੜ ਦੀ ਰਾਸ਼ੀ ਦੇ ਮੁਕਾਬਲੇ ਭਾਰਤ ਸਕਰਾਰ ਨੇ 2023-24 (ਮਾਰਚ 2024) ਦੌਰਾਨ ₹ 481.16 ਕਰੋੜ[4] ਜਾਰੀ ਕੀਤੇ। ਜੀ ਓ ਪੀ ਵੱਲੋਂ 2024-25 (ਅਪ੍ਰੈਲ-ਮਈ 2024) ਦੌਰਾਨ ₹ 481.16 ਕਰੋੜ ਦੀ ਪੂਰੀ ਰਾਸ਼ੀ ਜਾਰੀ ਕੀਤੀ ਗਈ ਸੀ। ਇਸ ਤੋਂ ਇਲਾਵਾ ਭਾਰਤ ਸਰਕਾਰ ਵੱਲੋਂ ਸਾਲ 2023-24 ਦੌਰਾਨ ਜਾਰੀ ਕੀਤੀ ਗਈ ਸਾਲ 2022-23 ਲਈ ਬੰਨ੍ਹੀ ਗ੍ਰਾਂਟ (ਦੂਜੀ ਕਿਸ਼ਤ) ਨਾਲ ਸਬੰਧਤ ₹ 318.60 ਕਰੋੜ ਦੀ ਰਾਸ਼ੀ ਉਸੇ ਸਾਲ ਭਾਵ 2023-24 ਦੌਰਾਨ ਜਾਰੀ ਕੀਤੀ ਗਈ ਸੀ।
- ਯੂ ਐਲ ਬੀਜ਼ ਦੇ ਸਬੰਧ ਵਿੱਚ, ₹ 553.00 ਕਰੋੜ ਦੀ ਸਿਫਾਰਸ਼ ਕੀਤੀ ਰਾਸ਼ੀ ਦੇ ਮੁਕਾਬਲੇ ਭਾਰਤ ਸਰਕਾਰ ਨੇ 2023-24 ਦੌਰਾਨ ₹ 282.66 ਕਰੋੜ ਜਾਰੀ ਕੀਤੇ। ਭਾਰਤ ਸਰਕਾਰ ਦੁਆਰਾ ਜਾਰੀ ₹ 282.66 ਕਰੋੜ ਵਿੱਚੋਂ, ਰਾਜ ਸਰਕਾਰ ਨੇ ਸਾਲ 2023-24 ਦੌਰਾਨ ₹ 141.87 ਕਰੋੜ ਅਤੇ ਬਾਕੀ ₹ 140.79 ਕਰੋੜ 2024-25 ਵਿੱਚ ਜਾਰੀ ਕੀਤੇ ਗਏ ਸਨ। ਇਸ ਤੋਂ ਇਲਾਵਾ, ਭਾਰਤ ਸਰਕਾਰ ਵੱਲੋਂ 2023-24 ਦੌਰਾਨ ਜਾਰੀ ਕੀਤੀ ਗਈ ਸਾਲ 2022-23 ਨਾਲ ਸਬੰਧਤ ₹ 93 ਕਰੋੜ ਦੀ ਰਾਸ਼ੀ ਵੀ 2023-24 ਦੌਰਾਨ ਜਾਰੀ ਕੀਤੀ ਗਈ ਸੀ।
- ਸਿਹਤ ਖੇਤਰ ਲਈ ਗ੍ਰਾਂਟਾਂ ਦੇ ਸਬੰਧ ਵਿੱਚ, ਭਾਰਤ ਸਰਕਾਰ ਨੇ ਸਾਲ 2023-24 ਲਈ 15ਵੇਂ ਵਿੱਤ ਕਮਿਸ਼ਨ ਦੁਆਰਾ ਸਿਫਾਰਸ਼ ਕੀਤੇ ₹ 421 ਕਰੋੜ ਦੇ ਮੁਕਾਬਲੇ ਫੰਡ ਜਾਰੀ ਨਹੀਂ ਕੀਤੇ।
- ਸਟੇਟ ਡਿਜ਼ਾਸਟਰ ਰਿਸਕ ਮੈਨੇਜਮੈਂਟ ਫੰਡ (ਐਸ ਡੀ ਆਰ ਐਮ ਐਫ) ਦੇ ਸਬੰਧ ਵਿੱਚ 15ਵੇਂ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ ਕਿ ਐਸ ਡੀ ਆਰ ਐਮ ਐਫ ਅਧਿਨ ਪ੍ਰਾਪਤ ਕੁੱਲ ਫੰਡਾਂ ਦੇ 80:20 ਦੀ ਰੇਸ਼ੋ ਵਿੱਚ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ (ਐਸ ਡੀ ਆਰ ਐਫ) ਅਤੇ

4 ਵਿੱਤ ਖਾਤਿਆਂ ਦੇ ਸਟੇਟਮੈਂਟ ਨੰਬਰ 14 ਵਿੱਚ ਦਿਖਾਈ ਦੇਣ ਵਾਲੇ ਅੰਕੜਿਆਂ ਨਾਲੋਂ ₹ 318.60 ਕਰੋੜ ਵੱਖਰਾ ਹੈ, ਜੋ ਸਾਲ 2022-23 ਨਾਲ ਸਬੰਧਤ ਹੈ ਪਰ ਭਾਰਤ ਸਰਕਾਰ ਦੁਆਰਾ 2023-24 ਵਿੱਚ ਜਾਰੀ ਕੀਤਾ ਗਿਆ ਹੈ।

ਸਟੇਟ ਡਿਜ਼ਾਸਟਰ ਰਿਸਪਾਂਸ ਮੀਟੀਗੇਸ਼ਨ ਫੰਡ (ਐਸ ਡੀ ਐਮ ਐਫ) ਨੂੰ ਫੰਡ ਪ੍ਰਾਪਤ ਹੋਣਗੇ। ਸਾਲ ਦੌਰਾਨ ਪ੍ਰਾਪਤ ਫੰਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

- ਐਸ ਡੀ ਆਰ ਐਫ ਦੇ ਸਬੰਧ ਵਿੱਚ, 15ਵੇਂ ਐਫ ਸੀ ਨੇ ਕੇਂਦਰ ਅਤੇ ਰਾਜ ਦਾ ਹਿੱਸਾ 75:25 ਦੀ ਰੇਸ਼ੋ ਵਿੱਚ ਸਿਫਾਰਸ਼ ਕੀਤਾ ਸੀ। ਇਸ ਅਨੁਸਾਰ, ਭਾਰਤ ਸਰਕਾਰ ਨੇ ਸਾਲ 2023-24 ਦੌਰਾਨ ਐਸ ਡੀ ਆਰ ਐਫ ਲਈ ₹ 436.80 ਕਰੋੜ ਜਾਰੀ ਕੀਤੇ। ਰਾਜ ਸਰਕਾਰ ਨੇ ਇਸ ਸਾਲ ਦੌਰਾਨ ₹ 582.40 ਕਰੋੜ (ਭਾਰਤ ਸਰਕਾਰ ਦਾ ਹਿੱਸਾ: ₹ 436.80 ਕਰੋੜ ਅਤੇ ਰਾਜ ਦਾ ਹਿੱਸਾ: ₹ 145.60 ਕਰੋੜ) ਜਾਰੀ ਕੀਤੇ। ਇਸ ਤੋਂ ਇਲਾਵਾ, ₹ 277.07 ਕਰੋੜ (ਕੇਂਦਰੀ ਹਿੱਸਾ: ₹ 208 ਕਰੋੜ 2022-23 ਦੌਰਾਨ ਭਾਰਤ ਸਰਕਾਰ ਦੁਆਰਾ ਜਾਰੀ ਅਤੇ ਇਸੇ ਤਰ੍ਹਾਂ ਦਾ ਰਾਜ ਹਿੱਸਾ: ₹ 69.07 ਕਰੋੜ ਦੀ ਰਾਸ਼ੀ) ਵੀ ਰਾਜ ਦੁਆਰਾ 2023-24 ਦੌਰਾਨ ਜਾਰੀ ਕੀਤੀ ਗਈ ਸੀ।
- ਐਸ ਡੀ ਐਮ ਐਫ ਦੇ ਸਬੰਧ ਵਿੱਚ, 15ਵੇਂ ਐਫ ਸੀ ਨੇ ਕੇਂਦਰ ਅਤੇ ਰਾਜ ਦਾ ਹਿੱਸਾ 75:25 ਦੀ ਰੇਸ਼ੋ ਵਿੱਚ ਸਿਫਾਰਸ਼ ਕੀਤਾ ਸੀ। ਭਾਰਤ ਸਰਕਾਰ ਨੇ ਸਾਲ 2023-24 ਲਈ ₹ 109.20 ਕਰੋੜ ਦੀ ਸਿਫਾਰਸ਼ ਕੀਤੀ ਰਾਸ਼ੀ ਦੇ ਮੁਕਾਬਲੇ ₹ 54.60 ਕਰੋੜ ਜਾਰੀ ਕੀਤੇ। ਪੰਜਾਬ ਸਰਕਾਰ ਨੇ ਉਸੇ ਸਾਲ ਦੌਰਾਨ ₹ 72.80 ਕਰੋੜ (ਭਾਰਤ ਸਰਕਾਰ ਦਾ ਹਿੱਸਾ: ₹ 54.60 ਕਰੋੜ ਅਤੇ ਰਾਜ ਦਾ ਹਿੱਸਾ: ₹ 18.20 ਕਰੋੜ) ਜਾਰੀ ਕੀਤੇ। ਇਸ ਤੋਂ ਇਲਾਵਾ, ਸਾਲ 2023-24 ਦੌਰਾਨ ਪੰਜਾਬ ਸਰਕਾਰ ਨੂੰ ਸਾਲ 2022-23 ਨਾਲ ਸਬੰਧਤ ਕੇਂਦਰੀ ਹਿੱਸੇ ਵਜੋਂ ₹ 104 ਕਰੋੜ ਪ੍ਰਾਪਤ ਹੋਏ। ਇਸ ਅਨੁਸਾਰ 2023-24 ਦੌਰਾਨ, ਪੰਜਾਬ ਸਰਕਾਰ ਨੇ ਸਾਲ 2022-23 ਲਈ ₹ 138.60 ਕਰੋੜ (ਭਾਰਤ ਸਰਕਾਰ ਦਾ ਹਿੱਸਾ ₹ 104 ਕਰੋੜ ਅਤੇ ਰਾਜ ਦਾ ਹਿੱਸਾ: ₹ 34.60 ਕਰੋੜ) ਜਾਰੀ ਕੀਤੇ।

2.3.3 ਪੂੰਜੀਗਤ ਪ੍ਰਾਪਤੀਆਂ

ਪੂੰਜੀਗਤ ਪ੍ਰਾਪਤੀਆਂ ਵਿੱਚ ਫੁਟਕਲ ਪੂੰਜੀਗਤ ਪ੍ਰਾਪਤੀਆਂ ਜਿਵੇਂ ਕਿ ਵਿਨਿਵੇਸ਼ ਤੋਂ ਵੱਟਕ, ਕਰਜ਼ੇ ਅਤੇ ਪੇਸ਼ਗੀਆਂ ਦੀਆਂ ਵਸੂਲੀਆਂ, ਅੰਦਰੂਨੀ ਸ੍ਰੋਤਾਂ (ਮਾਰਕੀਟ ਕਰਜ਼ੇ, ਵਿੱਤੀ ਸੰਸਥਾਵਾਂ/ ਕਮਰਸ਼ੀਅਲ ਬੈਂਕਾਂ ਤੋਂ ਉਧਾਰ) ਤੋਂ ਕਰਜ਼ਾ ਪ੍ਰਾਪਤੀਆਂ ਅਤੇ ਭਾਰਤ ਸਰਕਾਰ ਕੋਲੋਂ ਕਰਜ਼ੇ ਅਤੇ ਪੇਸ਼ਗੀਆਂ ਸ਼ਾਮਲ ਹਨ।

ਸਾਲ 2019-20 ਤੋਂ 2023-24 ਦੌਰਾਨ ਪੂੰਜੀਗਤ ਪ੍ਰਾਪਤੀਆਂ ਅਤੇ ਇਨ੍ਹਾਂ ਦੇ ਹਿੱਸਿਆਂ ਦੇ ਰੁਝਾਨਾਂ ਨੂੰ **ਸਾਰਣੀ 2.14** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.14: ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਅਤੇ ਕੰਪੋਜੀਸ਼ਨ ਵਿੱਚ ਰੁਝਾਨ

(₹ ਕਰੋੜ ਵਿੱਚ)

ਰਾਜ ਦੀਆਂ ਪ੍ਰਾਪਤੀਆਂ ਦੇ ਸ੍ਰੋਤ	2019-20	2020-21	2021-22	2022-23	2023-24
ਪੂੰਜੀਗਤ ਪ੍ਰਾਪਤੀਆਂ	**43,891**	**34,077**	**27,244**	**47,427**	**46,902**
ਫੁਟਕਲ ਪੂੰਜੀਗਤ ਪ੍ਰਾਪਤੀਆਂ	0	0	0	0^	0
ਕਰਜ਼ਿਆਂ ਅਤੇ ਪੇਸ਼ਗੀਆਂ ਦੀ ਵਸੂਲੀ	16,070	50	207	164	39
ਜਨਤਕ ਕਰਜ਼ਾ ਪ੍ਰਾਪਤੀਆਂ	27,821	34,027	27,037	47,263	46,863
*ਅੰਦਰੂਨੀ ਕਰਜ਼ਾ **	*27,676*	*33,595*	*26,584*	*46,300*	*46,651*
ਵਾਧਾ ਦਰ (ਪ੍ਰਤੀਸ਼ਤ)	*28.01*	*21.39*	*(-)20.87*	*74.16*	*0.76*
ਭਾਰਤ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ #	*145*	*432*	*453*	*963*	*212*
ਵਾਧਾ ਦਰ (ਪ੍ਰਤੀਸ਼ਤ)	*(-)89.00*	*197.93*	*4.86*	*112.58*	*(-)77.99*
ਕਰਜ਼ਾ ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ*(ਪ੍ਰਤੀਸ਼ਤ)*	21.28	22.31	(-)20.54	74.81	(-)0.85
ਗੈਰ-ਕਰਜ਼ਾ ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ*(ਪ੍ਰਤੀਸ਼ਤ)*	1,792.82	(-)99.69	314.00	(-)20.77	(-)76.22
ਪੂੰਜੀਗਤ ਪ੍ਰਾਪਤੀਆਂ ਦੇ ਵਾਧੇ ਦੀ ਦਰ *(ਪ੍ਰਤੀਸ਼ਤ)*	84.51	(-)22.36	(-)20.05	74.08	(-)1.11

ਸ੍ਰੋਤ: ਵਿੱਤ ਲੇਖੇ

** ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਓਵਰਡਰਾਫਟ/ਸਪੈਸ਼ਲ ਡਰਾਇੰਗ ਸੁਵਿਧਾ ਅਧੀਨ ਨਿਰੋਲ ਰਾਸ਼ੀ ਸਮੇਤ, ਜਿਹੜੀ ਕਿ 2023-24 ਦੌਰਾਨ ₹ 3,580 ਕਰੋੜ ਸੀ।*

 # ਸਾਲ 2020-21 ਅਤੇ 2021-22 ਦੇ ਦੌਰਾਨ, ਇਸ ਵਿੱਚ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 12,132 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।

^ ₹ 0.21 ਕਰੋੜ

ਚਾਲੂ ਸਾਲ ਦੌਰਾਨ, ਜਨਤਕ ਕਰਜ਼ ਪ੍ਰਾਪਤੀਆਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ ₹ 400 ਕਰੋੜ (0.85 *ਪ੍ਰਤੀਸ਼ਤ*) ਦੀ ਕਮੀ ਆਈ ਹੈ, ਜਿਸ ਦਾ ਮੁੱਖ ਕਾਰਨ ਭਾਰਤ ਸਰਕਾਰ ਤੋਂ ਕਰਜ਼ਿਆਂ ਅਤੇ ਪੇਸ਼ਗੀਆਂ ਵਿੱਚ ₹ 751 ਕਰੋੜ ਦੀ ਕਮੀ ਹੈ, ਜਿਸ ਦੀ ਅੰਦਰੂਨੀ ਕਰਜ਼ੇ ਵਿੱਚ ₹ 351 ਕਰੋੜ ਦੇ ਵਾਧੇ ਨਾਲ ਅੰਸ਼ਕ ਤੌਰ ਤੇ ਆਫਸੈਟ ਕੀਤੀ ਗਈ ਸੀ।

2.3.4 ਸਾਧਨ ਜੁਟਾਉਣ ਵਿੱਚ ਰਾਜ ਦੀ ਕਾਰਗੁਜ਼ਾਰੀ

ਸਾਧਨ ਜੁਟਾਉਣ ਦੀ ਰਾਜ ਦੀ ਕਾਰਗੁਜ਼ਾਰੀ ਦਾ ਮੁਲਾਂਕਣ, ਇਸ ਦੇ ਆਪਣੇ ਸਾਧਨਾਂ ਵਿੱਚ ਕੀਤਾ ਜਾਂਦਾ ਹੈ, ਜਿਸ ਵਿੱਚ ਇਸ ਦੇ ਆਪਣੇ ਕਰ ਅਤੇ ਗੈਰ-ਕਰ ਸਾਧਨ ਸ਼ਾਮਲ ਹਨ।

ਪੰਦਰਵੇਂ ਵਿੱਤ ਕਮਿਸ਼ਨ (15$^{ਵੇਂ}$ ਐਫ ਸੀ) ਦੀ ਨਿਰਧਾਰਣ ਅਤੇ ਬਜਟ ਅਨੁਮਾਨਾਂ ਦੀ ਤੁਲਨਾ ਵਿੱਚ ਸਾਲ 2023-24 ਲਈ ਰਾਜ ਦੀਆਂ ਆਪਣੀਆਂ ਅਸਲ ਕਰ ਅਤੇ ਗੈਰ-ਕਰ ਪ੍ਰਾਪਤੀਆਂ ਨੂੰ **ਸਾਰਣੀ 2.15** ਵਿੱਚ ਦਿੱਤਾ ਗਿਆ ਹੈ।

ਸਾਰਣੀ 2.15: ਸਾਲ 2023-24 ਦੌਰਾਨ ਪ੍ਰੋਜੈਕਸ਼ਨਾਂ ਦੀ ਤੁਲਨਾ ਵਿੱਚ ਕਰ ਅਤੇ ਗੈਰ-ਕਰ ਰੈਵੀਨਿਊ

(₹ ਕਰੋੜ ਵਿੱਚ)

ਸਾਧਨ	15ਵੇਂ ਐਫ ਸੀ ਦੀਆਂ ਪ੍ਰੋਜੈਕਸ਼ਨਾਂ	ਬਜਟ ਅਨੁਮਾਨ	ਅਸਲ	ਅਸਲ ਦੀ ਹੇਠਾਂ ਲਿਖਿਆਂ ਨਾਲੋਂ ਅੰਤਰ ਦੀ ਪ੍ਰਤੀਸ਼ਤਤਾ	
				15ਵੇਂ ਐਫ ਸੀ ਦੀਆਂ ਪ੍ਰੋਜੈਕਸ਼ਨਾਂ	ਬਜਟ ਅਨੁਮਾਨ
ਆਪਣਾ ਕਰ-ਰੈਵੀਨਿਊ	43,576	51,835	47,252	8.44	(-)8.84
ਗੈਰ ਕਰ-ਰੈਵੀਨਿਊ	5,862	7,824	7,234	23.40	(-)7.54

ਸ੍ਰੋਤ:15ਵੇਂ ਐਫ ਸੀ ਦੀ ਰਿਪੋਰਟ, ਸਾਲਾਨਾ ਵਿੱਤੀ ਵਿਵਰਣੀ ਅਤੇ ਵਿੱਤ ਲੇਖੇ

ਮੁੱਖ ਤੌਰ 'ਤੇ ₹ 23,000 ਕਰੋੜ ਦੇ ਬਜਟ ਅਨੁਮਾਨਾਂ ਦੇ ਮੁਕਾਬਲੇ ₹ 20,925 ਕਰੋੜ ਦੇ ਜੀ ਐਸ ਟੀ ਕੁਲੈਕਸ਼ਨ ਵਿੱਚ ₹ 2,075 ਕਰੋੜ (9.02 *ਪ੍ਰਤੀਸ਼ਤ*) ਦੀ ਕਮੀ ਦੇ ਕਾਰਨ ਰਾਜ ਸਰਕਾਰ ਦਾ ਆਪਣਾ ਕਰ ਰੈਵੀਨਿਊ, 15ਵੇਂ ਐਫ ਸੀ ਦੁਆਰਾ ਬਣਾਈਆਂ ਪ੍ਰੋਜੈਕਸ਼ਨਾਂ ਤੋਂ 8.44 *ਪ੍ਰਤੀਸ਼ਤ* ਵੱਧ ਪਰ ਬਜਟ ਅਨੁਮਾਨਾਂ ਨਾਲੋਂ 8.84 *ਪ੍ਰਤੀਸ਼ਤ* ਘੱਟ ਗਿਆ ਸੀ। ਗੈਰ-ਕਰ ਰੈਵੀਨਿਊ, 15ਵੇਂ ਐਫ ਸੀ ਦੁਆਰਾ ਬਣਾਈਆਂ ਪ੍ਰੋਜੈਕਸ਼ਨਾਂ ਨਾਲੋਂ 23.40 *ਪ੍ਰਤੀਸ਼ਤ* ਨਾਲ ਵੱਧ ਸੀ ਪਰ ਬਜਟ ਅਨੁਮਾਨਾਂ ਤੋਂ 7.54 *ਪ੍ਰਤੀਸ਼ਤ* ਨਾਲ ਘੱਟ ਸੀ।

2.4 ਸਾਧਨਾਂ ਦੀ ਵਰਤੋਂ

ਰਾਜ ਸਰਕਾਰ ਨੂੰ ਵਿੱਤੀ ਜ਼ਿੰਮੇਵਾਰੀ ਕਾਨੂੰਨਾਂ ਦੇ ਢਾਂਚੇ ਦੇ ਅੰਦਰ ਰਹਿ ਕੇ ਖਰਚਾ ਕਰਨ ਦੀ ਅਤੇ ਇਸ ਦੇ ਨਾਲ ਨਾਲ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਰਾਜ ਵਿੱਚ ਚਲ ਰਹੀ ਵਿੱਤੀ ਸੁਧਾਰ ਅਤੇ ਮਜ਼ਬੂਤੀਕਰਣ ਦੀ ਪ੍ਰਕ੍ਰਿਆ, ਪੂੰਜੀਗਤ ਬੁਨਿਆਦੀ ਢਾਂਚੇ ਅਤੇ ਸਮਾਜਿਕ ਸੈਕਟਰ ਦੇ ਵਿਕਾਸ ਵੱਲ ਸੋਧਿਤ ਖਰਚੇ ਦੀ ਕੀਮਤ ਤੇ ਨਾ ਹੋਵੇ। ਰਾਜ ਵਿੱਚ ਖਰਚੇ ਦੀ ਵੰਡ ਦਾ ਵਿਸ਼ਲੇਸ਼ਣ ਅਗਲੇ ਪੈਰ੍ਹਿਆਂ ਵਿੱਚ ਦਿੱਤਾ ਗਿਆ ਹੈ।

ਖਰਚੇ ਵਿੱਚ ਵਾਧਾ ਅਤੇ ਇਸ ਦੀ ਕੰਪੋਜ਼ੀਸ਼ਨ

ਰੈਵੀਨਿਊ ਖਰਚਾ: ਰੱਖ-ਰਖਾਅ, ਮੁਰੰਮਤ, ਦੇਖ-ਰੇਖ ਅਤੇ ਕੰਮਕਾਜ ਦੇ ਅਜਿਹੇ ਖਰਚੇ, ਜਿਹੜੇ ਕਿ ਜਾਇਦਾਦਾਂ ਨੂੰ ਕਾਰਜਸ਼ੀਲ ਹਾਲਤ ਵਿੱਚ ਰੱਖਣ ਲਈ ਲੋੜੀਂਦੇ ਹਨ ਅਤੇ ਅਮਲਾ ਤੇ ਪ੍ਰਬੰਧਕੀ ਖਰਚਿਆਂ ਸਮੇਤ ਹੋਰ ਸਾਰੇ ਅਜਿਹੇ ਖਰਚਿਆਂ ਨੂੰ ਜਿਹੜੇ ਕਿ ਸੰਗਠਨ ਨੂੰ ਨਿੱਤ ਪ੍ਰਤੀ ਦਿਨ ਚਲਾਉਣ ਲਈ ਕੀਤੇ ਜਾਂਦੇ ਹਨ, ਰੈਵੀਨਿਊ ਖਰਚੇ ਵਜੋਂ ਵਰਗੀਕ੍ਰਿਤ ਹਨ।

ਪੂੰਜੀਗਤ ਖਰਚਾ: ਕਿਸੇ ਪ੍ਰੋਜੈਕਟ ਦੀ ਆਰੰਭਿਕ ਉਸਾਰੀ ਲਈ ਕੀਤੇ ਸਾਰੇ ਖਰਚਿਆਂ ਨੂੰ ਅਤੇ ਇਸ ਦੇ ਨਾਲ ਨਾਲ ਸੇਵਾ ਲਈ ਖੋਲ੍ਹਣ ਤੋਂ ਪਹਿਲਾਂ ਵਿਚਕਾਰਲੇ ਸਮੇਂ ਦੌਰਾਨ ਕੰਮ ਦੇ ਰੱਖ-ਰਖਾਅ ਲਈ ਕੀਤੇ ਜਾਂਦੇ ਖਰਚੇ ਅਤੇ ਸਮੱਰਥ ਅਥਾਰਟੀ ਦੁਆਰਾ ਨਿਯਮਾਂ ਅਧੀਨ ਮਨਜ਼ੂਰ ਕੀਤੇ ਹੋਰ ਵਾਧੇ ਅਤੇ ਸੁਧਾਰ ਦੇ ਖਰਚਿਆਂ ਨੂੰ, ਪੂੰਜੀਗਤ ਖਰਚਾ ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ।

ਕਰਜ਼ੇ ਅਤੇ ਪੇਸ਼ਗੀਆਂ: ਸਰਕਾਰ ਦੁਆਰਾ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯਜ਼ੂ) ਅਤੇ ਹੋਰ ਪਾਰਟੀਆਂ ਨੂੰ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ।

ਸਮੁੱਚੇ ਖਰਚੇ ਅਤੇ ਇਸ ਦੇ ਭਾਗਾਂ ਦਾ ਰੁਝਾਨ **ਸਾਰਣੀ 2.16** ਅਤੇ **ਚਾਰਟ 2.8** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.16: ਕੁੱਲ ਖਰਚਾ ਅਤੇ ਇਸ ਦੀ ਕੰਪੋਜ਼ੀਸ਼ਨ

(₹ ਕਰੋੜ ਵਿੱਚ)

ਮਾਪਦੰਡ	2019-20	2020-21	2021-22	2022-23	2023-24
ਕੁੱਲ ਖਰਚਾ (ਟੀ ਈ)	94,471	91,682	1,06,222	1,21,710	1,22,346
ਰੈਵੀਨਿਊ ਖਰਚਾ (ਆਰ ਈ)	75,860	86,344	96,636	1,13,661	1,17,407
ਪੂੰਜੀਗਤ ਖਰਚਾ (ਸੀ ਈ)	17,828	4,382	8,010	6,667	4,743
ਕਰਜ਼ੇ ਅਤੇ ਪੇਸ਼ਗੀਆਂ	783	956	1,576	1,382	196
ਜੀ ਐਸ ਡੀ ਪੀ ਦੀ ਪ੍ਰਤੀਸ਼ਤਤਾ ਵਜੋਂ					
ਟੀ ਈ /ਜੀ ਐਸ ਡੀ ਪੀ	17.59	16.95	16.92	17.87	16.42
ਆਰ ਈ/ਜੀ ਐਸ ਡੀ ਪੀ	14.13	15.96	15.39	16.68	15.76
ਸੀ ਈ /ਜੀ ਐਸ ਡੀ ਪੀ	3.32	0.81	1.28	0.98	0.64

ਸ੍ਰੋਤ: ਵਿੱਤ ਲੇਖੇ

ਚਾਰਟ 2.8: ਕੁੱਲ ਖਰਚਾ: ਇਸ ਦੇ ਭਾਗਾਂ ਦੇ ਹਿੱਸਿਆਂ ਵਿੱਚ ਰੁਝਾਨ



ਸ੍ਰੋਤ: ਵਿੱਤ ਲੇਖੇ

ਸਾਰਣੀ 2.16 ਦਰਸਾਉਂਦੀ ਹੈ ਕਿ ਕੁੱਲ ਖਰਚਾ 2019-20 ਵਿੱਚ ₹ 94,471 ਕਰੋੜ ਤੋਂ ₹ 27,875 ਕਰੋੜ (29.51 *ਪ੍ਰਤੀਸ਼ਤ*) ਨਾਲ ਵਧਕੇ 2023-24 ਵਿੱਚ ₹ 1,22,346 ਕਰੋੜ ਹੋ ਗਿਆ, ਜਿਹੜਾ ਕਿ ਪੰਜ ਸਾਲਾਂ ਦੇ ਸਮੇਂ ਦੌਰਾਨ ਜੀ ਐਸ ਡੀ ਪੀ ਦੇ 16.42 *ਪ੍ਰਤੀਸ਼ਤ* ਅਤੇ 17.87 *ਪ੍ਰਤੀਸ਼ਤ* ਤੱਕ ਦੀ ਰੇਂਜ ਵਿਚਕਾਰ ਸੀ। **ਚਾਰਟ 2.8** ਦਰਸਾਉਂਦਾ ਹੈ ਕਿ ਰੈਵੀਨਿਊ ਖਰਚਾ 2019-2024 ਦੌਰਾਨ ਕੁੱਲ ਖਰਚੇ ਦਾ ਪ੍ਰਮੁੱਖ ਹਿੱਸਾ (80 ਤੋਂ 96 *ਪ੍ਰਤੀਸ਼ਤ)* ਸੀ। ਦੂਜੇ ਪਾਸੇ, ਪੂੰਜੀਗਤ ਖਰਚਾ, ਸਾਲ 2019-20 ਨੂੰ ਛੱਡ ਕੇ ਸਿਰਫ ਚਾਰ ਤੋਂ ਅੱਠ *ਪ੍ਰਤੀਸ਼ਤ* ਬਣਿਆ ਰਿਹਾ ਜਦੋਂ ਕਿ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਵਿੱਚ ਯੂ ਡੀ ਏ ਵਾਈ ਦੇ ₹ 15,628 ਕਰੋੜ ਦੇ ਕਰਜ਼ਿਆਂ ਨੂੰ ਇਕਿਊਟੀ ਵਿੱਚ ਤਬਦੀਲ ਕਰਨ ਕਰਕੇ 19 *ਪ੍ਰਤੀਸ਼ਤ* ਸੀ, ਜਿਵੇਂ ਕਿ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ

ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਹੈ। ਰਾਜ ਸਰਕਾਰ ਨੇ (ਦਸੰਬਰ 2024) ਕਿਹਾ ਕਿ ਪੂੰਜੀਗਤ ਖਰਚੇ ਤੇ ਖਰਚ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ।

2019-2024 ਦੌਰਾਨ ਖਰਚੇ ਦੇ ਵੱਖ ਵੱਖ ਸੈਕਟਰਾਂ ਦੇ ਤੁਲਨਾਤਮਕ ਹਿੱਸੇ ਨੂੰ **ਸਾਰਣੀ 2.17** ਅਤੇ **ਚਾਰਟ 2.9** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.17: ਖਰਚੇ ਦੇ ਵੱਖ ਵੱਖ ਸੈਕਟਰਾਂ ਦਾ ਤੁਲਨਾਤਮਕ ਹਿੱਸਾ

(₹ ਕਰੋੜ ਵਿੱਚ)

ਮਾਪਦੰਡ	2019-20	2020-21	2021-22	2022-23	2023-24
ਜਨਰਲ ਸੇਵਾਵਾਂ	38,769	43,464	47,504	54,228	57,377
ਸਮਾਜਿਕ ਸੇਵਾਵਾਂ	20,449	23,926	28,245	32,890	34,166
ਆਰਥਿਕ ਸੇਵਾਵਾਂ	31,260	17,365	25,039	29,398	27,311
ਹੋਰ (ਸਥਾਨਕ ਸੰਸਥਾਵਾਂ ਨੂੰ ਗ੍ਰਾਂਟਾਂ ਅਤੇ ਕਰਜ਼ੇ 'ਤੇ ਪੇਸ਼ਗੀਆਂ)	3,993	6,927	5,434	5,194	3,492

ਸ੍ਰੋਤ: ਵਿੱਤ ਲੇਖੇ

ਚਾਰਟ 2.9: ਕੁੱਲ ਖਰਚਾ – ਗਤੀਵਿਧੀਆਂ ਅਨੁਸਾਰ ਖਰਚਾ



ਸ੍ਰੋਤ: ਵਿੱਤ ਲੇਖੇ

ਚਾਰਟ 2.9 ਦਰਸਾਉਂਦਾ ਹੈ ਕਿ ਸਾਲ 2019-2024 ਦੌਰਾਨ ਕੁੱਲ ਖਰਚੇ ਵਿੱਚ ਵੱਖ-ਵੱਖ ਭਾਗਾਂ ਦੀ ਤੁਲਨਾਤਮਕ ਹਿੱਸੇਦਾਰੀ ਘਟਦੀ-ਵਧਦੀ ਰਹੀ। ਕੁੱਲ ਖਰਚੇ ਵਿੱਚ ਸਮਾਜਿਕ ਸੇਵਾਵਾਂ ਅਤੇ ਆਰਥਿਕ ਸੇਵਾਵਾਂ ਦਾ ਹਿੱਸਾ 2019-20 ਵਿੱਚ 41.04 *ਪ੍ਰਤੀਸ਼ਤ*, ਅਤੇ 21.64 *ਪ੍ਰਤੀਸ਼ਤ* ਤੋਂ ਵੱਧ ਕੇ 2023-24 ਵਿੱਚ ਕ੍ਰਮਵਾਰ 46.90 *ਪ੍ਰਤੀਸ਼ਤ*, ਅਤੇ 27.93 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਉਸ ਸਮੇਂ ਦੌਰਾਨ ਆਰਥਿਕ ਸੇਵਾਵਾਂ ਅਤੇ ਸਥਾਨਕ ਸੰਸਥਾਵਾਂ ਨੂੰ ਗ੍ਰਾਂਟ ਅਤੇ ਕਰਜ਼ੇ ਅਤੇ ਪੇਸ਼ਗੀਆਂ ਦੀ ਦਰ 33.09 *ਪ੍ਰਤੀਸ਼ਤ* ਅਤੇ 4.23 *ਪ੍ਰਤੀਸ਼ਤ* ਤੋਂ ਘੱਟ ਕੇ ਕ੍ਰਮਵਾਰ

22.32 *ਪ੍ਰਤੀਸ਼ਤ* ਅਤੇ 2.85 *ਪ੍ਰਤੀਸ਼ਤ* ਹੋ ਗਈ ਸੀ। **ਚਾਰਟ 2.10** ਫੰਕਸ਼ਨ ਅਨੁਸਾਰ ਖਰਚੇ ਦੀ ਰਚਨਾ ਨੂੰ ਦਰਸਾਉਂਦਾ ਹੈ।

ਚਾਰਟ 2.10: 2023-24 ਦੌਰਾਨ ਫੰਕਸ਼ਨ ਅਨੁਸਾਰ ਖਰਚੇ ਦੀ ਕੰਪੋਜ਼ੀਸ਼ਨ



ਸ੍ਰੋਤ: ਵਿੱਤ ਲੇਖੇ

ਨੋਟ: ਪੂੰਜੀਗਤ ਖਰਚ ਨੂੰ ਵੱਖਰੇ ਤੌਰ ਤੇ ਦਿਖਾਇਆ ਗਿਆ ਹੈ ਅਤੇ ਜਨਰਲ, ਸਮਾਜਿਕ ਅਤੇ ਆਰਥਿਕ ਸੇਵਾਵਾਂ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ।

2.4.1 ਰੈਵੀਨਿਊ ਖਰਚਾ

ਰੈਵੀਨਿਊ ਖਰਚਾ ਸੇਵਾਵਾਂ ਦੇ ਮੌਜੂਦਾ ਪੱਧਰ ਨੂੰ ਬਰਕਰਾਰ ਰੱਖਣ ਲਈ ਅਤੇ ਪਹਿਲੀਆਂ ਦੇਣਦਾਰੀਆਂ ਦੇ ਭੁਗਤਾਨ ਕਰਨ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਇਸ ਦੇ ਨਤੀਜੇ ਵਜੋਂ ਰਾਜ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਨੈਟਵਰਕ ਵਿੱਚ ਕੋਈ ਵਾਧਾ ਨਹੀਂ ਹੁੰਦਾ। ਰੈਵੀਨਿਊ ਖਰਚੇ ਵਿੱਚ ਵਾਧਾ, ਇਸ ਦੀ ਕੁੱਲ ਖਰਚੇ, ਜੀ ਐਸ ਡੀ ਪੀ ਅਤੇ ਰੈਵੀਨਿਊ ਪ੍ਰਾਪਤੀਆਂ ਦੀ ਰੇਸ਼ੋ ਨੂੰ **ਸਾਰਣੀ 2.18** ਵਿੱਚ ਅਤੇ ਰੈਵੀਨਿਊ ਖਰਚੇ ਦੀ ਸੈਕਟਰ ਵਾਰ ਵੰਡ ਨੂੰ **ਚਾਰਟ 2.11** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.18: ਰੈਵੀਨਿਊ ਖਰਚਾ-ਮੁਢਲੇ ਮਾਪਦੰਡ

(₹ ਕਰੋੜ ਵਿੱਚ)

ਮਾਪਦੰਡ	2019-20	2020-21	2021-22	2022-23	2023-24
ਕੁੱਲ ਖਰਚਾ (ਟੀ ਈ)	94,471	91,682	1,06,222	1,21,710	1,22,346
ਰੈਵੀਨਿਊ ਖਰਚਾ (ਆਰ ਈ)	75,860	86,344	96,636	1,13,661	1,17,407
ਆਰ ਈ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	0.60	13.82	11.92	17.62	3.30
ਟੀ ਈ ਦੀ ਪ੍ਰਤੀਸ਼ਤਤਾ ਵਜੋਂ ਰੈਵੀਨਿਊ ਖਰਚਾ	80.30	94.18	90.98	93.39	95.96
ਆਰ ਈ/ਜੀ ਐਸ ਡੀ ਪੀ (*ਪ੍ਰਤੀਸ਼ਤ*)	14.13	15.96	15.39	16.68	15.76
ਰੈਵੀਨਿਊ ਪ੍ਰਾਪਤੀਆਂ	61,575	69,048	78,168	87,616	89,192
ਆਰ ਆਰ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	(-)1.11	12.14	13.21	12.09	1.80
ਆਰ ਆਰ ਦੀ ਪ੍ਰਤੀਸ਼ਤਤਾ ਵਜੋਂ ਆਰ ਈ	123.20	125.05	123.63	129.73	131.63
ਜੀ ਐਸ ਡੀ ਪੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	4.78	0.71	16.06	8.53	9.34

ਮਾਪਦੰਡ	2019-20	2020-21	2021-22	2022-23	2023-24
ਰੈਵੀਨਿਊ ਖਰਚੇ ਦੀ ਬਾਇਅੰਸੀ ਨਾਲ					
ਜੀ ਐਸ ਡੀ ਪੀ (ਰੇਸ਼ੋ)	0.13	19.46	0.74	2.07	0.35
ਰੈਵੀਨਿਊ ਪ੍ਰਾਪਤੀਆਂ (ਰੇਸ਼ੋ)	--*	1.14	0.90	1.46	1.83

ਸ੍ਰੋਤ: ਵਿੱਤੀ ਲੇਖੇ

** ਬਾਇਅੰਸੀ ਰੇਸ਼ੋ ਦੀ ਗਣਨਾ ਨਹੀਂ ਕੀਤੀ ਗਈ ਕਿਉਂਕਿ ਰੈਵੀਨਿਊ ਪ੍ਰਾਪਤੀਆਂ ਦਾ ਵਾਧਾ ਨਕਾਰਾਤਮਕ ਸੀ।*

ਰੈਵੀਨਿਊ ਖਰਚਾ 2019-20 ਵਿੱਚ ₹ 75,860 ਕਰੋੜ ਤੋਂ ₹ 41,547 ਕਰੋੜ (54.77 *ਪ੍ਰਤੀਸ਼ਤ*) ਨਾਲ ਵਧ ਕੇ 2023-24 ਵਿੱਚ ₹ 1,17,407 ਕਰੋੜ ਹੋ ਗਿਆ। ਇਹ 11.54 *ਪ੍ਰਤੀਸ਼ਤ* ਦੀ ਕੰਪਾਊਂਡ ਸਾਲਾਨਾ ਵਿਕਾਸ ਦਰ ਨਾਲ ਵਧੀਆਂ, ਜਦੋਂ ਕਿ ਜੀ ਐਸ ਡੀ ਪੀ ਦੇ *ਪ੍ਰਤੀਸ਼ਤ* ਵਜੋਂ ਇਹ ਇਸੇ ਮਿਆਦ ਦੌਰਾਨ 14.13 *ਪ੍ਰਤੀਸ਼ਤ* ਤੋਂ ਵਧ ਕੇ 15.76 *ਪ੍ਰਤੀਸ਼ਤ* ਹੋ ਗਿਆ, ਹਾਲਾਂਕਿ 2022-23 ਦੌਰਾਨ ਇਹ 16.68 *ਪ੍ਰਤੀਸ਼ਤ* ਸੀ। ਰੈਵੀਨਿਊ ਪ੍ਰਾਪਤੀਆਂ ਦੇ ਸਬੰਧ ਵਿੱਚ ਰੈਵੀਨਿਊ ਖਰਚਿਆਂ ਦੀ ਬਾਇਅੰਸੀ ਵਿੱਚ ਵੀ 2020-21 ਦੇ ਮੁਕਾਬਲੇ 2023-24 ਵਿੱਚ ਵਾਧਾ ਹੋਇਆ, ਜੋ ਕਿ ਚਿੰਤਾ ਦਾ ਵਿਸ਼ਾ ਸੀ।

ਚਾਰਟ 2.11: ਸਾਲ 2023-24 ਦੌਰਾਨ ਰੈਵੀਨਿਊ ਖਰਚੇ ਦੀ ਸੈਕਟਰ-ਵਾਰ ਵੰਡ



ਸ੍ਰੋਤ: ਵਿੱਤੀ ਲੇਖੇ

2.4.1.1 ਰੈਵੀਨਿਊ ਖਰਚੇ ਵਿੱਚ ਮੁੱਖ ਬਦਲਾਅ

ਰੈਵੀਨਿਊ ਖਰਚਾ 2022-23 ਵਿੱਚ ₹ 1,13,661 ਕਰੋੜ ਤੋਂ ₹ 3,746 ਕਰੋੜ (3.30 *ਪ੍ਰਤੀਸ਼ਤ*) ਨਾਲ ਚੋਖਾ ਵਧ ਕੇ 2023-24 ਵਿੱਚ ₹ 1,17,407 ਕਰੋੜ ਹੋ ਗਿਆ। ਪਿਛਲੇ ਸਾਲ ਦੀ ਤੁਲਨਾ ਵਿੱਚ ਰਾਜ ਦੇ ਰੈਵੀਨਿਊ ਖਰਚੇ ਦੇ ਸਬੰਧ ਵਿੱਚ ਚਾਲੂ ਸਾਲ ਦੌਰਾਨ ਲੇਖੇ ਦੀਆਂ ਵੱਖ ਵੱਖ ਮੁੱਖ ਮੱਦਾਂ ਅਧੀਨ ਹੋਏ ਮੱਹਤਵਪੂਰਣ ਬਦਲਾਅ **ਸਾਰਣੀ 2.19** ਵਿੱਚ ਦਰਸਾਏ ਗਏ ਹਨ।

ਸਾਰਣੀ 2.19: 2022-23 ਦੀ ਤੁਲਨਾ ਵਿੱਚ 2023-24 ਦੌਰਾਨ ਰੈਵੀਨਿਊ ਖਰਚੇ ਵਿੱਚ ਮਹੱਤਵਪੂਰਨ ਬਦਲਾਅ

(₹ ਕਰੋੜ ਵਿੱਚ)

ਲੇਖੇ ਦੀਆਂ ਮੁੱਖ ਮੱਦਾਂ	2022-23	2023-24	ਵਾਧਾ (+)/ ਗਿਰਾਵਟ (-)
2049-ਵਿਆਜ ਦਾ ਭੁਗਤਾਨ	19,905.13	22,551.93	2,646.80
2071-ਪੈਨਸ਼ਨਾਂ ਅਤੇ ਹੋਰ ਸੇਵਾ ਨਿਵਿਰਤੀ ਲਾਭ	18,214.25	20,090.34	1,876.09
2210-ਮੈਡੀਕਲ ਅਤੇ ਜਨਤਕ ਸਿਹਤ	3,853.56	4,488.07	634.51
2245-ਕੁਦਰਤੀ ਆਫਤਾਂ ਦੇ ਕਾਰਨ ਰਾਹਤ	461.43	1,084.25	622.82

ਲੇਖੇ ਦੀਆਂ ਮੁੱਖ ਮੱਦਾਂ	2022-23	2023-24	ਵਾਧਾ (+)/ ਗਿਰਾਵਟ (-)
2202-ਜਨਰਲ ਸਿੱਖਿਆ	14,037.36	14,646.66	609.30
2801-ਪਾਵਰ	8,225.89	6,818.28	(-)1,407.61
2048-ਕਰਜ਼ੇ ਵਿੱਚ ਕਟੌਤੀ ਜਾਂ ਬਚਣ ਲਈ ਨਮਿੱਤਣ	3,000.00	1,750.00	(-)1,250.00
2425-ਸਹਿਕਾਰਤਾ	1,075.16	434.10	(-)641.06
2075-ਫੁਟਕਲ ਜਨਰਲ ਸੇਵਾਵਾਂ	909.14	311.10	(-)598.04
2515-ਹੋਰ ਪੇਂਡੂ ਵਿਕਾਸ ਪ੍ਰੋਗਰਾਮ	747.64	167.02	(-)580.62

ਸ੍ਰੋਤ: ਵਿੱਤ ਲੇਖੇ

ਸਾਰਣੀ 2.19 ਦਰਸਾਉਂਦੀ ਹੈ:

- 'ਵਿਆਜ ਭੁਗਤਾਨ' ਵਿੱਚ ₹ 2,647 ਕਰੋੜ (13.30 *ਪ੍ਰਤੀਸ਼ਤ*) ਦਾ ਵਾਧਾ ਜੋ ਮੁੱਖ ਤੌਰ ਤੇ 'ਮਾਰਕੀਟ ਕਰਜ਼ਿਆਂ ਤੇ ਵਿਆਜ' ਵਿੱਚ ₹ 2,933 ਕਰੋੜ ਦੇ ਵਾਧੇ ਕਾਰਨ ਸੀ, 'ਜਨਰਲ ਅਤੇ ਹੋਰ ਰਿਜ਼ਰਵ ਫੰਡਾਂ ਤੇ ਵਿਆਜ' ਵਿੱਚ ₹ 220 ਕਰੋੜ ਦਾ ਵਾਧਾ ਹੋਇਆ ਸੀ ਅਤੇ 'ਰਾਜ/ਕੇਂਦਰ ਸ਼ਾਸਿਤ ਪ੍ਰਦੇਸ਼ ਯੋਜਨਾ ਸਕੀਮਾਂ ਲਈ ਕਰਜ਼ਿਆਂ ਤੇ ਵਿਆਜ' ਵਿੱਚ ₹ 142 ਕਰੋੜ ਦੀ ਰਾਸ਼ੀ 'ਹੋਰ ਅੰਦਰੂਨੀ ਕਰਜ਼ਿਆਂ ਤੇ ਵਿਆਜ' ਵਿੱਚ ₹ 530 ਕਰੋੜ ਦੀ ਕਮੀ ਅਤੇ 'ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਰਾਸ਼ਟਰੀ ਛੋਟੀ ਬੱਚਤ ਫੰਡ ਨੂੰ ਜਾਰੀ ਕੀਤੀਆਂ ਵਿਸ਼ੇਸ਼ ਸਕਿਓਰਿਟੀਜ਼ ਤੇ ਵਿਆਜ' ਵਿੱਚ ₹ 179 ਕਰੋੜ ਦੀ ਕਮੀ ਨਾਲ ਅੰਸ਼ਕ ਤੌਰ ਤੇ ਆਫਸੈਟ ਕੀਤੀ ਗਈ ਹੈ;
- 'ਪੈਨਸ਼ਨ ਅਤੇ ਹੋਰ ਸੇਵਾ ਨਿਵਿਰਤੀ ਲਾਭ' ਦੇ ਅਧੀਨ ₹ 1,876 ਕਰੋੜ (10.30 *ਪ੍ਰਤੀਸ਼ਤ*) ਦਾ ਵਾਧਾ ਜੋ ਮੁੱਖ ਤੌਰ ਤੇ 'ਸੇਵਾਮੁਕਤੀ ਅਤੇ ਸੇਵਾ ਨਿਵਿਰਤੀ ਭੱਤਿਆ' ਵਿੱਚ ₹ 1,167 ਕਰੋੜ ਦੇ ਵਾਧੇ ਕਾਰਨ ਸੀ, 'ਗ੍ਰੈਚੁਟੀ' ਵਿੱਚ ₹ 316 ਕਰੋੜ 'ਪਰਿਵਾਰਕ ਪੈਨਸ਼ਨਾਂ' ਵਿੱਚ ₹ 218 ਕਰੋੜ, 'ਪਰਿਭਾਸ਼ਿਤ ਯੋਗਦਾਨ ਪੈਨਸ਼ਨ ਸਕੀਮ ਲਈ ਸਰਕਾਰੀ ਯੋਗਦਾਨ' ਵਿੱਚ ₹ 132 ਕਰੋੜ ਅਤੇ 'ਲੀਵ ਇਨਕੈਸ਼ਮੈਂਟ ਬੈਨੀਫਿਟਸ' ਵਿੱਚ ₹ 47 ਕਰੋੜ ਦੀ ਕਟੌਤੀ ਨਾਲ ਅੰਸ਼ਕ ਆਫਸੈਟ ਤੌਰ ਤੇ 'ਪੈਨਸ਼ਨਾਂ ਦੇ ਕਮਿਊਟਡ ਮੁੱਲਾਂ' ਵਿੱਚ ₹ 106 ਕਰੋੜ ਦਾ ਵਾਧਾ ਹੋਇਆ ਹੈ;
- 'ਮੈਡੀਕਲ ਅਤੇ ਜਨਤਕ ਸਿਹਤਾਂ' ਵਿੱਚ ₹ 635 ਕਰੋੜ (16.48 *ਪ੍ਰਤੀਸ਼ਤ*) ਦਾ ਵਾਧਾ, ਜੋ ਮੁੱਖ ਤੌਰ ਤੇ 'ਹਸਪਤਾਲ ਅਤੇ ਡਿਸਪੈਂਸਰੀਆਂ' ਵਿੱਚ ₹ 257 ਕਰੋੜ, 'ਜਨਤਕ ਖੇਤਰ ਅਤੇ ਹੋਰ ਉਦਮਾਂ ਨੂੰ ਸਹਾਇਤਾ' ਵਿੱਚ ₹ 171 ਕਰੋੜ 'ਸ਼ਹਿਰੀ ਸਿਹਤ ਸੇਵਾਵਾਂ-ਐਲੋਪੈਥੀ' ਅਧੀਨ 'ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾਂ' ਵਿੱਚ ₹ 145 ਕਰੋੜ ਅਤੇ 'ਕਰਮਚਾਰੀਆਂ ਰਾਜ ਬੀਮਾਂ ਯੋਜਨਾਵਾਂ' ਵਿੱਚ ₹ 54 ਕਰੋੜ ਦੀ ਅੰਸ਼ਕ ਆਫਸੈਟ ਨਾਲ 'ਨਿਰਦੇਸ਼ ਅਤੇ ਪ੍ਰਸ਼ਾਸਨ' ਵਿੱਚ ₹ 94 ਕਰੋੜ ਦੇ ਵਾਧੇ ਕਾਰਨ ਸੀ;
- 'ਕੁਦਰਤੀ ਆਫਤਾਂ ਕਾਰਨ ਰਾਹਤ' ਵਿੱਚ ₹ 623 ਕਰੋੜ (134.98 *ਪ੍ਰਤੀਸ਼ਤ*) ਦਾ ਵਾਧਾ, ਜੋ ਮੁੱਖ ਤੌਰ ਤੇ 'ਰਿਜ਼ਰਵ ਫੰਡਾਂ ਅਤੇ ਜਮ੍ਹਾਂ ਖਾਤਿਆਂ ਵਿੱਚ ਟ੍ਰਾਂਸਫਰ-ਰਾਜ ਆਫਤ ਪ੍ਰਤੀਕਿਰਿਆ ਫੰਡ' ਵਿੱਚ ₹ 582 ਕਰੋੜ ਦੇ ਵਾਧੇ ਕਾਰਨ ਸੀ, 'ਗ੍ਰੈਚੁਟਸ ਰਾਹਤ' ਵਿੱਚ ₹ 347 ਕਰੋੜ ਦਾ ਵਾਧਾ ਹੋਇਆ ਅਤੇ 'ਰਾਜ ਆਫਤ ਨਿਵਾਰਣ ਫੰਡ' ਵਿੱਚ ₹ 79 ਕਰੋੜ ਦੀ ਰਾਸ਼ੀ 'ਰਾਜ ਆਫਤ ਪ੍ਰਤੀਕਿਰਿਆ ਫੰਡ' ਤੋਂ ਪੂਰੀ ਕੀਤੀ ਗਈ ਕਟੌਤੀ-ਰਾਸ਼ੀ ਵਿੱਚ ₹ 359 ਕਰੋੜ ਅਤੇ ਹੋਰ ਖਰਚਿਆਂ ਵਿੱਚ ₹ 39 ਕਰੋੜ ਦੀ ਕਮੀ ਨਾਲ ਅੰਸ਼ਕ ਆਫਸੈਟ ਤੌਰ ਤੇ ਪੂਰਤੀ ਕੀਤੀ ਗਈ ਹੈ;

- 'ਜਨਰਲ ਸਿੱਖਿਆ' ਵਿੱਚ ₹ 609 ਕਰੋੜ (4.34 *ਪ੍ਰਤੀਸ਼ਤ*) ਦਾ ਵਾਧਾ, ਜੋ ਮੁੱਖ ਤੌਰ ਤੇ 'ਐਲੀਮੈਂਟਰੀ ਸਿੱਖਿਆ' ਵਿੱਚ ₹ 265 ਕਰੋੜ 'ਯੂਨੀਵਰਸਿਟੀ ਅਤੇ ਉੱਚ ਸਿੱਖਿਆ' ਵਿੱਚ ₹ 258 ਕਰੋੜ ਅਤੇ 'ਸੈਕੰਡਰੀ ਸਿੱਖਿਆ' ਵਿੱਚ ₹ 60 ਕਰੋੜ ਦੇ ਵਾਧੇ ਕਾਰਨ ਸੀ;
- 'ਪਾਵਰ' ਵਿੱਚ ₹ 1,408 ਕਰੋੜ (17.11 *ਪ੍ਰਤੀਸ਼ਤ*) ਦੀ ਕਮੀ, ਜਿਸ ਦਾ ਮੁੱਖ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਦੇ ਪੇਂਡੂ ਬਿਜਲੀਕਰਨ ਅਧੀਨ ਸਬਸਿਡੀ ਦੇ ਕਾਰਨ 'ਬਿਜਲੀ ਬੋਰਡਾਂ ਨੂੰ ਸਹਾਇਤਾ' ਵਿੱਚ ₹ 773 ਕਰੋੜ ਅਤੇ 'ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਪਲਾਨ' ਕਾਰਨ ₹ 634 ਕਰੋੜ ਦੀ ਕਮੀ ਸੀ;
- 'ਕਰਜ਼ੇ ਦੀ ਕਟੌਤੀ ਜਾਂ ਪਰਹੇਜ਼ ਲਈ ਵਿਨਿਯੋਜਨ' ਵਿੱਚ ₹ 1,250 ਕਰੋੜ (41.67 *ਪ੍ਰਤੀਸ਼ਤ*) ਦੀ ਕਮੀ, ਜੋ ਕਿ ਸੰਚਿਤ ਸਿੰਕਿੰਗ ਫੰਡ ਵਿੱਚ ਯੋਗਦਾਨ ਵਿੱਚ ₹ 1,250 ਕਰੋੜ ਦੀ ਕਮੀ ਦੇ ਕਾਰਨ ਸੀ;
- 'ਸਹਿਕਾਰਤਾ' ਵਿੱਚ ₹ 641 ਕਰੋੜ (59.62 *ਪ੍ਰਤੀਸ਼ਤ*) ਦੀ ਕਮੀ ਜੋ ਮੁੱਖ ਤੌਰ ਤੇ 'ਹੋਰ ਸਹਿਕਾਰੀ ਸਭਾਵਾਂ ਨੂੰ ਸਹਾਇਤਾ'[5] ਵਿੱਚ ₹ 689 ਕਰੋੜ ਦੀ ਕਮੀ ਦੇ ਕਾਰਨ ਸੀ, ਜਿਸ ਦੀ ਅੰਸ਼ਕ ਆਫਸੈਟ 'ਸਹਿਕਾਰੀ ਸਭਾਵਾਂ ਨੂੰ ਸਹਾਇਤਾ' ਵਿੱਚ ₹ 39 ਕਰੋੜ ਦੇ ਵਾਧੇ ਨਾਲ ਕੀਤੀ ਗਈ ਸੀ;
- 'ਫੁਟਕਲ ਜਨਰਲ ਸੇਵਾਵਾਂ' ਵਿੱਚ ₹ 598 ਕਰੋੜ (65.78 *ਪ੍ਰਤੀਸ਼ਤ*) ਦੀ ਕਮੀ, ਜਿਸ ਦਾ ਮੁੱਖ ਕਾਰਨ 'ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਨੂੰ ਸਹਾਇਤਾ' ਦੇ ਰੂਪ ਵਿੱਚ 'ਜਨਤਕ ਖੇਤਰ ਅਤੇ ਹੋਰ ਉੱਦਮਾਂ' ਨੂੰ ਸਹਾਇਤਾ ਵਿੱਚ ₹ 576 ਕਰੋੜ ਅਤੇ 'ਰਾਜ ਲਾਟਰੀਆਂ' ਵਿੱਚ ₹ 23 ਕਰੋੜ ਦੀ ਕਮੀ ਸੀ;
- 'ਹੋਰ ਪੇਂਡੂ ਵਿਕਾਸ ਪ੍ਰੋਗਰਾਮਾਂ' ਵਿੱਚ ₹ 581 ਕਰੋੜ (77.66 *ਪ੍ਰਤੀਸ਼ਤ*) ਦੀ ਕਮੀ ਜੋ ਮੁੱਖ ਤੌਰ ਤੇ 'ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾਂ' ਵਿੱਚ ₹ 450 ਕਰੋੜ ਅਤੇ 'ਹੋਰ ਖਰਚਿਆਂ' ਵਿੱਚ ₹ 108 ਕਰੋੜ, ਦੋਵੇਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਨਾਲ ਸਬੰਧਤ ਖਰਚਿਆਂ ਵਿੱਚ ਕਮੀ ਦੇ ਕਾਰਨ ਸੀ।

2.4.1.2 ਵਚਨਬੱਧ ਖਰਚਾ

ਰੈਵੀਨਿਊ ਲੇਖੇ ਵਿੱਚ ਰਾਜ ਸਰਕਾਰ ਦੇ ਵਚਨਬੱਧ ਖਰਚੇ ਵਿੱਚ ਵਿਆਜ ਅਦਾਇਗੀਆਂ, ਤਨਖਾਹਾਂ ਤੇ ਉਜਰਤਾਂ 'ਤੇ ਖਰਚਾ, ਅਤੇ ਪੈਨਸ਼ਨਾਂ ਸ਼ਾਮਲ ਹਨ। ਇਸ ਨੂੰ ਸਰਕਾਰੀ ਸਾਧਨਾਂ ਵਿੱਚੋਂ ਸਭ ਤੋਂ ਪਹਿਲਾਂ ਚਾਰਜ ਕੀਤਾ ਜਾਂਦਾ ਹੈ।

ਉਪਰੋਕਤ ਤੋਂ ਇਲਾਵਾ, ਅਟੱਲ ਖਰਚ ਦੀਆਂ ਕੁੱਝ ਚੀਜ਼ਾਂ ਹਨ ਜਿਨ੍ਹਾਂ ਨੂੰ ਆਮ ਤੌਰ ਤੇ ਬਦਲਿਆਂ ਜਾਂ ਵਿਭਿੰਨ ਨਹੀਂ ਕੀਤਾ ਜਾ ਸਕਦਾ ਜਾਂ ਸਾਲਾਨਾ ਅਧਾਰ ਤੇ ਕਾਨੂੰਨੀ ਤੌਰ ਤੇ ਲੋੜੀਂਦਾ ਹੈ, ਜਿਵੇਂ ਕਿ ਪਰਿਵਰਤਨਸ਼ੀਲ ਲੈਣ-ਦੇਣ ਜਿਵੇਂ ਕਿ ਪੂੰਜੀਗਤ ਖਰਚ, ਆਦਿ ਦੇ ਉਲਟ। ਉਦਾਹਰਣ ਲਈ ਹੇਠ ਲਿਖੀਆਂ ਚੀਜ਼ਾਂ ਨੂੰ ਅਟੱਲ ਖਰਚ ਮੰਨਿਆਂ ਜਾ ਸਕਦਾ ਹੈ;

(i) ਸਥਾਨਕ ਸੰਸਥਾਵਾਂ ਨੂੰ ਵੰਡ-ਤਨਖਾਹ ਅਤੇ ਭੱਤਿਆਂ ਲਈ ਸਥਾਨਕ ਸੰਸਥਾਵਾਂ ਨੂੰ ਅਧਿਨਿਯਮਿਕ ਵੰਡ (ਪੂੰਜੀਗਤ ਖਰਚਿਆਂ ਲਈ ਵੰਡ/ਟਰਾਂਸਫਰ)।

5 ਮੁੱਖ ਤੌਰ ਤੇ ਨਾਬਾਰਡ ਨੂੰ ਕਰਜ਼ੇ ਦੀ ਮੁੜ ਅਦਾਇਗੀ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਨੂੰ ਸਹਾਇਤਾ ਅਤੇ ਇਸ ਦੇ ਸੇਵਾਮੁਕਤ ਵਿਅਕਤੀਆਂ ਨੂੰ ਪੈਨਸ਼ਨ ਅਤੇ ਪੈਨਸ਼ਨ ਦੇ ਬਕਾਏ ਦੀ ਅਦਾਇਗੀ ਅਤੇ ਗੰਨਾ ਉਤਪਾਦਕਾਂ ਨੂੰ ਭੁਗਤਾਨ ਕਰਨ ਲਈ ਸ਼ੁਗਰਫੈਡ ਨੂੰ ਸਹਾਇਤਾ ਦੇਣ ਕਾਰਨ।

(ii) ਰਿਜ਼ਰਵ ਫੰਡਾਂ ਵਿੱਚ ਯੋਗਦਾਨ ਦੀਆਂ ਅਧਿਨਿਯਮਿਕ ਲੋੜਾਂ-ਸੰਚਿਤ ਸਿਕਿੰਗ ਫੰਡ (ਸੀ ਐਸ ਐਫ), ਗਾਰੰਟੀ ਰਿਡੈਮਪਸ਼ਨ ਫੰਡ (ਜੀ ਆਰ ਐਫ), ਸਟੇਟ ਡਿਜ਼ਾਸਟਰ ਮਿੰਟੀਗੇਸ਼ਨ/ਰਿਸਪਾਂਸ ਫੰਡ (ਐਸ ਡੀ ਐਮ ਐਫ/ਐਸ ਡੀ ਆਰ ਐਫ) ਆਦਿ ਵਿੱਚ ਯੋਗਦਾਨ।

(iii) ਅਚੇਤ ਫੰਡ ਦੀ ਵਾਪਸੀ-ਸਾਲ ਦੇ ਅੰਦਰ ਵਾਪਸ ਕੀਤੀ ਗਈ ਰਕਮ।

(iv) ਸੈੱਸ ਨੂੰ ਰਿਜ਼ਰਵ ਫੰਡ/ਹੋਰ ਸੰਸਥਾਵਾਂ ਨੂੰ ਟਰਾਂਸਫਰ ਕਰਨਾ, ਜੋ ਕਿ ਅਧਿਨਿਯਮਿਕ ਤੌਰ 'ਤੇ ਲੋੜੀਂਦੇ ਹਨ।

(v) ਪ੍ਰਾਪਤ ਕੇਂਦਰੀ ਫੰਡ ਦੇ ਵਿਰੁੱਧ ਸੀ ਐਸ ਐਸ ਦਾ ਹਿੱਸਾ ਯੋਗਦਾਨ ਰਾਜ ਦੇ ਹਿੱਸੇ ਦੀ ਰਕਮ ਜੋ ਐਸ ਐਨ ਏਜ਼ ਨੂੰ ਟਰਾਂਸਫਰ ਕੀਤੀ ਜਾਣੀ ਹੈ/ ਰਾਜ ਦੁਆਰਾ ਖਰਚ ਕੀਤੀ ਜਾਣੀ ਹੈ।

(vi) ਵਿਆਜ-ਸਹਿਣ ਵਾਲੇ ਫੰਡਾਂ ਦੇ ਬਕਾਇਆ ਤੇ ਵਿਆਜ ਦਾ ਭੁਗਤਾਨ ਇਸ ਤਰ੍ਹਾਂ ਕਰਨਾ ਜਿਵੇਂ ਕਿ ਉਨ੍ਹਾਂ ਦਾ ਨਿਵੇਸ਼ ਕੀਤਾ ਜਾ ਸਕਦਾ ਸੀ ਅਤੇ ਚਾਰਜ ਕੀਤੇ ਖਰਚੇ-ਵਿਆਜ ਭੁਗਤਾਨ ਵਜੋਂ ਜਨਤਕ ਕਰਜ਼ੇ ਤੇ ਵਿਆਜ ਦਾ ਭੁਗਤਾਨ।

ਵਚਨਬੱਧ ਖਰਚੇ ਦੇ ਵਧਣ ਦੇ ਰੁਝਾਨ ਨਾਲ ਸਰਕਾਰ ਕੋਲ ਵਿਕਾਸ ਖੇਤਰ ਲਈ ਘੱਟ ਲਚਕਤਾ ਰਹਿ ਜਾਂਦੀ ਹੈ। ਵਚਨਬੱਧ ਅਤੇ ਅਟੱਲ ਖਰਚੇ ਅਤੇ ਇਸਦੇ ਭਾਗਾਂ ਦੇ ਰੁਝਾਨ ਦਾ ਵਿਸ਼ਲੇਸ਼ਣ **ਸਾਰਣੀ 2.20** ਵਿੱਚ ਦਰਸਾਇਆ ਹੈ ਅਤੇ ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ **ਚਾਰਟ 2.12** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.20: ਵਚਨਬੱਧ ਅਤੇ ਅਟੱਲ ਖਰਚੇ ਦੇ ਭਾਗ

(₹ ਕਰੋੜ ਵਿੱਚ)

ਵਚਨਬੱਧ ਖਰਚੇ ਦੇ ਭਾਗ	2019-20	2020-21	2021-22	2022-23	2023-24
ਤਨਖਾਹਾਂ ਅਤੇ ਉਜਰਤਾਂ[6]	24,683	25,569	28,086	32,171	33,746
ਪੈਨਸ਼ਨਾਂ 'ਤੇ ਖਰਚਾ	10,294	13,680	14,730	18,214	20,090
ਵਿਆਜ ਅਦਾਇਗੀਆਂ	17,567	18,153	19,064	19,905	22,552
ਜੋੜ	**52,544**	**57,402**	**61,880**	**70,290**	**76,388**
ਰੈਵੀਨਿਊ ਪ੍ਰਾਪਤੀਆਂ (ਆਰ ਆਰ) ਦੀ *ਪ੍ਰਤੀਸ਼ਤਤਾ* ਵਜੋਂ					
ਤਨਖਾਹਾਂ ਅਤੇ ਉਜਰਤਾਂ	40.08	37.03	35.93	36.72	37.84
ਪੈਨਸ਼ਨਾਂ 'ਤੇ ਖਰਚਾ	16.72	19.81	18.84	20.79	22.52
ਵਿਆਜ ਅਦਾਇਗੀਆਂ	28.53	26.29	24.39	22.72	25.28
ਜੋੜ	**85.33**	**83.13**	**79.16**	**80.23**	**85.64**
ਰੈਵੀਨਿਊ ਖਰਚੇ (ਆਰ ਈ) ਦੀ *ਪ੍ਰਤੀਸ਼ਤਤਾ* ਵਜੋਂ					
ਤਨਖਾਹਾਂ ਅਤੇ ਉਜਰਤਾਂ	32.54	29.62	29.06	28.30	28.74
ਪੈਨਸ਼ਨਾਂ 'ਤੇ ਖਰਚਾ	13.57	15.84	15.24	16.03	17.11
ਵਿਆਜ ਅਦਾਇਗੀਆਂ	23.16	21.02	19.73	17.51	19.21
ਜੋੜ	**69.27**	**66.48**	**64.03**	**61.84**	**65.06**
ਗੈਰ-ਵਚਨਬੱਧ ਆਰ ਈ	23,315	28,942	34,757	43,371	41,019
ਆਰ ਈ ਦੀ *ਪ੍ਰਤੀਸ਼ਤਤਾ*	30.73	33.52	35.97	38.16	34.94

6 ਇਸ ਵਿੱਚ ਸਹਾਇਤਾ ਗ੍ਰਾਂਟਾਂ (ਤਨਖਾਹ) 2019-20 (₹ 3,248 ਕਰੋੜ); 2020-21 (₹ 3,795 ਕਰੋੜ); 2021-22 (₹ 3,899 ਕਰੋੜ); 2022-23 (₹ 3,997 ਕਰੋੜ), ਅਤੇ 2023-24 (₹ 4,654 ਕਰੋੜ) ਸ਼ਾਮਲ ਹਨ।

ਵਚਨਬੱਧ ਖਰਚੇ ਦੇ ਭਾਗ	2019-20	2020-21	2021-22	2022-23	2023-24
ਟੀ ਈ ਦੀ *ਪ੍ਰਤੀਸ਼ਤਤਾ*	24.68	31.57	32.72	35.63	33.53
ਅਟੱਲ ਖਰਚ ਦੇ ਭਾਗ					
ਸਥਾਨਕ ਸੰਸਥਾਵਾਂ ਨੂੰ ਕਾਨੂੰਨੀ ਫੰਡ	3,210	5,971	3,859	3,812	3,296
ਰਿਜ਼ਰਵ ਫੰਡਾਂ ਵਿੱਚ ਯੋਗਦਾਨ (ਵਿਆਜ ਸਮੇਤ)	2,251	2,046	3,503	4,487	4,629
ਅਚੇਤ ਫੰਡ ਦੀ ਵਾਪਸੀ	0	0	0	0	0
ਸੈੱਸ ਨੂੰ ਰਿਜ਼ਰਵ ਫੰਡ/ਹੋਰ ਸੰਸਥਾ ਨੂੰ ਟਰਾਂਸਫਰ/ਟਰਾਂਸਫਰ ਕਰਨ ਦੀ ਲੋੜ ਹੈ	290	185	156	152	724
ਪ੍ਰਾਪਤ* ਕੇਂਦਰੀ ਫੰਡ ਦੇ ਵਿਰੁੱਧ ਸੀ ਐਸ ਐਸ ਦਾ ਹਿੱਸਾ ਯੋਗਦਾਨ	ਐਨ ਏ	ਐਨ ਏ	2,121	3,155	3,729
ਵਿਆਜ-ਸਹਿਣ ਵਾਲੇ ਫੰਡਾਂ ਦੇ ਬਕਾਇਆ ਤੇ ਵਿਆਜ ਦਾ ਭੁਗਤਾਨ ਇਸ ਤਰ੍ਹਾ ਕਰਨਾ ਜਿਵੇਂ ਕਿ ਉਨ੍ਹਾਂ ਦਾ ਨਿਵੇਸ਼ ਕੀਤਾ ਜਾ ਸਕਦਾ ਸੀ ਅਤੇ ਚਾਰਜ ਕੀਤੇ ਖਰਚੇ ਵਿਆਜ ਭੁਗਤਾਨ ਵਜੋਂ ਜਨਤਕ ਕਰਜ਼ੇ 'ਤੇ ਵਿਆਜ ਦਾ ਭੁਗਤਾਨ	277	563	82	128	42
ਅਟੱਲ ਖਰਚੇ ਦਾ ਜੋੜ	**6,028**	**8,765**	**9,721**	**11,734**	**12,420**
ਰੈਵੀਨਿਊ ਖਰਚੇ (ਆਰ ਈ) ਦੀ *ਪ੍ਰਤੀਸ਼ਤਤਾ* ਵਜੋਂ ਗੈਰ-ਲਚਕਦਾਰ ਖਰਚੇ	7.95	10.15	10.06	10.32	10.58
ਸਬਸਿਡੀਆਂ	10,161	9,748	14,516	20,607	18,770
ਗੈਰ-ਵਚਨਬੱਧ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ	43.58	33.68	41.76	47.51	45.76

ਸ੍ਰੋਤ: ਵਿੱਤ ਲੇਖੇ

**ਪੀ ਐਫ ਐਮ ਐਸ ਪੋਰਟਲ ਦੇ ਐਸ ਐਨ ਏ ਮੋਡੀਊਲ ਤੋਂ ਪ੍ਰਾਪਤ ਕੀਤਾ ਗਿਆ ਜਿਸ ਨੇ ਸਾਲ 2021-22 ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।*

ਸਾਰਣੀ 2.20 ਦਰਸਾਉਂਦੀ ਹੈ ਕਿ ਰੈਵੀਨਿਊ ਖਰਚ ਵਿੱਚ ਗੈਰ-ਵਚਨਬੱਧ ਖਰਚ ਤੋਂ ਇਲਾਵਾ ਹੋਰ ਖਰਚ ਦਾ *ਪ੍ਰਤੀਸ਼ਤ* 2019-20 ਵਿੱਚ 30.73 *ਪ੍ਰਤੀਸ਼ਤ* ਤੋਂ ਵਧ ਕੇ 2023-24 ਵਿੱਚ 34.94 *ਪ੍ਰਤੀਸ਼ਤ* ਹੋ ਗਿਆ ਹੈ, ਜਿਸ ਵਿੱਚ ਸਬਸਿਡੀਆਂ ਦਾ ਪ੍ਰਮੁੱਖ ਅਨੁਪਾਤ 2019-2024 ਦੀ ਮਿਆਦ ਦੌਰਾਨ 33.68 *ਪ੍ਰਤੀਸ਼ਤ* ਤੋਂ 47.51 *ਪ੍ਰਤੀਸ਼ਤ* ਤੱਕ ਸੀ।

ਇਸ ਤੋਂ ਇਲਾਵਾ, ਸਥਾਨਕ ਸੰਸਥਾਵਾਂ ਨੂੰ ਅਧਿਨਿਯਮਿਕ ਫੰਡ ਅਤੇ ਰਿਜ਼ਰਵ ਫੰਡਾਂ ਵਿੱਚ ਯੋਗਦਾਨ ਸਮੇਤ ਅਟੱਲ ਖਰਚ ਦੇ ਕੁੱਲ ਹਿੱਸੇ 2019-20 ਵਿੱਚ ₹ 6,028 ਕਰੋੜ ਤੋਂ ਵਧ ਕੇ 2023-24 ਵਿੱਚ ₹ 12,420 ਕਰੋੜ ਹੋ ਗਏ। ਸਾਲ 2019-2024 ਦੀ ਮਿਆਦ ਦੌਰਾਨ ਰੈਵੀਨਿਊ ਖਰਚ ਦੇ *ਪ੍ਰਤੀਸ਼ਤ* ਦੇ ਤੌਰ ਤੇ ਅਟੱਲ ਖਰਚ 7.95 *ਪ੍ਰਤੀਸ਼ਤ* ਤੋਂ 10.58 *ਪ੍ਰਤੀਸ਼ਤ* ਦੇ ਵਿਚਕਾਰ ਸੀ।

ਚਾਰਟ 2.12: ਰੈਵੀਨਿਊ ਖਰਚੇ ਵਿੱਚ ਵਚਨਬੱਧ ਖਰਚੇ ਦਾ ਹਿੱਸਾ



ਸੋਤ: ਵਿੱਤ ਲੇਖੇ

ਤਨਖਾਹਾਂ ਅਤੇ ਉਜਰਤਾਂ

ਤਨਖਾਹਾਂ ਅਤੇ ਉਜਰਤਾਂ (₹ 33,746 ਕਰੋੜ) ਤੇ ਖਰਚ ਪਿਛਲੇ ਸਾਲ (₹ 32,171 ਕਰੋੜ) ਦੇ ਮੁਕਾਬਲੇ 2023-24 ਦੌਰਾਨ 4.90 *ਪ੍ਰਤੀਸ਼ਤ* ਵਧੀਆਂ ਅਤੇ ਰੈਵੀਨਿਊ ਖਰਚਿਆਂ ਦਾ 28.74 *ਪ੍ਰਤੀਸ਼ਤ* ਬਣਦਾ ਹੈ।

ਵਿਆਜ ਅਦਾਇਗੀ

ਵਿੱਤੀ ਸਾਲ 2023-24 ਦੌਰਾਨ, ਵਿਆਜ ਦੀ ਅਦਾਇਗੀ ₹ 22,552 ਕਰੋੜ (ਰੈਵੀਨਿਊ ਖਰਚੇ ਦਾ 19.21 *ਪ੍ਰਤੀਸ਼ਤ*) ਸੀ। ਬਾਜ਼ਾਰ ਉਧਾਰ ਤੇ ਵਿਆਜ (₹ 16,104 ਕਰੋੜ), ਭਾਰਤੀ ਸਟੇਟ ਬੈਂਕ ਅਤੇ ਹੋਰ ਬੈਂਕਾ ਤੋਂ ਕਰਜ਼ੇ (₹ 1,680 ਕਰੋੜ) ਅਤੇ ਕੇਂਦਰ ਸਰਕਾਰ ਦੇ ਰਾਸ਼ਟਰੀ ਛੋਟੀ ਬੱਚਤ ਫੰਡ (ਐਨ ਐਸ ਐਸ ਐਫ) ਨੂੰ ਜਾਰੀ ਕੀਤੀਆਂ ਵਿਸ਼ੇਸ਼ ਸਕਿਓਰਿਟੀਜ਼ (₹ 1,074 ਕਰੋੜ) ਵਿਆਜ ਅਦਾਇਗੀਆਂ ਦੇ ਪ੍ਰਮੁੱਖ ਹਿੱਸੇ ਬਣੇ ਰਹੇ।

ਪੈਨਸ਼ਨਾਂ

ਸਾਲ ਦੌਰਾਨ ਰਾਜ ਸਰਕਾਰ ਦੇ ਪੈਨਸ਼ਨਰਾਂ ਨੂੰ ਪੈਨਸ਼ਨ ਅਤੇ ਹੋਰ ਸੇਵਾਮੁਕਤੀ ਲਾਭਾਂ ਤੇ ਖਰਚ ₹ 20,090 ਕਰੋੜ ਸੀ ਅਤੇ ਇਹ ਰੈਵੀਨਿਊ ਖਰਚੇ ਦਾ 17.11 *ਪ੍ਰਤੀਸ਼ਤ* ਬਣਦਾ ਹੈ। ਸਾਲ ਦੇ ਦੌਰਾਨ, 2022-23 ਦੇ ਮੁਕਾਬਲੇ, ਸੇਵਾਮੁਕਤੀ ਅਤੇ ਸੇਵਾ ਨਿਵ੍ਰਿਤੀ ਭੱਤੇ (₹ 11,812 ਕਰੋੜ) ₹ 1,167 ਕਰੋੜ ਵਧੇ, ਗ੍ਰੈਚੁਟੀ (₹ 2,007 ਕਰੋੜ) ₹ 316 ਕਰੋੜ ਵਧੀਆਂ ਅਤੇ ਪਰਿਵਾਰਕ ਪੈਨਸ਼ਨਾਂ (₹ 2,545 ਕਰੋੜ) ₹ 218 ਕਰੋੜ ਦਾ ਵਾਧਾ ਹੋਇਆ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ (ਨਵੰਬਰ 2022) ਨੂੰ ਪੁਰਾਣੀ ਪੈਨਸ਼ਨ ਸਕੀਮ (ਓ ਪੀ ਐਸ) ਨੂੰ ਰਿਵਰਸ ਕਰਨ ਲਈ ਨੋਟੀਫਾਈ ਕੀਤਾ ਸੀ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਨੋਟੀਫਿਕੇਸ਼ਨ ਦੇ ਅਨੁਸਾਰ ਡਿਟੇਲਡ ਸਕੀਮ ਅਤੇ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰਜ਼ ਨਿਰਧਾਰਤ ਸਮੇਂ ਵਿੱਚ ਜਾਰੀ ਕੀਤੀਆ ਜਾਣਗੀਆਂ। ਇਸ ਤਰ੍ਹਾਂ, ਓ ਪੀ ਐਸ ਦੀ ਰਿਵਰਸ਼ਨ ਨਾਲ ਰਾਜ ਦੇ ਵਚਨਬੱਧ ਖਰਚਿਆਂ ਵਿੱਚ ਹੋਰ ਵਾਧਾ ਹੋਵੇਗਾ।

(i) ਰਾਸ਼ਟਰੀ ਪੈਨਸ਼ਨ ਸਿਸਟਮ ਵਿੱਚ ਭੁਗਤਾਨ ਨਹੀਂ ਕੀਤੀਆਂ ਗਈਆਂ ਦੇਣਦਾਰੀਆਂ

ਰਾਜ ਸਰਕਾਰ ਨੇ ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ (ਡੀ ਸੀ ਪੀ ਐਸ), ਦੇ ਨਾਂ ਹੇਠ 'ਰਾਸ਼ਟਰੀ ਪੈਨਸ਼ਨ ਪ੍ਰਣਾਲੀ' (ਐਨ ਪੀ ਐਸ) ਦੀ ਸ਼ੁਰੂਆਤ ਕੀਤੀ (ਦਸੰਬਰ 2006) ਜੋ ਕਿ ਰਾਜ ਸਰਕਾਰ ਦੀ ਸੇਵਾ[7] ਵਿੱਚ 1 ਜਨਵਰੀ 2004 ਜਾਂ ਬਾਅਦ ਵਿੱਚ ਪ੍ਰਵੇਸ਼ ਕਰਨ ਵਾਲੇ ਸਾਰੇ ਕਰਮਚਾਰੀਆਂ ਤੇ ਲਾਗੂ ਸੀ। ਇਸ ਸਿਸਟਮ ਅਧੀਨ, ਕਰਮਚਾਰੀ ਮੁਢਲੀ ਤਨਖਾਹ ਅਤੇ ਮਹਿੰਗਾਈ ਭੱਤੇ ਦਾ 10 *ਪ੍ਰਤੀਸ਼ਤ* ਦਾ ਯੋਗਦਾਨ ਪਾਉਂਦੇ ਹਨ, ਅਤੇ ਇਸ ਦੇ ਬਰਾਬਰ ਦਾ ਯੋਗਦਾਨ ਰਾਜ ਸਰਕਾਰ ਪਾਉਂਦੀ ਹੈ (1 ਅਪ੍ਰੈਲ 2019 ਤੋਂ ਸਰਕਾਰ ਦਾ ਹਿੱਸਾ ਵਧਾ ਕੇ 14 *ਪ੍ਰਤੀਸ਼ਤ* ਕਰ ਦਿੱਤਾ ਗਿਆ ਹੈ)। ਕਰਮਚਾਰੀਆਂ ਦੇ ਯੋਗਦਾਨ ਦਾ ਲੋਕ ਲੇਖੇ ਅਧੀਨ ਮੁੱਖ ਮੱਦ '8342-ਹੋਰ ਡਿਪਾਜ਼ਿਟਜ਼, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਵਿੱਚ ਇੰਦਰਾਜ ਕੀਤਾ ਜਾਂਦਾ ਹੈ ਅਤੇ ਰੁਜ਼ਗਾਰਕਰਤਾ ਦਾ ਯੋਗਦਾਨ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ, 01-ਸਿਵਲ, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਨੂੰ ਡੈਬਿਟ ਕਰਕੇ ਮਨੋਨੀਤ ਅਥਾਰਟੀ ਭਾਵ ਕਿ ਨੈਸ਼ਨਲ ਸਕਿਓਰਟੀਜ਼ ਡਿਪੋਜ਼ਿਟਰੀ ਲਿਮਿਟਡ (ਐਨ ਐਸ ਡੀ ਐਲ) ਨੂੰ ਟਰਾਂਸਫਰ ਕਰ

7 ਪੰਜਾਬ ਸਿਵਲ ਸੇਵਾ ਨਿਯਮਾਵਲੀ ਦੇ ਜਿਲਦ-1 ਭਾਗ-1 ਦੇ ਨਿਯਮ 1.2 ਵਿੱਚ ਲਿਖਤ ਸ਼੍ਰੇਣੀਆਂ ਲਈ।

ਦਿੱਤਾ ਜਾਂਦਾ ਹੈ। ਫਰਵਰੀ 2021 ਵਿੱਚ ਰਾਜ ਸਰਕਾਰ ਨੇ ਪ੍ਰਕਿਰਿਆ ਨੂੰ ਹੋਰ ਸੋਧਿਆ। ਸੋਧੀ ਹੋਈ ਪ੍ਰਕਿਰਿਆ ਦੇ ਅਨੁਸਾਰ, ਰਾਜ ਸਰਕਾਰ ਦਾ ਹਿੱਸਾ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ, 01-ਸਿਵਲ, 117-ਡਿਫਾਇੰਡ ਕੈਟਰੀਬਿਊਟਰੀ ਪੈਨਸ਼ਨ ਸਕੀਮ' ਨੂੰ ਮੁੱਖ ਮੱਦ '8342-ਹੋਰ ਡਿਪਾਜ਼ਿਟਜ਼, 117-ਡਿਫਾਇੰਡ ਕੈਟਰੀਬਿਊਟਰੀ ਪੈਨਸ਼ਨ ਸਕੀਮ' ਕਰਮਚਾਰੀ ਦੇ ਹਿੱਸੇ ਦੇ ਨਾਲ ਮਾਲਕ ਦਾ ਹਿੱਸਾ ਫਿਰ ਲੋਕ ਲੇਖੇ ਤੋਂ ਐਨ ਐਸ ਡੀ ਐਲ ਨੂੰ ਡੈਬਿਟ ਕਰਕੇ ਟਰਾਂਸਫਰ ਕੀਤਾ ਜਾਵੇਗਾ। ਐਨ ਪੀ ਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੁਜ਼ਗਾਰਕਰਤਾ ਅਤੇ ਕਰਮਚਾਰੀਆਂ ਦੋਵਾਂ ਦੇ ਯੋਗਦਾਨ ਨੂੰ ਐਨ ਐਸ ਡੀ ਐਲ ਕੋਲ ਅੱਗੇ ਨਿਵੇਸ਼ ਕਰਨ ਲਈ ਜਮ੍ਹਾਂ ਕਰਵਾਉਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ਹੈ।

ਭਾਵੇਂ ਰਾਜ ਸਰਕਾਰ ਨੇ ਡੀ ਸੀ ਪੀ ਐਸ ਨੂੰ ਜਨਵਰੀ 2004 ਤੋਂ ਲਾਗੂ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਨੇ ਕਰਮਚਾਰੀਆਂ ਤੋਂ ਯੋਗਦਾਨ ਦੀ ਕਟੌਤੀ ਮੁੱਖ ਤੌਰ ਤੇ ਅਪ੍ਰੈਲ 2008[8] ਤੋਂ ਸ਼ੁਰੂ ਕੀਤੀ। ਕਰਮਚਾਰੀਆਂ ਦੇ ਹਿੱਸੇ ਦੇ ਜਨਵਰੀ 2004 ਤੋਂ ਮਾਰਚ 2008 ਦੇ ਸਮੇਂ ਦੇ ਬਕਾਏ ਦੀ ਵੀ ਅਪ੍ਰੈਲ 2008 ਤੋਂ ਮਾਰਚ 2011 ਦੌਰਾਨ 36 ਕਿਸ਼ਤਾਂ ਵਿੱਚ ਕਟੌਤੀ ਕੀਤੀ ਗਈ ਸੀ। ਭਾਵੇਂ ਰਾਜ ਸਰਕਾਰ ਨੇ 2008-09 ਤੋਂ ਯੋਗਦਾਨ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ ਸੀ ਪ੍ਰੰਤੂ ਉਸ ਦੁਆਰਾ ਇਹ ਅੱਗੇ ਪੈਨਸ਼ਨ ਫੰਡ ਵਿੱਚ ਟਰਾਂਸਫਰ ਕਰਨਾ 2010-11 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ।

ਸਾਲ 2023-24 ਦੌਰਾਨ, ਐਨ ਪੀ ਐਸ ਵਿੱਚ ਕੁੱਲ ਯੋਗਦਾਨ ₹ 3,147.84 ਕਰੋੜ ਸੀ (ਕਰਮਚਾਰੀਆਂ ਦਾ ਯੋਗਦਾਨ: ₹ 1,315.84 ਕਰੋੜ ਅਤੇ ਸਰਕਾਰ ਦਾ ਯੋਗਦਾਨ: ₹ 1,832.00 ਕਰੋੜ)। ਸਰਕਾਰ ਨੇ ਮੁੱਖ ਮੱਦ 8342-117 ਡਿਫਾਇੰਡ ਕੰਨਟਰੀਬਿਊਸ਼ਨ ਪੈਨਸ਼ਨ ਸਕੀਮ ਅਧੀਨ ਲੋਕ ਲੇਖੇ ਵਿੱਚ ₹ 3,147.84 ਕਰੋੜ (ਕਰਮਚਾਰੀਆਂ ਦਾ ਯੋਗਦਾਨ ₹ 1,315.84 ਕਰੋੜ ਅਤੇ ਸਰਕਾਰ ਦਾ ਯੋਗਦਾਨ ₹ 1,832.00 ਕਰੋੜ) ਟ੍ਰਾਂਸਫਰ ਕੀਤੇ। ਵਿਦੇਸ਼ ਸੇਵਾ ਤੇ ਕਰਮਚਾਰੀਆਂ ਦੇ ਯੋਗਦਾਨ ਦੇ ਰੂਪ ਵਿੱਚ ₹ 0.03 ਕਰੋੜ ਦੀ ਰਾਸ਼ੀ ਵੀ ਜਨਤਕ ਖਾਤੇ ਵਿੱਚ ਜਮ੍ਹਾਂ ਕਰਵਾਈ ਗਈ ਸੀ। ਐਨ ਪੀ ਐਸ ਵਿੱਚ ਸਰਕਾਰ ਦਾ ਯੋਗਦਾਨ ₹ 10.18 ਕਰੋੜ ਘੱਟ ਸੀ, ਜਿਸ ਦੇ ਨਤੀਜੇ ਵਜੋਂ ਉਸ ਹੱਦ ਤੱਕ ਰੈਵੀਨਿਊ ਖਰਚ ਨੂੰ ਘੱਟ ਦਰਸਾਇਆ ਗਿਆ ਸੀ।

ਸਕੀਮਾਂ ਦੇ ਉਪਬੰਧਾਂ ਅਨੁਸਾਰ, 2023-24 ਦੌਰਾਨ, ਲੋਕ ਲੇਖੇ ਵਿੱਚ ਨਿਰਧਾਰਿਤ ਪ੍ਰਕਿਰਿਆ ਅਨੁਸਾਰ, ₹ 1,315.84 ਕਰੋੜ ਦੇ ਕਰਮਚਾਰੀਆਂ ਦੇ ਯੋਗਦਾਨ ਨੂੰ ਮੁੱਖ ਮੱਦ '8342-ਹੋਰ ਡਿਪਾਜ਼ਿਟਜ਼, 117-ਸਰਕਾਰੀ ਕਰਮਚਾਰੀਆਂ ਲਈ ਡਿਫਾਇੰਡ ਕੰਨਟਰੀਬਿਊਸ਼ਨ ਪੈਨਸ਼ਨ ਸਕੀਮ' ਦੇ ਅਧੀਨ ਬੁੱਕ ਕੀਤਾ ਗਿਆ ਸੀ। ਰਾਜ ਸਰਕਾਰ ਦੁਆਰਾ ਅਪਣਾਈ ਗਈ ਸੋਧੀ ਪ੍ਰਕਿਰਿਆ ਅਨੁਸਾਰ ਲੋਕ ਲੇਖੇ ਵਿੱਚ ਨਵੀਂ ਪੈਨਸ਼ਨ ਸਕੀਮ ਲਈ ਸਰਕਾਰ ਦਾ ₹ 1,832.00 ਕਰੋੜ ਦਾ ਹਿੱਸਾ ਮੁੱਖ ਮੱਦ '2071-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ, 01-ਸਿਵਲ, 117-ਡਿਫਾਇੰਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ' ਤੋਂ ਮੁੱਖ ਮੱਦ '8342-ਹੋਰ ਡਿਪਾਜ਼ਿਟਜ਼, 117-ਡਿਫਾਇੰਡ ਕੰਨਟਰੀਬਿਊਸ਼ਨ ਪੈਨਸ਼ਨ ਸਕੀਮ' ਵਿੱਚ ਟਰਾਂਸਫਰ ਕਰ ਦਿੱਤਾ ਗਿਆ ਸੀ। ਇਹ ਦੇਖਿਆ ਗਿਆ ਕਿ ₹ 1,842.18 ਕਰੋੜ ਦੀ ਬਕਾਇਆ ਰਾਸ਼ੀ ਦੇ ਮੁਕਾਬਲੇ, ਸਰਕਾਰ ਨੇ ਅਸਲ ਵਿੱਚ ਚਾਲੂ ਸਾਲ ਦੌਰਾਨ ₹ 1,832 ਕਰੋੜ ਦਾ ਯੋਗਦਾਨ ਪਾਇਆ।

ਸਾਲ 2023-24 ਦੌਰਾਨ, ਲੋਕ ਲੇਖੇ ਵਿੱਚ ਪਏ ₹ 3,270.34 ਕਰੋੜ ਦੇ ਬਕਾਇਆ ਦੇ ਵਿਰੁੱਧ, ਰਾਜ ਸਰਕਾਰ ਨੇ ₹ 3,161.34 ਕਰੋੜ ਐਨ ਐਸ ਡੀ ਐਲ ਨੂੰ ਟਰਾਂਸਫਰ ਕਰ ਦਿੱਤੇ, ਜਿਸ ਨਾਲ 31 ਮਾਰਚ 2024 ਤੱਕ ₹ 109 ਕਰੋੜ ਦੀ ਬਕਾਇਆ ਰਾਸ਼ੀ ਰਹਿ ਗਈ।

8 ਸਾਲ 2006-2008 ਦੌਰਾਨ ₹ 0.59 ਕਰੋੜ ਦੀ ਮਾਮੂਲੀ ਰਾਸ਼ੀ ਇਕੱਤਰ ਕੀਤੀ ਗਈ ਸੀ।

ਇਸ ਤੋਂ ਇਲਾਵਾ, ਰਾਜ ਸਰਕਾਰ ਜਨਰਲ ਪ੍ਰੋਵੀਡੈਂਟ ਫੰਡ (ਜੀ ਪੀ ਐਫ) ਗਹਾਕਾਂ ਤੇ ਲਾਗੂ ਸਬੰਧਿਤ ਵਿਆਜ ਦਰਾਂ ਤੇ ਐਨ ਪੀ ਐਸ ਬਕਾਏ ਦੇ ਦੇਰੀ ਨਾਲ ਟਰਾਂਸਫਰ ਕਰਨ ਤੇ ਵਿਆਜ ਦਾ ਭੁਗਤਾਨ ਕਰਨ ਲਈ ਜਵਾਬਦੇਹ ਹੈ। ਇਸ ਤਰ੍ਹਾਂ, ਰਾਜ ਸਰਕਾਰ ਨੇ ਐਨ ਐਸ ਡੀ ਐਲ ਨੂੰ ਟਰਾਂਸਫਰ ਨਾ ਕੀਤੀ ਗਈ ਰਾਸ਼ੀ ਤੇ ਵਿਆਜ ਦੇਣਦਾਰੀ ਬਣਾਈ ਹੈ; ਆਪਣੇ ਕਰਮਚਾਰੀਆਂ ਦੇ ਫੰਡਾਂ ਦੀ ਵਰਤੋਂ ਕੀਤੀ ਅਤੇ ਪ੍ਰਭਾਵਿਤ ਕਰਮਚਾਰੀਆਂ ਦੇ ਕਾਰਨ ਲਾਭਾਂ ਦੇ ਸਬੰਧ ਵਿੱਚ ਅਨਿਸ਼ਚਿਤਤਾ ਪੈਦਾ ਕੀਤੀ।

ਕਰਮਚਾਰੀਆਂ ਦੇ ਹਿੱਸੇ ਦੀਆਂ ਪ੍ਰਾਪਤੀਆਂ, ਸਰਕਾਰ ਦਾ ਯੋਗਦਾਨ, ਇਸ ਤੇ ਬਣਦਾ ਵਿਆਜ ਅਤੇ ਪੈਨਸ਼ਨ ਫੰਡ ਵਿੱਚ ਨਿਵੇਸ਼ ਦੇ ਵੇਰਵੇ **ਸਾਰਣੀ 2.21** ਵਿੱਚ ਦਰਸਾਏ ਗਏ ਹਨ।

ਸਾਰਣੀ 2.21: ਡੀ ਸੀ ਪੀ ਐਸ ਅਧੀਨ ਯੋਗਦਾਨ ਅਤੇ ਨਿਵੇਸ਼ ਦੇ ਵੇਰਵੇ

(₹ ਕਰੋੜ ਵਿੱਚ)

ਸਾਲ	ਪ੍ਰਾਪਤੀਆਂ				ਅਦਾਇਗੀ (ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤੇ ਗਏ)	ਘੱਟ ਟਰਾਂਸਫਰ ਕੀਤੇ (-) / ਵੱਧ ਟਰਾਂਸਫਰ ਕੀਤੇ (+)
	ਕਰਮਚਾਰੀਆਂ ਦਾ ਹਿੱਸਾ	ਸਰਕਾਰ ਦਾ ਯੋਗਦਾਨ	ਵਿਆਜ	ਜੋੜ		
1	2	3	4	5 (2+3+4)	6	7 (6-5)
2008-09	38.76*	33.60	0.00	72.36	0.00	(-)72.36
2009-10	45.38	36.26	0.00	81.64	0.00	(-)81.64
2010-11	54.19	51.90	26.86	132.95	2.33	(-)130.62
2011-12	79.19	85.00	22.45	186.64	26.45	(-)160.19
2012-13	181.48	196.78	24.01	402.27	286.17	(-)116.10
2013-14	242.81	230.00	22.78	495.59	481.53	(-)14.06
2014-15	282.86	290.00	21.35	594.21	804.90	(+)210.69
2015-16	389.39	390.00	18.48	797.87	902.69	(+)104.82
2016-17	436.28	435.81	17.19	889.28	957.69	(+)68.41
2017-18	532.59	520.55	15.55	1,068.69	1,058.51	(-)10.18
2018-19	585.78	584.94	14.70	1,185.42	1,203.28	(+)17.86
2019-20	746.67	707.69	0.00	1,454.36	1,436.41	(-)17.95
2020-21	791.35	1,356.26	0.00	2,147.61	2,196.72	(+)49.11
2021-22	961.47	1,325.67	0.00	2,287.14	2,290.36	(+)3.22
2022-23	1,199.49	1,699.93	0.00	2,899.42	2,925.91	(+)26.49
2023-24	1,315.84	1,832.00	0.00	3,147.84	3,161.34	(+)13.50
ਜੋੜ	**7,883.53**	**9,776.39**	**183.37**	**17,843.29**	**17,734.29**	**(-)109.00**

ਸ੍ਰੋਤ: ਵਿੱਤ ਲੇਖੇ

* *ਇਸ ਵਿੱਚ ₹ 0.59 ਕਰੋੜ ਦੀ 2006-08 ਦੌਰਾਨ ਵਸੂਲੀ/ਪ੍ਰਾਪਤ ਕੀਤੀ ਗਈ ਰਾਸ਼ੀ ਸ਼ਾਮਲ ਹੈ ਜਿਸ ਨੂੰ ਕਿ 1 ਅਪ੍ਰੈਲ 2008 ਦੀ ਸਥਿਤੀ ਅਨੁਸਾਰ ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤਾ ਜਾਣਾ ਅਜੇ ਰਹਿੰਦਾ ਸੀ।*

ਸਾਲ 2008-24 ਦੇ ਸਮੇਂ ਦੌਰਾਨ, ₹ 17,843.29 ਕਰੋੜ ਦੀਆਂ ਕੁੱਲ ਪ੍ਰਾਪਤੀਆਂ (ਕਰਮਚਾਰੀਆਂ ਦਾ ਹਿੱਸਾ: ₹ 7,883.53 ਕਰੋੜ: ਰਾਜ ਸਰਕਾਰ ਦਾ ਯੋਗਦਾਨ: ₹ 9,776.39 ਕਰੋੜ ਅਤੇ ਵਿਆਜ: ₹ 183.37 ਕਰੋੜ) ਦੇ ਵਿਰੁੱਧ, 31 ਮਾਰਚ 2024 ਤੱਕ ਸਿਰਫ਼ ₹ 109 ਕਰੋੜ ਦੀ ਬਕਾਇਆ ਰਾਸ਼ੀ ਛੱਡ ਕੇ, ₹ 17,734.29 ਕਰੋੜ (99 *ਪ੍ਰਤੀਸ਼ਤ*) ਦੀ ਮਹੱਤਵਪੂਰਣ ਰਾਸ਼ੀ ਪੈਨਸ਼ਨ ਫੰਡ ਨੂੰ ਟਰਾਂਸਫਰ ਕੀਤੀ ਗਈ ਸੀ। ਇਹ ਦੇਖਿਆ ਗਿਆ ਕਿ ਪਿਛਲੇ ਚਾਰ ਸਾਲਾਂ ਦੌਰਾਨ ਰਾਜ ਸਰਕਾਰ ਨੇ ਇਸ ਕਮੀ ਨੂੰ ਘੱਟ ਕਰਨ ਲਈ ਵੱਧ ਫੰਡਾਂ ਦਾ ਯੋਗਦਾਨ/ਟਰਾਂਸਫਰ ਕੀਤਾ।

ਐਨ ਐਸ ਡੀ ਐਲ ਨੂੰ ₹ 109 ਕਰੋੜ ਦਾ ਘੱਟ ਯੋਗਦਾਨ/ਫੰਡਾਂ ਦਾ ਟਰਾਂਸਫਰ ਰਾਜ ਸਰਕਾਰ ਦੀ ਮੁਲਤਵੀ ਦੇਣਦਾਰੀ ਹੈ, ਜਿਸ ਨਾਲ ਕਰਮਚਾਰੀਆਂ ਦੇ ਪੈਨਸ਼ਨਰੀ ਲਾਭ ਤੇ ਅਸਰ ਪਵੇਗਾ। ਇਸ ਤੋਂ ਇਲਾਵਾ, ਸਰਕਾਰ ਦਾ ਯੋਗਦਾਨ ਜਾਰੀ ਕਰਨ ਵਿੱਚ ਅਤੇ ਪੈਨਸ਼ਨ ਫੰਡ ਨੂੰ ਟਰਾਂਸਫਰ ਕਰਨ ਵਿੱਚ ਹੋਈ ਦੇਰੀ ਕਾਰਣ, ਰਾਜ ਸਰਕਾਰ ਨੂੰ ₹ 183.37 ਕਰੋੜ ਦਾ ਟਾਲਣਯੋਗ ਵਿਆਜ ਦਾ ਯੋਗਦਾਨ ਪਾਉਣਾ ਪਿਆ।

2.4.1.3 ਸਬਸਿਡੀਆਂ

ਸਾਰਣੀ 2.22, ਸਾਲ 2019-2024 ਦੀ ਮਿਆਦ ਦੌਰਾਨ ਸਬਸਿਡੀਆਂ ਤੇ ਖਰਚੇ ਨੂੰ ਦਰਸਾਉਂਦੀ ਹੈ। ਸਬਸਿਡੀਆਂ ਪਿਛਲੇ ਸਾਲ ਦੇ ਮੁਕਾਬਲੇ ਚਾਲੂ ਸਾਲ ਦੌਰਾਨ ₹ 1,837 ਕਰੋੜ (8.91 *ਪ੍ਰਤੀਸ਼ਤ*) ਨਾਲ ਘੱਟ ਗਈਆਂ। ਇਹ ਕਮੀ ਮੁੱਖ ਤੌਰ ਤੇ 1$^{ਲੀਂ}$ ਤੋਂ 10$^{ਵੀਂ}$ ਜਮਾਤ ਤੱਕ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਦੇ ਰੂਪ ਵਿੱਚ ₹ 115 ਕਰੋੜ ਦੇ ਵਾਧੇ ਨਾਲ ਬਿਜਲੀ ਸਬਸਿਡੀ ਦੇ ਅੰਸ਼ਕ ਤੌਰ ਤੇ ਸੈੱਟਆਫ ਹੋਣ ਕਾਰਨ ₹ 1,923 ਕਰੋੜ (9.52 *ਪ੍ਰਤੀਸ਼ਤ*) ਦੀ ਕਮੀ ਕਾਰਨ ਆਈ ਹੈ।

ਸਾਰਣੀ 2.22: 2019-24 ਦੌਰਾਨ ਸਬਸਿਡੀਆਂ ਤੇ ਖਰਚਾ

	2019-20	2020-21	2021-22	2022-23	2023-24
ਸਬਸਿਡੀਆਂ (₹ ਕਰੋੜ ਵਿੱਚ)	10,161	9,748	14,516	20,607	18,770
ਪਾਵਰ ਸਬਸਿਡੀ (₹ ਕਰੋੜ ਵਿੱਚ)	9,394	9,657	13,443	20,200	18,177
ਰੈਵੀਨਿਊ ਪ੍ਰਾਪਤੀਆਂ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ	16.50	14.12	18.57	23.52	21.04
ਰੈਵੀਨਿਊ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ	13.39	11.29	15.02	18.13	15.99
ਕੁੱਲ ਖਰਚੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ	10.76	10.63	13.67	16.93	15.34
ਰੈਵੀਨਿਊ ਘਾਟੇ ਦੀ ਪ੍ਰਤੀਸ਼ਤਤਾ ਵਜੋਂ ਸਬਸਿਡੀਆਂ	71.13	56.36	78.60	79.12	66.52
ਕੁੱਲ ਸਬਸਿਡੀ ਦੀ ਪ੍ਰਤੀਸ਼ਤਤਾ ਵਜੋਂ ਪਾਵਰ ਸਬਸਿਡੀ	92.45	99.07	92.61	98.02	96.84

ਸ੍ਰੋਤ: ਵਿੱਤ ਲੇਖੇ

2019-2024 ਦੌਰਾਨ ਪਾਵਰ ਸਬਸਿਡੀ, ਕੁੱਲ ਸਬਸਿਡੀਆਂ ਦਾ 92 *ਪ੍ਰਤੀਸ਼ਤ* ਅਤੇ 99 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਪ੍ਰਮੁੱਖ ਹਿੱਸਾ ਬਣਿਆ ਰਿਹਾ; ਅਤੇ ਸਬਸਿਡੀਆਂ ਨੇ ਰੈਵੀਨਿਊ ਘਾਟੇ ਵਿੱਚ 56 *ਪ੍ਰਤੀਸ਼ਤ* ਅਤੇ 79 *ਪ੍ਰਤੀਸ਼ਤ* ਦੇ ਵਿਚਕਾਰ ਦਾ ਯੋਗਦਾਨ ਦਿੱਤਾ।

(i) ਅਪ੍ਰਤੱਖ ਸਬਸਿਡੀਆਂ

ਅਪ੍ਰਤੱਖ ਸਬਸਿਡੀਆਂ ਉਸ ਸਮੇਂ ਬਣਦੀਆਂ ਹਨ ਜਦੋਂ ਸਰਕਾਰ ਵਸਤਾਂ ਅਤੇ ਸੇਵਾਵਾਂ ਤੇ ਖਰਚੀ ਲਾਗਤ ਨਾਲੋਂ ਘੱਟ ਕੀਮਤ ਤੇ ਸਮਾਜਿਕ ਅਤੇ ਆਰਥਿਕ ਵਸਤਾਂ/ਸੇਵਾਵਾਂ ਮੁਹੱਈਆਂ ਕਰਵਾਉਂਦੀ ਹੈ। ਇਹ ਅਸਿੱਧੇ ਜਾਂ ਕਿਸੇ ਵਸਤੂ ਜਾਂ ਛੋਟਾਂ ਦੇ ਰੂਪ ਵਿੱਚ ਹੋ ਸਕਦੀ ਹੈ। ਸਾਲ 2023-24 ਦੌਰਾਨ ਦਿੱਤੀਆਂ ਕੁੱਝ ਅਪ੍ਰਤੱਖ ਸਬਸਿਡੀਆਂ ਦੇ ਵੇਰਵੇ **ਸਾਰਣੀ 2.23** ਵਿੱਚ ਦਿਤੇ ਗਏ ਹਨ।

ਸਾਰਣੀ 2.23: ਸਾਲ 2023-24 ਦੌਰਾਨ ਅਪ੍ਰੱਤਖ ਸਬਸਿਡੀਆਂ ਦੇ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਸਕੀਮ	ਰਾਸ਼ੀ
1.	60 ਸਾਲ ਤੋ ਵੱਧ ਉਮਰ ਦੀਆ ਔਰਤਾਂ ਨੂੰ ਸਰਕਾਰੀ/ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੀਆਂ ਬੱਸਾਂ ਵਿੱਚ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਬਦਲੇ ਟਰਾਂਸਪੋਰਟ ਵਿਭਾਗ ਨੂੰ ਪ੍ਰਤੀਪੂਰਤੀ	450.00
2.	ਸਰਕਾਰੀ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੀਆਂ ਬੱਸਾਂ ਵਿੱਚ ਕਾਂਸਟੇਬਲ ਤੋਂ ਇੰਸਪੈਕਟਰ ਰੈਂਕ ਤੱਕ ਮੁਫਤ ਯਾਤਰਾ ਦੀ ਸਹੂਲਤ	23.00
3.	ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਸਰਕਾਰੀ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਬੱਸਾਂ ਵਿੱਚ ਮੁਫਤ/ਰਿਆਇਤੀ ਸਹੂਲਤ ਦੇਣ ਲਈ ਟਰਾਂਸਪੋਰਟ ਵਿਭਾਗ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਨੂੰ ਪ੍ਰਤੀਪੂਰਤੀ	10.00

ਲੜੀ ਨੰ.	ਸਕੀਮ	ਰਾਸ਼ੀ
4.	ਮੈਡੀਕਲ ਸਿੱਖਿਆ ਦੇ ਵਿਦਿਆਰਥੀਆਂ (ਪਾਸ ਹੋਲਡਰ) ਨੂੰ ਰਿਆਇਤੀ ਬੱਸ ਪਾਸ ਬਦਲੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਨੂੰ ਪ੍ਰਤੀਪੂਰਤੀ	2.50
5.	ਇੰਜੀਨੀਅਰਿੰਗ ਕਾਲਜਾਂ/ਪੋਲੀਟੈਕਨੀਕਾਂ ਦੇ ਵਿਦਿਆਰਥੀਆਂ ਨੂੰ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਲਈ ਟਰਾਂਸਪੋਰਟ ਵਿਭਾਗ/ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਨੂੰ ਪ੍ਰਤੀਪੂਰਤੀ	6.38
6.	ਵਿਦਿਆਰਥੀਆਂ ਨੂੰ ਮੁਫਤ ਰਿਆਇਤੀ ਸਫਰ ਦੀ ਸਹੂਲਤ ਦੇਣ ਬਦਲੇ ਟਰਾਂਸਪੋਰਟ ਵਿਭਾਗ/ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਨੂੰ ਪ੍ਰਤੀਪੂਰਤੀ	8.00
7.	ਥੈਲੇਸੀਮੀਆ/ਕੈਂਸਰ ਦੇ ਮਰੀਜ਼ਾਂ ਨੂੰ ਮੁਫਤ ਰਿਆਇਤੀ ਬੱਸ ਪਾਸਾਂ ਦੇ ਬਦਲੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ/ਪੰਜਾਬ ਰੋਡਵੇਜ਼ ਨੂੰ ਪ੍ਰਤੀਪੂਰਤੀ	1.36
ਜੋੜ		**501.24**

ਸ੍ਰੋਤ: ਵਿਸਤ੍ਰਿਤ ਨਿਮਿੱਤਣ ਲੇਖੇ

2.4.1.4 ਰਾਜ ਸਰਕਾਰ ਵਲੋਂ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ

ਸਾਲ 2019—2024 ਦੇ ਸਮੇ ਦੌਰਾਨ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਗ੍ਰਾਂਟਾਂ ਦੇ ਰੂਪ ਵਿੱਚ ਦਿੱਤੀ ਗਈ ਸਹਾਇਤਾ ਨੂੰ **ਸਾਰਣੀ 2.24** ਵਿੱਚ ਪੇਸ਼ ਕੀਤਾ ਗਿਆ ਹੈ।

ਸਾਰਣੀ 2.24: ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵਿੱਤੀ ਸਹਾਇਤਾ

(₹ ਕਰੋੜ ਵਿੱਚ)

ਸੰਸਥਾਵਾਂ	2019-20	2020-21	2021-22	2022-23	2023-24
(ੳ) ਸਥਾਨਕ ਸੰਸਥਾਵਾਂ					
ਨਗਰ ਨਿਗਮਾਂ ਅਤੇ ਨਗਰ ਪਾਲਿਕਾਵਾਂ	2,365.48	2,694.56	2,424.13	2,345.70	2,419.76
ਪੰਚਾਇਤੀ ਰਾਜ ਸੰਸਥਾਵਾਂ	885.81	3,313.12	1,463.61	1,529.97	888.22
ਜੋੜ (ੳ)	**3,251.29**	**6,007.68**	**3,887.74**	**3,875.67**	**3,307.98**
(ਅ) ਹੋਰ					
ਵਿਦਿਅਕ ਸੰਸਥਾਵਾਂ (ਸਹਾਇਤਾ ਪ੍ਰਾਪਤ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਆਦਿ)	3,196.94	3,586.92	3,380.66	3,312.94	3,183.40
ਵਿਕਾਸ ਅਥਾਰਟੀਆਂ	1,309.29	1,518.84	1,184.78	1,115.63	789.93
ਹਸਪਤਾਲ ਅਤੇ ਹੋਰ ਚੈਰੀਟੇਬਲ ਸੰਸਥਾਵਾਂ	1,211.06	1,348.71	1,371.46	1,074.35	801.44
ਹੋਰ ਸੰਸਥਾਵਾਂ	914.70	2,560.30	2,075.40	3,461.59	3,756.08
ਜੋੜ (ਅ)	**6,631.99**	**9,014.77**	**8,012.30**	**8,964.51**	**8,530.85**
ਜੋੜ (ੳ+ਅ)	**9,883.28**	**15,022.45**	**11,900.04**	**12,840.18**	**11,838.83**
ਤਨਖਾਹ 'ਤੇ ਜੀ ਆਈ ਏ	3,247.85	3,795.42	3,898.89	3,996.92	4,654.16
ਗੈਰ-ਤਨਖਾਹ ਲਈ ਜੀ ਆਈ ਏ	5,921.09	8,482.86	7,745.91	8,033.32	6,654.28
ਪੂੰਜੀਗਤ ਸੰਪਤੀਆਂ ਦੀ ਸਿਰਜਣਾ ਲਈ ਜੀ ਆਈ ਏ	714.34	2,744.17	255.24	809.95	530.40
ਜੀ ਆਈ ਏ ਕਿਸਮ ਵਿੱਚ ਦਿੱਤਾ	*ਰਾਜ ਸਰਕਾਰ ਦੁਆਰਾ ਸੂਚਨਾ ਉਪਲਬਧ ਨਹੀਂ ਕਾਰਵਾਈ ਗਈ*				
ਰੈਵੀਨਿਊ ਖਰਚਾ	75,860	86,344	96,636	1,13,661	1,17,407
ਰੈਵੀਨਿਊ ਖਰਚੇ ਦੇ ਪ੍ਰਤੀਸ਼ਤ ਵਜੋਂ ਸਹਾਇਤਾ	13.03	17.40	12.31	11.30	10.08

ਸ੍ਰੋਤ: ਵਿੱਤ ਲੇਖੇ

ਚਾਲੂ ਸਾਲ ਦੌਰਾਨ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਪਿਛਲੇ ਸਾਲ ਦੇ ਮੁਕਾਬਲੇ ₹ 1,001.35 ਕਰੋੜ (7.80 *ਪ੍ਰਤੀਸ਼ਤ*) ਘੱਟ ਗਈ ਹੈ। ਮੁੱਖ ਤੌਰ 'ਤੇ ਪੰਚਾਇਤੀ ਰਾਜ ਸੰਸਥਾਵਾਂ (₹ 641.75 ਕਰੋੜ: 41.95 *ਪ੍ਰਤੀਸ਼ਤ*), ਵਿਕਾਸ ਅਥਾਰਟੀਆਂ (₹ 325.70 ਕਰੋੜ: 29.19 *ਪ੍ਰਤੀਸ਼ਤ*), ਹਸਪਤਾਲਾਂ ਅਤੇ ਹੋਰ ਚੈਰੀਟੇਬਲ ਸੰਸਥਾਵਾਂ (₹ 272.91 ਕਰੋੜ: 25.40 *ਪ੍ਰਤੀਸ਼ਤ*) ਅਤੇ ਵਿਦਿਅਕ ਸੰਸਥਾਵਾਂ (ਸਹਾਇਤਾ ਪ੍ਰਾਪਤ ਸਕੂਲ ਕਾਲਜ, ਯੂਨੀਵਰਸਿਟੀਆਂ, ਆਦਿ) (₹ 129.54 ਕਰੋੜ: 3.91 *ਪ੍ਰਤੀਸ਼ਤ*) ਹੋਰ ਸੰਸਥਾਵਾਂ (₹ 294.49 ਕਰੋੜ: 8.51 *ਪ੍ਰਤੀਸ਼ਤ*) ਨੂੰ ਸਹਾਇਤਾ ਵਿੱਚ ਕਮੀ ਕਾਰਨ ਆਈ ਹੈ ਅਤੇ ਨਗਰ ਨਿਗਮਾਂ ਅਤੇ ਨਗਰਪਾਲਿਕਾਵਾਂ (₹ 74.06 ਕਰੋੜ: 3.16 *ਪ੍ਰਤੀਸ਼ਤ*) ਵਿੱਚ ਵਾਧੇ ਨਾਲ ਅੰਸ਼ਕ ਤੌਰ ਤੇ ਸੈੱਟ-ਆਫ ਕੀਤਾ ਗਿਆ ਸੀ। ਰੈਵੀਨਿਊ ਖਰਚ ਦੇ ਪ੍ਰਤੀਸ਼ਤ ਵਜੋਂ ਸਥਾਨਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਦੀ ਕੁੱਲ ਮਾਤਰਾ ਮੌਜੂਦਾ ਸਾਲ ਦੌਰਾਨ ਪਿਛਲੇ ਸਾਲ ਦੇ 11.30 *ਪ੍ਰਤੀਸ਼ਤ* ਤੋਂ ਘੱਟ ਕੇ 10.08 *ਪ੍ਰਤੀਸ਼ਤ* ਰਹਿ ਗਈ।

ਤਨਖਾਹ, ਗੈਰ-ਤਨਖਾਹ ਅਤੇ ਪੂੰਜੀਗਤ ਜਾਇਦਾਦ ਦੇ ਨਿਰਮਾਣ ਲਈ ਵਿੱਤੀ ਸਹਾਇਤਾ ਨੇ ਪਿਛਲੇ ਪੰਜ ਸਾਲਾਂ ਦੌਰਾਨ (ਸਾਲ 2021-22 ਅਤੇ 2023-24 ਨੂੰ ਛੱਡ ਕੇ ਗੈਰ-ਤਨਖਾਹ ਅਤੇ ਪੂੰਜੀਗਤ ਜਾਇਦਾਦਾਂ ਦੇ ਨਿਰਮਾਣ ਲਈ) ਵਧਦਾ ਰੁਝਾਨ ਦਿਖਾਇਆ ਸੀ। ਤਨਖਾਹ, ਗੈਰ-ਤਨਖਾਹ ਅਤੇ ਪੂੰਜੀਗਤ ਜਾਇਦਾਦਾਂ ਦੀ ਸਿਰਜਣਾ ਲਈ ਵਿੱਤੀ ਸਹਾਇਤਾ ਦੇ ਹਿੱਸੇ ਨੇ ਕ੍ਰਮਵਾਰ ਔਸਤਨ 32 *ਪ੍ਰਤੀਸ਼ਤ*, 60 *ਪ੍ਰਤੀਸ਼ਤ* ਅਤੇ 8 *ਪ੍ਰਤੀਸ਼ਤ* ਦਾ ਯੋਗਦਾਨ ਪਾਇਆ। ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਪ੍ਰਮੁੱਖ ਪ੍ਰਾਪਤਕਰਤਾਵਾਂ ਨੂੰ **ਸਾਰਣੀ 2.25** ਵਿੱਚ ਦਿਖਾਇਆ ਗਿਆ ਹੈ।

ਸਾਰਣੀ 2.25: ਸਾਲ 2023-24 ਦੌਰਾਨ ਵਿੱਤੀ ਸਹਾਇਤਾ ਦੇ ਪ੍ਰਮੁੱਖ ਪ੍ਰਾਪਤਕਰਤਾ

(₹ ਕਰੋੜ ਵਿੱਚ)

ਪ੍ਰਾਪਤ ਕਰਤਾ	ਸਕੀਮ	ਰਾਸ਼ੀ
ਡਾਇਰੈਕਟਰ, ਸਥਾਨਕ ਸੰਸਥਾਵਾਂ	ਪੰਜਾਬ ਮਿਊਂਸਿਪਲ ਫੰਡ - ਨਗਰਪਾਲਿਕਾਵਾਂ/ਨਗਰ ਕੌਂਸਲਾਂ/ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸਹਾਇਤਾ	1,547.50
ਰਾਸ਼ਟਰੀ ਸਿਹਤ ਮਿਸ਼ਨ	ਰਾਸ਼ਟਰੀ ਪੇਂਡੂ ਸਿਹਤ ਮਿਸ਼ਨ	764.68
ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ	ਸਹਾਇਤਾ	632.95
ਸਰਕਾਰੀ ਪ੍ਰਾਇਮਰੀ ਸਕੂਲ	ਸਿੱਖਿਆ ਗਾਰੰਟੀ ਸਕੀਮ ਸਮੇਤ ਸਮਾਗਰਾ ਸਿਕਸ਼ਾ ਅਭਿਆਨ - ਪ੍ਰਾਇਮਰੀ ਪੱਧਰ ਦੀਆਂ ਲੜਕੀਆਂ ਦੀ ਸਿੱਖਿਆ ਅਤੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਲਈ ਰਾਸ਼ਟਰੀ ਪ੍ਰੋਗਰਾਮ	627.24
ਸਰਕਾਰੀ ਸੈਕੰਡਰੀ ਸਕੂਲ	ਸੂਚਨਾ ਅਤੇ ਸੰਚਾਰ ਤਕਨਾਲੋਜੀ	575.50
ਗ੍ਰਾਮ ਪੰਚਾਇਤ ਸਮਿਤੀਆਂ	ਪੀ ਆਰ ਆਈਜ਼ ਨੂੰ ਸਹਾਇਤਾ ਗ੍ਰਾਂਟ	531.00
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ	ਸਹਾਇਤਾ	474.55
ਸਥਾਨਕ ਸ਼ਹਿਰੀ ਸੰਸਥਾਵਾ	ਸਹਾਇਤਾ ਅਨੁਦਾਨ	438.66
ਸਰਕਾਰੀ ਸੈਕੰਡਰੀ ਸਕੂਲ	ਸਮਾਗਰਾ ਸਿਕਸ਼ਾ ਅਭਿਆਨ/ਰਾਸ਼ਟਰੀਆਂ ਮਾਧਿਆਮਿਕ ਸਿਕਸ਼ਾ ਅਭਿਆਨ	365.48
ਪੰਜਾਬੀ ਯੂਨੀਵਰਸਿਟੀ, ਪਟਿਆਲਾ	ਸਹਾਇਤਾ ਅਨੁਦਾਨ	360.00
ਗ੍ਰਾਮ ਪੰਚਾਇਤ ਸਮਿਤੀਆਂ	ਮਹਾਤਮਾ ਗਾਂਧੀ ਨੈਸ਼ਨਲ ਪੇਂਡੂ ਰੁਜ਼ਗਾਰ ਗਰੰਟੀ ਸਕੀਮ	341.60
ਸਰਕਾਰੀ ਪ੍ਰਾਇਮਰੀ ਸਕੂਲ	ਮਿੱਡ-ਡੇ-ਮੀਲ	327.50
ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ	ਸਹਾਇਤਾ	232.03
ਗ੍ਰਾਮ ਪੰਚਾਇਤ ਸਮਿਤੀਆਂ	ਦੇਸੀ ਸ਼ਰਾਬ ਦੀ ਵਿਕਰੀ ਤੇ ਕਰ ਬਦਲੇ ਮੁਆਵਜ਼ਾ	230.00
ਗੈਰ-ਸਰਕਾਰੀ ਕਾਲਜ ਅਤੇ ਸੰਸਥਾਵਾਂ	ਸਹਾਇਤਾ	227.89

ਸ੍ਰੋਤ: ਵਿੱਤ ਲੇਖੇ

2.4.2 ਪੂੰਜੀਗਤ ਖਰਚਾ

ਪੂੰਜੀਗਤ ਖਰਚਾ ਮੁੱਖ ਤੌਰ ਤੇ ਸੜਕਾਂ, ਇਮਾਰਤਾਂ ਆਦਿ ਵਰਗੀਆਂ ਨਿਸ਼ਚਿਤ ਬੁਨਿਆਦੀ ਢਾਂਚੇ ਦੀਆਂ ਜਾਇਦਾਦਾਂ ਦੇ ਨਿਰਮਾਣ ਤੇ ਖਰਚਾ ਹੈ। ਕੇਂਦਰ ਅਤੇ ਰਾਜ ਦੋਵਾਂ ਵਿੱਚ ਪੂੰਜੀਗਤ ਖਰਚਿਆਂ ਨੂੰ ਬਜਟ ਸਹਾਇਤਾਂ ਅਤੇ ਵਾਧੂ ਬਜਟ ਸਰੋਤਾਂ/ਆਫ-ਬਜਟ ਤੋਂ ਪੂਰਾ ਕੀਤਾ ਜਾ ਰਿਹਾ ਹੈ। ਇਸ ਵਿੱਚ ਰਾਜ ਸਰਕਾਰ ਦੁਆਰਾ ਕੰਪਨੀਆਂ/ਕਾਰਪੋਰੇਸ਼ਨਾਂ ਵਿੱਚ ਕੀਤੇ ਗਏ ਨਿਵੇਸ਼ ਵੀ ਸ਼ਾਮਲ ਹਨ। ਪਿਛਲੇ ਪੰਜ ਸਾਲਾਂ ਭਾਵ 2019-2024 ਦੌਰਾਨ ਰਾਜ ਵਿੱਚ ਪੂੰਜੀਗਤ ਖਰਚੇ ਦੇ ਰੁਝਾਨ **ਚਾਰਟ 2.13** ਵਿੱਚ ਦਰਸਾਏ ਗਏ ਹਨ।

ਚਾਰਟ 2.13: ਰਾਜ ਵਿੱਚ ਪੂੰਜੀਗਤ ਖਰਚਾ



ਸ੍ਰੋਤ: ਵਿੱਤ ਲੇਖੇ ਅਤੇ ਸਬੰਧਿਤ ਸਾਲਾਂ ਦੀਆਂ ਸਾਲਾਨਾ ਵਿੱਤੀ ਵਿਵਰਣੀਆਂ

ਚਾਰਟ 2.13 ਦਰਸਾਉਂਦਾ ਹੈ ਕਿ ਪੰਜ ਸਾਲਾਂ ਦੇ ਸਮੇਂ ਦੇ ਦੌਰਾਨ ਪੂੰਜੀਗਤ ਖਰਚੇ ਵਿੱਚ ਉਤਰਾਅ-ਚੜਾਅ ਆਇਆ। ਇਹ 2019-20 ਵਿੱਚ ₹ 17,828 ਕਰੋੜ (ਕੁੱਲ ਖਰਚੇ ਦਾ 18.87 *ਪ੍ਰਤੀਸ਼ਤ*) ਤੋਂ ₹ 13,085 ਕਰੋੜ (73.40 *ਪ੍ਰਤੀਸ਼ਤ*) ਘੱਟ ਕੇ 2023-24 ਵਿੱਚ ₹ 4,743 ਕਰੋੜ (ਕੁੱਲ ਖਰਚੇ ਦਾ 3.88 *ਪ੍ਰਤੀਸ਼ਤ*) ਰਹਿ ਗਿਆ। ਇਸ ਤੋਂ ਇਲਾਵਾ, ਰਾਜ ਸਰਕਾਰ ਨੇ ਜਾਇਦਾਦਾਂ ਦੇ ਨਿਰਮਾਣ ਲਈ 2019-24 ਦੇ ਸਮੇਂ ਦੌਰਾਨ ₹ 5,054 ਕਰੋੜ[9] ਦੀ ਸਹਾਇਤਾ ਗ੍ਰਾਂਟ ਵੀ ਦਿੱਤੀ ।ਸਾਲ 2019-20 ਨੂੰ ਛੱਡ ਕੇ 2019-2024 ਦੌਰਾਨ ਪੂੰਜੀਗਤ ਖਰਚਿਆਂ ਲਈ ਬਜਟ ਦੀ ਵਰਤੋਂ 43 *ਪ੍ਰਤੀਸ਼ਤ* ਅਤੇ 61 *ਪ੍ਰਤੀਸ਼ਤ* ਵਿਚਕਾਰ ਸੀ, ਜਦੋਂ ਇਹ ਪੀ ਐਸ ਪੀ ਸੀ ਐਲ ਵਿੱਚ ₹ 15,628 ਕਰੋੜ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਇਕੁਇਟੀ ਵਿੱਚ ਤਬਦੀਲ ਕਰਨ ਕਾਰਨ 78 *ਪ੍ਰਤੀਸ਼ਤ* ਸੀ, ਜਿਵੇਂ ਕਿ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ

9 2019-20: ₹ 714.34 ਕਰੋੜ; 2020-21: ₹ 2,744.17 ਕਰੋੜ; 2021-22: ₹ 255.24 ਕਰੋੜ; 2022-23: ₹ 809.95 ਕਰੋੜ; ਅਤੇ 2023-24: ₹ 530.40 ਕਰੋੜ।

ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਦੀ ਰਿਪੋਰਟ ਦੇ ਪੈਰ੍ਹਾ 2.2.4.2(v) ਵਿੱਚ ਚਰਚਾ ਕੀਤੀ ਗਈ ਸੀ। ਇਸ ਮਿਆਦ ਦੌਰਾਨ, ਪੂੰਜੀਗਤ ਖਰਚਾ ਜੀ ਐਸ ਡੀ ਪੀ ਦਾ 0.64 *ਪ੍ਰਤੀਸ਼ਤ* ਅਤੇ 1.28 *ਪ੍ਰਤੀਸ਼ਤ* ਦੇ ਵਿਚਕਾਰ ਸੀ, ਸਿਵਾਏ ਸਾਲ 2019-20 ਨੂੰ ਛੱਡ ਕੇ ਜਦੋਂ ਯੂ ਡੀ ਏ ਵਾਈ ਕਰਜ਼ਿਆਂ ਦੇ ਪਰਿਵਰਤਨ ਕਾਰਨ 3.32 *ਪ੍ਰਤੀਸ਼ਤ* ਸੀ।

2.4.2.1 ਪੂੰਜੀਗਤ ਖਰਚੇ ਵਿੱਚ ਮੁੱਖ ਬਦਲਾਅ

ਪੂੰਜੀਗਤ ਖਰਚੇ ਵਿੱਚ 2022-23 ਦੀ ਤੁਲਨਾ ਵਿੱਚ 2023-24 ਦੌਰਾਨ ਹੋਏ ਮੁੱਖ ਬਦਲਾਅ **ਸਾਰਣੀ 2.26** ਵਿੱਚ ਦਰਸਾਏ ਗਏ ਹਨ।

ਸਾਰਣੀ 2.26: 2022-23 ਦੇ ਮੁਕਾਬਲੇ 2023-24 ਦੌਰਾਨ ਪੂੰਜੀਗਤ ਖਰਚਾ

(₹ ਕਰੋੜ ਵਿੱਚ)

ਮੁੱਖ ਮੱਦ ਦੇ ਲੇਖੇ	2022-23	2023-24	ਵਾਧਾ (+) ਘਾਟਾ (–)
4217- ਸ਼ਹਿਰੀ ਵਿਕਾਸ ਤੇ ਪੂੰਜੀਗਤ ਆਊਟਲੇਅ	2,270.03	1,103.51	(-)1,166.52
4210- ਮੈਡੀਕਲ ਅਤੇ ਜਨਤਕ ਸਿਹਤ 'ਤੇ ਪੂੰਜੀਗਤ ਆਊਟਲੇਅ	654.10	230.76	(-)423.34
4215-ਜਲ ਸਪਲਾਈ ਅਤੇ ਸੈਨੀਟੇਸ਼ਨ 'ਤੇ ਪੂੰਜੀਗਤ ਆਊਟਲੇਅ	599.81	308.76	(-)291.05
4225-ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਹੋਰ ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ 'ਤੇ ਪੂੰਜੀਗਤ ਆਊਟਲੇਅ	193.55	1.21	(-)192.34
4425-ਸਹਿਕਾਰਤਾ 'ਤੇ ਪੂੰਜੀਗਤ ਆਊਟਲੇਅ	135.00	0	(-)135.00
4515-ਹੋਰ ਪੇਂਡੂ ਵਿਕਾਸ ਪ੍ਰੋਗਰਾਮਾਂ 'ਤੇ ਪੂੰਜੀਗਤ ਆਊਟਲੇਅ	297.88	171.66	(-)126.22
4202-ਸਿੱਖਿਆ, ਖੇਡਾਂ, ਕਲਾ ਅਤੇ ਸਭਿਆਚਾਰ 'ਤੇ ਪੂੰਜੀਗਤ ਆਊਟਲੇਅ	183.24	521.16	(+)337.92
5054-ਸੜਕਾਂ ਅਤੇ ਪੁਲਾਂ 'ਤੇ ਪੂੰਜੀਗਤ ਆਊਟਲੇਅ	659.29	932.22	(+)272.93

ਸ੍ਰੋਤ: ਵਿੱਤ ਲੇਖੇ

ਸਾਰਣੀ 2.13 ਦਰਸਾਉਂਦਾ ਹੈ ਕਿ ਪੂੰਜੀਗਤ ਆਊਟਲੇਅ 2022-23 ਦੇ ₹ 6,667 ਕਰੋੜ ਤੋਂ ₹ 1,924 ਕਰੋੜ (28.86 *ਪ੍ਰਤੀਸ਼ਤ*) ਘਟ ਕੇ 2023-24 ਵਿੱਚ ₹ 4,743 ਕਰੋੜ ਰਹਿ ਗਿਆ। ਸਮੁੱਚੇ ਪੂੰਜੀਗਤ ਆਊਟਲੇਅ ਵਿੱਚ ਕਮੀ ਮੁੱਖ ਤੌਰ ਤੇ ਸ਼ਹਿਰੀ ਵਿਕਾਸ 'ਤੇ ਪੂੰਜੀਗਤ ਆਊਟਲੇਅ ਵਿੱਚ ਕਮੀ ਦੇ ਕਾਰਨ ਸੀ: ₹ 1,167 ਕਰੋੜ, ਮੈਡੀਕਲ ਅਤੇ ਜਨਤਕ ਸਿਹਤ 'ਤੇ ਪੂੰਜੀਗਤ ਆਊਟਲੇਅ : ₹ 423 ਕਰੋੜ, ਜਲ ਸਪਲਾਈ ਅਤੇ ਸੈਨੀਟੇਸ਼ਨ ਤੇ ਪੂੰਜੀਗਤ ਆਊਟਲੇਅ: ₹ 291 ਕਰੋੜ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਹੋਰ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਤੇ ਪੂੰਜੀਗਤ ਆਊਟਲੇਅ: ₹ 192 ਕਰੋੜ, ਸਹਿਕਾਰਤਾ 'ਤੇ ਪੂੰਜੀਗਤ ਆਊਟਲੇਅ : ₹ 135 ਕਰੋੜ ਅਤੇ ਹੋਰ ਪੇਂਡੂ ਵਿਕਾਸ ਪ੍ਰੋਗਰਾਮਾਂ 'ਤੇ ਪੂੰਜੀਗਤ ਆਊਟਲੇਅ : ₹ 126 ਕਰੋੜ। ਇਹ ਕਮੀ ਸਿੱਖਿਆ, ਖੇਡਾਂ ਕਲਾ ਅਤੇ ਸਭਿਆਚਾਰ ਤੇ ਪੂੰਜੀਗਤ ਆਊਟਲੇਅ ਵਿੱਚ ₹ 388 ਕਰੋੜ ਅਤੇ ਸੜਕਾਂ ਅਤੇ ਪੁਲਾਂ ਤੇ ਪੂੰਜੀਗਤ ਆਊਟਲੇਅ: ₹ 273 ਕਰੋੜ ਦੇ ਵਾਧੇ ਨਾਲ ਅੰਸ਼ਕ ਤੌਰ ਤੇ ਆਫ-ਸੈੱਟ ਕੀਤਾ ਗਿਆ ਸੀ।

2.4.2.2 ਪੂੰਜੀਗਤ ਖਰਚੇ ਦੀ ਗੁਣਵੱਤਾ

ਜੇਕਰ ਰਾਜ ਸਰਕਾਰ ਘਾਟੇ ਵਿੱਚ ਚਲ ਰਹੀਆਂ ਅਜਿਹੀਆਂ ਸਰਕਾਰੀ ਕੰਪਨੀਆਂ ਵਿੱਚ ਨਿਵੇਸ਼ ਕਰਨਾ ਜਾਰੀ ਰੱਖਦੀ ਹੈ, ਜਿਨ੍ਹਾਂ ਦੀ ਨੈਟ ਵਰਥ ਪੂਰੀ ਤਰ੍ਹਾਂ ਖਤਮ ਹੋ ਗਈ ਹੈ, ਤਾਂ ਨਿਵੇਸ਼ ਤੇ ਪ੍ਰਤੀਫਲ ਦੀਆਂ ਕੋਈ ਸੰਭਾਵਨਾਵਾਂ ਨਹੀਂ ਹਨ। ਇਸੇ ਤਰਾਂ, ਤਜਰਬਾ ਇਹ ਦਰਸਾਉਂਦਾ ਹੈ ਕਿ ਘਾਟੇ ਵਿੱਚ ਚਲ ਰਹੀਆਂ ਸ਼ੁਗਰ ਮਿੱਲਾਂ, ਵਿੱਤੀ ਕਾਰਪੋਰੇਸ਼ਨਾਂ, ਆਦਿ ਨੂੰ ਦਿੱਤੇ ਗਏ ਕਰਜ਼ਿਆਂ ਨੂੰ ਵੱਟੇ ਖਾਤੇ ਪਾਉਣ ਗੈਰ-ਟਾਲਣਯੋਗ ਹੈ। ਅਜਿਹੇ ਵਿੱਤੀ ਆਪ੍ਰੇਸ਼ਨਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਲੋੜੀਂਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਹ ਭਾਗ ਚਾਲੂ ਸਾਲ ਦੌਰਾਨ ਸਰਕਾਰ ਦੁਆਰਾ ਕੀਤੇ ਨਿਵੇਸ਼ਾਂ ਅਤੇ ਹੋਰ ਪੂੰਜੀਗਤ ਖਰਚਿਆਂ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ।

(i) ਕੰਪਨੀਆਂ, ਕਾਰਪੋਰੇਸ਼ਨਾਂ ਅਤੇ ਹੋਰ ਸੰਸਥਾਵਾਂ ਵਿੱਚ ਨਿਵੇਸ਼ ਦੀ ਗੁਣਵੱਤਾ

ਕੰਪਨੀਆਂ, ਕਾਰਪੋਰੇਸ਼ਨਾਂ ਅਤੇ ਹੋਰ ਸੰਸਥਾਵਾਂ ਵਿੱਚ ਜੋ ਕਿ ਘਾਟੇ ਵਿੱਚ ਚਲ ਰਹੀਆਂ ਹਨ ਜਾਂ ਜਿੱਥੇ ਨੈਟ ਵਰਥ ਪੂਰੀ ਤਰ੍ਹਾਂ ਖਤਮ ਹੋ ਗਈ ਹੈ, ਵਿੱਚ ਪੂੰਜੀਗਤ ਖਰਚਾ ਕਰਨਾ ਸਸਟੇਨੇਬਲ ਨਹੀਂ ਹੁੰਦਾ।

ਕੰਪਨੀਆਂ (ਉਦਾਹਰਣ ਲਈ ਡਿਸਕੌਮਜ਼), ਕਾਰਪੋਰੇਸ਼ਨਾਂ (ਉਦਾਹਰਣ ਲਈ ਐਸ ਸੀ ਅਤੇ ਐਸ ਟੀ ਵਿੱਤੀ ਕਾਰਪੋਰੇਸ਼ਨਾਂ), ਅਤੇ ਸਹਿਕਾਰੀ ਸਭਾਵਾਂ (ਉਦਾਹਰਣ ਲਈ ਖੰਡ ਮਿੱਲਾਂ), ਜੋ ਘਾਟੇ ਵਿੱਚ ਹਨ ਅਤੇ ਜਿਨ੍ਹਾਂ ਦੀ ਸ਼ੁੱਧ ਸੰਪਤੀ ਪੂਰੀ ਤਰ੍ਹਾਂ ਖਤਮ ਹੋ ਗਈ ਹੈ, ਵਿੱਚ ਕੀਤਾ ਗਿਆ ਨਿਵੇਸ਼ ਅਤੇ ਦਿੱਤੇ ਗਏ ਕਰਜ਼ੇ ਪੂੰਜੀਗਤ ਖਰਚੇ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦੇ ਹਨ। ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂ) ਵਿੱਚ ਨਿਵੇਸ਼ ਕੀਤੀ ਗਈ ਸ਼ੇਅਰ ਕੈਪੀਟਲ ਵਿੱਚ ਨਿਵੇਸ਼ ਤੇ ਪ੍ਰਤੀਫਲ ਅਤੇ ਵੱਖ-ਵੱਖ ਸੰਸਥਾਵਾਂ ਨੂੰ ਦਿੱਤੇ ਗਏ ਕਰਜ਼ਿਆਂ ਦੀ ਮੁੜ ਅਦਾਇਗੀ ਦਾ ਇਤਿਹਾਸ ਪੂੰਜੀਗਤ ਖਰਚੇ ਦੀ ਗੁਣਵੱਤਾ ਦੇ ਮਹੱਤਵਪੂਰਨ ਨਿਰਧਾਰਕ ਹਨ।

ਸਾਲ 2023-24 ਦੇ ਅੰਤ ਤੱਕ 35 ਕਾਰਜਸ਼ੀਲ ਰਾਜ ਪੀ ਐਸ ਯੂਜ਼ ਦੀ ਪੇਡ ਅਪ ਪੂੰਜੀ ₹ 23,467.16 ਕਰੋੜ ਸੀ, ਜਿਸ ਵਿੱਚੋਂ 24 ਪੀ ਐਸ ਯੂਜ਼ ਵਿੱਚ ਰਾਜ ਸਰਕਾਰ ਦਾ ਨਿਵੇਸ਼ (ਇਕੁਇਟੀ) ₹ 23,314.29 ਕਰੋੜ (99.35 *ਪ੍ਰਤੀਸ਼ਤ*) ਸੀ।

ਰਾਜ ਦੇ ਬਾਰਾਂ ਪੀ ਐਸ ਯੂਜ਼ ਜਿਨ੍ਹਾਂ ਵਿੱਚ ਰਾਜ ਸਰਕਾਰ ਨੇ ₹ 22,501.23 ਦਾ ਨਿਵੇਸ਼ ਕੀਤਾ ਸੀ, ਵਿੱਚ ₹ 17,753.96 ਕਰੋੜ ਦਾ ਸੰਚਿਤ ਘਾਟਾ ਸੀ ***(ਅੰਤਿਕਾ 2.3)***।

ਉਪਰੋਕਤ 12 ਪੀ ਐਸ ਯੂਜ਼ ਵਿੱਚੋਂ ਨੌ ਦੀ ਨੈਟ ਵਰਥ ਪੂਰੀ ਘੱਟ ਹੋ ਗਈ ਸੀ ਅਤੇ ਨੇਗੇਟਿਵ ਹੋ ਗਈ ਸੀ। ਇਨ੍ਹਾਂ ਨੌ ਪੀ ਐਸ ਯੂਜ਼ ਦੀ ਨੈਟ ਵਰਥ 31 ਮਾਰਚ 2024 ਤੱਕ ਇਨ੍ਹਾਂ ਪੀ ਐਸ ਯੂਜ਼ ਦੇ ਵਿੱਚ ₹ 462.86 ਕਰੋੜ (ਪੰਜਾਬ ਸਰਕਾਰ ਨਿਵੇਸ਼: ₹ 423.41 ਕਰੋੜ) ਦੇ ਇਕੁਇਟੀ ਨਿਵੇਸ਼ ਦੇ ਮੁਕਾਬਲੇ (-) ₹ 7,377.96 ਕਰੋੜ ਸੀ। 31 ਮਾਰਚ 2024 ਤੱਕ ਨੌ ਪੀ ਐਸ ਯੂਜ਼ ਵਿੱਚੋਂ ਪੰਜ ਵਿੱਚ ਸਰਕਾਰੀ ਕਰਜ਼ੇ ₹ 21,026.19 ਕਰੋੜ ਦੇ ਬਕਾਇਆ ਸਨ ***(ਅੰਤਿਕਾ 2.4)***।

31 ਮਾਰਚ 2024 ਰਾਜ ਸਰਕਾਰ ਵੱਲੋਂ ਦਸ ਪੀ ਐਸ ਯੂਜ਼ ਨੂੰ ਵਿੱਚ ਦਿੱਤੇ ਗਏ ₹ 26,856.59 ਕਰੋੜ ਦੇ ਲੰਮੇ ਸਮੇਂ ਦੇ ਕਰਜ਼ੇ ਤੱਕ ਬਕਾਇਆ ਪਏ ਸਨ ***(ਅੰਤਿਕਾ 2.5)***।

ਕੰਪਨੀਆਂ, ਕਾਰਪੋਰੇਸ਼ਨਾਂ, ਅਤੇ ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਵਿੱਚ ਨਿਵੇਸ਼ 'ਤੇ ਪ੍ਰਤੀਫਲ ਦੇ ਰੁਝਾਨ, ਸਰਕਾਰੀ ਉਧਾਰਾਂ ਦੀ ਲਾਗਤ ਅਤੇ ਨਿਵੇਸ਼ਾਂ 'ਤੇ ਪ੍ਰਤੀਫਲ ਦੇ ਵਿਚਕਾਰ ਅੰਤਰ ਨੂੰ **ਸਾਰਣੀ 2.27** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.27: ਨਿਵੇਸ਼ ਤੇ ਪ੍ਰਤੀਫਲ

ਨਿਵੇਸ਼/ਪ੍ਰਤੀਫਲ/ਉਧਾਰ ਲੈਣ ਦੀ ਲਾਗਤ	2019-20	2020-21	2021-22	2022-23	2023-24
ਸਾਲ ਦੇ ਅੰਤ ਤੇ ਨਿਵੇਸ਼ (₹ ਕਰੋੜ ਵਿੱਚ)	19,898.08	19,911.84	19,899.69	20,038.52	20,039.78
ਪ੍ਰਤੀਫਲ (₹ ਕਰੋੜ ਵਿੱਚ)[$]	4.24	1.26	6.66	3.11	4.12
ਪ੍ਰਤੀਫਲ (*ਪ੍ਰਤੀਸ਼ਤ*)*	0.02	0.01	0.03	0.02	0.02
ਸਰਕਾਰੀ ਉਧਾਰਾਂ ਤੇ ਔਸਤ ਵਿਆਜ ਦਰ (*ਪ੍ਰਤੀਸ਼ਤ*)	7.96	7.58	7.46	7.17	7.28
ਪ੍ਰਤੀਫਲ ਅਤੇ ਵਿਆਜ ਦੀ ਦਰ ਵਿਚਕਾਰ ਅੰਤਰ (*ਪ੍ਰਤੀਸ਼ਤ*)	(-)7.94	(-)7.57	(-)7.43	(-)7.15	(-)7.26
ਸਰਕਾਰੀ ਉਧਾਰਾਂ ਦੀ ਲਾਗਤ ਅਤੇ ਨਿਵੇਸ਼ ਤੇ ਪ੍ਰਤੀਫਲ ਵਿਚਕਾਰ ਅੰਤਰ (₹ ਕਰੋੜ ਵਿੱਚ)[#]	(-)1,579.91	(-)1,507.33	(-)1,478.55	(-)1,432.75	(-)1,454.89

ਸ੍ਰੋਤ: ਵਿੱਤ ਲੇਖੇ

[$] *ਹਿਸਟੋਰੀਕਲ ਲਾਗਤ ਤੇ*

 # (ਸਾਲ ਦੇ ਅੰਤ ਵਿੱਚ ਨਿਵੇਸ਼ ਵਿਆਜ ਦੀ ਦਰ ਅਤੇ ਪ੍ਰਤੀਫਲ ਵਿਚਕਾਰ ਅੰਤਰ)/100*

2023-24 ਦੌਰਾਨ, ਨਿਵੇਸ਼ ਤੇ ਪ੍ਰਤੀਫਲ ₹ 4.12 ਕਰੋੜ[10] (0.02 *ਪ੍ਰਤੀਸ਼ਤ*) (ਨਿਰੋਲ ਮੌਜੂਦਾ ਮੁੱਲ ਤੇ ਨਾ ਹੋ ਕੇ ਹਿਸਟੋਰੀਕਲ ਲਾਗਤ ਤੇ ਅਧਾਰਤ) ਸੀ। ਸਾਲ 2019-2024 ਦੌਰਾਨ ਪ੍ਰਤੀਫਲ ਸਿਰਫ 0.01 *ਪ੍ਰਤੀਸ਼ਤ* ਅਤੇ 0.03 *ਪ੍ਰਤੀਸ਼ਤ* ਦੇ ਵਿਚਕਾਰ ਸੀ, ਜਦੋਂ ਕਿ ਰਾਜ ਸਰਕਾਰ ਦੁਆਰਾ ਆਪਣੇ ਉਧਾਰਾਂ ਤੇ ਅਦਾ ਕੀਤੀ ਗਈ ਵਿਆਜ ਦੀ ਔਸਤ ਦਰ ਇਸੇ ਮਿਆਦ ਦੌਰਾਨ 7.17 *ਪ੍ਰਤੀਸ਼ਤ* ਅਤੇ 7.96 *ਪ੍ਰਤੀਸ਼ਤ* ਦੇ ਵਿਚਕਾਰ ਸੀ। ਪਿਛਲੇ ਪੰਜ ਸਾਲਾਂ ਦੌਰਾਨ, ਸਰਕਾਰੀ ਉਧਾਰਾਂ ਦੀ ਲਾਗਤ ਅਤੇ ਪੀ ਐਸ ਯੂਜ਼ ਵਿੱਚ ਨਿਵੇਸ਼ਾਂ ਤੇ ਪ੍ਰਤੀਫਲ ਵਿੱਚ ₹ 7,453.43 ਕਰੋੜ ਦਾ ਅੰਤਰ ਸੀ।

(ii) ਸਰਕਾਰ ਦੇ ਨਿਵੇਸ਼ਾਂ ਦਾ ਕੰਪਨੀਆਂ ਦੇ ਲੇਖਿਆਂ ਨਾਲ ਮਿਲਾਨ ਕਰਨਾ

ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂਜ਼) ਵਿੱਚ ਇਕੁਇਟੀ ਵਜੋਂ ਸਰਕਾਰੀ ਨਿਵੇਸ਼ਾਂ ਦੇ ਅੰਕੜੇ ਪੀ ਐਸ ਯੂਜ਼ ਦੇ ਲੇਖਿਆਂ ਵਿੱਚ ਆਉਣ ਵਾਲੇ ਅੰਕੜਿਆਂ ਨਾਲ ਮਿਲਾਨ ਹੋਣੇ ਚਾਹੀਦੇ ਹਨ। ਪੀ ਐਸ ਯੂਜ਼ ਦੇ ਲੇਖਿਆਂ ਅਤੇ ਰਾਜ ਸਰਕਾਰ ਦੇ ਵਿੱਤ ਲੇਖਿਆਂ ਵਿੱਚ ਅੰਤਰ ਦਾ ਪਤਾ ਲਾਗਉਣ ਲਈ ਅੰਕੜਿਆਂ ਦਾ ਮਿਲਾਨ ਜ਼ਰੂਰੀ ਹੈ। ਦੋਵਾਂ ਲੇਖਿਆਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਵਿੱਤ ਲੇਖਿਆਂ ਅਨੁਸਾਰ, 15 ਪੀ ਐਸ ਯੂਜ਼ ਵਿੱਚ ਇਕੁਇਟੀ ਵਜੋਂ ਸਰਕਾਰੀ ਨਿਵੇਸ਼ ₹ 19,014.89 ਕਰੋੜ ਸੀ, ਜਦੋਂ ਕਿ ਪੀ ਐਸ ਯੂਜ਼ ਦੇ ਰਿਕਾਰਡ ਅਨੁਸਾਰ ਇਹ ₹ 23,103.73 ਕਰੋੜ ਸੀ। ਇੱਥੇ ₹ 4,088.84 ਕਰੋੜ ਦਾ ਅੰਤਰ ਸੀ ਜਿਵੇਂ ਕਿ ***ਅੰਤਿਕਾ 2.6***

10 ਸਰਕਾਰੀ ਕੰਪਨੀਆਂ (₹ 4.00 ਕਰੋੜ): ਸੰਯੁਕਤ ਸਟਾਕ ਕੰਪਨੀਆਂ (₹ 0.11 ਕਰੋੜ); ਅਤੇ ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ (₹ 0.01 ਕਰੋੜ)।

ਵਿੱਚ ਵੇਰਵਾ ਦਿੱਤਾ ਗਿਆ ਹੈ। ਅੰਤਰ ਨੂੰ ਸੋਧ ਕਰਨ ਲਈ ਸਮਾਂਬੱਧ ਤਰੀਕੇ ਨਾਲ ਮਿਲਾਨ ਕੀਤਾ ਜਾਣਾ ਚਾਹੀਦਾ ਹੈ।

(iii) ਰਾਜ ਸਰਕਾਰ ਦੁਆਰਾ ਕਰਜ਼ੇ ਅਤੇ ਪੇਸ਼ਗੀਆਂ

ਸਹਿਕਾਰੀ ਸੁਸਾਇਟੀਆਂ, ਕਾਰਪੋਰੇਸ਼ਨਾਂ ਅਤੇ ਕੰਪਨੀਆਂ ਵਿੱਚ ਨਿਵੇਸ਼ਾਂ ਤੋਂ ਇਲਾਵਾ, ਰਾਜ ਸਰਕਾਰ ਕਈ ਸੰਸਥਾਵਾਂ/ਸੰਗਠਨਾਂ ਨੂੰ ਵੀ ਕਰਜ਼ੇ ਅਤੇ ਪੇਸ਼ਗੀਆਂ ਪ੍ਰਦਾਨ ਕਰ ਰਹੀ ਹੈ। **ਸਾਰਣੀ 2.28**, 31 ਮਾਰਚ 2024 ਨੂੰ ਬਕਾਇਆ ਕਰਜ਼ੇ ਅਤੇ ਪੇਸ਼ਗੀਆਂ ਦੀ ਸਥਿਤੀ ਅਤੇ ਰਾਜ ਸਰਕਾਰ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਵਿਆਜ ਪ੍ਰਾਪਤੀਆਂ ਦੀ ਤੁਲਨਾ ਵਿੱਚ ਆਪਣੇ ਉਧਾਰਾਂ ਤੇ ਕੀਤੀਆਂ ਵਿਆਜ ਅਦਾਇਗੀਆਂ ਨੂੰ ਦਰਸਾਉਂਦੀ ਹੈ।

ਸਾਰਣੀ 2.28: ਸਾਲ 2019-24 ਦੌਰਾਨ ਵੰਡੇ ਅਤੇ ਵਸੂਲ ਕੀਤੇ ਗਏ ਕਰਜ਼ਿਆਂ ਦੀ ਮਾਤਰਾ

(₹ ਕਰੋੜ ਵਿੱਚ)

ਵੇਰਵੇ	2019-20	2020-21	2021-22	2022-23	2023-24
ਬਕਾਇਆ ਕਰਜ਼ਿਆਂ ਦਾ ਮੁਢਲਾ ਬਕਾਇਆ	50,681	35,394	36,301	37,670	38,888
ਸਾਲ ਦੌਰਾਨ ਪੇਸ਼ਗੀ ਦਿੱਤੀ ਗਈ ਰਾਸ਼ੀ	783	956	1,576	1,382	196
ਸਾਲ ਦੌਰਾਨ ਵਸੂਲ ਕੀਤੀ ਗਈ ਰਾਸ਼ੀ	16,070	50	207	164	39
ਬਕਾਇਆ ਕਰਜ਼ਿਆਂ ਦਾ ਅੰਤਿਮ ਬਕਾਇਆ	35,394	36,300	37,670	38,888	39,045
ਨਿਰੋਲ ਵਾਧਾ	(-)15,287	906	1,369	1,218	157
ਪ੍ਰਾਪਤ ਕੀਤਾ ਵਿਆਜ	1,336	25	19	15	28
ਬਕਾਇਆ ਕਰਜ਼ਿਆਂ ਦੀ ਤੁਲਨਾ ਪ੍ਰਾਪਤ ਵਿਆਜ (*ਪ੍ਰਤੀਸ਼ਤ*)	3.10	0.07	0.05	0.04	0.07
ਸਰਕਾਰ ਦੇ ਬਕਾਇਆ ਉਧਾਰਾਂ ਤੇ ਅਦਾ ਕੀਤੇ ਵਿਆਜ ਦੀ ਔਸਤਨ ਦਰ	7.96	7.58	7.46	7.17	7.28
ਪ੍ਰਾਪਤ ਵਿਆਜ ਦੀ ਦਰ ਅਤੇ ਭੁਗਤਾਨ ਕੀਤੇ ਵਿਆਜ ਵਿਚਕਾਰ ਅੰਤਰ (*ਪ੍ਰਤੀਸ਼ਤ*)	(-)4.86	(-)7.51	(-) 7.41	(-) 7.13	(-)7.21

ਸ੍ਰੋਤ: ਵਿੱਤ ਲੇਖੇ

2023-24 ਦੌਰਾਨ, ₹ 196 ਕਰੋੜ ਦੀ ਪੇਸ਼ਗੀ ਰਾਸ਼ੀ ਪਿਛਲੇ ਸਾਲ ਦੌਰਾਨ ਦਿੱਤੇ ਗਏ ₹ 1,382 ਕਰੋੜ ਦੀ ਤੁਲਨਾ ਕਰਜ਼ੇ ਵਜੋਂ ਦਿੱਤੀ ਗਈ ਸੀ। ਚਾਲੂ ਸਾਲ ਦੌਰਾਨ ਦਿੱਤੇ ਗਏ ਕਰਜ਼ ਪੇਸ਼ਗੀਆਂ ਵਿੱਚ ਸਹਿਕਾਰੀ ਖੰਡ ਮਿੱਲਾਂ ਨੂੰ ਪੰਜਾਬ ਵਿੱਚ ਗੰਨੇ ਦੀ ਕੁਸ਼ਲ ਪ੍ਰੋਸੈਸਿੰਗ ਅਤੇ ਮੁੱਲ ਵਾਧੇ ਲਈ ਨਵੇਂ ਸ਼ੁਗਰ ਕੰਪਲੈਕਸ ਸਥਾਪਤ ਕਰਨ ਲਈ ਦਿੱਤੇ ਗਏ ₹ 100 ਕਰੋੜ ਸ਼ਾਮਲ ਹਨ। ਸਹਿਕਾਰੀ ਖੰਡ ਮਿੱਲਾਂ ਵਿਰੁੱਧ ਸਾਲ ਦੀ ਸ਼ੁਰੂਆਤ ਵਿਚ ₹ 2,700 ਕਰੋੜ ਦੇ ਕਰਜ਼ੇ ਬਕਾਇਆ ਸਨ। ਇਹ ਵੇਖਿਆ ਗਿਆ ਸੀ ਕਿ ਪਹਿਲਾਂ ਦੇ ਕਰਜ਼ਿਆਂ ਵਿੱਚੋਂ ਸਿਰਫ ₹ 7 ਕਰੋੜ ਦੀ ਵਸੂਲੀ ਦੇ ਬਾਵਜੂਦ, ਬਾਅਦ ਵਿੱਚ ਇਨ੍ਹਾਂ ਖੰਡ ਮਿੱਲਾਂ ਨੂੰ ₹ 100 ਕਰੋੜ ਦੇ ਕਰਜ਼ੇ ਦਿੱਤੇ ਗਏ ਸਨ।

ਰਾਜ ਸਰਕਾਰ ਦੁਆਰਾ 2022-23 ਦੇ ₹ 38,888 ਕਰੋੜ ਤੋਂ ₹ 157 ਕਰੋੜ ਵੱਧ ਕੇ ਸਾਲ 2023-24 ਵਿੱਚ ਬਕਾਇਆ ਕਰਜ਼ੇ ₹ 39,045 ਕਰੋੜ ਹੋ ਗਏ। ਕਰਜ਼ਿਆਂ ਦੀ ਵਸੂਲੀ 2022-23 ਦੀ ਤੁਲਨਾ ਵਿੱਚ 2023-24 ਵਿੱਚ ₹ 125 ਕਰੋੜ (76 *ਪ੍ਰਤੀਸ਼ਤ*) ਘੱਟ ਗਈ ਅਤੇ ਵਿਆਜ ਪ੍ਰਾਪਤੀਆਂ ਵਿੱਚ ₹ 13 ਕਰੋੜ (87 *ਪ੍ਰਤੀਸ਼ਤ*) ਦਾ ਵਾਧਾ ਹੋਇਆ। ਪ੍ਰਾਪਤ ਵਿਆਜ 2023-24 ਦੌਰਾਨ ਬਕਾਇਆ ਕਰਜ਼ਿਆਂ ਅਤੇ ਪੇਸ਼ਗੀਆਂ ਦਾ ਸਿਰਫ 0.07 *ਪ੍ਰਤੀਸ਼ਤ* ਸੀ।

ਸਾਲ 2023-24 ਦੇ ਅੰਤ ਤੱਕ ਬਕਾਇਆ ਕਰਜ਼ਿਆਂ (₹ 39,045 ਕਰੋੜ) ਵਿੱਚ ਰਾਜ ਸਰਕਾਰ ਵੱਲੋਂ ₹ 34,474 ਕਰੋੜ ਦੇ ਕਰਜ਼ੇ ਵਿੱਚੋਂ ₹ 33,014 ਕਰੋੜ ਦੇ ਲੰਬੀ ਮਿਆਦ ਦੇ ਕਰਜ਼ੇ ਸ਼ਾਮਲ ਸਨ-

- ਸਾਲ 2016-17 ਦੌਰਾਨ ਖੁਰਾਕ ਖਰੀਦ ਕਾਰਜਾਂ ਲਈ ਲੀਗੇਸੀ ਕੈਸ਼ ਕ੍ਰੈਡਿਟ ਲੇਖਿਆਂ ਦਾ ਇੱਕ ਵਾਰ ਨਿਪਟਾਰਾ (₹ 29,920 ਕਰੋੜ[11]), ਜਿਸ ਵਿੱਚੋਂ ₹ 29,207 ਕਰੋੜ ਬਕਾਇਆ ਸਨ; ਅਤੇ
- 2016-2024 ਦੌਰਾਨ ਪੰਜ ਸਾਲ ਰਾਜ ਖਰੀਦ ਏਜੰਸੀਆਂ (ਐਸ ਪੀ ਏ) ਨੂੰ ਨਵੇਂ ਸਿਰੇ ਤੋਂ ਦਿੱਤੀ ਗਈ ਬਕਾਇਆ ਕੈਸ਼ ਕ੍ਰੈਡਿਟ ਲਿਮਿਟ (ਸੀ ਸੀ ਐਲ) ਨੂੰ ਕਲੀਅਰ ਕਰਨਾ (₹ 4,554 ਕਰੋੜ), ਜਿਸ ਵਿੱਚੋਂ ₹ 3,807 ਕਰੋੜ[12] ਬਕਾਇਆ ਸਨ।

ਇਸ ਤਰ੍ਹਾਂ, ਸਾਲ 2016-2024 ਦੌਰਾਨ ਐਸ ਪੀ ਏ ਨੂੰ ਪੁਰਾਣੇ ਅਤੇ ਨਵੇਂ ਸੀ ਸੀ ਐਲ ਕਲੀਅਰ ਕਰਨ ਲਈ ₹ 34,474 ਕਰੋੜ ਦੀ ਕੁੱਲ ਰਾਸ਼ੀ ਦੇ ਮੁਕਾਬਲੇ ਸਿਰਫ ₹ 1,460 ਕਰੋੜ[13] ਦੀ ਵਸੂਲੀ ਕੀਤੀ ਗਈ ਹੈ।

(iv) ਅਧੂਰੇ ਪ੍ਰੋਜੈਕਟਾਂ ਵਿੱਚ ਅਟਕੀ ਪੂੰਜੀ

ਅਧੂਰੇ ਪਏ ਪੂੰਜੀਗਤ ਕੰਮਾਂ ਵਿੱਚ ਅਟਕੀ ਪੂੰਜੀ ਦੇ ਰੁਝਾਨਾਂ ਦਾ ਮੁਲਾਂਕਣ ਵੀ ਪੂੰਜੀਗਤ ਖਰਚੇ ਦੀ ਗੁਣਵੱਤਾ ਦਾ ਸੰਕੇਤ ਦੇਵੇਗਾ। ਅਧੂਰੇ ਪ੍ਰੋਜੈਕਟਾਂ/ਕੰਮਾਂ ਵਿੱਚ ਅਟਕੇ ਫੰਡ ਖਰਚੇ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪਾਉਂਦੇ ਹਨ ਅਤੇ ਲੰਮੇ ਸਮੇਂ ਲਈ ਰਾਜ ਨੂੰ ਚਿਤਵੇ ਲਾਭਾਂ ਤੋਂ ਵਾਂਝੇ ਰਹਿਣਾ ਪੈਂਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਸਬੰਧਤ ਸਾਲਾਂ ਦੌਰਾਨ ਉਧਾਰ ਲਏ ਗਏ ਫੰਡ, ਕਰਜ਼ਾ ਵਾਪਸੀ ਅਤੇ ਵਿਆਜ ਦੇਣਦਾਰੀਆਂ ਦੀ ਸੂਰਤ ਵਿੱਚ ਵਾਧੂ ਬੋਝ ਦਾ ਕਾਰਣ ਬਣਦੇ ਹਨ। ਅਧੂਰੇ ਪ੍ਰੋਜੈਕਟ, ਜੋਕਿ 2023-24 ਤੱਕ ਪੂਰੇ ਹੋਣੇ ਸਨ, ਦੇ ਸਮਾਂਵਾਰ ਅਤੇ ਵਿਭਾਗ ਵਾਰ ਵੇਰਵੇ ਕ੍ਰਮਵਾਰ **ਸਾਰਣੀ 2.29** ਅਤੇ **ਸਾਰਣੀ 2.30** ਵਿੱਚ ਦਰਸਾਏ ਗਏ ਹਨ।

ਸਾਰਣੀ 2.29: 31 ਮਾਰਚ 2024 ਦੀ ਸਥਿਤੀ ਅਨੁਸਾਰ ਅਧੂਰੇ ਪ੍ਰੋਜੈਕਟਾਂ ਦੀ ਸਮਾਂਵਾਰ ਰੂਪ ਰੇਖਾ

(₹ ਕਰੋੜ ਵਿੱਚ)

ਆਰੰਭ ਹੋਣ ਦਾ ਸਾਲ	ਅਧੂਰੇ ਪ੍ਰੋਜੈਕਟਾਂ ਦੀ ਸੰਖਿਆ	ਅਨੁਮਾਨਤ ਲਾਗਤ	ਖਰਚਾ (31 ਮਾਰਚ 2024 ਤੱਕ)
2012-13 ਤੱਕ	3	2,543.96	1,169.70
2013-14	0	0.00	0.00
2014-15	0	0.00	0.00
2015-16	3	77.42	16.00
2016-17	0	0.00	0.00
2017-18	0	0.00	0.00
2018-19	1	5.48	5.47
2019-20	3	22.43	14.96
2020-21	5	450.62	335.24
2021-22	13	367.78	154.32
2022-23	3	18.56	14.09
2023-24	13	91.76	54.10
ਜੋੜ	**44**	**3,578.01**	**1,763.88**

ਸਾਰਣੀ 2.30: 31 ਮਾਰਚ 2024 ਦੀ ਸਥਿਤੀ ਅਨੁਸਾਰ ਅਧੂਰੇ ਪ੍ਰੋਜੈਕਟਾਂ ਦੀ ਵਿਭਾਗ ਵਾਰ ਰੂਪ ਰੇਖਾ

(₹ ਕਰੋੜ ਵਿੱਚ)

ਵਿਭਾਗ	ਅਧੂਰੇ ਪ੍ਰੋਜੈਕਟਾਂ ਦੀ ਸੰਖਿਆ	ਅਨੁਮਾਨਤ ਲਾਗਤ	ਖਰਚਾ (31 ਮਾਰਚ 2024 ਤੱਕ)
ਲੋਕ ਨਿਰਮਾਣ	24	456.02	237.22
ਸਿੰਜਾਈ	15	2,719.51	1,242.08
ਜਲ ਸਪਲਾਈ ਅਤੇ ਸੈਨੀਟੇਸ਼ਨ	5	402.48	284.58
ਜੋੜ	**44**	**3,578.01**	**1,763.88**

11 ਇਹ ਕਰਜ਼ਾ ਰਾਜ ਸਰਕਾਰ ਵੱਲੋਂ ਸਤੰਬਰ 2034 ਵਿੱਚ ਅਦਾ ਕੀਤੀ ਜਾਣ ਵਾਲੀ ₹ 115 ਕਰੋੜ ਦੀ ਆਖਰੀ ਕਿਸ਼ਤ ਨੂੰ ਛੱਡ ਕੇ ₹ 270 ਕਰੋੜ (ਵਿਆਜ ਸਮੇਤ) ਦੀਆਂ ਬਰਾਬਰ ਮਹੀਨਾਵਾਰ ਕਿਸ਼ਤਾਂ ਵਿੱਚ ਅਦਾ ਕੀਤਾ ਜਾਣਾ ਹੈ।

12 ਇਸ ਤੋਂ ਇਲਾਵਾ, ਪਨਸਪ ਤੋਂ ਸਾਲ 2010-11 ਤੋਂ ਪਹਿਲਾਂ ਦੀ ਮਿਆਦ ਨਾਲ ਸਬੰਧਤ ₹ 41 ਕਰੋੜ ਵੀ ਬਕਾਇਆ ਸਨ।

13 ₹ 713 ਕਰੋੜ (2017-18: ₹ 26 ਕਰੋੜ, 2018-19: ₹ 61 ਕਰੋੜ, 2019-20: ₹ 405 ਕਰੋੜ, 2020-21: ₹ 11 ਕਰੋੜ, 2021-22: ₹ 172 ਕਰੋੜ, 2022-23: ₹ 12 ਕਰੋੜ ਅਤੇ 2023-24: ₹ 26 ਕਰੋੜ) ਦੇ ਮੁਕਾਬਲੇ ₹ 29,920 ਕਰੋੜ; ਅਤੇ ₹ 747 ਕਰੋੜ (2018-2023) ਦੇ ਮੁਕਾਬਲੇ ₹ 4,554 ਕਰੋੜ।

44 ਅਧੂਰੇ ਪ੍ਰੋਜੈਕਟਾਂ ਤੇ ਕੀਤੇ ₹ 1,764 ਕਰੋੜ ਦੇ ਖਰਚੇ ਤੋਂ ਚਿਤਵੇ ਲਾਭ ਮਿਲਣੇ ਅਜੇ ਬਾਕੀ ਸਨ। 44 ਅਧੂਰੇ ਪ੍ਰੋਜੈਕਟਾਂ ਵਿਚੋਂ, 15 ਪ੍ਰੋਜੈਕਟ ਜਿਨ੍ਹਾਂ ਤੇ ₹ 1,541.37 ਕਰੋੜ ਦਾ ਖਰਚਾ ਕੀਤਾ ਗਿਆ ਸੀ, ਸਾਲ 2021-22 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ।

ਪੰਜਾਬ ਘਾਟੇ ਵਾਲਾ ਰਾਜ ਹੈ, ਇਨ੍ਹਾਂ ਪ੍ਰੋਜੈਕਟਾਂ ਤੇ ਖਰਚੇ ਗਏ ਫੰਡ ਬਹੁਤ ਜਿਆਦਾ ਲਾਗਤ ਤੇ ਉਧਾਰ ਲਏ ਗਏ ਸਨ। ਪ੍ਰੋਜੈਕਟਾਂ ਦੇ ਪੂਰੇ ਹੋਣ ਵਿੱਚ ਦੇਰੀ ਨੇ ਨਾ ਕੇਵਲ ਖਰਚੇ ਦੀ ਗੁਣਵੱਤਾ 'ਤੇ ਮਾੜਾ ਅਸਰ ਪਾਇਆ ਸਗੋਂ ਇਸ ਨੇ ਰਾਜ ਨੂੰ ਚਿਤਵੇ ਲਾਭਾਂ ਅਤੇ ਆਰਥਿਕ ਵਿਕਾਸ ਤੋਂ ਵੀ ਵਾਂਝੇ ਰੱਖਿਆ।

2.4.2.3 ਜਨਤਕ ਨਿੱਜੀ ਭਾਈਵਾਲ ਪ੍ਰੋਜੈਕਟਾਂ ਅਧੀਨ ਰਾਜ ਦੇ ਸਾਧਨਾਂ ਦੀ ਉਪਲੱਬਧਤਤਾ

ਜਨਤਕ ਨਿੱਜੀ ਭਾਈਵਾਲ (ਪੀ ਪੀ ਪੀ) ਇਕ ਪ੍ਰਬੰਧ ਹੈ ਜੋ ਸਰਕਾਰ ਜਾਂ ਵਿਧਾਨਕ ਇਕਾਈ ਅਤੇ ਕਿਸੇ ਪ੍ਰਾਈਵੇਟ ਖੇਤਰ ਦੀ ਇਕਾਈ ਵਿਚਕਾਰ ਅਜਿਹਾ ਫਰੇਮਵਰਕ ਮੁਹੱਈਆ ਕਰਵਾਉਂਦਾ ਹੈ ਜਿਹੜਾ ਕਿ ਇਨ੍ਹਾਂ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਜਨਤਾ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ, ਮਿਲ ਕੇ ਕੰਮ ਕਰਨ ਦੇ ਯੋਗ ਬਣਾਉਂਦਾ ਹੈ। ਪੀ ਪੀ ਪੀ ਪ੍ਰੋਜੈਕਟਾਂ ਦੇ ਸੈਕਟਰ-ਵਾਰ ਵੇਰਵੇ **ਸਾਰਣੀ 2.31** ਵਿੱਚ ਦਰਸਾਏ ਗਏ ਹਨ।

ਸਾਰਣੀ 2.31: ਪੀ ਪੀ ਪੀ ਪ੍ਰੋਜੈਕਟਾਂ ਦੇ 31 ਮਾਰਚ 2024 ਦੀ ਸਥਿਤੀ ਅਨੁਸਾਰ ਸੈਕਟਰ-ਵਾਰ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਸੈਕਟਰ	ਮੁਕੰਮਲ ਹੋਏ			ਚਲ ਰਹੇ			ਭਵਿੱਖ ਲਈ ਬਣਾਈ ਯੋਜਨਾ	
		ਸੰਖਿਆ	ਅਨੁਮਾਨਤ ਲਾਗਤ	31 ਮਾਰਚ 2024 ਤੱਕ ਜਨਰੇਟ ਹੋਇਆ ਰੈਵੀਨਿਊ	ਸੰਖਿਆ	ਅਨੁਮਾਨਤ ਲਾਗਤ	31 ਮਾਰਚ 2024 ਤੱਕ ਜਨਰੇਟ ਹੋਇਆ ਰੈਵੀਨਿਊ	ਸੰਖਿਆ	ਅਨੁਮਾਨਤ ਲਾਗਤ
1.	ਸੜਕਾਂ	8	690.23	74.49	--	--	--	--	--
2.	ਸਿਹਤ ਤੇ ਪਰਿਵਾਰ ਭਲਾਈ	2[14]	237.56	171.08	--	--	--	--	--
3.	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ*	--	--	--	2[15]	23.30	--	--	--
4.	ਮੈਡੀਕਲ ਸਿੱਖਿਆ ਅਤੇ ਖੋਜ	--	--	--	1[16]	131.16	62.55	--	--
ਜੋੜ		**10**	**927.79**	**245.57**	**3**	**154.46**	**62.55**	**--**	**--**

ਸ੍ਰੋਤ: ਵਿਭਾਗੀ ਸੂਚਨਾ

** ਇਹ ਪ੍ਰੋਜੈਕਟ ਫਰਵਰੀ 2018 ਤੋਂ ਵਿਚਾਰ ਅਧੀਨ ਹਨ*

14 (i) ਮੁਹਾਲੀ ਵਿਖੇ ਡੀ ਬੀ ਓ ਟੀ ਅਧਾਰ ਤੇ ਗ੍ਰੀਨ ਫੀਲਡ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਵਿਕਾਸ (ii) ਬਠਿੰਡਾ ਵਿਖੇ ਡੀ ਬੀ ਓ ਟੀ ਅਧਾਰ ਤੇ ਗਰੀਨ ਫੀਲਡ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਵਿਕਾਸ।

15 (i) ਸਰਕਾਰੀ ਪੌਲੀਟੈਕਨਿਕ ਕਾਲਜ, ਪੀ ਓ ਰਾਹੋਂ, ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ, ਅਤੇ (ii) ਸਰਕਾਰੀ ਪੌਲੀਟੈਕਨਿਕ ਕਾਲਜ, ਅਨੰਦਪੁਰ ਸਾਹਿਬ, ਜ਼ਿਲ੍ਹਾਂ ਰੋਪੜ।

16 (i) ਪੰਜਾਬ ਇਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਪੀ ਆਈ ਐਮ ਐਸ) ਹਸਪਤਾਲ ਅਤੇ ਮੈਡੀਕਲ ਕਾਲਜ ਜਲੰਧਰ।

2.4.3 ਖਰਚੇ ਦੀਆਂ ਤਰਜੀਹਾਂ

ਮਨੁੱਖੀ ਵਿਕਾਸ ਦੇ ਪੱਧਰਾਂ ਨੂੰ ਉੱਚਾ ਚੁਕਣ ਲਈ, ਰਾਜਾਂ ਨੂੰ ਮਹੱਤਵਪੂਰਣ ਸਮਾਜਿਕ ਸੇਵਾਵਾਂ ਜਿਵੇਂ ਕਿ ਸਿੱਖਿਆ, ਸਿਹਤ, ਆਦਿ ਉੱਤੇ ਆਪਣੇ ਖਰਚਿਆਂ ਨੂੰ ਵਧਾਉਣ ਦੀ ਜ਼ਰੂਰਤ ਹੈ। ਜੇਕਰ ਇਹ ਵੰਡ ਸਬੰਧਤ ਰਾਸ਼ਟਰੀ ਔਸਤ ਤੋਂ ਹੇਠਲੇ ਦਰਜੇ ਤੇ ਹੈ ਤਾਂ ਉਸ ਵਿਸ਼ੇਸ਼ ਸੈਕਟਰ ਨੂੰ ਘੱਟ ਵਿੱਤੀ ਤਰਜੀਹ (ਕਿਸੇ ਸ਼੍ਰੇਣੀ ਅਧੀਨ ਖਰਚੇ ਦੀ ਕੁੱਲ ਖਰਚੇ ਨੂੰ ਰੇਸ਼ੋ) ਦਿੱਤੀ ਗਈ ਹੈ। ਕੁੱਲ ਖਰਚੇ ਨੂੰ ਇਨ੍ਹਾਂ ਕੰਪੋਨੈਂਟਾਂ ਦੀ ਜਿੰਨੀ ਉਚੇਰੀ ਰੇਸ਼ੋ ਹੋਵੇਗੀ, ਖਰਚੇ ਦੀ ਗੁਣਵੱਤਾ ਓਨੀ ਹੀ ਬਿਹਤਰ ਸਮਝੀ ਜਾਵੇਗੀ। ਸਮਾਜਿਕ ਅਤੇ ਆਰਥਿਕ ਖੇਤਰ ਉੱਤੇ ਖਰਚੇ, ਆਦਿ ਦੇ ਸੰਬੰਧ ਵਿੱਚ ਰਾਜ ਸਰਕਾਰ ਦੀ ਵਿੱਤੀ ਤਰਜੀਹ[17] ਨੂੰ **ਸਾਰਣੀ 2.32** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.32: ਸਿਹਤ, ਸਿੱਖਿਆ ਅਤੇ ਪੂੰਜੀਗਤ ਖਰਚੇ ਨਾਲ ਸਬੰਧਤ ਰਾਜ ਦੇ ਖਰਚੇ ਦੀ ਤਰਜੀਹ

(***ਪ੍ਰਤੀਸ਼ਤ* ਵਿੱਚ**)

	ਟੀ ਈ/ ਜੀ ਐਸ ਡੀ ਪੀ	ਸੀ ਈ /ਟੀ ਈ	ਸਿੱਖਿਆ*/ਟੀ ਈ	ਸਿਹਤ/ ਟੀ ਈ
ਜਨਰਲ ਸ਼੍ਰੇਣੀ ਰਾਜਾਂ ਦੀ ਔਸਤ (2019-20)	15.88	14.02	15.79	5.25
ਪੰਜਾਬ (2019-20)	17.59	19.70	11.74	3.72
ਜਨਰਲ ਸ਼੍ਰੇਣੀ ਰਾਜਾਂ ਦੀ ਔਸਤ (2023-24)	15.66	16.50	14.36	5.71
ਪੰਜਾਬ (2023-24)	16.42	4.04	12.79	4.09

ਸ੍ਰੋਤ: ਅੰਕੜਿਆਂ ਦੀ ਆਂਕਣਾ ਸਬੰਧਿਤ ਰਾਜਾਂ ਦੇ ਵਿੱਤ ਲੇਖਿਆਂ ਦੇ ਆਧਾਰ ਤੇ ਕੀਤੀ ਗਈ

ਟੀ ਈ : ਕੁੱਲ ਖਰਚਾ ਅਤੇ ਸੀ ਈ: ਪੂੰਜੀਗਤ ਖਰਚਾ (ਦਿੱਤੇ ਗਏ ਕਰਜੇ ਅਤੇ ਪੇਸ਼ਗੀਆਂ ਸ਼ਾਮਲ ਹਨ)

** ਸਿੱਖਿਆ ਉੱਤੇ ਖਰਚੇ ਵਿੱਚ ਖੇਡਾਂ, ਕਲਾ ਅਤੇ ਸੱਭਿਆਚਾਰ ਉੱਤੇ ਖਰਚਾ ਸ਼ਾਮਲ ਹੈ।*

ਸਾਰਣੀ 2.32 ਦਰਸਾਉਂਦੀ ਹੈ ਕਿ:

- ਜੀ ਐਸ ਡੀ ਪੀ ਦੇ ਅਨੁਪਾਤ ਵਜੋਂ ਰਾਜ ਸਰਕਾਰ ਦਾ ਕੁੱਲ ਖਰਚ 2019-20 ਵਿੱਚ 17.59 *ਪ੍ਰਤੀਸ਼ਤ* ਤੋਂ ਘੱਟ ਕੇ 2023-24 ਵਿੱਚ 16.42 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਜਨਰਲ ਸ਼੍ਰੇਣੀ ਦੇ ਰਾਜਾਂ (ਜੀ ਸੀ ਐਸ) ਲਈ ਇਹ ਇਸੇ ਮਿਆਦ ਦੌਰਾਨ 15.88 *ਪ੍ਰਤੀਸ਼ਤ* ਤੋਂ ਘਟ ਕੇ 15.66 *ਪ੍ਰਤੀਸ਼ਤ* ਹੋ ਗਿਆ।
- ਪੂੰਜੀਗਤ ਖਰਚ ਸੰਪਤੀ ਸਿਰਜਣ ਦੀ ਸਹੂਲਤ ਦਿੰਦਾ ਹੈ ਜੋ ਉੱਚ ਵਿਕਾਸ ਦੇ ਮੌਕੇ ਪੈਦਾ ਕਰਦਾ ਹੈ। ਹਾਲਾਂਕਿ, ਕੁੱਲ ਖਰਚ ਦੇ ਮੁਕਾਬਲੇ ਪੂੰਜੀਗਤ ਖਰਚ ਦਾ ਅਨੁਪਾਤ 2019-20 ਵਿੱਚ 19.70 *ਪ੍ਰਤੀਸ਼ਤ* ਤੋਂ ਘੱਟ ਕੇ 2023-24 ਵਿੱਚ 4.04 *ਪ੍ਰਤੀਸ਼ਤ* ਹੋ ਗਿਆ। 2019-20 ਵਿੱਚ ਮਹੱਤਵਪੂਰਨ ਪੂੰਜੀਗਤ ਖਰਚ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐਸ ਪੀ ਸੀ ਐਲ) ਵਿੱਚ ₹ 15,628 ਕਰੋੜ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਇਕੁਇਟੀ ਵਿੱਚ ਤਬਦੀਲੀ ਕਾਰਨ ਹੋਇਆ ਸੀ, ਜਿਵੇਂ ਕਿ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.4.2.2 (v)

17 ਉਸ ਸ਼੍ਰੇਣੀ ਵਿੱਚ ਖਰਚੇ ਦੀ ਕੁੱਲ ਖਰਚੇ (ਟੀ ਈ) ਨੂੰ ਰੇਸ਼ੋ ।

ਵਿੱਚ ਚਰਚਾ ਕੀਤੀ ਗਈ ਹੈ। ਜੀ ਸੀ ਐਸ ਲਈ ਇਹ ਅਨੁਪਾਤ ਇਸੇ ਮਿਆਦ ਦੌਰਾਨ 14.02 *ਪ੍ਰਤੀਸ਼ਤ* ਤੋਂ ਵੱਧ ਕੇ 16.50 *ਪ੍ਰਤੀਸ਼ਤ* ਹੋ ਗਿਆ।

- ਪੰਜਾਬ ਵਿੱਚ ਸਿੱਖਿਆ ਤੇ ਖਰਚ ਅਤੇ ਕੁੱਲ ਖਰਚ ਦਾ ਅਨੁਪਾਤ 2019-20 ਵਿੱਚ 11.74 *ਪ੍ਰਤੀਸ਼ਤ* ਤੋਂ ਵੱਧ ਕੇ 2023-24 ਵਿੱਚ 12.79 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਇਸੇ ਮਿਆਦ ਦੌਰਾਨ ਜੀ ਸੀ ਐਸ ਦੇ ਮਾਮਲੇ ਵਿੱਚ ਇਹ 15.79 *ਪ੍ਰਤੀਸ਼ਤ* ਤੋਂ ਘਟ ਕੇ 14.36 *ਪ੍ਰਤੀਸ਼ਤ* ਹੋ ਗਿਆ।
- ਪੰਜਾਬ ਵਿੱਚ ਸਿਹਤ ਅਤੇ ਕੁੱਲ ਖਰਚ ਤੇ ਖਰਚ ਦਾ ਅਨੁਪਾਤ 2019-20 ਵਿੱਚ 3.72 *ਪ੍ਰਤੀਸ਼ਤ* ਤੋਂ ਵੱਧ ਕੇ 2023-24 ਵਿੱਚ 4.09 *ਪ੍ਰਤੀਸ਼ਤ* ਹੋ ਗਿਆ, ਜਦੋਂ ਕਿ ਇਸੇ ਮਿਆਦ ਦੌਰਾਨ ਜੀ ਸੀ ਐਸ ਦੇ ਮਾਮਲੇ ਵਿੱਚ ਇਹ 5.25 *ਪ੍ਰਤੀਸ਼ਤ* ਤੋਂ ਵੱਧ ਕੇ 5.71 *ਪ੍ਰਤੀਸ਼ਤ* ਹੋ ਗਿਆ।

2.4.4 ਆਬਜੈਕਟ ਮੱਦ-ਵਾਰ ਖਰਚਾ

ਆਬਜੈਕਟ ਮੱਦ-ਵਾਰ ਖਰਚਾ, ਖਰਚੇ ਦੇ ਆਬਜੈਕਟ/ਮੰਤਵ ਬਾਰੇ ਜਾਣਕਾਰੀ ਦਿੰਦਾ ਹੈ। **ਚਾਰਟ 2.14** ਆਬਜੈਕਟ ਮੱਦ-ਵਾਰ ਖਰਚੇ ਨੂੰ ਦਰਸਾਉਂਦਾ ਹੈ।

ਚਾਰਟ 2.14: 2023-24 ਦੌਰਾਨ ਆਬਜੈਕਟ ਮੱਦ-ਵਾਰ ਖਰਚਾ



ਸ੍ਰੋਤ: ਵਿੱਤ ਲੇਖੇ

ਨੋਟ: ਵੀ ਐਲ ਸੀ ਡਾਟਾ ਤੋਂ ਲਏ ਆਬਜੈਕਟ ਮੱਦ-ਵਾਰ ਖਰਚੇ ਵਿੱਚ ਸਾਰੀਆਂ ਮੁੱਖ ਮੱਦਾਂ ਵਿੱਚ ਤਨਖਾਹਾਂ ਤੇ ਉਜਰਤਾਂ ਅਤੇ ਪੈਨਸ਼ਨਾਂ ਉੱਤੇ ਮੱਦ-ਵਾਰ ਖਰਚੇ ਸ਼ਾਮਲ ਹਨ ਜੋਕਿ ਇਨ੍ਹਾਂ ਆਈਟਮਾਂ ਤੇ ਵਚਨਬੱਧ ਖਰਚੇ ਨਾਲੋਂ ਭਿੰਨ ਹਨ (ਜਿਵੇਂ ਕਿ ਪੈਰ੍ਹਾ 2.4.1.2 ਵਿੱਚ ਦਰਸਾਇਆ ਗਿਆ ਹੈ)।

2.5 ਲੋਕ ਲੇਖਾ

ਕੁੱਝ ਵਿੱਤੀ ਕਾਰਵਿਹਾਰਾਂ ਜਿਵੇਂ ਕਿ ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਰਾਖਵੇਂ ਫੰਡ, ਡਿਪਾਜ਼ਿਟਜ਼, ਸਸਪੈਂਸ, ਰੈਮੀਟੈਂਸਜ਼ ਆਦਿ ਨਾਲ ਸਬੰਧਤ ਪ੍ਰਾਪਤੀਆਂ ਅਤੇ ਅਦਾਇਗੀਆਂ, ਜਿਹੜੀਆਂ ਕਿ ਰਾਜ ਦੇ ਸੰਚਿਤ ਫੰਡ ਦਾ ਹਿੱਸਾ ਨਹੀਂ ਬਣਦੀਆਂ, ਨੂੰ ਸੰਵਿਧਾਨ ਦੇ ਅਨੁਛੇਦ 266(2) ਅਧੀਨ ਸਥਾਪਤ ਲੋਕ ਲੇਖੇ ਵਿੱਚ ਰੱਖਿਆ ਜਾਂਦਾ ਹੈ ਅਤੇ ਇਹ ਰਾਜ ਵਿਧਾਨ ਪਾਲਿਕਾ ਦੀ ਵੋਟ ਅਧੀਨ ਨਹੀਂ ਹੁੰਦੀਆਂ। ਇੱਥੇ, ਸਰਕਾਰ ਇਨ੍ਹਾਂ ਦੇ ਸਬੰਧ ਵਿੱਚ ਬੈਂਕਰ ਵਜੋਂ ਕੰਮ ਕਰਦੀ ਹੈ। ਸਾਲ ਦੌਰਾਨ ਭੁਗਤਾਨ ਕਰਨ ਤੋਂ

ਬਾਅਦ ਬਚਿਆ ਬਕਾਇਆ ਉਹ ਫੰਡ ਹੈ ਜੋ ਸਰਕਾਰ ਕੋਲ ਵੱਖ-ਵੱਖ ਮੰਤਵਾਂ ਲਈ ਵਰਤੋਂ ਲਈ ਉਪਲਬੱਧ ਹੁੰਦਾ ਹੈ।

2.5.1 ਨਿਰੋਲ ਲੋਕ ਲੇਖੇ ਦੇ ਬਕਾਏ

ਰਾਜ ਦੇ ਲੋਕ ਲੇਖੇ ਵਿੱਚ ਕੰਪੋਨੈਂਟ-ਵਾਰ ਨਿਰੋਲ ਬਕਾਏ **ਸਾਰਣੀ 2.33** ਵਿੱਚ ਦਿੱਤੇ ਗਏ ਹਨ ਅਤੇ ਲੋਕ ਲੇਖੇ ਦੇ ਬਕਾਇਆਂ ਦੀ ਰਚਨਾ ਵਿੱਚ ਸਾਲਾਨਾ ਬਦਲਾਅ **ਚਾਰਟ 2.15** ਵਿੱਚ ਦਰਸਾਏ ਗਏ ਹਨ।

ਸਾਰਣੀ 2.33: ਲੋਕ ਲੇਖੇ ਵਿੱਚ ਕੰਪੋਨੈਂਟ-ਵਾਰ ਨਿਰੋਲ ਬਕਾਏ

(₹ ਕਰੋੜ ਵਿੱਚ)

ਸੈਕਟਰ	ਉਪ-ਸੈਕਟਰ	2019-20	2020-21	2021-22	2022-23	2023-24
ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਆਦਿ	ਛੋਟੀਆਂ ਬੱਚਤਾਂ, ਪ੍ਰਾਵੀਡੈਂਟ ਫੰਡ, ਆਦਿ	(-)22,995.06	(-)22,149.54	(-)22,187.70	(-)22,404.33	(-)23,005.28
ਰਾਖਵੇਂ ਫੰਡ	(ੳ) ਵਿਆਜਯੋਗ ਰਾਖਵੇਂ ਫੰਡ	(-)8,203.96	(-)8,583.58	(-)9,508.56	(-)10,443.38	(-)12,065.48
	(ਅ) ਵਿਆਜਰਹਿਤ ਰਾਖਵੇਂ ਫੰਡ	(-)253.20	(-)1,211.33	(-)3,127.96	(-)6,352.33	(-)8,617.43
ਡਿਪਾਜ਼ਿਟਜ਼ ਅਤੇ ਪੇਸ਼ਗੀਆਂ	(ੳ) ਵਿਆਜਯੋਗ ਡਿਪਾਜ਼ਿਟਜ਼	(-)776.16	(-)880.98	(-)1,400.28	(-)1,379.35	(-)1,366.99
	(ਅ) ਵਿਆਜਰਹਿਤ ਡਿਪਾਜ਼ਿਟਜ਼	(-)3,045.22	(-)3,023.68	(-)3,384.82	(-)3,533.92	(-)3,705.28
	(ੲ) ਪੇਸ਼ਗੀਆਂ	0.42	0.42	0.42	0.42	0.42
ਸਸਪੈਂਸ ਅਤੇ ਫੁਟਕਲ	(ੳ) ਸਸਪੈਂਸ	(-)8.47	(-)102.69	129.71	(-)232.45	(-)246.95
	(ਅ) ਹੋਰ ਲੇਖੇ	1,511.04	7,787.14	3,521.09	2,196.36	1,253.99
	(ੲ) ਬਾਹਰਲੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਲੇਖੇ	0.66	0.66	0.66	0.66	0.66
	(ਸ) ਫੁਟਕਲ	0.00	0.00	0.00	0.00	0.00
ਰੈਮੀਟੈਂਸਜ਼	(ੳ) ਮਨੀ ਆਰਡਰਜ਼ ਅਤੇ ਹੋਰ ਰੈਮੀਟੈਂਸਜ਼	2.68	40.85	18.04	8.40	(-)0.59
	(ਅ) ਅੰਤਰ-ਸਰਕਾਰ ਸਮਾਯੋਜਨ ਲੇਖਾ	22.59	43.05	57.40	35.85	24.58
ਜੋੜ		**(-)33,744.68**	**(-)28,079.68**	**(-)35,882.00**	**(-)42,104.07**	**(-)47,728.35**

ਸ੍ਰੋਤ: ਵਿੱਤ ਲੇਖੇ

ਨੋਟ: ਜਮ੍ਹਾਂ (+) ਵਿੱਚ ਸੰਖਿਆਵਾਂ ਡੈਬਿਟ ਬਕਾਏ ਨੂੰ ਦਰਸਾਉਦੀਆਂ ਹਨ ਅਤੇ ਘਟਾਅ (-) ਵਿੱਚ ਸੰਖਿਆਵਾਂ ਕਰੈਡਿਟ ਬਕਾਇਆਂ ਨੂੰ ਦਰਸਾਉਦੀਆਂ ਹਨ

ਚਾਰਟ 2.15: ਲੋਕ ਲੇਖੇ ਦੇ ਬਕਾਇਆ ਦੀ ਰਚਨਾ ਵਿੱਚ ਸਾਲਾਨਾ ਬਦਲਾਅ

(₹ ਕਰੋੜ ਵਿੱਚ)



ਸ੍ਰੋਤ: ਵਿੱਤ ਲੇਖੇ

ਲੋਕ ਲੇਖੇ ਦੀਆਂ ਦੇਣਦਾਰੀਆਂ ਵਿੱਚ ₹ 5,624 ਕਰੋੜ ਦਾ ਵਾਧਾ ਮੁੱਖ ਤੌਰ ਤੇ ਵਿਆਜ ਰਹਿਤ ਰਾਖਵੇਂ ਫੰਡ ਵਿੱਚ ₹ 2,265 ਕਰੋੜ ਦੇ ਵਾਧੇ ਕਾਰਨ ਹੋਇਆ ਹੈ। ਇਸ ਵਿੱਚ ਚਾਲੂ ਸਾਲ ਦੌਰਾਨ ਸੰਚਿਤ ਸਿਕਿੰਗ ਫੰਡ ਵਿੱਚ ₹ 1,750 ਕਰੋੜ ਦਾ ਯੋਗਦਾਨ ਸ਼ਾਮਲ ਹੈ, ਜੋ ਕਿ ਭਾਰਤ ਸਰਕਾਰ ਦੀਆਂ ਪ੍ਰਤੀਭੂਤੀਆਂ ਵਿੱਚ ਨਿਵੇਸ਼ ਕੀਤਾ ਗਿਆ ਸੀ, ਜਿਵੇਂ ਕਿ **ਪੈਰ੍ਹਾਗ੍ਰਾਫ 2.5.2.1** ਵਿੱਚ ਚਰਚਾ ਕੀਤੀ ਗਈ ਹੈ।

2.5.2 ਰਾਖਵੇਂ ਫੰਡ

ਰਾਖਵੇਂ ਫੰਡ ਰਾਜ ਸਰਕਾਰ ਦੇ ਲੋਕ ਲੇਖੇ ਅਧੀਨ ਵਿਸ਼ੇਸ਼ ਅਤੇ ਪ੍ਰਭਾਸ਼ਿਤ ਮੰਤਵਾਂ ਲਈ ਬਣਾਏ ਜਾਂਦੇ ਹਨ। ਇਨਾਂ ਫੰਡਾਂ ਦੀ ਪੂਰਤੀ ਸੰਚਿਤ ਫੰਡ ਜਾਂ ਬਾਹਰੀ ਏਜੰਸੀਆਂ ਤੋਂ ਯੋਗਦਾਨਾਂ ਜਾਂ ਗ੍ਰਾਂਟਾਂ ਦੁਆਰਾ ਕੀਤੀ ਜਾਂਦੀ ਹੈ। ਇਸ ਵਿੱਚ ਵਿਆਜਯੋਗ ਰਾਖਵੇਂ ਫੰਡ ਅਤੇ ਵਿਆਜ-ਰਹਿਤ ਰਾਖਵੇਂ ਫੰਡ ਸ਼ਾਮਲ ਹਨ।

ਰਾਖਵੇਂ ਫੰਡਾਂ ਦੇ ਵੇਰਵੇ ਵਿੱਤ ਲੇਖਿਆਂ ਦੀ ਵਿਵਰਣੀ 21 ਅਤੇ 22 ਵਿੱਚ ਉਪਲੱਬਧ ਹਨ। 31 ਮਾਰਚ 2024 ਨੂੰ ਸੱਤ ਵਿਆਜਯੋਗ ਅਤੇ ਦੋ ਵਿਆਜ ਰਹਿਤ ਰਾਖਵੇਂ ਫੰਡ ਸਨ। 31 ਮਾਰਚ 2024 ਨੂੰ ਇਨ੍ਹਾਂ ਰਾਖਵੇਂ ਫੰਡਾਂ ਵਿੱਚ ਪਏ ਬਕਾਇਆਂ ਨੂੰ **ਸਾਰਣੀ 2.34** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.34: ਰਾਖਵੇਂ ਫੰਡਾਂ ਦੇ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਰਾਖਵੇਂ ਫੰਡ ਦਾ ਨਾਂਅ	31 ਮਾਰਚ 2024 ਨੂੰ ਬਕਾਇਆ
ੳ	**ਵਿਆਜਯੋਗ ਰਾਖਵੇਂ ਫੰਡ**	**12,065.48**
1.	ਡੈਪਰੀਸੀਏਸ਼ਨ ਰਾਖਵੇਂ ਫੰਡ-ਮੋਟਰ ਟਰਾਂਸਪੋਰਟ	117.45
2.	ਡੈਪਰੀਸੀਏਸ਼ਨ ਰਾਖਵੇਂ ਫੰਡ-ਸਰਕਾਰੀ ਪ੍ਰੈਸਾਂ	32.27
3.	ਜਨਰਲ ਰਾਖਵੇਂ ਫੰਡ-ਮੋਟਰ ਟਰਾਂਸਪੋਰਟ	55.29
4.	ਪੰਜਾਬ ਸੜਕ ਸੁਰੱਖਿਆ ਫੰਡ	87.28
5.	ਰਾਜ ਆਫਤ ਰਿਸਪਾਂਸ ਫੰਡ	10,380.41
6.	ਰਾਜ ਕੰਮਪੈਂਸੇਟਰੀ ਅਫੋਰੈਸਟੇਸ਼ਨ ਫੰਡ	869.65
7.	ਰਾਜ ਆਫਤ ਮਿਟੀਗੇਸ਼ਨ ਫੰਡ	523.13
ਅ	**ਵਿਆਜਰਹਿਤ ਰਾਖਵੇਂ ਫੰਡ**	**8,617.43**
1.	ਸਿੰਕਿੰਗ ਫੰਡ	8,616.66
2.	ਹੋਰ ਵਿਕਾਸ ਅਤੇ ਭਲਾਈ ਫੰਡ	0.77
	ਕੁੱਲ ਜੋੜ	**20,682.91**

ਸ੍ਰੋਤ: ਵਿੱਤ ਲੇਖੇ

2.5.2.1 ਸੰਚਿਤ ਸਿੰਕਿੰਗ ਫੰਡ

ਪੰਜਾਬ ਸਰਕਾਰ ਨੇ ਬਾਰ੍ਹਵੇਂ ਵਿੱਤ ਕਮਿਸ਼ਨ (12ਵੇਂ ਐਫ ਸੀ) ਦੀਆਂ ਸਿਫਾਰਸ਼ਾਂ ਅਨੁਸਾਰ 2011-12 ਦੇ ਵਿੱਤੀ ਸਾਲ ਤੋਂ ਆਰੰਭ ਕਰਦੇ ਹੋਏ, ਆਪਣੀਆਂ ਬਕਾਇਆ ਦੇਣਦਾਰੀਆਂ ਨੂੰ ਚੁਕਤਾ ਕਰਨ ਦੇ ਉਦੇਸ਼ ਨਾਲ, ਇੱਕ ਸੰਚਿਤ ਸਿੰਕਿੰਗ ਫੰਡ ਦੀ ਸਥਾਪਨਾ ਕੀਤੀ (ਦਸੰਬਰ 2006)। ਇਸ ਫੰਡ ਦਾ ਪ੍ਰਬੰਧਨ ਭਾਰਤੀ ਰਿਜ਼ਰਵ ਬੈਂਕ ਦੁਆਰਾ ਕੀਤਾ ਜਾਂਦਾ ਹੈ। ਰਾਜ ਸਰਕਾਰ ਵੱਲੋਂ ਹਰ ਸਾਲ ਪਿਛਲੇ ਵਿੱਤੀ ਸਾਲ ਦੇ ਅਖੀਰ ਤੇ ਆਪਣੀਆਂ ਬਕਾਇਆ ਦੇਣਦਾਰੀਆਂ ਦਾ ਘੱਟੋ ਘੱਟ 0.50 *ਪ੍ਰਤੀਸ਼ਤ* ਦਾ ਯੋਗਦਾਨ ਕਰਨਾ ਬਣਦਾ ਹੈ। ਰਿਜ਼ਰਵ ਬੈਂਕ ਤੋਂ ਲਏ ਗਏ ਉਧਾਰਾਂ ਵਿਚੋਂ ਇਸ ਫੰਡ ਵਿੱਚ ਯੋਗਦਾਨ ਪਾਉਣ ਦੀ ਆਗਿਆ ਨਹੀਂ ਹੈ।

ਚਾਲੂ ਸਾਲ ਦੇ ਸ਼ੁਰੂ ਵਿੱਚ ਇਸ ਫੰਡ ਵਿੱਚ ₹ 6,351.61 ਕਰੋੜ ਦਾ ਮੁੱਢਲਾ ਬਕਾਇਆ ਸੀ। 31 ਮਾਰਚ 2023 ਨੂੰ ਪੰਜਾਬ ਸਰਕਾਰ ਦੀਆਂ ਬਕਾਇਆ ਦੇਣਦਾਰੀਆਂ ₹ 2,93,729.32 ਕਰੋੜ[18] ਸਨ। ਇਸ ਅਨੁਸਾਰ, ਰਾਜ ਸਰਕਾਰ ਦੁਆਰਾ 2023-24 ਦੌਰਾਨ ਘੱਟੋ ਘੱਟ ₹ 1,468.65 ਕਰੋੜ (0.50 *ਪ੍ਰਤੀਸ਼ਤ*) ਦਾ ਯੋਗਦਾਨ ਪਾਉਣਾ ਬਣਦਾ ਸੀ ਜਿਸਦੇ ਵਿਰੁੱਧ ਰਾਜ ਸਰਕਾਰ ਨੇ ਇਸ ਫੰਡ ਵਿੱਚ ₹ 1,750 ਕਰੋੜ ਦਾ ਯੋਗਦਾਨ ਪਾਇਆ ਸੀ, ਜਿਸਦਾ ਕਿ ਆਰ ਬੀ ਆਈ ਰਾਹੀਂ ਭਾਰਤ ਸਰਕਾਰ ਦੀਆਂ ਸਿਕਿਓਰਿਟੀਜ਼ ਵਿੱਚ ਨਿਵੇਸ਼ ਕੀਤਾ ਗਿਆ ਸੀ, ਇਸ ਤੋਂ ਇਲਾਵਾ ਫੰਡ ਵਿੱਚ ₹ 515.05 ਕਰੋੜ ਨੂੰ ਮੁੜ-ਨਿਵੇਸ਼ ਕੀਤਾ ਗਿਆ ਸੀ। ਨਤੀਜੇ ਵਜੋਂ, ਚਾਲੂ ਸਾਲ ਦੇ ਅਖੀਰ ਵਿੱਚ ₹ 8,616.66 ਕਰੋੜ ਦਾ ਬਕਾਇਆ ਸੀ।

ਇਸ ਤਰ੍ਹਾਂ, ਰਾਜ ਸਰਕਾਰ ਨੇ 2021-22, 2022-23 ਅਤੇ 2023-24 ਦੌਰਾਨ ਲੋੜੀਂਦੇ ਹਿੱਸੇ ਤੋਂ ਵੱਧ ਯੋਗਦਾਨ ਪਾਇਆ ਫਿਰ ਵੀ ਰੀਡੀਮਿੰਗ ਦੇ ਉਦੇਸ਼ ਨੂੰ ਪੂਰਾ ਕਰਨ ਲਈ ਸਿਫਾਰਸ਼ਾਂ ਦੇ ਅਨੁਸਾਰ ਉਕਤ ਫੰਡ ਵਿੱਚ 2011-2024 ਦੌਰਾਨ ਆਪਣੀਆਂ ਬਕਾਇਆ ਦੇਣਦਾਰੀਆਂ ਦਾ ₹ 4,792.16 ਕਰੋੜ[19] ਦਾ ਘੱਟ ਯੋਗਦਾਨ ਪਾਇਆ ਹੈ।

2.5.2.2 ਰਾਜ ਆਫ਼ਤ ਜੋਖਮ ਪ੍ਰਬੰਧਨ ਫੰਡ

ਪੰਦਰ੍ਹਵੇ ਵਿੱਤ ਕਮਿਸ਼ਨ (15ਵੇਂ ਐਫ ਸੀ) ਨੇ ਰਾਜ ਪੱਧਰ ਤੇ ਰਾਜ ਆਫ਼ਤ ਜੋਖਮ ਪ੍ਰਬੰਧਨ ਫੰਡ (ਐਸ ਡੀ ਆਰ ਐਮ ਐਫ) ਬਣਾਉਣ ਦੀ ਸਿਫਾਰਸ਼ ਕੀਤੀ, ਜਿਸ ਵਿੱਚ ਰਾਜ ਆਫ਼ਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਅਤੇ ਰਾਜ ਆਫ਼ਤ ਮਿਟੀਗੇਸ਼ਨ ਫੰਡ (ਐਸ ਡੀ ਐਮ ਐਫ) ਸ਼ਾਮਲ ਹੋਣਗੇ। ਐਸ ਡੀ ਆਰ ਐਮ ਐਫ ਲਈ ਕੁੱਲ ਰਾਜ ਅਲਾਟਮੈਂਟ ਨੂੰ ਐਸ ਡੀ ਆਰ ਐਫ ਅਤੇ ਐਸ ਡੀ ਐਮ ਐਫ ਵਿੱਚ ਵੰਡਿਆ ਜਾਵੇਗਾ, ਜੋ ਮਿਲ ਕੇ ਆਫ਼ਤ ਪ੍ਰਬੰਧਨ ਦੀਆਂ ਲੋੜਾਂ ਦੇ ਪੂਰੇ ਚੱਕਰ

18 ਸਾਲ 2020-2022 ਵਿੱਚ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ₹ 20,491.41 ਕਰੋੜ ਦੇ ਬੈਕ- ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜਿਹੜੇ ਰਾਜ ਵੱਲੋਂ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਸਨ।

19 2015-16 ਤੱਕ: ₹ 3,764.81 ਕਰੋੜ; 2016-17: ₹ 647.20 ਕਰੋੜ; 2017-18: ₹ 912.63 ਕਰੋੜ; 2018-19: ₹ 975.76 ਕਰੋੜ; 2019-20: ₹ 816.59 ਕਰੋੜ; 2020-21: ₹ 221.76 ਕਰੋੜ; 2021-22:(-) ₹ 571.65 ਕਰੋੜ ਅਤੇ 2022-23: ₹ (-) 1,693.59 ਕਰੋੜ ਅਤੇ 2023-24: (-) ₹ 281.35 ਕਰੋੜ।

ਨੂੰ ਪੂਰਾ ਕਰਦੇ ਹਨ। ਰਿਸਪਾਂਸ ਅਤੇ ਰਾਹਤ, ਰਿਕਵਰੀ ਅਤੇ ਪੁਨਰ ਨਿਰਮਾਣ ਤਿਆਰੀ ਅਤੇ ਸਮਰਥਾ-ਨਿਰਮਾਣ ਅਤੇ ਮਿਟੀਗੇਸ਼ਨ। ਐਸ ਡੀ ਆਰ ਐਫ ਨੂੰ ਕੁੱਲ ਐਸ ਡੀ ਆਰ ਐਮ ਐਫ ਦਾ 80 *ਪ੍ਰਤੀਸ਼ਤ* ਮਿਲੇਗਾ, ਜਦੋਂ ਕਿ ਐਸ ਡੀ ਐਮ ਐਫ ਨੂੰ ਐਲੋਕੇਸ਼ਨ ਦਾ 20 *ਪ੍ਰਤੀਸ਼ਤ* ਮਿਲੇਗਾ।

(i) ਰਾਜ ਆਫਤ ਰਿਸਪਾਂਸ ਫੰਡ

ਭਾਰਤ ਸਰਕਾਰ (ਜੀ ਓ ਆਈ) ਨੇ ਪਹਿਲਾਂ ਤੋਂ ਚਲ ਰਹੇ ਆਫਤ ਰਾਹਤ ਫੰਡ ਨੂੰ 1 ਅਪ੍ਰੈਲ 2010 ਤੋਂ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ) ਨਾਲ ਬਦਲ ਦਿੱਤਾ। ਐਸ ਡੀ ਆਰ ਐਫ ਦੇ ਦਿਸ਼ਾ ਨਿਰਦੇਸ਼ਾਂ (ਸਤੰਬਰ 2010 ਅਤੇ ਜੁਲਾਈ 2015) ਅਨੁਸਾਰ, ਕੇਂਦਰ ਅਤੇ ਰਾਜ ਸਰਕਾਰਾਂ ਇਸ ਫੰਡ ਵਿੱਚ 75:25 ਦੇ ਅਨੁਪਾਤ ਵਿੱਚ ਯੋਗਦਾਨ ਪਾ ਰਹੀਆਂ ਸਨ। ਇਨ੍ਹਾਂ ਯੋਗਦਾਨਾਂ ਨੂੰ ਲੋਕ ਲੇਖੇ ਅਧੀਨ ਮੁੱਖ ਮੱਦ 8121-ਜਨਰਲ ਅਤੇ ਹੋਰ ਰਾਖਵੇਂ ਫੰਡਾਂ ਨੂੰ ਟਰਾਂਸਫਰ ਕੀਤਾ ਜਾਣਾ ਹੁੰਦਾ ਹੈ। ਸਾਲ ਦੌਰਾਨ ਖਰਚਾ ਮੁੱਖ ਮੱਦ 2245-ਕੁਦਰਤੀ ਆਫਤਾਂ ਦੇ ਰਾਹਤ ਲੇਖੇ ਦਾ ਸੰਚਾਲਨ ਕਰਕੇ ਕੀਤਾ ਜਾਂਦਾ ਹੈ।

ਰਾਜ ਸਰਕਾਰਾਂ ਦੁਆਰਾ ਆਰ ਬੀ ਆਈ ਦੇ ਓਵਰਡਰਾਫਟ ਵਿਨਿਯਮ ਦਿਸ਼ਾ ਨਿਰਦੇਸ਼ਾਂ ਅਧੀਨ ਓਵਰਡਰਾਫਟ ਤੇ ਲਾਗੂ ਵਿਆਜ ਦੀ ਦਰ ਤੇ ਐਸ ਡੀ ਆਰ ਐਫ ਨੂੰ ਵਿਆਜ ਦੇਣਾ ਬਣਦਾ ਹੈ। ਇਸ ਵਿਆਜ ਨੂੰ ਛਿਮਾਹੀ ਅਧਾਰ ਤੇ ਜਮ੍ਹਾਂ ਕਰਵਾਇਆ ਜਾਣਾ ਹੁੰਦਾ ਹੈ। ਐਸ ਡੀ ਆਰ ਐਫ ਦੇ ਨਿਵੇਸ਼ ਤੋਂ ਕਮਾਈ ਹੋਈ ਆਮਦਨ ਸਮੇਤ, ਐਸ ਡੀ ਆਰ ਐਫ ਵਿੱਚ ਵਾਧੇ ਨੂੰ ਕੇਂਦਰ ਸਰਕਾਰ ਦੀਆਂ ਡੇਟਡ ਸਕਿਓਰਟੀਜ਼, ਆਕਸ਼ਨਡ ਖਜ਼ਾਨਾ ਬਿਲਾਂ ਅਤੇ ਸੂਚੀਬੱਧ ਕਮਰਸ਼ੀਅਲ ਬੈਂਕਾਂ ਦੇ ਹੋਰ ਵਿਆਜ ਕਮਾਊ ਡਿਪਾਜ਼ਿਟਾਂ ਵਿੱਚ ਨਿਵੇਸ਼ ਕਰਨਾ ਹੁੰਦਾ ਹੈ।

ਐਸ ਡੀ ਆਰ ਐਫ ਦੀ ਵਰਤੋਂ ਕੇਵਲ ਕਿਸੇ ਆਫਤ ਦੇ ਪੀੜਤਾਂ ਨੂੰ ਤੁਰੰਤ ਰਾਹਤ ਦੇਣ ਲਈ ਕੀਤੇ ਖਰਚੇ ਦੀ ਪੂਰਤੀ ਲਈ ਕੀਤੀ ਜਾਣੀ ਹੈ ਅਤੇ ਆਫਤ ਦੇ ਵਿਰੁੱਧ ਤਿਆਰੀ, ਬਹਾਲੀ, ਮੁੜ-ਉਸਾਰੀ ਅਤੇ ਆਫਤ ਦਾ ਅਸਰ ਘਟਾਉਣ ਦੀ ਵਿਵਸਥਾ ਕਰਨਾ ਐਸ ਡੀ ਆਰ ਐਫ ਦਾ ਹਿੱਸਾ ਨਹੀਂ ਹੋਣਾ ਚਾਹੀਦਾ। ਅਜਿਹਾ ਖਰਚਾ ਆਮ ਬਜਟਰੀ ਮੱਦਾਂ/ਰਾਜ ਪਲਾਨ ਫੰਡਾਂ ਆਦਿ ਰਾਹੀ ਕਰਨਾ ਹੋਵੇਗਾ।

ਵਿੱਤ ਲੇਖਿਆਂ ਅਨੁਸਾਰ, 1 ਅਪ੍ਰੈਲ 2023 ਨੂੰ ₹ 9,041.74 ਕਰੋੜ ਦੀ ਰਾਸ਼ੀ ਐਸ ਡੀ ਆਰ ਐਫ ਵਿੱਚ ਪਈ ਸੀ। ਸਾਲ 2023-24 ਦੌਰਾਨ, ਫੰਡ ਨੂੰ ₹ 1,758.42 ਕਰੋੜ (ਸਾਲ 2023-24 ਲਈ ਕੇਂਦਰ ਦੇ ਹਿੱਸੇ ਵਜੋਂ ₹ 436.80 ਕਰੋੜ ਅਤੇ ਰਾਜ ਦੇ ਹਿੱਸੇ ਵਜੋਂ ₹ 145.60 ਕਰੋੜ; ਕੇਂਦਰੀ ਹਿੱਸੇ ਵਜੋਂ ₹ 208 ਕਰੋੜ (31.03.2023 ਨੂੰ ਪ੍ਰਾਪਤ ਹੋਏ) ਅਤੇ ਸਾਲ 2022-23 ਲਈ ਰਾਜ ਹਿੱਸੇ ਵਜੋਂ ₹ 69.07 ਕਰੋੜ; ਪਿਛਲੇ ਸਾਲ ਦੇ ਅਣਖਰਚੇ ਬਕਾਏ ਦੇ ₹ 81.39 ਕਰੋੜ ਦੇ ਰਿਫੰਡ ਜੋ ਕਿ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਕੋਲ ਪਏ ਸਨ; ਅਤੇ ਰਾਜ ਸਰਕਾਰ ਦੁਆਰਾ ਵਿਆਜ ਦੀ ਅਦਾਇਗੀ ਵਜੋਂ ₹ 817.56 ਕਰੋੜ ਵਿਆਜ ਦੀ ਅਦਾਇਗੀ ਵਜੋਂ) ਫੰਡ ਨੂੰ ਟਰਾਂਸਫਰ ਕੀਤੇ ਗਏ ਸਨ। ₹ 10,380.41 ਕਰੋੜ ਦਾ ਬਕਾਇਆ ਛੱਡਦੇ ਹੋਏ, ਫੰਡ ਵਿਚੋਂ ਚਾਲੂ ਸਾਲ ਦੌਰਾਨ ₹ 419.75 ਕਰੋੜ ਦਾ ਖਰਚਾ ਕੀਤਾ ਗਿਆ ਸੀ। ਜੀ ਓ ਆਈ ਦੇ ਉਕਤ ਦਿਸ਼ਾ ਨਿਰਦੇਸ਼ਾਂ ਦੀ ਉਲਘੰਣਾ ਵਿੱਚ 31 ਮਾਰਚ 2024 ਨੂੰ ₹ 10,380.41 ਕਰੋੜ ਦਾ ਸਾਰਾ ਬਕਾਇਆ ਬਗੈਰ ਨਿਵੇਸ਼ ਕੀਤਿਆਂ ਐਸ ਡੀ ਆਰ ਐਫ ਵਿੱਚ ਪਿਆ ਸੀ।

ਸਾਲ 2023-24 ਦੌਰਾਨ ਐਸ ਡੀ ਆਰ ਐਫ ਨੂੰ ਚਾਰਜ਼ ਕੀਤੇ ਖਰਚੇ ਦੇ ਵੇਰਵੇ **ਸਾਰਣੀ 2.35** ਵਿੱਚ ਦਰਸਾਏ ਗਏ ਹਨ।

ਸਾਰਣੀ 2.35: 2023-24 ਦੌਰਾਨ ਐਸ ਡੀ ਆਰ ਐਫ ਨੂੰ ਚਾਰਜ ਕੀਤੇ ਖਰਚੇ ਦੇ ਵੇਰਵੇ

(₹ ਕਰੋੜ ਵਿੱਚ)

ਲੇਖੇ ਦੀ ਮੁੱਖ ਮੱਦ	ਲੇਖੇ ਦੀ ਛੋਟੀ ਮੱਦ	ਖਰਚਾ
2245-ਕੁਦਰਤੀ ਆਫਤਾਂ ਤੋਂ ਰਾਹਤ 02-ਹੜ੍ਹ, ਚੱਕਰਵਾਤ, ਆਦਿ	101- ਗਰੈਚੂਅਸ ਰਾਹਤ	387.07
	102-ਪੀਣ ਵਾਲੇ ਪਾਣੀ ਦੀ ਸਪਲਾਈ	1.58
	104-ਚਾਰੇ ਦੀ ਸਪਲਾਈ	0.18
	105-ਵੈਟਰਨਰੀ ਸੰਭਾਲ	0.09
	106-ਖਰਾਬ ਸੜਕਾਂ ਅਤੇ ਪੁਲਾਂ ਦੀ ਮੁਰੰਮਤ ਅਤੇ ਬਹਾਲੀ	21.91
	109-ਖਰਾਬ ਜਲ ਸਪਲਾਈ, ਡਰੇਨੇਜ ਅਤੇ ਸੀਵਰੇਜ ਦੇ ਕੰਮਾਂ ਦੀ ਮੁਰੰਮਤ ਅਤੇ ਬਹਾਲੀ	2.64
	111-ਮ੍ਰਿਤਕਾਂ ਦੇ ਪਰਿਵਾਰਾਂ ਨੂੰ ਐਕਸ ਗ੍ਰਾਸ਼ੀਆਂ ਅਦਾਇਗੀਆ	2.08
	112-ਆਬਾਦੀ ਦਾ ਇਵੈਕਿਊਨੇਸ਼ਨ	1.01
	113- ਮਕਾਨਾਂ ਦੀ ਮੁਰੰਮਤ/ਮੁੜ ਉਸਾਰੀ ਲਈ ਸਹਾਇਤਾ	1.35
	117- ਕਿਸਾਨਾਂ ਨੂੰ ਪਸ਼ੂ ਧਨ ਖਰੀਦਣ ਲਈ ਸਹਾਇਤਾ	0.01
	122- ਨੁਕਸਾਨੀ ਸਿੰਜਾਈ ਦੀ ਮੁਰੰਮਤ ਅਤੇ ਮੁੜ-ਬਹਾਲੀ ਅਤੇ ਹੜ੍ਹ ਕੰਟਰੋਲ ਦੇ ਕੰਮ	1.83
	ਜੋੜ	**419.75**
2245-ਕੁਦਰਤੀ ਆਫਤਾਂ ਤੋਂ ਰਾਹਤ 05-ਰਾਜ ਆਫਤ ਰਿਸਪਾਂਸ ਫੰਡ	901- ਡਿਡਕਟ- ਰਾਜ ਆਫਤ ਰਿਸਪਾਂਸ ਫੰਡ ਤੋਂ ਖਰਚ ਕੀਤੀ ਰਾਸ਼ੀ	(-)419.75

ਸ੍ਰੋਤ: ਵਿੱਤ ਲੇਖੇ

(ii) ਰਾਜ ਆਫ਼ਤ ਮਿਟੀਗੇਸ਼ਨ ਫੰਡ

ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 48(1) (ਸੀ) ਦੇ ਅਨੁਸਾਰ, ਰਾਜ ਸਰਕਾਰ ਨੇ ਮੁੱਖ ਮੱਦ 8121-130-ਰਾਜ ਆਫਤ ਮਿਟੀਗੇਸ਼ਨ ਫੰਡ (ਐਸ ਡੀ ਐਮ ਐਫ) ਅਧੀਨ (ਮਾਰਚ 2023) ਦਾ ਗਠਨ ਕੀਤਾ। ਇਹ ਫੰਡ ਵਿਸ਼ੇਸ਼ ਤੌਰ ਤੇ ਰਾਜ ਆਫਤ ਰਿਸਪਾਂਸ ਫੰਡ (ਐਸ ਡੀ ਆਰ ਐਫ)/ਰਾਸ਼ਟਰੀ ਆਫਤ ਰਿਸਪਾਂਸ ਫੰਡ (ਐਨ ਡੀ ਆਰ ਐਫ) ਦੇ ਦਿਸ਼ਾ-ਨਿਰਦੇਸ਼ਾਂ ਅਤੇ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨੋਟੀਫਾਈ ਕੀਤੇ ਰਾਜ ਵਿਸ਼ੇਸ਼ ਸਥਾਨਕ ਆਫਤ ਦੇ ਅਧੀਨ ਕਵਰ ਕੀਤੀਆਂ ਆਫ਼ਤਾਂ ਦੇ ਸਬੰਧ ਵਿੱਚ ਘੱਟ ਕਰਨ ਦੇ ਪ੍ਰੋਜੈਕਟ ਦੇ ਉਦੇਸ਼ ਲਈ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ 75:25 ਦੇ ਅਨੁਪਾਤ ਵਿੱਚ ਫੰਡ ਵਿੱਚ ਯੋਗਦਾਨ ਪਾਉਣ ਦੀ ਲੋੜ ਹੈ।

ਵਿੱਤ ਖਾਤਿਆਂ ਦੇ ਅਨੁਸਾਰ, 1 ਅਪ੍ਰੈਲ 2023 ਤੱਕ, ਐਸ ਡੀ ਐਮ ਐਫ ਵਿੱਚ ₹ 278.90 ਕਰੋੜ ਦੀ ਰਾਸ਼ੀ ਪਈ ਸੀ। ਸਾਲ 2023-24 ਦੌਰਾਨ, ₹ 211.40 ਕਰੋੜ (ਸਾਲ 2023-24 ਲਈ ਕੇਂਦਰੀ ਹਿੱਸੇ ਵਜੋਂ ₹ 54.60 ਕਰੋੜ ਅਤੇ ਰਾਜ ਹਿੱਸੇ ਵਜੋਂ ₹ 18.20 ਕਰੋੜ; ਸਾਲ 2022-23 ਲਈ ਕੇਂਦਰੀ ਹਿੱਸੇ ਵਜੋਂ ₹ 104 ਕਰੋੜ ਅਤੇ ਰਾਜ ਦੇ ਹਿੱਸੇ ਵਜੋਂ ₹ 34.60 ਕਰੋੜ) ਫੰਡ ਵਿੱਚ ਟਰਾਂਸਫਰ ਕੀਤੇ ਗਏ ਸਨ। ₹ 32.84 ਕਰੋੜ ਦਾ ਵਿਆਜ ਦਾ ਫੰਡ ਜਮ੍ਹਾ ਕੀਤਾ ਗਿਆ ਹੈ। 31 ਮਾਰਚ 2024 ਤੱਕ ਫੰਡ ਵਿੱਚ ਅੰਤਿਮ ਬਕਾਇਆ ₹ 523.13 ਕਰੋੜ ਸੀ।

2.5.2.3 ਗਰੰਟੀ ਰਿਡੰਪਸ਼ਨ ਫੰਡ

ਰਾਜ ਸਰਕਾਰ ਰਾਜ ਜਨਤਕ ਖੇਤਰ ਦੇ ਅਦਾਰਿਆਂ ਜਾਂ ਹੋਰ ਸੰਗਠਨਾਂ ਵੱਲੋਂ ਜਾਰੀ ਕੀਤੇ ਬਾਂਡਾਂ ਅਤੇ ਹੋਰ ਉਧਾਰਾਂ ਨਾਲ ਸਬੰਧਿਤ ਗਰੰਟੀਆਂ ਤੋਂ ਅਦਾਇਗੀ ਕਰਨ ਲਈ ਬਣੀਆਂ ਅਤੇ ਲਾਭਪਾਤਰੀਆਂ ਵੱਲੋਂ ਮੰਗੀਆਂ ਦੇਣਦਾਰੀਆਂ ਦੀ ਪੂਰਤੀ ਕਰਨ ਲਈ 'ਗਰੰਟੀ ਰਿਡੰਪਸ਼ਨ ਫੰਡ' ਦਾ ਗਠਨ ਕਰਦੀ ਹੈ। ਇਸ ਫੰਡ ਵਿੱਚ ਇਕੱਠੀ ਹੋਈ ਰਾਸ਼ੀ ਸਰਕਾਰ ਵੱਲੋਂ ਜਾਰੀ ਸਿਰਫ ਉਨ੍ਹਾਂ ਗਰੰਟੀਆਂ ਦੀ ਅਦਾਇਗੀ ਲਈ ਵਰਤੀ ਜਾਣੀ ਹੈ, ਜਿਨ੍ਹਾਂ ਲਈ ਸਰਕਾਰ ਵਲੋਂ ਗਰੰਟੀ ਦਿੱਤੀ ਗਈ ਸੀ ਅਤੇ ਸੰਸਥਾਵਾਂ ਦੁਆਰਾ ਅਦਾਇਗੀ ਨਹੀਂ ਕੀਤੀ ਗਈ ਸੀ।

ਬਾਰ੍ਹਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ, ਰਾਜ ਸਰਕਾਰ ਵੱਲੋਂ ਰਾਜ ਦੀਆਂ ਸੰਸਥਾਵਾਂ ਵਲੋਂ ਦਿੱਤੀਆਂ ਗਰੰਟੀਆਂ ਤੋਂ ਨਿਕਲੀਆਂ ਦੇਣਦਾਰੀਆਂ ਨੂੰ ਨਜਿੱਠਣ ਦੇ ਮੰਤਵ ਨਾਲ ਦਸੰਬਰ 2007 ਵਿੱਚ (ਵਿੱਤੀ ਸਾਲ 2013-14 ਤੋਂ ਪ੍ਰਭਾਵੀ, ਜਨਵਰੀ 2014 ਵਿੱਚ ਸੋਧਿਤ) 'ਗਰੰਟੀ ਰਿਡੰਪਸ਼ਨ ਫੰਡ'(ਜੀ ਆਰ ਐਫ) ਦਾ ਗਠਨ ਕੀਤਾ ਗਿਆ। ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅਗਲੇ ਪੰਜਾਂ ਸਾਲਾਂ ਵਿੱਚ ਬਕਾਇਆ ਗਰੰਟੀਆਂ ਦਾ ਘੱਟੋ-ਘੱਟ ਤਿੰਨ *ਪ੍ਰਤੀਸ਼ਤ* ਦਾ ਪੱਧਰ ਪ੍ਰਾਪਤ ਕਰਨ ਲਈ ਰਾਜ ਸਰਕਾਰ ਵੱਲੋਂ ਪਿਛਲੇ ਸਾਲ (2012-13) ਦੇ ਅੰਤ ਵਿੱਚ ਬਕਾਇਆ ਗਰੰਟੀਆਂ ਦੇ ਘੱਟੋ-ਘੱਟ ਇੱਕ *ਪ੍ਰਤੀਸ਼ਤ* ਦਾ ਸ਼ੁਰੂਆਤੀ ਯੋਗਦਾਨ ਅਤੇ ਉਸ ਤੋਂ ਬਾਅਦ, ਪਿਛਲੇ ਸਾਲ ਦੇ ਅੰਤ ਵਿੱਚ ਬਕਾਇਆ ਗਰੰਟੀਆਂ ਦਾ ਘੱਟੋ-ਘੱਟ 0.50 *ਪ੍ਰਤੀਸ਼ਤ* ਯੋਗਦਾਨ ਕਰਨਾ ਲੋੜੀਂਦਾ ਸੀ। ਪ੍ਰੰਤੂ, ਰਾਜ ਸਰਕਾਰ ਨੇ ਫੰਡ ਨੂੰ ਇਹ ਯੋਗਦਾਨ ਨਹੀਂ ਦਿੱਤਾ।

ਰਾਜ ਸਰਕਾਰ ਨੇ ਵਿੱਤੀ ਸਾਲ 2017-18 ਤੋਂ ਪ੍ਰਭਾਵੀ 'ਗਰੰਟੀ ਰਿਡੰਪਸ਼ਨ ਫੰਡ ਸਕੀਮ' ਵਿੱਚ ਹੋਰ ਸੋਧ ਕੀਤੀ ਹੈ (ਅਕਤੂਬਰ 2017)। ਸਕੀਮ ਦੇ ਅਨੁਸਾਰ, ਰਾਜ ਸਰਕਾਰ ਨੂੰ ਘੱਟੋ ਘੱਟ ਇੱਕ *ਪ੍ਰਤੀਸ਼ਤ* ਅਤੇ ਇਸ ਦੇ ਬਾਅਦ ਅਗਲੇ ਪੰਜ ਸਾਲਾਂ ਵਿੱਚ ਬਕਾਇਆ ਗਰੰਟੀਆਂ ਦਾ ਘੱਟੋ ਘੱਟ ਤਿੰਨ *ਪ੍ਰਤੀਸ਼ਤ* ਦਾ ਪੱਧਰ ਪ੍ਰਾਪਤ ਕਰਨ ਲਈ ਪਿਛਲੇ ਸਾਲ ਦੇ ਅੰਤ ਤੇ 0.50 *ਪ੍ਰਤੀਸ਼ਤ* ਦੀ ਦਰ ਨਾਲ ਯੋਗਦਾਨ ਕਰਨਾ ਲੋੜੀਂਦਾ ਸੀ। ਫੰਡ ਹੌਲੀ ਹੌਲੀ ਪੰਜ *ਪ੍ਰਤੀਸ਼ਤ* ਦੇ ਫਾਇਦੇਮੰਦ ਪੱਧਰ ਤੱਕ ਵੱਧ ਜਾਵੇਗਾ।

ਸਾਲ ਦੌਰਾਨ, ਸਰਕਾਰ ਨੇ ਫੰਡ ਵਿੱਚ ਯੋਗਦਾਨ ਪਾਉਣ ਲਈ ਲੋੜੀਂਦੇ ₹ 606.24 ਕਰੋੜ (31 ਮਾਰਚ 2023 ਤੱਕ ₹ 20,207.87 ਕਰੋੜ ਦੀ ਬਕਾਇਆ ਗਰੰਟੀ ਦਾ 3.00 *ਪ੍ਰਤੀਸ਼ਤ*) ਦੇ ਮੁਕਾਬਲੇ ਕੋਈ ਯੋਗਦਾਨ ਨਹੀਂ ਦਿੱਤਾ। 31 ਮਾਰਚ 2024 ਤੱਕ ਫੰਡ ਦਾ ਕੁੱਲ ਇਕੱਠਾ ਹੋਣਾ ਜ਼ੀਰੋ ਸੀ। ਇਸ ਤੋਂ ਇਲਾਵਾ, ਸਕੀਮ ਦੇ ਪ੍ਰਬੰਧਾਂ ਅਨੁਸਾਰ, ਇਕੱਤਰ ਕੀਤੀ ਗਰੰਟੀ ਫੀਸ ਨੂੰ ਫੰਡ ਵਿੱਚ ਤਬਦੀਲ ਕਰਨ ਦੀ ਲੋੜ ਸੀ। ਸਾਲ 2023-24 ਦੌਰਾਨ ਇਕੱਤਰ ਕੀਤੀ ਗਈ ₹ 57.37 ਕਰੋੜ ਦੀ ਗਰੰਟੀ ਫੀਸ ਫੰਡ ਵਿੱਚ ਤਬਦੀਲ ਨਹੀਂ ਕੀਤੀ ਗਈ, ਜਿਸ ਦੇ ਨਤੀਜੇ ਵਜੋਂ ਮਾਲੀਆ ਖਰਚ ਅਤੇ ਮਾਲੀਆ ਘਾਟੇ ਨੂੰ ਉਸ ਹੱਦ ਤੱਕ ਘੱਟ ਦਰਸਾਇਆ ਗਿਆ।

ਰਿਜ਼ਰਵ ਫੰਡਾਂ ਵਿੱਚ ਬਕਾਇਆ ਰਾਸ਼ੀ ਜਾਂ ਤਾਂ ਨਕਦ ਵਿੱਚ ਰੱਖੀ ਜਾਂਦੀ ਹੈ ਜਾਂ ਸਬੰਧਤ ਫੰਡ ਦਿਸ਼ਾ-ਨਿਰਦੇਸ਼ਾਂ ਵਿੱਚ ਨਿਰਧਾਰਤ ਵੱਖ-ਵੱਖ ਸਕਿਓਰਿਟੀਜ਼ ਵਿੱਚ ਨਿਵੇਸ਼ ਕਰਨ ਦੀ ਲੋੜ ਹੁੰਦੀ ਹੈ। 2023-24 ਦੇ ਅੰਤ ਤੱਕ ₹ 8,616.66 ਕਰੋੜ (ਕੰਸੋਲੀਡੇਟਿਡ ਸਿੰਕਿੰਗ ਫੰਡ ਤੋਂ) ਦਾ ਨਿਵੇਸ਼ ਕੀਤਾ ਗਿਆ ਸੀ। ਸਾਲ ਦੇ ਅੰਤ ਵਿੱਚ ₹ 199.54 ਕਰੋੜ ਦਾ ਆਮ ਨਕਦ ਬਕਾਇਆ (**ਸਾਰਣੀ 2.45**) ਨਿਰਧਾਰਤ ਰਿਜ਼ਰਵ ਫੰਡਾਂ ਵਿੱਚ ਨਕਦ ਵਿੱਚ ਦਿਖਾਏ ਗਏ ₹ 12,065.57 ਕਰੋੜ

ਦੇ ਬਕਾਇਆ ਦੇ ਬਰਾਬਰ ਵੀ ਨਹੀਂ ਸੀ, ਜਿਸਦਾ ਮਤਲਬ ਹੈ ਕਿ ਰਿਜ਼ਰਵ ਫੰਡਾਂ ਦੀ ਵਰਤੋਂ ਨਿਯਤ ਉਦੇਸ਼ਾਂ ਤੋਂ ਇਲਾਵਾ ਹੋਰ ਉਦੇਸ਼ ਲਈ ਕੀਤੀ ਜਾ ਰਹੀ ਸੀ।

2.6 ਰਾਜ ਦੇ ਸੰਚਿਤ ਫੰਡ/ਲੋਕ ਲੇਖੇ ਤੋਂ ਬਾਹਰ ਫੰਡ ਅਤੇ ਸਮਰਪਿਤ ਫੰਡ

ਭਾਰਤ ਦਾ ਸੰਵਿਧਾਨ ਅਨੁਛੇਦ 266 (1) ਅਨੁਛੇਦ 267 ਦੇ ਉਪਬੰਧਾਂ ਅਧੀਨ ਇਹ ਵਿਵਸਥਾ ਕਰਦਾ ਹੈ ਕਿ ਕਿਸੇ ਰਾਜ ਸਰਕਾਰ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਰੈਵੀਨਿਊ, ਸਰਕਾਰ ਦੁਆਰਾ ਖਜ਼ਾਨਾ ਬਿਲ ਜਾਰੀ ਕਰਕੇ ਲਏ ਗਏ ਸਾਰੇ ਕਰਜ਼ੇ, ਕਰਜ਼ੇ ਜਾਂ ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਅਤੇ ਉਸ ਸਰਕਾਰ ਦੁਆਰਾ ਕਰਜ਼ਾ ਵਾਪਸੀ ਵਜੋਂ ਪ੍ਰਾਪਤ ਕੀਤੇ ਗਏ ਸਾਰੇ ਧਨ ਨਾਲ "ਰਾਜ ਦਾ ਸੰਚਿਤ ਫੰਡ" ਨਾਮਕ ਇਕ ਸੰਚਿਤ ਫੰਡ ਬਣੇਗਾ। ਅਨੁਛੇਦ 266 (2) ਵਿਵਸਥਾ ਕਰਦਾ ਹੈ ਕਿ ਰਾਜ ਸਰਕਾਰ ਦੁਆਰਾ ਜਾਂ ਸਰਕਾਰ ਦੀ ਤਰਫੋਂ ਪ੍ਰਾਪਤ ਕੀਤਾ ਗਿਆ ਹੋਰ ਸਾਰਾ ਜਨਤਕ ਧਨ, ਜਿਵੇਂ ਵੀ ਕੇਸ ਹੋਵੇ, ਰਾਜ ਦੇ ਲੋਕ ਲੇਖੇ ਵਿੱਚ ਜਮ੍ਹਾਂ ਹੋਵੇਗਾ।

ਵਿੱਤ ਵਿਭਾਗ, ਜੀ ਓ ਪੀ ਨੇ ਨਿਰਦੇਸ਼ ਦਿੱਤਾ (ਫਰਵਰੀ 2018) ਕਿ ਕਿਸੇ ਪ੍ਰਸ਼ਾਸਕੀ ਵਿਭਾਗ ਜਾਂ ਇਸ ਅਧੀਨ ਕੋਈ ਹੋਰ ਏਜੰਸੀਆਂ ਵੱਲੋਂ ਕੋਈ ਰਾਜ ਲੇਵੀਜ਼ (ਕਰਾਂ, ਡਿਊਟੀਆਂ, ਫੀਸਾਂ, ਯੂਜ਼ਰ ਚਾਰਜ਼ਿਜ ਆਦਿ) ਅਤੇ ਪ੍ਰਾਪਤੀਆਂ ਆਪਣੇ ਕੋਲ ਨਹੀਂ ਰੱਖੀਆਂ ਜਾਣਗੀਆਂ । ਇਹ ਸਬੰਧਤ ਲੇਖੇ ਦੀ ਮੱਦ ਅਧੀਨ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਈਆਂ ਜਾਣਗੀਆਂ। ਅਜਿਹੇ ਫੰਡਾਂ ਨੂੰ ਰੱਖਣ ਜਾ ਦਿਸ਼ਾ ਬਦਲੀ ਸਿਰਫ ਵਿੱਤ ਵਿਭਾਗ ਤੋਂ ਲਏ ਗਏ ਵਿਸ਼ੇਸ ਅਧਿਕਾਰ ਨਾਲ ਹੋਵੇਗੀ ਜੋ ਕਿ 31 ਮਾਰਚ 2018 ਤੱਕ ਨਵੇਂ ਸਿਰੇ ਤੋਂ ਪ੍ਰਾਪਤ ਕਰਨਾ ਹੋਵੇਗਾ।

ਰਾਜ ਸਰਕਾਰ ਨੇ ਵਿਸ਼ੇਸ਼ ਉਦੇਸ਼ਾਂ ਲਈ ਖਰਚੇ ਦੀ ਪੂਰਤੀ ਲਈ ਵੱਖ-ਵੱਖ ਸੈੱਸ ਲਗਾਏ। ਲੇਖਾ ਪ੍ਰੀਖਿਆ ਨੇ ਸਬੰਧਤ ਵਿਭਾਗਾਂ ਵੱਲੋਂ ਲਗਾਏ, ਜਾ ਰਹੇ ਸੈੱਸਾਂ ਸਬੰਧੀ ਸੂਚਨਾ/ਡਾਟਾ ਇੱਕਠਾ ਕੀਤਾ ਜਿਨ੍ਹਾਂ ਦੀ ਹੇਠਾਂ ਚਰਚਾ ਕੀਤੀ ਗਈ ਹੈ:

2.6.1 ਸਭਿਆਚਾਰਕ ਸੈੱਸ

ਰਾਜ ਸਰਕਾਰ ਨੇ, ਪੰਜਾਬ ਪੁਰਾਤਨ, ਇਤਿਹਾਸਕ ਸਮਾਰਕ, ਪੁਰਾਤੱਤਵ ਸਥਾਨਾਂ ਅਤੇ ਸਭਿਆਚਾਰਕ ਵਿਰਾਸਤ ਰੱਖ ਰਖਾਵ ਬੋਰਡ ਐਕਟ, 2013 ਅਧੀਨ, ₹ 50 ਕਰੋੜ (ਦਸੰਬਰ 2013 ਤੋਂ ਸੋਧ ਕੇ ₹ 15 ਕਰੋੜ ਕੀਤਾ ਗਿਆ) ਤੋਂ ਜ਼ਿਆਦਾ ਦੀ ਲਾਗਤ ਵਾਲੇ ਸੜ੍ਹਕਾਂ, ਪੁਲਾਂ, ਫਲਾਈਓਵਰਾਂ, ਪੁਲਾਂ ਉੱਤੇ ਸੜ੍ਹਕ/ਪੁੱਲਾਂ ਹੇਠ ਸੜ੍ਹਕ, ਸਿੰਜਾਈ ਦੇ ਕੰਮਾਂ ਆਦਿ ਅਤੇ ਇਮਾਰਤਾਂ ਦੀ ਉਸਾਰੀ ਲਾਗਤ ਦੇ ਇੱਕ *ਪ੍ਰਤੀਸ਼ਤ* ਦਰ ਨਾਲ ਸਭਿਆਚਾਰਕ ਸੈੱਸ ਲਗਾਇਆ (ਅਪ੍ਰੈਲ 2013)। ਇਸ ਸੈੱਸ ਦੀ ਆਮਦਨ ਨੂੰ ਇਕੱਤਰ ਹੋਣ ਦੇ 15 ਦਿਨਾਂ ਦੇ ਅੰਦਰਸਬੰਧਤ ਏਜੰਸੀਆਂ ਦੁਆਰਾ ਸਿੱਧੇ ਹੀ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾ ਕਰਵਾਇਆ ਜਾਣਾ ਸੀ।

ਜਦੋਂ ਕਿ, ਇਹ ਵੇਖਿਆ ਗਿਆ ਸੀ ਕਿ ₹ 1.31 ਕਰੋੜ ਦੀ ਰਾਸ਼ੀ ਜੋ ਕਿ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਬਣਦੀ ਸੀ, 31 ਮਾਰਚ 2024 ਤੱਕ ਕੁਲੈਕਟਿੰਗ ਏਜੰਸੀਆਂ[20] ਕੋਲ ਪਏ ਸਨ। 2023-24 ਦੇ ਸਾਲ ਦੌਰਾਨ ਇਹ ਮੁੱਖ ਮੱਦ 0202-ਸਿੱਖਿਆ, ਖੇਡਾਂ, ਕਲਾ ਅਤੇ ਸੱਭਿਆਚਾਰ,

20 (i) ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ: ₹ 0.19 ਕਰੋੜ; (ii) ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ): ₹ 0.69 ਕਰੋੜ ਅਤੇ (iii) ਸਕੱਤਰ ਪੰਜਾਬ ਮੰਡੀ ਬੋਰਡ: ₹ 0.43 ਕਰੋੜ ।

04-ਕਲਾ ਅਤੇ ਸੱਭਿਆਚਾਰ, 800-ਹੋਰ ਪ੍ਰਾਪਤੀਆਂ ਅਧੀਨ ਜਮ੍ਹਾਂ ਹੋਈ ਕੁਲ ਰਾਸ਼ੀ (₹ 51.63 ਕਰੋੜ) ਤੋਂ ਇਲਾਵਾ ਸੀ।

2.6.2 ਕੈਂਸਰ ਅਤੇ ਨਸ਼ਾ ਛਡਾਊ ਇਲਾਜ ਫੰਡ

ਰਾਜ ਸਰਕਾਰ ਨੇ ਪੰਜਾਬ ਰਾਜ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਅਤੇ ਬੁਨਿਆਦੀ ਢਾਂਚਾ ਫੰਡ ਐਕਟ, 2013 ਨੋਟੀਫਾਈ ਕੀਤਾ (ਅਪ੍ਰੈਲ 2013), ਜਿਸ ਅਧੀਨ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਫੰਡ ਦਾ ਗਠਨ ਕੀਤਾ ਗਿਆ ਸੀ। ਇਸ ਐਕਟ ਦੀ ਧਾਰਾ 6 ਅਧੀਨ ਨਿਰਧਾਰਤ ਕੀਤੇ ਅਨੁਸਾਰ ਫੰਡ ਨੂੰ ਯੋਗਦਾਨ ਕੀਤਾ ਜਾਣਾ ਸੀ ਅਤੇ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਾਰਵਾਇਆ ਜਾਣਾ ਸੀ। ਫੰਡ ਦਾ ਪ੍ਰਬੰਧਨ ਇਸ ਐਕਟ ਅਧੀਨ ਗਠਨ ਕੀਤੇ ਗਏ ਬੋਰਡ[21] ਦੁਆਰਾ ਕੀਤਾ ਜਾਣਾ ਸੀ ਅਤੇ ਇਹ ਇਸ ਐਕਟ ਦੀ ਧਾਰਾ 5 ਅਧੀਨ ਜ਼ਿਕਰ ਕੀਤੇ ਗਏ ਵਿਸ਼ੇਸ ਮੰਤਵਾਂ ਲਈ ਵਰਤਿਆ ਜਾ ਸਕਦਾ ਸੀ।

ਪ੍ਰੰਤੂ, ਇਹ ਵੇਖਿਆ ਗਿਆ ਸੀ ਕਿ ₹ 3.24 ਕਰੋੜ ਦੀ ਰਾਸ਼ੀ ਜੋ ਕਿ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਲੋੜੀਂਦੀ ਸੀ, 31 ਮਾਰਚ 2024 ਨੂੰ ਕੁਲੈਕਟਿੰਗ ਏਜੰਸੀਆਂ[22] ਕੋਲ ਪਈ ਸੀ। 2023-24 ਦੇ ਸਾਲ ਦੌਰਾਨ ਇਹ ਮੁੱਖ ਮੱਦ 0210-ਮੈਡੀਕਲ ਅਤੇ ਜਨ ਸਿਹਤ, 80-ਜਨਰਲ, 800-ਹੋਰ ਪ੍ਰਾਪਤੀਆਂ ਅਧੀਨ ਜਮ੍ਹਾਂ ਹੋਈ ਕੁੱਲ ਰਾਸ਼ੀ (₹ 79.09 ਕਰੋੜ) ਤੋਂ ਇਲਾਵਾ ਸੀ।

2.6.3 ਸਿੱਖਿਆ ਸੈੱਸ

ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ), ਪੰਜਾਬ ਸਰਕਾਰ ਨੇ ਹਦਾਇਤਾਂ ਜਾਰੀ ਕੀਤੀਆਂ (ਮਾਰਚ 2008) ਕਿ 1 ਅਪ੍ਰੈਲ 2007 ਤੋਂ ਬਾਅਦ ਛੇ ਵਿਕਾਸ ਅਥਾਰਟੀਆਂ[23] ਵੱਲੋਂ ਨਿਲਾਮੀ ਕੀਤੀਆਂ ਗਈਆਂ ਸਾਰੀਆਂ ਜਾਇਦਾਦਾਂ ਤੇ ਬੋਲੀਕਾਰਾਂ ਵੱਲੋਂ ਇੱਕਠੇ ਕੀਤੇ ਗਏ ਕੁੱਲ ਪੈਸੇ ਦੇ ਪੰਜ *ਪ੍ਰਤੀਸ਼ਤ* ਦੀ ਦਰ ਤੇ ਸਿੱਖਿਆ ਸੈੱਸ ਲਗਾਇਆ ਜਾਵੇਗਾ ਅਤੇ ਸਰਕਾਰੀ ਲੇਖਿਆਂ ਵਿੱਚ ਜਮ੍ਹਾਂ ਕੀਤਾ ਜਾਵੇ।

ਪ੍ਰੰਤੂ, ਇਹ ਵੇਖਿਆ ਗਿਆ ਸੀ ਕਿ ₹ 2.13 ਕਰੋੜ ਦੀ ਰਾਸ਼ੀ ਜਿਹੜੀ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣੀ ਲੋੜੀਂਦੀ ਸੀ, 31 ਮਾਰਚ 2024 ਨੂੰ ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਕੋਲ ਪਈ ਸੀ।

2.6.4 ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਦੁਆਰਾ ਇਕੱਤਰ ਕੀਤੀਆਂ ਪ੍ਰਾਪਤੀਆਂ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਜਨਵਰੀ 2005, ਮਾਰਚ 2011 ਅਤੇ ਨਵੰਬਰ 2015 ਵਿੱਚ ਜਾਰੀ ਨੋਟੀਫਿਕੇਸ਼ਨਾਂ ਦੀਆਂ ਵਿਵਸਥਾਵਾਂ ਅਧੀਨ ਕ੍ਰਮਵਾਰ ਸਮਰਪਿਤ ਸਮਾਜਿਕ ਸੁਰੱਖਿਆ ਫੰਡ (ਡੀ ਡੀ ਐਸ ਐਫ) ਬਿਜਲੀ ਡਿਊਟੀ (ਈ ਡੀ) ਅਤੇ ਬੁਨਿਆਦੀ ਢਾਂਚਾ ਵਿਕਾਸ ਫੰਡ (ਆਈ ਡੀ ਐਫ) ਇਕੱਤਰ ਕਰ ਰਹੀਆਂ ਹਨ। ਇਨ੍ਹਾਂ ਨੋਟੀਫਿਕੇਸ਼ਨਾਂ ਅਨੁਸਾਰ

---

21 ਪੰਜਾਬ ਰਾਜ ਕੈਂਸਰ ਅਤੇ ਨਸ਼ਾ ਛਡਾਊ ਇਲਾਜ ਬੁਨਿਆਦੀ ਢਾਂਚਾ ਬੋਰਡ ।

22 (i) ਰਜਿਸਟਰਾਰ ਸਹਿਕਾਰੀ ਸੇਵਾਵਾਂ ਸ਼ੁਗਰਫੈਡ: ₹ 0.03 ਕਰੋੜ (ii) ਪੰਜਾਬ ਲਘੂ ਉਦਯੋਗ ਨਿਰਯਾਤ ਕਾਰਪੋਰੇਸ਼ਨ ਲਿਮਿਟਡ: ₹ 0.20 ਕਰੋੜ; (iii) ਪੰਜਾਬ ਅਰਬਨ ਪਲੈਨਿੰਗ ਅਤੇ ਵਿਕਾਸ ਅਥਾਰਟੀ (ਪੁੱਡਾ): ₹ 0.12 ਕਰੋੜ ਅਤੇ ਗਮਾਡਾ: ₹ 2.89 ਕਰੋੜ।

23 (i) ਗ੍ਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ; (ii) ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ; (iii) ਜਲੰਧਰ ਵਿਕਾਸ ਅਥਾਰਟੀ; (iv) ਅੰਮ੍ਰਿਤਸਰ ਵਿਕਾਸ ਅਥਾਰਟੀ; (v) ਬਠਿੰਡਾ ਵਿਕਾਸ ਅਥਾਰਟੀ; ਅਤੇ (vi) ਪੁੱਡਾ, ਪਟਿਆਲਾ।

ਪੀ ਐਸ ਪੀ ਸੀ ਐਲ ਦੁਆਰਾ ਇਕੱਤਰ ਕੀਤੀਆਂ ਉਕਤ ਪ੍ਰਾਪਤੀਆਂ ਨੂੰ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਕਰਵਾਉਣ ਦੀ ਲੋੜੀ ਸੀ।

ਇਹ ਵੇਖਿਆ ਗਿਆ ਸੀ ਕਿ 31 ਮਾਰਚ 2024 ਤੱਕ, ਪੀ ਐਸ ਪੀ ਸੀ ਐਲ ਕੋਲ ₹ 381.81 ਕਰੋੜ[24] ਦੀ ਰਾਸ਼ੀ ਪਈ ਸੀ ਜੋ ਉਪਰੋਕਤ ਨੋਟੀਫਿਕੇਸ਼ਨਾਂ ਦੇ ਪ੍ਰਬੰਧਾਂ ਅਧੀਨ ਰਾਜ ਦੇ ਸੰਚਿਤ ਫੰਡ ਵਿੱਚ ਜਮ੍ਹਾਂ ਨਹੀਂ ਕੀਤੀ ਗਈ ਸੀ।

2.6.5 ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਸੈੱਸ (ਲੇਬਰ ਸੈੱਸ)

ਰਾਜ ਸਰਕਾਰ ਨੇ ਸਾਰੇ ਵਿਭਾਗੀ/ਬੋਰਡਾਂ/ਖੁਦਮੁਖਤਿਆਰ ਸੰਸਥਾਵਾਂ/ਸਥਾਨਕ ਅਥਾਰਟੀਆਂ ਦੇ ਮੁਖੀਆਂ ਨੂੰ, ਕੇਂਦਰ ਸਰਕਾਰ ਦੁਆਰਾ ਨੋਟੀਫਾਈ ਕੀਤੇ ਗਏ (ਸਤੰਬਰ 1996) ਅਨੁਸਾਰ, ਸਾਰੀਆਂ ਉਸਾਰੀਆਂ ਅਤੇ ₹ 10 ਲੱਖ ਜਾਂ ਵੱਧ ਦੀ ਲਾਗਤ ਨਾਲ ਆਪਣੀ ਰਿਹਾਇਸ਼ ਲਈ ਇਮਾਰਤ ਦੀ ਯੋਜਨਾ ਮਨਜ਼ੂਰ ਕਰਵਾ ਚੁੱਕੇ ਵਿਅਕਤੀਆਂ ਤੋਂ ਵੀ ਲਾਗਤ ਦੇ ਇੱਕ *ਪ੍ਰਤੀਸ਼ਤ* ਦੀ ਦਰ ਨਾਲ ਸੈੱਸ ਦੀ ਉਗਰਾਹੀ ਕਰਨ ਅਤੇ 'ਪੰਜਾਬ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ' ਕੋਲ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ (ਨਵੰਬਰ 2008)। ਇਸ ਤਰ੍ਹਾਂ ਉਗਰਾਹਿਆ ਗਿਆ ਸੈੱਸ, ਬੋਰਡ ਦੁਆਰਾ ਰਾਜ ਵਿੱਚ ਭਵਨ ਅਤੇ ਹੋਰ ਨਿਰਮਾਣ ਕਾਮਿਆਂ ਦੇ ਲਾਭ ਲਈ ਅਪਣਾਈਆਂ ਗਈਆਂ ਸਮਾਜਿਕ ਸੁਰੱਖਿਆ ਸਕੀਮਾਂ ਅਤੇ ਭਲਾਈ ਉਪਾਵਾਂ ਵਾਸਤੇ ਖਰਚ ਕੀਤਾ ਜਾਣਾ ਲੋੜੀਂਦਾ ਸੀ।

ਹਾਲਾਂਕਿ, ਇਹ ਵੇਖਿਆ ਗਿਆ ਸੀ ਕਿ ₹ 22.61 ਕਰੋੜ ਦਾ ਲੇਬਰ ਸੈੱਸ ਭਾਵੇਂ ਇਕੱਤਰ ਕਰਨ ਵਾਲੀਆਂ ਏਜੰਸੀਆਂ[25] ਦੁਆਰਾ ਇਕੱਠਾ ਕਰ ਲਿਆ ਗਿਆ ਸੀ, 31 ਮਾਰਚ 2024 ਤੱਕ ਸਬੰਧਤ ਬੋਰਡ ਨੂੰ ਟਰਾਂਸਫਰ ਨਹੀਂ ਕੀਤਾ ਗਿਆ ਸੀ। ਹਦਾਇਤਾਂ ਦੀ ਉਲੰਘਣਾ ਕਰਦਿਆਂ, ਜੋ ਆਖਰਕਾਰ ਰਾਜ ਵਿੱਚ ਇਮਾਰਤਾਂ ਅਤੇ ਹੋਰ ਉਸਾਰੀ ਕਿਰਤੀਆਂ ਦੇ ਲਾਭ ਲਈ ਸਮਾਜਿਕ ਸੁਰੱਖਿਆ ਸਕੀਮਾਂ ਅਤੇ ਭਲਾਈ ਉਪਾਵਾਂ ਨੂੰ ਲਾਗੂ ਕਰਨ ਵਿੱਚ ਰੁਕਾਵਟ ਹੋਵੇਗੀ।

ਇਸ ਤੋਂ ਇਲਾਵਾ, ਇਹ ਵੇਖਿਆ ਗਿਆ ਕਿ 31 ਮਾਰਚ 2023 ਤੱਕ ਮੁੱਖ ਮੱਦ 0230-ਲੇਬਰ ਅਤੇ ਰੁਜ਼ਗਾਰ ਤੋਂ ₹ 38.66 ਕਰੋੜ ਦੀ ਰਾਸ਼ੀ ਲੇਬਰ ਸੈੱਸ ਟਰਾਂਸਫਰ ਨਹੀ ਕੀਤਾ ਗਿਆ ਸੀ। ਸਾਲ 2023-24 ਦੌਰਾਨ, ਸਰਕਾਰ ਨੇ ਮੁੱਖ ਮੱਦ 0230-ਲੇਬਰ ਅਤੇ ਰੁਜ਼ਗਾਰ ਦੇ ਅਧੀਨ ₹ 10.02 ਕਰੋੜ ਇੱਕਠੇ ਕੀਤੇ ਪਰ ਭਵਨ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਨੂੰ ਕੋਈ ਰਾਸ਼ੀ ਟਰਾਂਸਫਰ ਨਹੀਂ ਕੀਤੀ। ਇਸ ਤਰ੍ਹਾਂ, 31 ਮਾਰਚ 2024 ਤੱਕ ਮੁੱਖ ਮੱਦ 0230-ਲੇਬਰ ਅਤੇ ਰੁਜ਼ਗਾਰ ਤੋਂ ਟਰਾਂਸਫਰ ਨਾ ਕੀਤੀ ਗਈ ਰਾਸ਼ੀ ₹ 48.68 ਕਰੋੜ ਸੀ।

---

24 (i) ਬਿਜਲੀ ਡਿਊਟੀ: ₹ 141.88 ਕਰੋੜ; (ii) ਸਮਰਪਿਤ ਸਮਾਜਿਕ ਸੁਰੱਖਿਆ ਫੰਡ (ਡੀ ਐਸ ਐਸ ਐਫ) : ₹ 48.88 ਕਰੋੜ; (iii) ਬੁਨਿਆਦੀ ਵਿਕਾਸ ਢਾਂਚਾ ਫੰਡ (ਆਈ ਡੀ ਐਫ): ₹ 191.05 ਕਰੋੜ।

25 (i) ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ: ₹ 0.02 ਕਰੋੜ; (ii) ਸਕੱਤਰ, ਪੰਜਾਬ ਮੰਡੀ ਬੋਰਡ: ₹ 0.15 ਕਰੋੜ; (iii) ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲਿਮਟਿਡ: ₹ 0.01 ਕਰੋੜ; (iv) ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਡ: ₹ 0.24 ਕਰੋੜ; (v) ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ: ₹ 0.34 ਕਰੋੜ; (vi) ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ: ₹ 0.15 ਕਰੋੜ; (vii) ਬਠਿੰਡਾ ਵਿਕਾਸ ਅਥਾਰਟੀ: ₹ 0.04 ਕਰੋੜ; (viii) ਪੁੱਡਾ: ₹ 0.25 ਕਰੋੜ; (ix) ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ: ₹ 3.92 ਕਰੋੜ; (x) ਜਲੰਧਰ ਵਿਕਾਸ ਅਥਾਰਟੀ: ₹ 0.18 ਕਰੋੜ; (xi) ਪਟਿਆਲਾ ਵਿਕਾਸ ਅਥਾਰਟੀ : ₹ 2.35 ਕਰੋੜ; ਅਤੇ (xii) ਗਮਾਡਾ: ₹ 14.96 ਕਰੋੜ।

2.6.6 ਰਾਇਲਟੀ

ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 23 ਅਨੁਸਾਰ ਮਾਈਨਿੰਗ ਲੀਜ਼ ਧਾਰਕ ਨੂੰ ਲੀਜ਼ ਖੇਤਰ ਤੋਂ ਹਟਾਏ ਗਏ ਕਿਸੇ ਵੀ ਖਣਿਜ ਦੇ ਸਬੰਧ ਵਿੱਚ ਰਾਇਲਟੀ ਦਾ ਭੁਗਤਾਨ ਕਰਨਾ ਪਵੇਗਾ। ਇਸ ਤੋਂ ਇਲਾਵਾ, ਨੋਟੀਫਿਕੇਸ਼ਨ (ਜੂਨ 2013) ਦੇ ਅਨੁਸਾਰ, ਰਾਇਲਟੀ ਰਾਜ ਦੇ ਕੰਸੋਲੀਡੇਟਿਡ ਫੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ।

ਜਲ ਸਰੋਤ ਵਿਭਾਗ (ਡਬਲਯੂ ਆਰ ਡੀ) ਮਾਈਨਿੰਗ ਗਤੀਵਿਧੀਆਂ ਲਈ ਰਾਇਲਟੀ ਇਕੱਤਰ ਕਰਦਾ ਹੈ। ਹਾਲਾਂਕਿ, ਇਹ ਵੇਖਿਆ ਗਿਆ ਕਿ ਰਾਇਲਟੀ ਵਜੋਂ ₹ 226.86 ਕਰੋੜ ਇਕੱਤਰ ਕੀਤੇ ਗਏ ₹ 208.31 ਕਰੋੜ ਦੀ ਰਾਸ਼ੀ ਰਾਜ ਦੇ ਕੰਸਲੀਡੇਟਿਡ ਫੰਡ ਵਿੱਚ ਜਮ੍ਹਾਂ ਕਰਵਾਈ ਗਈ ਸੀ ਅਤੇ ₹ 0.06 ਕਰੋੜ ਸਾਲ 2023-24 ਦੌਰਾਨ ਨਿਰਧਾਰਤ ਅਥਾਰਟੀ/ਸੰਸਥਾ ਨੂੰ ਟਰਾਂਸਫਰ ਕੀਤੇ ਗਏ ਸਨ, ਜਿਸ ਨਾਲ 31 ਮਾਰਚ 2024 ਤੱਕ ਡਬਲਯੂ ਆਰ ਡੀ ਕੋਲ ₹ 18.49 ਕਰੋੜ ਦੀ ਬਕਾਇਆ ਰਾਸ਼ੀ ਪਈ ਸੀ।

ਇਸ ਤਰ੍ਹਾਂ, ਰਾਜ ਦੇ ਕੰਸੋਲੀਡੇਟਿਡ ਫੰਡ ਵਿੱਚ ₹ 406.98 ਕਰੋੜ ਦੀਆਂ ਪ੍ਰਾਪਤੀਆਂ ਜਮ੍ਹਾਂ ਨਾਂ ਕਰਵਾਉਣ ਦੇ ਨਤੀਜੇ ਵਜੋਂ ਮਾਲੀਆਂ ਪ੍ਰਾਪਤੀਆਂ ਦਾ ਘੱਟ ਵੇਰਵਾ ਦਿੱਤਾ ਗਿਆ, ਜਿਸ ਨਾਲ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਇਸ ਹੱਦ ਤੱਕ ਪ੍ਰਭਾਵਿਤ ਹੋਇਆ।

2.7 ਜਨਤਕ ਦੇਣਦਾਰੀਆਂ ਪ੍ਰਬੰਧਨ

ਜਨਤਕ ਦੇਣਦਾਰੀਆਂ ਪ੍ਰਬੰਧਨ, ਲੋੜੀਂਦੀ ਫੰਡ ਰਾਸ਼ੀ ਜੁਟਾਉਣ, ਇਸਦੇ ਜੋਖ਼ਮ ਅਤੇ ਲਾਗਤ ਦੇ ਉਦੇਸ਼ ਪ੍ਰਾਪਤ ਕਰਨ ਅਤੇ ਕੋਈ ਹੋਰ ਪ੍ਰਭੂਸੱਤਾ ਕਰਜ਼ਾ ਪ੍ਰਬੰਧਨ ਦੇ ਉਦੇਸ਼ਾਂ, ਜੋ ਕਿ ਸਰਕਾਰ ਦੁਆਰਾ ਕਾਨੂੰਨ ਬਣਾ ਕੇ ਜਾਂ ਸਾਲਾਨਾ ਬਜਟ ਘੋਸ਼ਣਾਵਾਂ ਰਾਹੀਂ ਤੈਅ ਕੀਤੇ ਗਏ ਹੋਣ, ਦੀ ਪੂਰਤੀ ਲਈ ਨੀਤੀ ਸਥਾਪਤ ਕਰਨ ਅਤੇ ਇਸ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਹੈ।

2019-20 ਤੋਂ 2023-24 ਦੇ ਸਾਲਾਂ ਲਈ ਰਾਜ ਦਾ ਬਕਾਇਆ ਕਰਜ਼ਾ ਅਤੇ ਇਸਦੇ ਨਾਲ ਇਸਦੀ ਜੀ ਐਸ ਡੀ ਪੀ ਨੂੰ ਪ੍ਰਤੀਸ਼ਤਤਾ ਨੂੰ **ਚਾਰਟ 2.16** ਵਿੱਚ ਦਰਸਾਇਆ ਗਿਆ ਹੈ।

ਚਾਰਟ 2.16: ਬਕਾਇਆ ਜਨਤਕ ਦੇਣਦਾਰੀਆਂ ਅਤੇ ਇਸਦੀ ਜੀ ਐਸ ਡੀ ਪੀ ਨੂੰ ਪ੍ਰਤੀਸ਼ਤਤਾ



ਸ੍ਰੋਤ: ਵਿੱਤ ਲੇਖੇ

** ਸਾਲ 2020-21 ਅਤੇ 2021-2024 ਦੌਰਾਨ, ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491 ਕਰੋੜ (₹ 8,359 ਕਰੋੜ + ₹ 12,132 ਕਰੋੜ) ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

2.7.1 ਦੇਣਦਾਰੀ ਦੀ ਰੂਪ-ਰੇਖਾ: ਕੰਪੋਨੈਂਟਸ

ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਵਿੱਚ ਵਿਸ਼ੇਸ਼ ਤੌਰ ਤੇ ਰਾਜ ਦੇ ਅੰਦਰੂਨੀ ਕਰਜ਼ੇ (ਮਾਰਕੀਟ ਕਰਜ਼ੇ, ਆਰ ਬੀ ਆਈ ਤੋਂ ਵੇਅਜ਼ ਐਂਡ ਮੀਨਜ਼ ਪੇਸ਼ਗੀਆਂ, ਰਾਸ਼ਟਰੀ ਛੋਟੀਆਂ ਬੱਚਤਾਂ ਫੰਡ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ ਅਤੇ ਵਿੱਤੀ ਸੰਸਥਾਵਾਂ ਤੋਂ ਕਰਜੇ, ਆਦਿ) ਕੇਂਦਰ ਸਰਕਾਰ ਤੋਂ ਕਰਜ਼ੇ ਅਤੇ ਪੇਸ਼ਗੀਆਂ, ਅਤੇ ਲੋਕ ਲੇਖਾ ਦੇਣਦਾਰੀਆਂ ਸ਼ਾਮਲ ਹਨ। 2019-20 ਤੋਂ ਸ਼ੁਰੂ ਹੋ ਕੇ ਪੰਜ ਸਾਲਾਂ ਦੇ ਸਮੇਂ ਲਈ ਰਾਜ ਦੀ ਦੇਣਦਾਰੀ ਦੇ ਕੰਪੋਨੈਂਟ-ਵਾਰ ਰੁਝਾਨ **ਸਾਰਣੀ 2.36** ਵਿੱਚ ਦਰਸਾਏ ਗਏ ਹਨ।

ਸਾਰਣੀ 2.36: ਕੰਪੋਨੈਂਟ-ਵਾਰ ਦੇਣਦਾਰੀ ਦੇ ਰੁਝਾਨ

(₹ ਕਰੋੜ ਵਿੱਚ)

ਵਿੱਤੀ ਦੇਣਦਾਰੀ ਦੇ ਕੰਪੋਨੈਂਟ	2019-20	2020-21	2021-22	2022-23	2023-24
ਬਕਾਇਆ ਕੁੱਲ ਕਰਜ਼ਾ	**2,29,354**	**2,49,673**	**2,61,281**	**2,93,729**	**3,25,694**
ਜਨਤਕ ਕਰਜ਼ਾ	1,94,333	2,15,035	2,24,799	2,55,968	2,85,550
ਅੰਦਰੂਨੀ ਕਰਜ਼ਾ	*1,89,662*	*2,10,394*	*2,20,196*	*2,50,972*	*2,80,966*
*ਭਾਰਤ ਸਰਕਾਰ ਤੋਂ ਕਰਜ਼ੇ**	*4,671*	*4,641*	*4,603*	*4,996*	*4,584*
ਲੋਕ ਲੇਖੇ ਦੀਆਂ ਦੇਣਦਾਰੀਆਂ	35,021	34,638	36,482	37,761	40,144
ਛੋਟੀਆਂ ਬੱਚਤਾਂ, ਪ੍ਰਾਈਵੇਟ ਫੰਡ ਆਦਿ	*22,995*	*22,149*	*22,188*	*22,404*	*23,005*
ਵਿਆਜਯੋਗ ਰਾਖਵੇ ਫੰਡ	*8,204*	*8,583*	*9,508*	*10,443*	*12,065*
ਵਿਆਜ ਰਹਿਤ ਰਾਖਵੇ ਫੰਡ	*1*	*1*	*1*	*1*	*1*
ਵਿਆਜਯੋਗ ਡਿਪਾਜ਼ਿਟਜ਼	*776*	*881*	*1,400*	*1,379*	*1,367*
ਵਿਆਜ ਰਹਿਤ ਡਿਪਾਜ਼ਿਟਜ਼	*3,045*	*3,024*	*3,385*	*3,534*	*3,705*
ਬਕਾਇਆ ਕੁੱਲ ਕਰਜ਼ੇ ਦੀ ਵਾਧਾ ਦਰ (*ਪ੍ਰਤੀਸ਼ਤ*)	8.23	8.86	4.65	12.42	10.88
ਸਕਲ ਰਾਜ ਘਰੇਲੂ ਉਤਪਾਦ (ਜੀ ਐਸ ਡੀ ਪੀ)	5,37,031	5,40,853	6,27,717	6,81,251	7,44,899
ਦੇਣਦਾਰੀ/ਜੀ ਐਸ ਡੀ ਪੀ (*ਪ੍ਰਤੀਸ਼ਤ*)	42.71	46.16	41.62	43.12	43.72
ਉਧਾਰ ਅਤੇ ਹੋਰ ਦੇਣਦਾਰੀਆਂ (ਵਿੱਤ ਲੇਖੇ ਦੀ ਵਿਵਰਣੀ 6 ਦੇ ਅਨੁਸਾਰ)					
ਕੁੱਲ ਪ੍ਰਾਪਤੀਆਂ (ਡਬਲਊ ਐਮ ਏ ਸਮੇਤ)#	65,907	64,248	43,605	1,04,434^	1,17,959
ਕੁੱਲ ਮੁੜ ਅਦਾਇਗੀਆਂ (ਡਬਲਊ ਐਮ ਏ ਸਮੇਤ)	48,470	43,928	31,997	71,986^	85,994
ਕੁੱਲ ਉਪਲੱਬਧ ਫੰਡ	17,437	20,320	11,608	32,448	31,965
ਮੁੜ ਅਦਾਇਗੀਆਂ/ਪ੍ਰਾਪਤੀਆਂ (*ਪ੍ਰਤੀਸ਼ਤ*)	73.54	68.37	73.38	68.93	72.90

ਸ੍ਰੋਤ: ਵਿੱਤ ਲੇਖੇ

** ਸਾਲ 2020-21 ਅਤੇ 2021-2024 ਦੌਰਾਨ, ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491 ਕਰੋੜ (₹ 8,359 ਕਰੋੜ +₹ 12,132 ਕਰੋੜ) ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

 # ਸਾਲ 2020-21 ਅਤੇ 2021-22 ਦੌਰਾਨ, ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 12,132 ਕਰੋੜ ਦੇ ਬੈਕ ਟੂ ਬੈਕ ਕਰਜ਼ਿਆਂ ਨੂੰ ਛੱਡ ਕੇ ਗਣਨਾ ਕੀਤੀ ਗਈ ਹੈ, ਜੋ ਰਾਜ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।

^ 2022-23 ਵਿੱਚ ਵੇਜ਼ ਅਤੇ ਮੀਨਜ਼ ਪੇਸ਼ਗੀਆਂ ਨਹੀਂ ਲਈਆਂ ਗਈਆਂ ਸਨ।

ਰਾਜ ਸਰਕਾਰ ਦੀਆਂ ਕੁੱਲ ਦੇਣਦਾਰੀਆਂ ਵੱਧ ਰਹੀਆਂ ਸਨ ਕਿਉਂਜੋ ਇਹ 2019-20 ਵਿੱਚ ₹ 2,29,354 ਕਰੋੜ ਤੋਂ 42 *ਪ੍ਰਤੀਸ਼ਤ* ਨਾਲ ਵੱਧ ਕੇ 2023-24 ਵਿੱਚ ₹ 3,25,694 ਕਰੋੜ ਹੋ ਗਿਆ, ਜਿਸ ਵਿੱਚ ਰਾਜ ਸਰਕਾਰ ਵੱਲੋਂ ਅੱਗੇ ਲਿਖਤ ਕੰਮਾਂ ਲਈ ਲਏ ਗਏ ਬਕਾਇਆ ਦੀਰਘ ਕਾਲੀਨ ਕਰਜ਼ੇ (i) 2016-17 ਦੌਰਾਨ ਅਨਾਜ ਖਰੀਦ ਆਪ੍ਰੇਸ਼ਨਾਂ ਲਈ ਵਿਰਾਸਤੀ ਕੈਸ਼ ਕ੍ਰੈਡਿਟ ਲੇਖਿਆ ਦਾ ਯੱਕਮੁਸ਼ਤ ਨਿਪਟਾਰਾ ਕਰਨ ਲਈ (₹ 29,920 ਕਰੋੜ ਵਿੱਚੋਂ ₹ 22,093 ਕਰੋੜ); ਅਤੇ (ii) ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਦੇ ਕਰਜ਼ਿਆਂ ਨੂੰ ਕਲੀਅਰ ਕਰਨ ਲਈ, ਉਜਵਲ ਡਿਸਕੌਮ ਅਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਦੇ ਲਾਗੂਕਰਨ ਦੀ ਪਾਲਣਾ ਲਈ 2015-2017 (₹ 15,628 ਕਰੋੜ ਵਿੱਚੋਂ ₹ 10,363 ਕਰੋੜ) ਦੌਰਾਨ ਬਾਂਡ ਜਾਰੀ ਕਰਨਾ ਸ਼ਾਮਲ ਸਨ।

2019-2024 ਦੌਰਾਨ ਕਰਜ਼ੇ ਵਿੱਚ ₹ 91,217 ਕਰੋੜ (46.94 *ਪ੍ਰਤੀਸ਼ਤ*) ਦਾ ਵਾਧਾ ਹੋਇਆ ਹੈ, ਜਦੋਂ ਕਿ ਅੰਦਰੂਨੀ ਕਰਜ਼ੇ ਵਿੱਚ ₹ 91,304 ਕਰੋੜ (48.14 *ਪ੍ਰਤੀਸ਼ਤ*) ਦਾ ਵਾਧਾ ਹੋਇਆ ਅਤੇ ਜੀ ਓ ਆਈ ਤੋਂ ਕਰਜ਼ਿਆ ਵਿੱਚ ਸਿਰਫ ₹ 87 ਕਰੋੜ (1.85 *ਪ੍ਰਤੀਸ਼ਤ*) ਦਾ ਘਾਟਾ ਹੋਇਆ। 2019-2024 ਦੇ ਸਮੇਂ ਦੌਰਾਨ ਲੋਕ ਲੇਖਾ ਦੇਣਦਾਰੀਆਂ ₹ 5,123 ਕਰੋੜ (14.63 *ਪ੍ਰਤੀਸ਼ਤ*) ਨਾਲ ਵੱਧ ਗਈਆਂ। 'ਵਿਆਜਯੋਗ ਰਾਖਵੇਂ ਫੰਡ' (₹ 3,861 ਕਰੋੜ: 47.06 *ਪ੍ਰਤੀਸ਼ਤ*) ਅਤੇ 'ਵਿਆਜ ਰਹਿਤ ਡਿਪਾਜਿਟਜ਼' (₹ 660 ਕਰੋੜ : 21.68 *ਪ੍ਰਤੀਸ਼ਤ*) ਅਤੇ ਵਿਆਜਯੋਗ ਡਿਪਾਜ਼ਿਟਜ਼ (₹ 591 ਕਰੋੜ: 76.16 *ਪ੍ਰਤੀਸ਼ਤ*) ਅਧੀਨ ਪ੍ਰਮੁੱਖ ਵਾਧਾ ਸੀ।

ਸਾਲ 2023-24 ਦੇ ਅੰਤ ਤੇ ਬਕਾਇਆ ਕੁੱਲ ਕਰਜ਼ੇ ਦਾ ਨਿਖੇੜਾ **ਚਾਰਟ 2.17** ਵਿੱਚ ਦਰਸਾਇਆ ਗਿਆ ਹੈ।

ਚਾਰਟ 2.17: 2023-24 ਦੇ ਅਖੀਰ ਤੇ ਬਕਾਇਆ ਕੁੱਲ ਦੇਣਦਾਰੀਆਂ ਦਾ ਨਿਖੇੜਾ



ਸ੍ਰੋਤ: ਵਿੱਤ ਲੇਖੇ

* *2020-2022 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀ ਕੀਤੇ ਜਾਣੇ ਹਨ।*

ਚਾਰਟ 2.18 ਪੰਜ ਸਾਲਾਂ ਦੇ ਸਮੇਂ ਭਾਵ 2019-24 ਦੌਰਾਨ ਲਏ ਗਏ ਅੰਦਰੂਨੀ ਕਰਜ਼ੇ ਦੀ ਤੁਲਨਾ ਵਿੱਚ ਮੁੜ ਅਦਾਇਗੀ ਦੀ ਮਾਤਰਾ ਨੂੰ ਦਰਸਾਉਂਦਾ ਹੈ।

ਚਾਰਟ 2.18: ਅੰਦਰੂਨੀ ਕਰਜ਼ੇ ਦੀ ਤੁਲਨਾ ਵਿੱਚ ਮੁੜ ਅਦਾਇਗੀ

(₹ ਕਰੋੜ ਵਿੱਚ)



ਸ੍ਰੋਤ: ਵਿੱਤ ਲੇਖੇ

ਰਾਜ ਸਰਕਾਰ ਦਾ ਅੰਦਰੂਨੀ ਕਰਜ਼ਾ 2019-20 ਵਿੱਚ ₹ 1,89,662 ਕਰੋੜ ਤੋਂ ₹ 91,304 ਕਰੋੜ (48.14 *ਪ੍ਰਤੀਸ਼ਤ*) ਨਾਲ ਵਧ ਕੇ 2023-24 ਵਿੱਚ ₹ 2,80,966 ਕਰੋੜ ਹੋ ਗਿਆ (**ਸਾਰਣੀ 2.36**)। 2023-24 ਦੌਰਾਨ ਅੰਦਰੂਨੀ ਕਰਜ਼ੇ 'ਤੇ ਵਿਆਜ ₹ 19,770 ਕਰੋੜ ਦੀ ਰਾਸ਼ੀ ਦੀ ਅਦਾਇਗੀ ਕੀਤੀ ਗਈ ਸੀ।

ਸਾਰਣੀ 2.37 ਸਾਲ 2019-2024 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਦੀ ਪੱਧਤੀ ਨੂੰ ਦਰਸਾਉਂਦੀ ਹੈ ਅਤੇ 2023-24 ਦੌਰਾਨ ਵਿੱਤੀ ਘਾਟੇ ਦੀ ਫਾਈਨਾਂਸਿੰਗ ਨੂੰ ਵਾਟਰ ਫਲੋਅ ਚਾਰਟ (**ਚਾਰਟ 2.19**) ਰਾਹੀਂ ਵਰਣਨ ਕੀਤਾ ਗਿਆ ਹੈ।

ਸਾਰਣੀ 2.37: ਵਿੱਤੀ ਘਾਟੇ ਦੇ ਕੰਪੋਨੈਂਟ ਅਤੇ ਇਸਦੀ ਫਾਈਨਾਂਸਿੰਗ ਪੱਧਤੀ

(₹ ਕਰੋੜ ਵਿੱਚ)

ਵੇਰਵੇ		2019-20	2020-21	2021-22	2022-23	2023-24
ਵਿੱਤੀ ਘਾਟੇ ਦੀ ਰਚਨਾ		**(-)16,826**	**(-)22,584**	**(-)27,847**	**(-)33,930**	**(-)33,115**
1	ਰੈਵੀਨਿਊ ਘਾਟਾ	(-)14,285	(-)17,296	(-)18,468	(-)26,045	(-)28,215
2	ਨਿਰੋਲ ਪੂੰਜੀਗਤ ਖਰਚਾ	(-)17,828	(-)4,382	(-)8,010	(-)6,667	(-)4,743
3	ਨਿਰੋਲ ਕਰਜ਼ੇ ਅਤੇ ਪੇਸ਼ਗੀਆਂ	15,287	(-)906	(-)1,369	(-)1,218	(-)157
ਵਿੱਤੀ ਘਾਟੇ ਦੀ ਫਾਈਨਾਂਸਿੰਗ ਪੱਧਤੀ						
1	ਮਾਰਕੀਟ ਉਧਾਰ	18,470	23,467	13,414	33,660	33,132
2	ਭਾਰਤ ਸਰਕਾਰ ਤੋਂ ਕਰਜ਼ੇ	(-)288	8,329	12,095	393	(-)412
3	ਐਨ ਐਸ ਐਸ ਐਫ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ	(-)1,841	(-)1,838	(-)1,841	(-)1,841	(-)1,841
4	ਵਿੱਤੀ ਸੰਸਥਾਵਾਂ ਤੋਂ ਕਰਜ਼ੇ	(-)1,138	(-)898	(-)1,770	(-)1,043	(-)1,297
5	ਛੋਟੀਆਂ ਬੱਚਤਾਂ, ਪੀ ਐਫ, ਆਦਿ	2	(-)845	38	217	601
6	ਰਾਖਵੇਂ ਫੰਡ	2,054	1,338	2,842	4,159	3,887
7	ਡਿਪਾਜ਼ਿਟਜ਼ ਅਤੇ ਪੇਸ਼ਗੀਆਂ	431	83	880	128	159
8	ਸਸਪੈਂਸ ਅਤੇ ਫੁੱਟਕਲ	(-)41	130	(-)195	364	15
9	ਰੈਮੀਟੈਂਸਜ਼	(-)23	(-)59	8	30	20
10	**ਸਮੁੱਚਾ ਘਾਟਾ**	**17,626**	**29,707**	**25,471**	**36,067**	**34,264**
11	ਕੈਸ਼ ਬਕਾਏ ਵਿੱਚ ਵਾਧਾ (+)/ਘਾਟਾ (-)	(-)800	(-)7,123	(+)2,376	(-)2,137	(-)1,149
12	**ਕੁੱਲ ਵਿੱਤੀ ਘਾਟਾ**	**16,826**	**22,584**	**27,847**	**33,930**	**33,115**

ਸ੍ਰੋਤ: ਵਿੱਤ ਲੇਖੇ

ਚਾਰਟ 2.19: 2023-24 ਦੌਰਾਨ ਵਿੱਤੀ ਘਾਟੇ ਦੀ ਫਾਈਨਾਂਸਿੰਗ

(₹ ਕਰੋੜ ਵਿੱਚ)



ਸ੍ਰੋਤ: ਵਿੱਤ ਲੇਖੇ

ਸਾਲ 2023-24 ਦੌਰਾਨ ਵਿੱਤੀ ਘਾਟੇ ਨੂੰ ਫਾਇਨਾਂਸ ਕਰਨ ਵਾਲੀਆਂ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਕੰਪੋਨੈਂਟ **ਸਾਰਣੀ 2.38** ਵਿੱਚ ਦਰਸਾਏ ਗਏ ਹਨ।

ਸਾਰਣੀ 2.38: 2023-24 ਦੌਰਾਨ ਵਿੱਤੀ ਘਾਟੇ ਨੂੰ ਫਾਈਨਾਂਸ ਕਰਨ ਵਾਲੇ ਵੱਖ-ਵੱਖ ਕੰਪੋਨੈਂਟਾਂ ਅਧੀਨ ਪ੍ਰਾਪਤੀਆਂ ਅਤੇ ਅਦਾਇਗੀਆਂ

(₹ ਕਰੋੜ ਵਿੱਚ)

ਵੇਰਵੇ		ਪ੍ਰਾਪਤੀ	ਅਦਾਇਗੀ	ਨਿਰੋਲ
1	ਮਾਰਕੀਟ ਉਧਾਰ*	46,001	12,869	33,132
2	ਭਾਰਤ ਸਰਕਾਰ ਤੋਂ ਕਰਜ਼ੇ	212	624	-412
3	ਐਨ ਐਸ ਐਸ ਐਫ ਨੂੰ ਜਾਰੀ ਵਿਸ਼ੇਸ਼ ਸਕਿਓਰਟੀਆਂ	0	1,841	-1,841
4	ਵਿੱਤੀ ਸੰਸਥਾਵਾਂ ਤੋਂ ਕਰਜ਼ੇ	650	1,947	-1,297
5	ਛੋਟੀਆਂ ਬੱਚਤਾਂ, ਪੀ ਐਫ, ਆਦਿ	3,418	2,817	601
6	ਰਾਖਵੇਂ ਫੰਡ	4,629	742	3,887
7	ਡਿਪਾਜ਼ਿਟਜ਼ ਅਤੇ ਪੇਸ਼ਗੀਆਂ	6,878	6,719	159
8	ਸਸਪੈਂਸ ਅਤੇ ਫੁੱਟਕਲ	84,216	84,201	15
9	ਰੈਮੀਟੈਂਸਜ਼	103	83	20
10	**ਸਮੁੱਚਾ ਘਾਟਾ**			**34,264**
11	ਕੈਸ਼ ਬਕਾਏ ਵਿੱਚ ਵਾਧਾ (+)/ਘਾਟਾ (-)	10,158	9,009	-1,149
12	**ਕੁੱਲ ਵਿੱਤੀ ਘਾਟਾ**			**33,115**

ਸ੍ਰੋਤ: ਵਿੱਤ ਲੇਖੇ

** ਪ੍ਰਾਪਤੀਆਂ ਵਿੱਚ ਵੇਜ਼ ਅਤੇ ਮੀਨਜ਼ ਪੇਸ਼ਗੀਆਂ/ਓਵਰਡਰਾਫਟ/ ਵਿਸ਼ੇਸ਼ ਡਰਾਇੰਗ ਸਹੂਲਤ ਦੇ ਅਧੀਨ ₹ 3,580 ਕਰੋੜ ਦਾ ਸ਼ੁੱਧ ਅੰਕੜਾ ਸ਼ਾਮਲ ਹੈ।*

2.7.2 ਕਰਜ਼ੇ ਦੀ ਰੂਪ ਰੇਖਾ: ਪੋ੍ਰੜ੍ਹਤਾ ਅਤੇ ਮੁੜ ਅਦਾਇਗੀ

ਕਰਜ਼ੇ ਦੀ ਪੋ੍ਰੜ੍ਹਤਾ ਅਤੇ ਮੁੜ ਅਦਾਇਗੀ ਦੀ ਰੂਪ ਰੇਖਾ ਕਰਜ਼ੇ ਦੀ ਮੁੜ ਅਦਾਇਗੀ ਜਾਂ ਕਰਜਾ ਚੁਕਾਉਣ ਲਈ ਸਰਕਾਰ ਦੀ ਵਚਨਬੱਧਤਾ ਦਾ ਸੰਕੇਤ ਦਿੰਦੀ ਹੈ। ਰਾਜ ਦੀ ਕਰਜ਼ਾ ਪੋ੍ਰੜ੍ਹਤਾ ਰੂਪ ਰੇਖਾ ਨੂੰ **ਸਾਰਣੀ** 2.39 ਅਤੇ **ਚਾਰਟ** 2.20 ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.39: ਰਾਜ ਦੇ ਜਨਤਕ ਕਰਜ਼ੇ ਦੀ ਮੁੜ ਅਦਾਇਗੀ ਦੀ ਪੋ੍ਰੜ੍ਹਤਾ ਰੂਪ ਰੇਖਾ

ਮੁੜ ਅਦਾਇਗੀ ਦਾ ਸਮਾਂ (ਸਾਲ)	ਮੂਲ ਰਾਸ਼ੀ	ਵਿਆਜ ਦੀ ਰਾਸ਼ੀ#	ਜਨਤਕ ਕਰਜ਼ਾ (ਵਿਆਜ ਸਮੇਤ)	ਪ੍ਰਤੀਸ਼ਤਤਾ (ਕੁੱਲ ਜਨਤਕ ਕਰਜ਼ੇ ਦੇ ਸਬੰਧ ਵਿੱਚ)
	(₹ ਕਰੋੜ ਵਿੱਚ)			
0 – 1	11,518.38	21,369.29	32,887.67	6.55
1 – 3	29,370.02	39,633.78	69,003.80	13.74
3 – 5	41,261.76	34,574.40	75,836.16	15.10
5 – 7	32,711.43	28,901.66	61,613.09	12.27
7-10	41,823.42	33,737.09	75,560.51	15.04
10 ਤੋਂ ਵੱਧ	1,20,838.29	58,444.31	1,79,282.60	35.70
ਹੋਰ[26]	8,026.56*	--	8,026.56	1.60
ਜੋੜ	**2,85,549.86**	**2,16,660.53**	**5,02,210.39**	**100.00**

ਸ੍ਰੋਤ: ਵਿੱਤ ਲੇਖਿਆਂ ਦੇ ਅਧਾਰ ਤੇ ਗਣਨਾ ਕੀਤੀ ਗਈ

*# 7.70 ਪ੍ਰਤੀਸ਼ਤ ਦੀ ਔਸਤ ਵਿਆਜ ਦਰ ਤੇ ਅਨੁਮਾਨਿਤ ਵਿਆਜ ਦੀ ਗਣਨਾ ਕੀਤੀ ਗਈ (ਪਿਛਲੇ ਪੰਜ ਸਾਲਾਂ ਲਈ ਜਨਤਕ ਕਰਜ਼ੇ ਤੇ ਵਿਆਜ ਦਰਾਂ ਦੀ ਔਸਤ ਭਾਵ 2019-20 ਵਿੱਚ 8.17 ਪ੍ਰਤੀਸ਼ਤ; 2020-21 ਵਿੱਚ 7.87 ਪ੍ਰਤੀਸ਼ਤ; 2021-22 ਵਿੱਚ 7.71 ਪ੍ਰਤੀਸ਼ਤ; 2022-23 ਵਿੱਚ 7.33 ਪ੍ਰਤੀਸ਼ਤ; ਅਤੇ 2023-24 ਵਿੱਚ 7.40 ਪ੍ਰਤੀਸ਼ਤ) ਸਾਲ ਲਈ ਦਰ =(ਅਦਾ ਕੀਤਾ ਗਿਆ/(ਜਨਤਕ ਕਰਜ਼ੇ ਦਾ ਮੁੱਢਲਾ ਬਕਾਇਆ+ ਜਨਤਕ ਕਰਜ਼ੇ ਦਾ ਅੰਤਿਮ ਬਕਾਇਆ)/2)*100 ਔਸਤਨ*

** 2020-22 ਦੌਰਾਨ ਜੀ ਐਸ ਟੀ ਮੁਆਵਜ਼ੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491.41 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀ ਕੀਤੇ ਜਾਣੇ ਹਨ।*

26 ਇਸ ਵਿੱਚ ₹ 0.32 ਕਰੋੜ ਦੇ ਕਰਜ਼ੇ ਸ਼ਾਮਲ ਹਨ, ਜਿਨ੍ਹਾਂ ਦੀ ਮੁੜ ਅਦਾਇਗੀ ਅਸਲ ਵਸੂਲੀ ਦੇ ਅਧਾਰ ਤੇ ਹੁੰਦੀ ਹੈ; ਵੇਜ਼ ਅਤੇ ਮੀਨਜ਼ ਪੇਸ਼ਗੀਆਂ/ਓਵਰਡਰਾਫਟ/ਵਿਸ਼ੇਸ਼ ਡਰਾਇੰਗ ਸਹੂਲਤ ਦੇ ਅਧੀਨ ₹ 3,580.43 ਕਰੋੜ ਦਾ ਸ਼ੁੱਧ ਅੰਕੜਾ; ਅਤੇ ₹ 4,445.81 ਕਰੋੜ ਬੈਕ ਟੂ ਬੈਕ ਅਧਾਰ ਤੇ ਕਰਜ਼ੇ ਦੀ ਨੁਮਾਇੰਦਗੀ ਕਰਦੇ ਹਨ, ਜਿਸ ਦੀ ਵਸੂਲੀ ਕੇਂਦਰ ਸਰਕਾਰ ਖੁਦ ਕਰ ਰਹੀ ਹੈ।

ਸਾਰਣੀ 2.39 ਸੰਕੇਤ ਦਿੰਦੀ ਹੈ ਕਿ ਰਾਜ ਸਰਕਾਰ ਨੂੰ ਆਪਣੇ ਜਨਤਕ ਕਰਜ਼ੇ (ਅਨੁਮਾਨਤ ਵਿਆਜ ਸਮੇਤ) ਦਾ 20.29 *ਪ੍ਰਤੀਸ਼ਤ* (₹ 1,01,891.47 ਕਰੋੜ) ਅਗਲੇ ਤਿੰਨ ਸਾਲਾਂ ਵਿੱਚ, 15.10 *ਪ੍ਰਤੀਸ਼ਤ* (₹ 75,836.16 ਕਰੋੜ) 3-5 ਸਾਲਾਂ ਵਿਚਕਾਰ, 12.27 *ਪ੍ਰਤੀਸ਼ਤ* (₹ 61,613.09 ਕਰੋੜ) 5-7 ਸਾਲਾਂ ਵਿਚਕਾਰ ਅਤੇ 15.04 *ਪ੍ਰਤੀਸ਼ਤ* (₹ 75,560.51 ਕਰੋੜ) 7-10 ਸਾਲਾਂ ਵਿਚਕਾਰ ਮੁੜ ਅਦਾਇਗੀ ਕਰਨੀ ਪੈਣੀ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਰਾਜ ਨੂੰ ਅਗਲੇ ਦਸ ਸਾਲਾਂ ਵਿੱਚ ਆਪਣੇ ਕਰਜ਼ੇ ਦੀ 62.70 *ਪ੍ਰਤੀਸ਼ਤ* (₹ 3,14,901.23 ਕਰੋੜ) ਦੀ ਮੁੜ ਅਦਾਇਗੀ ਕਰਨੀ ਪੈਣੀ ਹੈ।

ਚਾਰਟ 2.20: ਜਨਤਕ ਕਰਜ਼ੇ ਦੀ ਪ੍ਰੋੜ੍ਹਤਾ ਰੂਪ ਰੇਖਾ



ਸ੍ਰੋਤ: ਵਿੱਤ ਲੇਖੇ

* *2020-22 ਦੌਰਾਨ ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ.*

31 ਮਾਰਚ 2024 ਤੱਕ ਬਕਾਇਆ ਜਨਤਕ ਕਰਜ਼ੇ ਦੇ ਅਗਲੇ ਦਸ ਸਾਲਾਂ ਦੌਰਾਨ ਸਾਲਵਾਰ ਮੁੜ ਅਦਾਇਗੀ ਸ਼ਡਿਊਲ **ਸਾਰਣੀ 2.40** ਅਤੇ **ਚਾਰਟ 2.21** ਵਿੱਚ ਦਿਖਾਏ ਗਏ ਹਨ।

ਸਾਰਣੀ 2.40: ਅਗਲੇ 10 ਸਾਲਾਂ ਦੌਰਾਨ ਭਾਵ 2033-34 ਤੱਕ ਜਨਤਕ ਕਰਜ਼ੇ (ਵਿਆਜ ਸਮੇਤ) ਦਾ ਮੁੜ ਅਦਾਇਗੀ ਸ਼ਡਿਊਲ

(₹ ਕਰੋੜ ਵਿੱਚ)

	ਮੁੜ ਅਦਾਇਗੀ		
ਸਾਲ	**ਮੂਲਧਨ**	**ਵਿਆਜ#**	**ਜੋੜ**
2024-25	11,518.38	21,369.29	32,887.67
2025-26	17,285.45	20,482.38	37,767.83
2026-27	12,084.57	19,151.40	31,235.97
2027-28	24,251.57	18,220.89	42,472.46
2028-29	17,010.19	16,353.51	33,363.70
2029-30	15,399.98	15,043.73	30,443.71
2030-31	17,311.45	13,857.93	31,169.38
2031-32	21,362.48	12,524.95	33,887.43
2032-33	7,116.12	10,880.04	17,996.16
2033-34	13,344.82	10,332.10	23,676.92
ਜੋੜ	**1,56,685.01**	**1,58,216.22**	**3,14,901.23**

ਸ੍ਰੋਤ: ਵਿੱਤ ਲੇਖੇ

 # 7.70 ਪ੍ਰਤੀਸ਼ਤ ਦੀ ਔਸਤ ਵਿਆਜ ਦਰ ਤੇ ਅਨੁਮਾਨਿਤ ਵਿਆਜ ਦੀ ਗਣਨਾ ਕੀਤੀ ਗਈ ਜਿਵੇਂ ਕਿ ਸਾਰਣੀ 2.39 ਹੇਠਾਂ ਦਰਸਾਇਆ ਗਿਆ ਹੈ।

ਚਾਰਟ 2.21: ਅਗਲੇ 10 ਸਾਲਾਂ ਦੌਰਾਨ ਭਾਵ 2033-34 ਤੱਕ ਜਨਤਕ ਕਰਜ਼ੇ (ਵਿਆਜ ਸਮੇਤ) ਦਾ ਮੁੜ ਅਦਾਇਗੀ ਸ਼ਡਿਊਲ



ਸ੍ਰੋਤ: ਵਿੱਤ ਲੇਖੇ

ਸਾਰਣੀ 2.40 ਦਰਸਾਉਂਦੀ ਹੈ ਕਿ ਔਸਤਨ, ਰਾਜ ਨੂੰ 2033-34 ਤੱਕ ਸਾਲਾਨਾ ₹ 31,490 ਕਰੋੜ (2023-24 ਦੇ ਅੰਤ ਵਿੱਚ ਬਕਾਇਆ ਕਰਜ਼ੇ ਦੇ ਸਬੰਧ ਵਿੱਚ ਅਨੁਮਾਨਿਤ ਵਿਆਜ ਸਮੇਤ) ਦੇ ਜਨਤਕ ਕਰਜ਼ੇ ਦੀ ਅਦਾਇਗੀ ਕਰਨੀ ਪਵੇਗੀ। 2023-24 ਦੇ ਅੰਤ ਵਿੱਚ ਬਕਾਇਆ ਕਰਜ਼ੇ ਤੋਂ ਇਲਾਵਾ, ਰਾਜ ਨੂੰ ਸਰੋਤਾਂ ਦੇ ਪਾੜੇ ਨੂੰ ਪੂਰਾ ਕਰਨ ਲਈ ਹਰ ਸਾਲ ਹੋਰ ਉਧਾਰ ਲੈਣੇ ਪੈਣਗੇ, ਜਿਸ ਦੇ ਨਤੀਜੇ ਵਜੋਂ ਕਰਜ਼ੇ ਵਿੱਚ ਵਾਧਾ ਹੋਵੇਗਾ ਅਤੇ ਪੁਰਾਣੇ ਉਧਾਰਾਂ ਦੀ ਮੁੜ ਅਦਾਇਗੀ ਲਈ ਵਧੇਰੇ ਫੰਡਾਂ ਦੀ ਵਰਤੋਂ ਕੀਤੀ ਜਾਵੇਗੀ।

ਉਪਰੋਕਤ ਤੋਂ ਇਲਾਵਾ, ਹੋਰ ਕਾਰਕ ਜਿਵੇਂ ਕਿ ਜਨਤਕ ਲੇਖੇ ਦੀਆਂ ਦੇਣਦਾਰੀਆਂ ਅਤੇ *ਫੋਰਸ ਮੇਜ਼ਿਅੌਰ* [27] ਘਟਨਾਵਾਂ ਅਤੇ/ਜਾਂ ਰੈਵੀਨਿਊ ਦੇ ਕਿਸੇ ਹੋਰ ਗੈਰ ਅਨੁਮਾਨਤ ਘਾਟੇ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ।

ਮਾਰਕੀਟ ਕਰਜ਼ਿਆਂ (ਯੂ ਡੀ ਏ ਵਾਈ ਬਾਂਡਜ਼ ਸਮੇਤ) ਅਤੇ ਇਸ ਦੇ ਨਾਲ ਵਿਆਜ ਦੀ ਮੁੜ ਅਦਾਇਗੀ ਦਾ ਸ਼ਡਿਊਲ **ਚਾਰਟ 2.22** ਵਿੱਚ ਦਿੱਤਾ ਗਿਆ ਹੈ।

ਚਾਰਟ 2.22: ਮਾਰਕੀਟ ਕਰਜ਼ਿਆਂ ਦੀ ਮੁੜ ਅਦਾਇਗੀ ਦਾ ਸ਼ਡਿਊਲ



ਸ੍ਰੋਤ: ਵਿੱਤ ਲੇਖੇ

ਨੋਟ: 31 ਮਾਰਚ 2024 ਨੂੰ ਬਕਾਇਆ ਮਾਰਕੀਟ ਕਰਜ਼ਿਆਂ ਅਤੇ ਲਈ ਪਰਿਪੱਕਤਾ ਪ੍ਰੋਫਾਈਲ ਤਿਆਰ ਕੀਤੀ ਗਈ ਹੈ ਅਤੇ ਵਿੱਤੀ ਸਾਲ ਤੱਕ ਦੇ ਵਿੱਤੀ ਲੇਖਿਆਂ ਵਿੱਚ ਦਿੱਤੇ ਗਏ ਬਜ਼ਾਰੀ ਕਰਜ਼ਿਆਂ ਲਈ ਵਿਆਜ ਦਰ ਦੀ ਵੇਟਏਜ਼ ਔਸਤ ਤੇ ਅਨੁਮਾਨਿਤ ਵਿਆਜ ਦੀ ਗਣਨਾ ਕੀਤੀ ਗਈ ਹੈ, ਜਿਸ ਵਿੱਚ ਕਰਜ਼ੇ ਖਤਮ ਹੋਣ ਜਾ ਰਹੇ ਹਨ।

27 ਜਿਵੇਂ ਕਿ ਕੋਵਿਡ-19 ਮਹਾਂਮਾਰੀ ਅਤੇ ਉਸਦਾ ਜੀ ਐਸ ਡੀ ਪੀ ਤੇ ਪ੍ਰਭਾਵ।

31 ਮਾਰਚ 2024 ਨੂੰ ₹ 4,27,501 ਕਰੋੜ ਦੀ ਰਾਸ਼ੀ ਦੇ ਮਾਰਕੀਟ ਕਰਜ਼ੇ ਵਿਆਜ ਸਮੇਤ ਮੁੜ ਅਦਾਇਗੀ ਲਈ ਬਕਾਏ ਸਨ। ਰਾਜ ਨੂੰ ਅਗਲੇ ਪੰਜ ਸਾਲਾਂ ਭਾਵ 2028-2029 ਤੱਕ ₹ 1,37,462 ਕਰੋੜ (32 *ਪ੍ਰਤੀਸ਼ਤ*) (₹ 56,580 ਕਰੋੜ ਮੂਲ ਵਜੋਂ ਅਤੇ ₹ 80,882 ਕਰੋੜ ਅੰਦਾਜਨ ਵਿਆਜ ਵਜੋਂ) ਦੇ ਮਾਰਕੀਟ ਕਰਜ਼ਿਆਂ ਦੀ ਮੁੜ ਅਦਾਇਗੀ ਕਰਨੀ ਪਵੇਗੀ। ₹ 1,14,060 ਕਰੋੜ (27 *ਪ੍ਰਤੀਸ਼ਤ*) (₹ 57,106 ਕਰੋੜ ਮੂਲ ਵੱਜੋਂ ਅਤੇ ₹ 56,954 ਕਰੋੜ ਅੰਦਾਜਨ ਵਿਆਜ ਵਜੋਂ) ਦੇ ਮਾਰਕੀਟ ਕਰਜ਼ਿਆਂ ਦੀ ਬਾਅਦ ਦੇ ਪੰਜ ਸਾਲਾਂ ਦੇ ਸਮੇਂ ਵਿੱਚ 2033-34 ਤੱਕ ਮੁੜ ਅਦਾਇਗੀ ਕਰਨੀ ਹੋਵੇਗੀ। ਇਸ ਦਾ ਭਾਵ ਹੈ ਕਿ ਅਗਲੇ ਪੰਜ ਸਾਲਾਂ (2024-29) ਵਿੱਚ ਰਾਜ ਨੂੰ ਮਾਰਕੀਟ ਕਰਜ਼ਿਆਂ ਦੀ ਔਸਤਨ ₹ 27,492 ਕਰੋੜ ਦੀ ਸਾਲਾਨਾ ਮੁੜ ਅਦਾਇਗੀ ਕਰਨੀ ਪਵੇਗੀ ਜੋ ਕਿ ਬਾਅਦ ਦੇ ਪੰਜ ਸਾਲਾਂ (2029-34), ਵਿੱਚ ਘਟ ਕੇ ₹ 22,812 ਕਰੋੜ ਹੋ ਜਾਵੇਗੀ। ਬਾਕੀ ਰਹਿੰਦੇ ₹ 1,75,979 ਕਰੋੜ (41 *ਪ੍ਰਤੀਸ਼ਤ*) (₹ 1,18,870 ਕਰੋੜ ਮੂਲ ਵਜੋਂ ਅਤੇ ₹ 57,109 ਕਰੋੜ ਅੰਦਾਜ਼ਨ ਵਿਆਜ ਵਜੋਂ) 2034 ਤੋਂ ਬਾਅਦ ਮੁੜ ਅਦਾਇਗੀਯੋਗ ਹੋਣਗੇ।

2.8 ਕਰਜ਼ਾ ਸਸਟੇਨੇਬਿਲਟੀ ਵਿਸ਼ਲੇਸ਼ਣ

ਕਰਜ਼ੇ ਦੀ ਸਸਟੇਨੇਬਿਲਟੀ ਦਾ ਵਿਸ਼ਲੇਸ਼ਣ ਵਿੱਤੀ ਅਤੇ ਕਰਜ਼ੇ ਦੇ ਮਾਪਦੰਡਾਂ ਦੇ ਅਧਾਰ ਤੇ ਕੀਤਾ ਗਿਆ ਹੈ, ਡੋਮਰ ਪਹੁੰਚ[28] ਅਤੇ ਸਬੰਧਤ ਐਫ ਆਰ ਬੀ ਐਮ ਟੀਚਿਆਂ ਲਈ ਮੈਕਰੋ-ਫਿਸਕਲ ਮਾਪਦੰਡਾਂ ਦੀ ਪਾਲਣਾ। ਵਿਸ਼ਲੇਸ਼ਣ ਦੇ ਨਤੀਜੇ ਹੇਠ ਲਿਖੇ ਪੈਰ੍ਹਿਆਂ ਵਿੱਚ ਦਰਸਾਏ ਗਏ ਹਨ:

(ੳ) ਕਰਜ਼ਾ ਸਸਟੇਨੇਬਿਲਟੀ ਤੋਂ ਰਾਜ ਦੀ ਵਰਤਮਾਨ ਅਤੇ ਭਵਿੱਖ ਵਿੱਚ ਆਪਣਾ ਕਰਜ਼ਾ ਚੁਕਾਉਣ ਦੀ ਯੋਗਤਾ ਦਾ ਸੰਕੇਤ ਮਿਲਦਾ ਹੈ। ਕਰਜ਼ਾ ਸਸਟੇਨੇਬਿਲਟੀ ਸੂਚਕਾਂ ਵਿੱਚ ਤਬਦੀਲੀਆਂ ਦੇ ਵਿਸ਼ਲੇਸ਼ਣ ਨੂੰ **ਸਾਰਣੀ 2.41** ਅਤੇ **ਚਾਰਟ 2.23** ਵਿੱਚ ਦਰਸਾਇਆ ਗਿਆ ਹੈ।

ਸਾਰਣੀ 2.41: ਕਰਜ਼ਾ ਸਸਟੇਨੇਬਿਲਟੀ ਸੂਚਕਾਂ ਵਿੱਚ ਰੁਝਾਨ

(₹ ਕਰੋੜ ਵਿੱਚ)

ਲੜੀ ਨੰ.	ਕਰਜ਼ਾ ਸਸਟੇਨੇਬਿਲਟੀ ਸੂਚਕ	2019-20	2020-21	2021-22	2022-23	2023-24
1.	ਸਮੁੱਚੀ ਦੇਣਦਾਰੀਆਂ ਜਾਂ ਸਮੁੱਚਾ ਕਰਜ਼ਾ* (ਸਾਲ ਦੇ 31 ਮਾਰਚ ਨੂੰ)	**2,29,353.72**	**2,49,673.12**	**2,61,281.24**	**2,93,729.32**	**3,25,693.66**
2.	ਸਮੁੱਚੀ ਦੇਣਦਾਰੀ ਦੇ ਵਾਧੇ ਦੀ ਦਰ (*ਪ੍ਰਤੀਸ਼ਤ*)	8.23	8.86	4.65	12.42	10.88
3.	ਜੀ ਐਸ ਡੀ ਪੀ (ਮਾਮੂਲੀ ਰੂਪ ਵਿੱਚ)	5,37,031	5,40,853	6,27,717	6,81,251	7,44,899
4.	ਨਾਮਾਤਰ ਜੀ ਐਸ ਡੀ ਪੀ ਵਾਧਾ (*ਪ੍ਰਤੀਸ਼ਤ*)	4.78	0.71	16.06	8.53	9.34
5.	ਸਮੁੱਚੀ ਦੇਣਦਾਰੀ/ਜੀ ਐਸ ਡੀ ਪੀ (*ਪ੍ਰਤੀਸ਼ਤ*)	42.71	46.16	41.62	43.12	43.72
6.	ਜਨਤਕ ਕਰਜ਼ੇ ਦੀ ਪਰਿਪੱਕਤਾ ਪ੍ਰੋਫਾਈਲ (ਮੂਲ) (*ਪ੍ਰਤੀਸ਼ਤ*)€					
6 ੳ.	0-1 ਸਾਲ	6.45	8.36	7.33	6.80	4.03
6 ਅ.	1-5 ਸਾਲ	31.39	28.38	25.13	25.12	24.74
6 ੲ.	5-10 ਸਾਲ	41.27	38.65	41.95	30.39	26.10
6 ਸ.	10 ਸਾਲਾਂ ਤੋਂ ਵੱਧ	18.93	22.77	23.76	35.86	42.32
6 ਹ.	ਹੋਰ	1.96	1.84	1.83	1.83	2.81

28 ਈ ਡੀ ਡੋਮਰ [ਡੋਮਰ, 1944] ਦੁਆਰਾ ਇੱਕ ਅਧਿਐਨ ਦੇ ਅਧਾਰ ਤੇ।

ਲੜੀ ਨੰ.	ਕਰਜ਼ਾ ਸਸਟੇਨੇਬਿਲਟੀ ਸੂਚਕ	2019-20	2020-21	2021-22	2022-23	2023-24
7.	ਕੁੱਲ ਉਧਾਰਾਂ ਦੀ ਮੁੜ ਅਦਾਇਗੀ (*ਪ੍ਰਤੀਸ਼ਤ*)	99.22	100.08	96.58	117.01	87.94
8.	ਕੁੱਲ ਉਧਾਰਾਂ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਉਪਲਬਧ ਸ਼ੁੱਧ ਉਧਾਰ	0.78	(-)0.08	3.42	(-)17.01	12.06
9.	ਸਮੁੱਚੀ ਦੇਣਦਾਰੀ 'ਤੇ ਵਿਆਜ ਦਾ ਭੁਗਤਾਨ	17,567.17	18,152.50	19,063.50	19,905.13	22,551.93
10.	ਸਮੁੱਚੀ ਦੇਣਦਾਰੀ 'ਤੇ ਵਿਆਜ ਦਾ ਭੁਗਤਾਨ (*ਪ੍ਰਤੀਸ਼ਤ*)	8.06	7.68	7.57	7.29	7.40
11.	ਰੈਵੀਨਿਊ ਪ੍ਰਾਪਤੀਆਂ ਲਈ ਵਿਆਜ ਦਾ ਭੁਗਤਾਨ (ਪ੍ਰਤੀਸ਼ਤ)	28.53	26.29	24.39	22.72	25.28
12.	ਰੈਵੀਨਿਊ ਘਾਟਾ/ਵਾਧਾ	(-)14,285	(-)17,296	(-)18,468	(-)26,045	(-)28,215
13.	ਪ੍ਰਾਇਮਰੀ ਰੈਵੀਨਿਊ ਬਕਾਇਆ[@]	3,282	857	596	(-)6,140	(-)5,663
14.	ਪ੍ਰਾਇਮਰੀ ਬਕਾਇਆ[#]	741	(-)4,432	(-)8,784	(-)14,025	(-)10,563
15.	ਪ੍ਰਾਇਮਰੀ ਬਕਾਇਆ/ਜੀ ਐਸ ਡੀ ਪੀ (*ਪ੍ਰਤੀਸ਼ਤ*)	0.14	(-)0.82	(-)1.40	(-)2.06	(-)1.42
16.	ਵਿਆਜ ਪ੍ਰਾਪਤੀਆਂ[¥] ਦੀ ਪ੍ਰਭਾਵੀ ਦਰ ਅਤੇ ਸਮੁੱਚੀ ਦੇਣਦਾਰੀ ਤੇ ਵਿਆਜ ਦੀ ਪ੍ਰਭਾਵੀ ਦਰ ਵਿਚਕਾਰ ਅੰਤਰ	(-)4.96	(-)7.61	(-)7.52	(-)7.25	(-)7.33
17.	ਇਕੁਇਟੀ ਪ੍ਰਬੰਧਨ (ਆਰ ਬੀ ਆਈ ਕੋਲ ਉਪਲਬਧ ਵਿੱਤੀ ਅਨੁਕੂਲਤਾ ਸਾਧਨ ਦੀ ਵਰਤੋਂ)[β]	26,957 (181)	21,309 (101)	2,006 (10)	42,282 (116)	59,751 (188)
18.	ਕਰਜ਼ਾ ਸਥਿਰਤਾ (ਕੁਆਂਟਮ ਸਪ੍ਰੈਡ[α] + ਪ੍ਰਾਇਮਰੀ ਬਕਾਇਆ)	(-)6,682	(-)21,603	13,067	(-)10,443	(-)4,342
19.	ਡੋਮਰ ਮਾਡਲ					
ੳ	ਜੀ ਐਸ ਡੀ ਪੀ (ਸਥਾਈ ਰੂਪ ਵਿੱਚ)	4,13,295	4,07,264	4,37,373	4,65,079	4,95,881
ਅ	ਅਸਲ ਵਾਧਾ (*ਪ੍ਰਤੀਸ਼ਤ*)	4.10	(-)1.46	7.39	6.33	6.62
ੲ	ਸੀ ਪੀ ਆਈ ਤੇ ਅਧਾਰਿਤ ਮਹਿੰਗਾਈ (*ਪ੍ਰਤੀਸ਼ਤ*)	5.02	4.59	4.82	6.08	5.53
ਸ	ਵਿਆਜ ਦੀ ਪ੍ਰਭਾਵੀ ਦਰ (*ਪ੍ਰਤੀਸ਼ਤ*)[$]	8.06	7.68	7.57	7.29	7.40
ਹ	ਅਸਲ ਪ੍ਰਭਾਵੀ ਵਿਆਜ ਦਰ (ਵਿਆਜ ਦੀ ਪ੍ਰਭਾਵੀ ਦਰ-ਮਹਿੰਗਾਈ)	3.04	3.09	2.75	1.21	1.87
ਕ	ਵਿਕਾਸ ਵਿਆਜ ਅੰਤਰ (ਅਸਲ ਵਾਧਾ- ਵਿਆਜ ਦੀ ਅਸਲ ਪ੍ਰਭਾਵੀ ਦਰ (ਜੀ-ਆਰ)	1.06	(-)4.55	4.64	5.12	4.75

ਸ੍ਰੋਤ: ਵਿੱਤ ਲੇਖੇ, ਸੀ ਪੀ ਆਈ ਸੂਚਕਾਂਕ ਅਤੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲਾ, ਜੀ ਐਸ ਡੀ ਪੀ ਅੰਕੜਿਆਂ ਲਈ ਭਾਰਤ ਸਰਕਾਰ

* *ਸਮੁੱਚੀ ਦੇਣਦਾਰੀ ਜਨਤਕ ਕਰਜ਼ੇ ਅਤੇ ਹੋਰ ਦੇਣਦਾਰੀਆਂ ਦੇ ਅਧੀਨ ਬਕਾਇਆ ਰਾਸ਼ੀ ਦੀ ਰਕਮ ਹੈ। ਸਾਲ 2020-21 ਅਤੇ 2021-2024 ਦੌਰਾਨ, ਇਸ ਨੂੰ ਜੀ ਐਸ ਟੀ ਮੁਆਵਜ਼ੇ ਦੀ ਕਮੀ ਦੇ ਬਦਲੇ ਭਾਰਤ ਸਰਕਾਰ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ (₹ 8,359 ਕਰੋੜ + ₹ 12,132.41ਕਰੋੜ) ਨੂੰ ਬੈਕ-ਟੂ-ਬੈਕ ਕਰਜ਼ੇ ਵਜੋਂ ਬਾਹਰ ਰੱਖਿਆ, ਜੋ ਰਾਜ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

€ *ਪਰਿਪੱਕਤਾ ਪ੍ਰੋਫਾਈਲ ਸਾਲਾਂ ਦੌਰਾਨ ਜਨਤਕ ਕਰਜ਼ੇ ਦੇ ਪ੍ਰਿੰਸੀਪਲ ਦੇ ਛੁਟਕਾਰੇ ਦੇ ਦਬਾਅ ਨੂੰ ਦਰਸਾਉਂਦੀ ਹੈ।*

$ *ਵਿਆਜ ਦੀ ਪ੍ਰਭਾਵੀ ਦਰ- ਵਿਆਜ ਭੁਗਤਾਨ/ [(ਕਰਜ਼ੇ ਦਾ ਮੁਢਲਾ ਬਕਾਇਆ + ਕਰਜ਼ੇ ਦਾ ਅੰਤਿਮ ਬਕਾਇਆ)/2] * 100 ਗੈਰ-ਵਿਆਜ ਵਾਲੇ ਕਰਜ਼ਿਆਂ, ਰਿਜ਼ਰਵ ਫੰਡਾਂ ਅਤੇ ਜਮ੍ਹਾ ਰਾਸ਼ੀ ਨੂੰ ਛੱਡ ਕੇ ਕਰਜ਼ੇ ਦਾ ਮੁਢਲਾ ਅਤੇ ਅੰਤਿਮ ਬਕਾਇਆ।*

@ *ਪ੍ਰਾਇਮਰੀ ਰੈਵੀਨਿਊ ਬਕਾਇਆ (ਪੀ ਆਰ ਬੀ) = ਰੈਵੀਨਿਊ ਪ੍ਰਾਪਤੀਆਂ- ਰੈਵੇਨਿਊ ਖਰਚ (ਵਿਅਜ ਭੁਗਤਾਨਾਂ ਦਾ ਨਿਰੋਲ), ਜਿੱਥੇ (-) ਪੀ ਆਰ ਬੀ ਦਾ ਮਤਲਬ ਪ੍ਰਾਇਮਰੀ ਰੈਵੀਨਿਊ ਘਾਟਾ ਅਤੇ ਇਸਦੇ ਉਲਟ ।*

\# *ਪ੍ਰਾਇਮਰੀ ਬਕਾਇਆ (ਪੀ ਬੀ) = ਕੁੱਲ ਪ੍ਰਾਪਤੀਆਂ (ਕਰਜ਼ਿਆਂ ਦਾ ਨਿਰੋਲ)- ਕੁੱਲ ਖਰਚ (ਵਿਅਜ ਭੁਗਤਾਨਾਂ ਦਾ ਨਿਰੋਲ), ਜਿੱਥੇ (-) ਪੀ ਬੀ ਦਾ ਮਤਲਬ ਪ੍ਰਾਇਮਰੀ ਘਾਟਾ ਅਤੇ ਇਸਦੇ ਉਲਟ।*

¥ *ਵਿਆਜ ਪ੍ਰਾਪਤੀਆਂ ਦੀ ਪ੍ਰਭਾਵੀ ਦਰ = ਵਿਆਜ ਪ੍ਰਾਪਤੀਆਂ/ [(ਬਕਾਇਆ ਕਰਜ਼ਿਆਂ ਅਤੇ ਵੰਡੀਆਂ ਗਈਆਂ ਪੇਸ਼ਗੀਆਂ ਦਾ ਮੁਢਲਾ ਬਕਾਇਆ + ਬਕਾਇਆ ਕਰਜ਼ਿਆਂ ਅਤੇ ਵੰਡੀਆਂ ਗਈਆਂ ਪੇਸ਼ਗੀਆਂ ਦਾ ਅੰਤਿਮ ਬਕਾਇਆ) /2] *100*

β *ਲੀਕਵਿਡਿਟੀ ਪ੍ਰਬੰਧਨ: ਐਸ ਡੀ ਐਫ, ਡਬਲਯੂ ਐਮ ਏ ਅਤੇ ਓ ਡੀ ਦੇ ਵਿਰੁੱਧ ਪ੍ਰਾਪਤ ਕੀਤੀ ਰਾਸ਼ੀ, ਪੈਰੈਂਟੇਸਿਸ ਦੇ ਅੰਕੜੇ ਦਰਸਾਉਂਦੇ ਹਨ ਕਿ ਰਾਜ ਸਰਕਾਰ ਨੇ ਐਸ ਡੀ ਐਫ, ਡਬਲਯੂ ਏ ਅਤੇ ਓ ਡੀ ਦਾ ਸਹਾਰਾ ਲੈਣ ਵਾਲੇ ਮੌਕਿਆਂ ਦੀ ਗਿਣਤੀ ਕਿੰਨੀ ਹੈ।*

α *ਕੁਆਂਟਮ ਸਪ੍ਰੈਡ = (ਵਿਆਜ ਸਪ੍ਰੈਡ* ਗੈਰ-ਵਿਆਜ ਵਾਲੇ ਕਰਜ਼ਿਆਂ, ਰਿਜ਼ਰਵ ਫੰਡਾਂ ਅਤੇ ਜਮ੍ਹਾਂ ਰਾਸ਼ੀ ਨੂੰ ਛੱਡ ਕੇ ਕਰਜ਼ਾ)/100, ਜਿੱਥੇ ਵਿਆਜ ਸਪ੍ਰੈਡ = ਜੀ ਐਸ ਡੀ ਪੀ (ਨਾਮਾਤਰ ਵਾਧਾ)- ਸਮੁੱਚੀ ਦੇਣਦਾਰੀ ਤੇ ਵਿਆਜ ਦੀ ਪ੍ਰਭਾਵੀ ਦਰ।*

ਚਾਰਟ 2.23: ਕਰਜ਼ਾ ਸਸਟੇਨੇਬਿਲਟੀ ਸੂਚਕਾਂ ਦੇ ਰੁਝਾਨ



ਸ੍ਰੋਤ: ਵਿੱਤ ਲੇਖੇ

ਨੋਟ: 2020-21 ਅਤੇ 2021-2024 ਦੌਰਾਨ, ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 20,491 ਕਰੋੜ (₹ 8,359 ਕਰੋੜ + ₹ 12,432 ਕਰੋੜ) ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।

- ਕਰਜ਼ਾ-ਜੀ ਐਸ ਡੀ ਪੀ ਅਨੁਪਾਤ ਰਾਜ ਦੇ ਵਿੱਤੀ ਲਾਭ ਨੂੰ ਮਾਪਦਾ ਹੈ ਭਾਵ ਆਪਣੇ ਕਰਜ਼ੇ ਨੂੰ ਵਾਪਸ ਕਰਨ ਦੀ ਸਮਰੱਥਾ ਨੂੰ ਮਾਪਦਾ ਹੈ। ਕਰਜ਼ਾ-ਜੀ ਐਸ ਡੀ ਪੀ ਅਨੁਪਾਤ ਦਾ ਘੱਟ ਮੁੱਲ ਦਰਸਾਉਂਦਾ ਹੈ ਕਿ ਰਾਜ ਦੀ ਆਰਥਿਕਤਾ ਬਿਨਾਂ ਕਿਸੇ ਹੋਰ ਕਰਜ਼ੇ ਚੁਕਾਏ ਬਿਨਾਂ ਕਰਜ਼ੇ ਦੀ ਅਦਾਇਗੀ ਕਰਨ ਲਈ ਜੀਵੰਤ ਹੈ। **ਚਾਰਟ 2.23** ਦਰਸਾਉਂਦਾ ਹੈ ਕਿ 2019-2024 ਦੀ ਮਿਆਦ ਦੌਰਾਨ ਕੁੱਲ ਦੇਣਦਾਰੀ ਅਤੇ ਜੀ ਐਸ ਡੀ ਪੀ ਦੇ ਅਨੁਪਾਤ ਵਜੋਂ ਰਾਜ ਦੇ ਕਰਜ਼ੇ ਦਾ ਬੋਝ ਔਸਤਨ 41 *ਪ੍ਰਤੀਸ਼ਤ* ਤੋਂ ਵੱਧ ਰਿਹਾ, ਭਾਵੇਂ ਮਹਾਂਮਾਰੀ ਸਾਲ (2020-21) ਨੂੰ ਇੱਕ ਅਪਵਾਦ ਸਾਲ ਮੰਨਿਆ ਗਿਆ। ਮਹਾਂਮਾਰੀ ਤੋਂ ਬਾਅਦ ਦੇ ਸਾਲ (2021-22) ਨੂੰ ਛੱਡ ਕੇ ਰਾਜ ਦੀਆਂ ਕੁੱਲ ਦੇਣਦਾਰੀ ਜੀ ਐਸ ਡੀ ਪੀ ਦੇ ਨਾਮਾਤਰ ਵਾਧੇ ਨਾਲੋਂ ਤੇਜ਼ ਰਫ਼ਤਾਰ ਨਾਲ ਵਧਦੀਆਂ ਰਹੀਆਂ, ਜਦੋਂ ਰਾਜ ਨੇ ਘੱਟ ਆਧਾਰ ਪ੍ਰਭਾਵ ਕਾਰਨ 2020-21 ਦੇ ਮੁਕਾਬਲੇ 16.06 *ਪ੍ਰਤੀਸ਼ਤ* ਦੀ ਉੱਚ ਮਾਮੂਲੀ ਵਾਧਾ ਦਰਜ ਕੀਤਾ। ਇਸ ਤੋਂ ਬਾਅਦ ਲਗਾਤਾਰ ਵਾਧੇ ਤੋਂ ਬਾਅਦ ਜੀ ਐਸ ਡੀ ਪੀ ਦੀਆਂ ਕੁੱਲ ਦੇਣਦਾਰੀਆਂ 2023-24 ਵਿੱਚ 43.72 *ਪ੍ਰਤੀਸ਼ਤ* ਤੱਕ ਪਹੁੰਚ ਗਈਆਂ। ਇਸ ਤਰ੍ਹਾਂ, 2019-2024 ਦੌਰਾਨ ਜੀ ਐਸ ਡੀ ਪੀ ਅਨੁਪਾਤ ਦੇ ਮੁਕਾਬਲੇ ਕਰਜ਼ਾ ਕਾਫੀ ਵੱਧ ਸੀ ਜੋ ਦਰਸਾਉਂਦਾ ਹੈ ਕਿ ਰਾਜ ਦਾ ਸਮੁੱਚਾ ਦੇਣਦਾਰੀ ਬੋਝ ਇਸਦੇ ਆਰਥਿਕ ਉਤਪਾਦਨ ਦੇ ਮੁਕਾਬਲੇ ਕਾਫੀ ਹੈ ਅਤੇ ਵਿੱਤੀ ਕਮਜ਼ੋਰੀ ਅਤੇ ਘੱਟ ਵਿੱਤੀ ਲਚਕਤਾ ਨੂੰ ਦਰਸਾਉਂਦਾ ਹੈ।

- ਸਾਲ 2023-24 ਦੌਰਾਨ ਸਮੁੱਚੀ ਦੇਣਦਾਰੀ ਤੋਂ ਇਲਾਵਾ (ਜਿਵੇਂ ਕਿ **ਸਾਰਣੀ 2.41** ਵਿੱਚ ਦਿਖਾਇਆ ਗਿਆ ਹੈ), ਰਾਜ ਸਰਕਾਰ ਨੇ 31 ਮਾਰਚ 2024 ਤੱਕ ₹ 4,092.78 ਕਰੋੜ ਦੇ ਬਜਟ ਤੋਂ ਬਾਹਰ ਦੇ ਕਰਜ਼ਿਆਂ ਦਾ ਵੀ ਸਹਾਰਾ ਲਿਆ, ਜਿੱਥੇ ਮੂਲ ਅਤੇ ਵਿਆਜ ਦੀ ਅਦਾਇਗੀ ਰਾਜ ਦੇ ਬਜਟ ਅਤੇ/ਜਾਂ ਰਾਜ ਦੇ ਰੈਵੀਨਿਊ ਰਾਹੀਂ ਕੀਤੀ ਜਾਣੀ ਸੀ। ਇਸ ਲਈ

ਰਾਜ ਸਰਕਾਰ ਦੀ ਅਸਲ ਸਮੁੱਚੀ ਦੇਣਦਾਰੀ ₹ 3,29,786.44 ਕਰੋੜ ਬਣਦੀ ਹੈ ਅਤੇ ਨਤੀਜੇ ਵਜੋਂ ਜੀ ਐਸ ਡੀ ਪੀ ਅਨੁਪਾਤ ਦੇ ਮੁਕਾਬਲੇ ਅਸਲ ਕੁੱਲ ਸਮੁੱਚੀ ਦੇਣਦਾਰੀ ਵੱਧ ਕੇ 44.27 *ਪ੍ਰਤੀਸ਼ਤ* ਹੋ ਜਾਂਦੀ, ਜਿਸ ਨਾਲ ਰਾਜ ਦਾ ਵਿੱਤੀ ਲਾਭ ਭਾਵ ਕਰਜ਼ਾ ਚੁਕਾਉਣ ਦੀ ਸਮਰੱਥਾ ਵਿਗੜ ਜਾਂਦੀ।

- ਕਰਜ਼ਾ ਸਥਿਰਤਾ ਦੀ ਸਥਿਤੀ ਦੱਸਦੀ ਹੈ ਕਿ ਜੇ ਪ੍ਰਾਇਮਰੀ ਬਕਾਏ ਦੇ ਨਾਲ ਮਿਲ ਕੇ ਮਾਤਰਾ ਜ਼ੀਰੋ ਹੈ ਤਾਂ ਕਰਜ਼ਾ-ਜੀ ਐਸ ਡੀ ਪੀ ਅਨੁਪਾਤ ਸਥਿਰ ਰਹੇਗਾ, ਜਾਂ ਕਰਜ਼ਾ ਆਖਰਕਾਰ ਸਥਿਰ ਹੋ ਜਾਵੇਗਾ, ਦੂਜੇ ਪਾਸੇ, ਜੇ ਕੁਆਂਟਮ ਸਪ੍ਰੈਡ ਦੇ ਨਾਲ ਪ੍ਰਾਇਮਰੀ ਬਕਾਇਆ ਨਕਾਰਾਤਮਕ ਨਿਕਲਦਾ ਹੈ, ਤਾਂ ਕਰਜ਼ਾ- ਜੀ ਐਸ ਡੀ ਪੀ ਅਨੁਪਾਤ ਵਧੇਗਾ ਅਤੇ ਇਹ ਸਕਾਰਾਤਮਕ ਹੁੰਦਾ ਹੈ, ਤਾਂ ਕਰਜ਼ਾ-ਜੀ ਐਸ ਡੀ ਪੀ ਅਨੁਪਾਤ ਆਖਰਕਾਰ ਘਟ ਜਾਵੇਗਾ। **ਸਾਰਣੀ 2.41** ਦਰਸਾਉਂਦੀ ਹੈ ਕਿ ਸਾਲ 2019-20, 2020-21, 2022-23 ਅਤੇ 2023-24 ਦੌਰਾਨ ਕਰਜ਼ਾ ਸਥਿਰਤਾ ਨਕਾਰਾਤਮਕ ਰਹੀ ਸੀ ਅਤੇ ਨਤੀਜੇ ਵਜੋਂ ਕਰਜ਼ਾ-ਜੀ ਐਸ ਡੀ ਪੀ ਅਨੁਪਾਤ ਵਧਿਆ, ਜਿਸ ਨਾਲ ਇਨ੍ਹਾਂ ਚਾਰ ਸਾਲਾਂ ਦੌਰਾਨ ਕਰਜ਼ਾ ਅਸਥਿਰ ਹੋ ਗਿਆ।
- ਪ੍ਰਾਇਮਰੀ ਰੈਵੀਨਿਊ ਬਕਾਇਆ (ਪੀ ਆਰ ਬੀ) ਸਰਪਲੱਸ ਵਿੱਚ ਹੋਣਾ ਚਾਹੀਦਾ ਹੈ ਅਤੇ ਵਿਆਜ ਭੁਗਤਾਨਾਂ ਨੂੰ ਪੂਰਾ ਕਰਨ ਲਈ ਕਾਫੀ ਹੋਣਾ ਚਾਹੀਦਾ ਹੈ। ਹਾਲਾਂਕਿ 2019-2022 ਦੀ ਮਿਆਦ ਦੌਰਾਨ, ਪੀ ਆਰ ਬੀ ਸਰਪਲੱਸ ਵਿੱਚ ਸੀ, ਪਰ ਇਹ ਵਿਆਜ ਭੁਗਤਾਨ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਸੀ। ਇਸ ਤੋਂ ਇਲਾਵਾ, ਸਰਪਲੱਸ ਪੀ ਆਰ ਬੀ ਸਾਲ 2020-21 ਬਾਅਦ ਘਟਦਾ ਰਿਹਾ ਅਤੇ ਆਖਰਕਾਰ 2022-23 ਅਤੇ 2023-24 ਦੇ ਸਾਲਾਂ ਦੌਰਾਨ ਘਾਟਾ ਬਣ ਗਿਆ, ਜੋ ਦਰਸਾਉਂਦਾ ਹੈ ਕਿ ਕਰਜ਼ਾ ਟਿਕਾਊ ਪਾਥ ਤੇ ਨਹੀਂ ਸੀ।
- ਜੀ ਐਸ ਡੀ ਪੀ ਦੇ ਪ੍ਰਤੀਸ਼ਤ ਦੇ ਅਨੁਸਾਰ ਵਿਆਜ ਅਦਾਇਗੀ (ਆਈ ਪੀ), ਰੈਵੀਨਿਊ ਪ੍ਰਾਪਤੀਆਂ ਦੇ ਨਾਲ-ਨਾਲ ਰੈਵੀਨਿਊ ਖਰਚ ਸਮੇਂ ਦੇ ਨਾਲ ਘਟਣਾ ਚਾਹੀਦਾ ਹੈ ਤਾਂ ਜੋ ਹੋਰ ਉਤਪਾਦਕ ਉਦੇਸ਼ਾਂ ਲਈ ਵਧੇਰੇ ਸ੍ਰੋਤ ਬਚਣ ਇਨ੍ਹਾਂ ਆਈ ਪੀ ਅਨੁਪਾਤ ਵਿੱਚ ਗਿਰਾਵਟ ਦਾ ਰੁਝਾਨ ਟਿਕਾਊ ਕਰਜ਼ੇ ਦਾ ਸੰਕੇਤ ਹੈ ਜਦੋਂ ਕਿ ਵਧਦਾ ਰੁਝਾਨ ਇੱਕ ਅਸਥਿਰ ਕਰਜ਼ੇ ਨੂੰ ਦਰਸਾਉਂਦਾ ਹੈ। ਹਾਲਾਂਕਿ ਜੀ ਐਸ ਡੀ ਪੀ ਦੇ ਮੁਕਾਬਲੇ ਆਈ ਪੀ ਦਾ ਅਨੁਪਾਤ, ਰੈਵੀਨਿਊ ਪ੍ਰਾਪਤੀਆਂ ਅਤੇ ਰੈਵੀਨਿਊ ਖਰਚ 2019-20 ਵਿੱਚ ਕ੍ਰਮਵਾਰ 3.27 *ਪ੍ਰਤੀਸ਼ਤ*, 28.53 *ਪ੍ਰਤੀਸ਼ਤ* ਅਤੇ 23.16 *ਪ੍ਰਤੀਸ਼ਤ* ਤੋਂ ਘਟ ਕੇ 2023-24 ਵਿੱਚ ਕ੍ਰਮਵਾਰ 3.03 *ਪ੍ਰਤੀਸ਼ਤ*, 25.28 *ਪ੍ਰਤੀਸ਼ਤ* ਅਤੇ 19.21 *ਪ੍ਰਤੀਸ਼ਤ* ਹੋ ਗਿਆ ਹੈ, ਪਰ ਇਹ ਅਜੇ ਵੀ ਕਾਫੀ ਉੱਚੇ ਹਨ ਅਤੇ ਹੋਰ ਉਦੇਸ਼ਾਂ ਲਈ ਹੋਰ ਰਹਿੰਦੇ ਸਰੋਤ ਅਤੇ ਕਰਜ਼ੇ ਨੂੰ ਟਿਕਾਊ ਬਣਾਉਣ ਲਈ ਹੋਰ ਗਿਰਾਵਟ ਦੀ ਲੋੜ ਹੈ।
- ਕਰਜ਼ਾ ਪ੍ਰਾਪਤੀਆਂ ਲਈ ਕਰਜ਼ਾ ਮੁੜ ਅਦਾਇਗੀਆਂ ਦੀ ਪ੍ਰਤੀਸ਼ਤਤਾ ਜਿੰਨੀ ਉਚੇਰੀ ਹੋਵੇਗੀ, ਕਰਜ਼ੇ ਦੇ ਓਨੇ ਹੀ ਵੱਡੇ ਅਨੁਪਾਤ ਦੀ ਵਰਤੋਂ, ਉਤਪਾਦਕਤਾ ਦੀ ਬਜਾਏ, ਕਰਜ਼ਾ

ਚੁਕਾਉਣ ਲਈ ਹੋਵੇਗੀ। ਉਧਾਰਾਂ ਦੀ ਮੁੜ ਅਦਾਇਗੀਆਂ ਦੀ ਰੇਸ਼ੋ (ਮੂਲ ਅਤੇ ਵਿਆਜ ਸਮੇਤ) 2019-2024 ਦੇ ਸਮੇਂ ਦੌਰਾਨ 88 *ਪ੍ਰਤੀਸ਼ਤ* ਅਤੇ 117 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ ਜਿਸ ਦਾ ਮਤਲਬ ਹੈ ਕਿ ਉਧਾਰਾਂ ਦੀ ਵਰਤੋਂ ਮੁੜ ਅਦਾਇਗੀ ਲਈ ਕੀਤੀ ਜਾਂਦੀ ਸੀ, ਜਿਸ ਨਾਲ ਉਤਪਾਦਕ ਤੌਰ ਤੇ ਵਰਤੋਂ ਲਈ ਸੰਭਾਵਨਾ ਘੱਟ ਗਈ ਸੀ।

- ਪਰਿਪੱਕਤਾ ਪ੍ਰੋਫਾਈਲ ਰਾਜ ਦੇ ਕਰਜ਼ੇ ਤੇ ਛੁਟਕਾਰੇ ਦੇ ਬੋਝ ਨੂੰ ਕੈਪਚਰ ਕਰਦੀ ਹੈ; ਉੱਚ ਪਰਿਪੱਕਤਾ ਦਾ ਮਤਲਬ ਹੈ ਭਵਿੱਖ ਵਿੱਚ ਘੱਟ ਮੁਕਤੀ ਦਾ ਬੋਝ। ਮਾਰਚ 2024 ਤੱਕ, ਜਨਤਕ ਕਰਜ਼ੇ ਲਈ ₹ 2,85,549.86 ਕਰੋੜ ਦੀ ਰਾਸ਼ੀ ਵਾਪਸ ਕੀਤੀ ਗਈ ਸੀ। ਇਸ ਅਨੁਸਾਰ, ਸੂਬਾ ਸਰਕਾਰ ਨੂੰ ਅਗਲੇ ਪੰਜ ਸਾਲਾਂ ਵਿੱਚ 28.77 *ਪ੍ਰਤੀਸ਼ਤ* ਅਤੇ 5-10 ਸਾਲਾਂ ਦੇ ਵਿਚਕਾਰ 26.10 *ਪ੍ਰਤੀਸ਼ਤ* ਭੁਗਤਾਨ ਕਰਨਾ ਹੈ। ਇਸ ਤਰ੍ਹਾਂ, ਰਾਜ ਨੂੰ ਅਗਲੇ ਦਸ ਸਾਲਾਂ ਵਿੱਚ ਆਪਣੇ ਬਕਾਇਆ ਜਨਤਕ ਕਰਜ਼ੇ ਦਾ 54.87 *ਪ੍ਰਤੀਸ਼ਤ* ਵਾਪਸ ਕਰਨਾ ਪਵੇਗਾ, ਜਿਸ ਨਾਲ ਭਵਿੱਖ ਵਿੱਚ ਵਧੇਰੇ ਰਿਡੈਮਪਸ਼ਨ ਬੋਝ ਦਿਖਾਈ ਦੇਵੇਗਾ।

- ਕਿਸੇ ਰਾਜ ਨੇ ਥੋੜ੍ਹੇ ਸਮੇਂ ਲਈ ਫੰਡਿੰਗ ਦੇ ਗੈਪ ਦਾ ਪ੍ਰਬੰਧਨ ਕਰਨ ਲਈ ਵਿਸ਼ੇਸ਼ ਡਰਾਇੰਗ ਸੁਵਿਧਾ (ਐਸ ਡੀ ਐਫ), ਵੇਜ਼ ਐਂਡ ਮੀਨਜ਼ ਐਡਵਾਂਸ (ਡਬਲਯੂ ਐਮ ਏ), ਕਮੀ ਅਤੇ ਓਵਰਡਰਾਫਟ (ਓ ਡੀ) ਸਹੂਲਤ ਦਾ ਸਹਾਰਾ ਲੈਣ ਵਾਲੇ ਮੌਕਿਆਂ ਦੀ ਗਿਣਤੀ ਉਨ੍ਹਾਂ ਦੀ ਲਿਕੁਡਿਟੀ ਦੀ ਸਥਿਤੀ ਦਰਸਾਉਂਦੀ ਹੈ। ਵੱਡੀ ਮਾਤਰਾ ਵਿੱਚ ਡਬਲਯੂ ਐਮ ਏ ਅਤੇ ਓਵਰਡਰਾਫਟ ਸੁਵਿਧਾ ਦੀ ਟਿਕਾਊ ਵਰਤੋਂ ਮਾੜੀ ਲਿਕੁਡਿਟੀ ਪ੍ਰਬੰਧਨ ਨੂੰ ਦਰਸਾਉਂਦੀ ਹੈ, ਜੋ ਮਾੜੇ ਵਿੱਤੀ ਪ੍ਰਬੰਧਨ ਦੀ ਗਰੰਟੀ ਦਿੰਦੀ ਹੈ ਅਤੇ ਥੋੜ੍ਹੀ ਮਿਆਦ ਦੇ ਕਰਜ਼ੇ ਦੀ ਸਥਿਰਤਾ ਵਿੱਚ ਰੁਕਾਵਟ ਬਣਦੀ ਹੈ। **ਸਾਰਣੀ 2.41** ਦਰਸਾਉਂਦੀ ਹੈ ਕਿ ਰਾਜ ਸਰਕਾਰ ਨੇ ਪੰਜ-ਸਾਲਾਂ ਦੀ ਮਿਆਦ[29] ਦੌਰਾਨ ₹ 21,309 ਕਰੋੜ (101 ਮੌਕਿਆਂ) ਅਤੇ ₹ 59,751 ਕਰੋੜ (188 ਮੌਕਿਆਂ) ਦੇ ਵਿਚਕਾਜ ਡਬਲਯੂ ਐਮ ਏ ਅਤੇ ਓ ਡੀ ਸਹੂਲਤਾਂ ਦਾ ਸਹਾਰਾ ਲਿਆ, ਜੋ ਮਾੜੇ ਲਿਕੁਡਿਟੀ ਪ੍ਰਬੰਧਨ ਨੂੰ ਦਰਸਾਉਂਦਾ ਹੈ।

- ਕਰਜ਼ਾ ਸਥਿਰਤਾ ਵਿਸ਼ਲੇਸ਼ਣ ਦੇ ਡੋਮਾਰ ਮਾਡਲ ਵਿੱਚ ਕਿਹਾ ਗਿਆ ਹੈ ਕਿ ਜਨਤਕ ਕਰਜ਼ੇ ਦੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਅਧਾਰ ਇਹ ਹੈ ਕਿ ਸਰਕਾਰੀ ਕਰਜ਼ਿਆਂ ਲਈ ਵਿਆਜ ਦਰਾਂ ਜੀ ਡੀ ਪੀ ਦੀ ਵਿਕਾਸ ਦਰ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ। ਜਿਵੇਂ ਕਿ **ਸਾਰਣੀ 2.41** ਵਿੱਚ ਦਿਖਾਇਆ ਗਿਆ ਹੈ, ਵਿਸ਼ਾ ਮਿਆਦ ਦੇ ਸ਼ੁਰੂਆਤੀ ਸਾਲ ਭਾਵ 2019-20 ਲਈ, ਰਾਜ ਕੋਲ ਪ੍ਰਾਇਮਰੀ ਸਰਪਲੱਸ ਸੀ ਅਤੇ ਵਿਕਾਸ ਵਿਆਜ ਅੰਤਰ (ਜੀ-ਆਰ > 0 ਵਜੋਂ ਦਰਸਾਇਆ ਗਿਆ) ਵੀ ਸਕਾਰਾਤਮਕ ਰਿਹਾ, ਜਿਸ ਨੇ ਡੋਮਾਰ ਮਾਡਲ ਅਨੁਸਾਰ ਕਰਜ਼ੇ ਦੀ ਸਥਿਰਤਾ ਦਾ ਸਮਰਥਨ ਕੀਤਾ। ਹਾਲਾਂਕਿ, ਸਾਲ 2020-21 ਦੌਰਾਨ, ਪ੍ਰਾਇਮਰੀ ਸੰਤੁਲਨ ਘਾਟੇ ਵਿੱਚ ਬਦਲ ਗਿਆ ਅਤੇ ਵਿਕਾਸ ਵਿਆਜ ਦਾ ਅੰਤਰ ਵੀ ਨਕਾਰਾਤਮਕ ਰਿਹਾ, ਜੋ ਦਰਸਾਉਂਦਾ ਹੈ ਕਿ ਕਰਜ਼ਾ ਬਿਨਾਂ ਕਿਸੇ ਸੀਮਾਂ ਦੇ ਵਧੇਗਾ ਅਤੇ

29 2021-22 ਨੂੰ ਛੱਡ ਕੇ, ਜਦੋਂ ਰਾਜ ਨੇ 10 ਮੌਕਿਆਂ ਤੇ ₹ 2,006 ਕਰੋੜ ਦੀ ਵਿਸ਼ੇਸ਼ ਡਰਾਇੰਗ ਸਹੂਲਤ ਦਾ ਸਹਾਰਾ ਲਿਆ।

ਅਸਥਿਰ ਹੋ ਜਾਵੇਗਾ। ਇਸ ਤੋਂ ਇਲਾਵਾ, ਸਾਲ 2021-22, 2022-23 ਅਤੇ 2023-24 ਦੌਰਾਨ ਹਾਲਾਂਕਿ ਅੰਤਰ ਸਕਾਰਾਤਮਕ ਸੀ, ਇਨ੍ਹਾਂ ਸਾਲਾਂ ਦੌਰਾਨ ਮੁੱਢਲਾ ਘਾਟਾ ਸੀ। ਇਸ ਲਈ, 2021-22, 2022-23 ਅਤੇ 2023-24 ਵਿੱਚ ਡੋਮਾਰ ਗੈਪ ਨੂੰ ਵੇਖ ਕੇ ਮਜ਼ਬੂਤ ਆਰਥਿਕ ਵਿਕਾਸ (ਜੀ-ਆਰ > 0 ਵਜੋਂ ਦਰਸਾਇਆ ਗਿਆ) ਦੇ ਰੁਝਾਨਾਂ ਨੂੰ ਆਮ ਨਹੀਂ ਕੀਤਾ ਜਾ ਸਕਦਾ। 2022-2024 ਦੌਰਾਨ ਅਨੁਕੂਲ ਜੀ ਆਈ ਡੀ ਨਿਰੰਤਰ ਪ੍ਰਾਇਮਰੀ ਘਾਟੇ ਦੇ ਪ੍ਰਭਾਵ ਦੀ ਪੂਰਤੀ ਲਈ ਕਾਫੀ ਨਹੀਂ ਸੀ, ਜਿਸ ਨਾਲ ਇਨ੍ਹਾਂ ਸਾਲਾਂ ਦੌਰਾਨ ਕਰਜ਼ੇ ਜੀ ਐਸ ਡੀ ਪੀ ਵਿੱਚ ਵਾਧੇ ਨੂੰ ਰੋਕਿਆ ਗਿਆ। ਇਸ ਤੋਂ ਇਲਾਵਾ, ਜਨਤਕ ਕਰਜ਼ ਪ੍ਰਾਪਤੀਆਂ ਦਾ ਕਾਫੀ ਹਿੱਸਾ ਕਰਜ਼ਿਆਂ ਦੀ ਅਦਾਇਗੀ ਲਈ ਵਰਤਿਆਂ ਜਾ ਰਿਹਾ ਸੀ, ਜੋ ਕਿ 2019-2024 ਦੀ ਮਿਆਦ ਦੌਰਾਨ 87.94 *ਪ੍ਰਤੀਸ਼ਤ* ਤੋਂ 117.01 *ਪ੍ਰਤੀਸ਼ਤ* ਦੇ ਵਿਚਕਾਰ ਸੀ, ਜਿਸ ਦਾ ਮਤਲਬ ਇਹ ਹੈ ਕਿ ਆਰਥਿਕ ਵਿਕਾਸ ਕਰਜ਼ੇ ਦੀ ਅਦਾਇਗੀ ਲਈ ਕਾਫੀ ਮਜ਼ਬੂਤ ਨਹੀਂ ਹੈ। ਇਸ ਤਰ੍ਹਾਂ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿਰਫ ਆਰਥਿਕ ਵਿਕਾਸ ਤੇ ਨਿਰਭਰ ਕਰਨਾ (2021-2024 ਤੋਂ ਜੀ-ਆਰ > 0 ਵਜੋਂ ਦਰਸਾਇਆ ਗਿਆ) ਰਾਜ ਦੀਆ ਕਰਜ਼ੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹੋਵੇਗਾ। ਸਮੁੱਚੀ ਦੇਣਦਾਰੀ ਵਿੱਚ ਸਾਲਾਨਾ ਵਾਧਾ, ਜੋ ਸਧਾਰਨ ਵਾਧੇ ਤੋਂ ਵੱਧ ਸੀ, ਜਿਸ ਨਾਲ ਕਰਜ਼ਾ- ਜੀ ਐਸ ਡੀ ਪੀ ਅਨੁਪਾਤ ਨੂੰ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰਾਂ ਤੇ ਪਹੁੰਚਣ ਤੋਂ ਰੋਕਿਆ ਗਿਆ।

(ਅ) ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੇ ਮੁਕਾਬਲੇ ਪ੍ਰਾਪਤੀਆਂ ਦੇ ਵੇਰਵੇ **ਸਾਰਣੀ 2.42** ਵਿੱਚ ਦਿਖਾਏ ਗਏ ਹਨ:

ਸਾਰਣੀ 2.42: ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੇ ਮੁਕਾਬਲੇ ਪ੍ਰਾਪਤੀਆਂ

ਵਿੱਤੀ ਮਾਪਦੰਡ		ਐਫ ਸੀ ਆਰ ਵਿੱਚ ਨਿਰਧਾਰਤ ਟੀਚਿਆਂ ਦੇ ਮੁਕਾਬਲੇ ਪ੍ਰਾਪਤੀ				
		2019-20	2020-21	2021-22	2022-23	2023-24
ਜੀ ਐਸ ਡੀ ਪੀ ਤੋਂ ਰੈਵੀਨਿਊ ਘਾਟਾ (-)/ ਵਾਧਾ (+) (*ਪ੍ਰਤੀਸ਼ਤ* ਵਿੱਚ)	ਟੀ	(-)2.02	(-)1.20	(-)1.42	(-)1.99	(-)3.52
	ਏ	(-)2.66	(-)3.20	(-)2.94	(-)3.82	(-)3.79
ਜੀ ਐਸ ਡੀ ਪੀ ਤੋਂ ਵਿੱਤੀ ਘਾਟਾ (-)/ ਵਾਧਾ (+) (*ਪ੍ਰਤੀਸ਼ਤ* ਵਿੱਚ)	ਟੀ ^	(-)3.40	(-)2.92	(-)3.99	(-)3.78	(-)4.98
	ਏ	(-)3.13	(-)4.18	(-)4.44	(-)4.98	(-)4.45
ਕੁੱਲ ਬਕਾਇਆ ਦੇਣਦਾਰੀਆਂ ਦਾ ਜੀ ਐਸ ਡੀ ਪੀ ਦਾ ਅਨੁਪਾਤ (*ਪ੍ਰਤੀਸ਼ਤ* ਵਿੱਚ)	ਟੀ	39.74	38.53	45.05	45.23	46.81
	ਏ *	42.71	46.16	41.62	43.12	43.72
ਪਿਛਲੇ ਸਾਲ ਦੀਆਂ ਮਾਲੀਆਂ ਪ੍ਰਾਪਤੀਆਂ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਗਾਰੰਟੀ	ਟੀ	80	80	80	80	80
	ਏ	40.71	38.25	29.20	25.85	25.90

ਸ੍ਰੋਤ: ਸਾਲ 2019-20 ਤੋਂ 2023-24 ਲਈ ਸਾਲਾਨਾ ਵਿੱਤੀ ਵਿਵਰਣੀਆਂ *ਟੀ: ਟੀਚਾ; ਏ: ਪ੍ਰਾਪਤੀ*

** ਸਾਲ 2020-21 ਅਤੇ 2021-2024 ਦੇ ਦੌਰਾਨ, ਇਹ ਜੀ ਓ ਆਈ ਤੋਂ ਪ੍ਰਾਪਤ ਜੀ ਐਸ ਟੀ ਮੁਆਵਜੇ ਦੀ ਕਮੀ ਬਦਲੇ ਕ੍ਰਮਵਾਰ ₹ 8,359 ਕਰੋੜ ਅਤੇ ₹ 20,491.41 ਕਰੋੜ (₹ 8,359 ਕਰੋੜ+ ₹ 12,132.41 ਕਰੋੜ) ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ ਜਿਸਨੂੰ ਦਿਸ਼ਾ ਨਿਰਦੇਸ਼ਾਂ (ਅਗਸਤ 2020) ਅਨੁਸਾਰ ਕਿਸੇ ਵੀ ਮਾਪਦੰਡ ਲਈ ਰਾਜ ਦੇ ਕਰਜ਼ੇ ਵਜੋਂ ਨਹੀਂ ਲਿਆ ਗਿਆ ਹੈ।*

^ ਸਾਰਣੀ 1.4 (ਓ) ਵਿੱਚ ਦਿੱਤੇ ਅਨੁਸਾਰ ਸਬੰਧਤ ਸਾਲਾਂ ਦੌਰਾਨ ਐਫ ਆਰ ਬੀ ਐਮ ਸੋਧਾਂ ਤੇ ਵਿਚਾਰ ਕੀਤੇ ਬਿਨਾਂ ਸਾਲਾਨਾ ਵਿੱਤੀ ਵਿਵਰਣੀ ਤੋਂ ਲਿਆ ਗਿਆ।

ਸਾਲ 2019-2024 ਦੀ ਮਿਆਦ ਦੌਰਾਨ, ਰੈਵੀਨਿਊ ਘਾਟਾ-ਜੀ ਐਸ ਡੀ ਪੀ ਦਾ ਅਨੁਪਾਤ 2.66 ਤੋਂ ਵੱਧ ਕੇ 3.79, ਵਿੱਤੀ ਘਾਟਾ-ਜੀ ਐਸ ਡੀ ਪੀ 3.13 ਤੋਂ 4.45 ਅਤੇ ਬਕਾਇਆ ਦੇਣਦਾਰੀ-ਜੀ ਐਸ ਡੀ ਪੀ 42.71 ਤੋਂ 43.72 ਹੋ ਗਿਆ। ਰਾਜ ਨੇ ਸਾਲ 2019-20 ਅਤੇ 2020-21 ਵਿੱਚ ਐਫ ਆਰ ਵੀ ਐਮ ਐਕਟ ਅਧੀਨ ਰਾਜ ਐਫ ਸੀ ਆਰ ਵਿੱਚ ਪ੍ਰਦਾਨ ਕੀਤੀ ਕੁੱਲ ਬਕਾਇਆ ਕਰਜ਼ਾ ਜੀ ਐਸ ਡੀ ਪੀ ਅਨੁਪਾਤ ਦੀ ਸੀਮਾ ਦੀ ਉਲੰਘਣਾ ਕੀਤੀ, ਹਾਲਾਂਕਿ ਇਹ 2021-22 ਤੋਂ 2023-24 ਦੌਰਾਨ ਸੀਮਾਂ ਦੇ ਅੰਦਰ ਰਿਹਾ। 31 ਮਾਰਚ 2024 ਤੱਕ ਰਾਜ ਵੱਲੋਂ ਲਏ ਗਏ ₹ 4,093 ਕਰੋੜ ਦੇ ਬਜਟ ਤੋਂ ਬਾਹਰ ਦੇ ਕਰਜ਼ਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਿਵੇਂ ਕਿ ਇਸ ਪੈਰ੍ਹਾ ਦੇ ਭਾਗ-ਏ ਵਿੱਚ ਚਰਚਾ ਕੀਤੀ ਗਈ ਹੈ, ਜੀ ਐਸ ਡੀ ਪੀ ਅਨੁਪਾਤ ਲਈ ਅਸਲ ਸਮੁੱਚੀ ਦੇਣਦਾਰੀ 2023-24 ਦੌਰਾਨ ਵਧ ਕੇ 44.27 *ਪ੍ਰਤੀਸ਼ਤ* ਹੋ ਜਾਵੇਗੀ। ਸਰਕਾਰ 2019-20 ਤੋਂ 2023-24 ਦੌਰਾਨ ਕਿਸੇ ਵੀ ਸਾਲਾਂ ਵਿੱਚ ਆਰ ਡੀ-ਜੀ ਐਸ ਡੀ ਪੀ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਰਹੀ। ਇਹ 2020-2023 ਦੀ ਮਿਆਦ ਦੇ ਦੌਰਾਨ ਐਫ ਡੀ-ਜੀ ਐਸ ਡੀ ਪੀ ਨੂੰ ਵੀ ਸ਼ਾਮਲ ਕਰਨ ਦੇ ਯੋਗ ਨਹੀਂ ਸੀ। ਜੀ ਐਸ ਡੀ ਪੀ ਲਈ ਕੁੱਲ ਬਕਾਇਆ ਦੇਣਦਾਰੀ ਦਾ ਅਨੁਪਾਤ 2019-2021 ਦੀ ਮਿਆਦ ਦੇ ਦੌਰਾਨ ਟੀਚਿਆਂ ਦੇ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਿਆ ਪਰ 2021-2024 ਦੌਰਾਨ ਟੀਚਿਆਂ ਦੇ ਅੰਦਰ ਹੀ ਰਿਹਾ। ਹਾਲਾਂਕਿ, ਰਾਜ ਸਰਕਾਰ ਦੁਆਰਾ ਦਿੱਤੀਆਂ ਗਈਆਂ ਗਾਰੰਟੀਆਂ 2019-2024 ਦੌਰਾਨ ਐਫ ਆਰ ਬੀ ਐਮ ਐਕਟ ਵਿੱਚ ਨਿਰਧਾਰਤ ਸੀਮਾਵਾਂ ਦੇ ਅੰਦਰ ਸਨ।

ਇਸ ਤੋਂ ਇਲਾਵਾ, 2019-20 ਵਿੱਚ ਰੈਵੀਨਿਊ ਪ੍ਰਾਪਤੀਆਂ ਦੇ 85 *ਪ੍ਰਤੀਸ਼ਤ* ਤੋਂ 2023-24 ਵਿੱਚ 86 *ਪ੍ਰਤੀਸ਼ਤ* ਤੱਕ ਪ੍ਰਤੀਬੱਧ ਖਰਚਿਆਂ ਵਿੱਚ ਵਾਧਾ ਹੋਇਆ। ਇਹ ਲਾਗਤ ਲਗਭਗ 80 *ਪ੍ਰਤੀਸ਼ਤ* ਰਹੀ ਹੈ, ਇਸ ਤਰ੍ਹਾਂ ਕਰਜ਼ਿਆਂ ਸਮੇਤ ਹੋਰ ਉਦੇਸ਼ਾਂ ਲਈ ਰੈਵੀਨਿਊ ਸ੍ਰੋਤਾਂ ਦੀ ਸੀਮਤ ਉਪਲਬਧਤਾ ਨੂੰ ਦਰਸਾਉਂਦਾ ਹੈ।

ਪੰਜਾਬ ਸਰਕਾਰ ਨੇ (ਨਵੰਬਰ 2022) ਦੀ ਨੋਟੀਫਿਕੇਸ਼ਨ ਰਾਹੀਂ ਪੁਰਾਣੀ ਪੈਨਸ਼ਨ ਸਕੀਮ (ਓ ਪੀ ਐਸ) ਨੂੰ ਵਾਪਸ ਕਰਨ ਬਾਰੇ ਸੂਚਿਤ ਕੀਤਾ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਨੋਟੀਫਿਕੇਸ਼ਨ ਦੇ ਅਨੁਸਾਰ ਵਿਸਤ੍ਰਿਤ ਸਕੀਮ ਅਤੇ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ ਤੈਅ ਸਮੇਂ ਵਿੱਚ ਜਾਰੀ ਕੀਤੀਆਂ ਜਾਣਗੀਆਂ। ਰਾਜ ਦੇ ਕਰਜ਼ੇ ਦੀ ਸਥਿਰਤਾ ਦਾ ਮੁਲਾਂਕਣ ਕਰਦੇ ਸਮੇਂ ਓ ਪੀ ਐਸ ਨੂੰ ਲਾਗੂ ਕਰਨ ਦੇ ਕਾਰਨ ਆਉਣ ਵਾਲੇ ਬੋਝ ਨੂੰ ਵੀ ਗਿਣਿਆ ਜਾਣਾ ਚਾਹੀਦਾ ਹੈ।

ਵਿੱਤੀ ਸੂਚਕਾਂ ਦੇ ਪੱਧਰਾਂ ਦੀ ਉਲੰਘਣਾ ਕਰਨ ਨਾਲ ਵਿੱਤੀ ਸਥਿਤੀ ਬੇਕਾਬੂ ਹੋਣ ਦਾ ਖਤਰਾ ਪੈਦਾ ਹੋ ਸਕਦਾ ਹੈ, ਖਾਸ ਤੌਰ ਤੇ ਜਦੋਂ ਰਾਜ ਸਰਕਾਰ ਨੇ ਅਜੇ ਵੀ ਲਾਜ਼ਮੀ ਰਿਜ਼ਰਵ ਫੰਡਾਂ ਜਿਵੇਂ ਕਿ ਗਾਰੰਟੀ ਰੀਡੈਂਪਸ਼ਨ ਫੰਡ, ਅਪ੍ਰਤੱਖ ਸਬਸਿਡੀਆਂ ਦਾ ਭੁਗਤਾਨ, ਆਦਿ ਵਿੱਚ ਯੋਗਦਾਨ ਦੇਣਾ ਹੈ।

ਉਪਰੋਕਤ ਦੇ ਅਧਾਰ ਤੇ, ਇਹ ਅੰਦਾਜਾ ਲਗਾਇਆ ਜਾਂਦਾ ਹੈ ਕਿ ਰਾਜ ਦੀ ਵਿੱਤੀ ਸਥਿਤੀ ਨੂੰ ਥੋੜੇ ਤੋਂ ਦਰਮਿਆਨੇ ਸਮੇਂ ਵਿੱਚ ਜੋਖਮ ਹੁੰਦੇ ਹਨ ਜਦੋਂ ਤੱਕ ਕਿ ਟੀਚਿਆਂ ਨੂੰ ਤਰਕਸੰਗਤ ਬਣਾਉਣ, ਹੋਰ ਆਮਦਨ ਦੇ ਸ੍ਰੋਤਾਂ ਦੀ ਖੋਜ ਕਰਨ, ਰੈਵੀਨਿਊ ਅਧਾਰ ਨੂੰ ਵਧਾਉਣ, ਅਤੇ ਰੈਵੀਨਿਊ ਪੈਦਾ ਕਰਨ ਵਾਲੀਆਂ ਸੰਪਤੀਆਂ ਵਿੱਚ ਨਿਵੇਸ਼ ਕਰਨ ਲਈ ਉਪਚਾਰਕ ਉਪਾਅ ਨਹੀਂ ਕੀਤੇ ਜਾਂਦੇ ਹਨ।

2.8.1 ਉਧਾਰ ਲਏ ਗਏ ਫੰਡਾਂ ਦੀ ਵਰਤੋਂ

ਉਧਾਰ ਲਏ ਗਏ ਫੰਡਾਂ ਦੀ ਵਰਤੋਂ ਆਦਰਸ਼ਕ ਤੌਰ ਤੇ ਪੂੰਜੀਗਤ ਨਿਰਮਾਣ ਅਤੇ ਵਿਕਾਸਮਈ ਗਤੀਵਿਧੀਆਂ ਲਈ ਹੋਣੀ ਚਾਹੀਦੀ ਹੈ। ਉਧਾਰ ਲਏ ਗਏ ਫੰਡਾਂ ਦੀ ਵਰਤੋਂ ਚਾਲੂ ਖਪਤ ਦੀ ਪੂਰਤੀ ਅਤੇ ਬਕਾਇਆ ਪਏ ਕਰਜ਼ਿਆਂ ਦੀ ਵਿਆਜ ਦੀ ਵਾਪਸੀ ਲਈ ਕਰਨਾ ਇੱਕ ਚੰਗਾ ਰੁਝਾਨ ਨਹੀਂ ਹੈ। **ਸਾਰਣੀ 2.43** ਸਾਲ 2019-2024 ਦੌਰਾਨ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਨੂੰ ਦਰਸਾਉਂਦੀ ਹੈ।

ਸਾਰਣੀ 2.43: ਉਧਾਰ ਲਏ ਗਏ ਫੰਡਾਂ ਦੀ ਵਰਤੋਂ

(₹ ਕਰੋੜ ਵਿੱਚ)

ਲੜੀ ਨੰ.	ਸਾਲ	2019-20	2020-21	2021-22	2022-23	2023-24
1.	ਕੁੱਲ ਉਧਾਰ *	57,200	55,982	32,617	94,443	1,07,716
2.	ਉਧਾਰਾਂ ਦੀ ਮੁੜ ਅਦਾਇਗੀ (ਮੂਲਧਨ) *(ਪ੍ਰਤੀਸ਼ਤਤਾ)*	39,574 (70)	34,634 (62)	19,279 (59)	58,376 (62)	73,452 (68)
3.	ਨਿਰੋਲ ਪੂੰਜੀਗਤ ਖਰਚਾ *(ਪ੍ਰਤੀਸ਼ਤਤਾ)*	17,828 (31)	4,382 (8)	8,010 (25)	6,667 (7)	4,743 (5)
4.	ਨਿਰੋਲ ਕਰਜ਼ੇ ਅਤੇ ਪੇਸ਼ਗੀਆਂ *(ਪ੍ਰਤੀਸ਼ਤਤਾ)*	(-)15,287 (-27)	906 (2)	1,369 (4)	1,218 (1)	157 (0)^
5.	ਨਿਰੋਲ ਉਪਲੱਬਧ ਉਧਾਰਾਂ ਵਿੱਚੋਂ ਕੀਤਾ ਗਿਆ ਰੈਵੀਨਿਊ ਖਰਚੇ ਦਾ ਅੰਸ਼ *(ਪ੍ਰਤੀਸ਼ਤਤਾ)* (1-2-3-4)	15,085 (26)	16,060 (28)	3,959 (12)	28,182 (30)	29364 (27)
6.	ਰਾਜ ਦਾ ਕੁੱਲ ਬਜਟ	1,62,060	1,61,329	1,79,405	1,92,656	2,08,509
7.	ਕੁੱਲ ਬਜਟ ਦੇ ਮੁਕਾਬਲੇ ਖਰਚਾ	1,34,882	1,27,409	1,26,570	1,80,224	1,96,381
8.	ਕੁੱਲ ਖਰਚੇ ਤੋਂ ਉਧਾਰਾਂ (ਮੂਲਧਨ) ਦੀ ਮੁੜ ਅਦਾਇਗੀ (*ਪ੍ਰਤੀਸ਼ਤ*)	29.34	27.18	15.23	32.39	37.40

ਸ੍ਰੋਤ: ਵਿੱਤ ਲੇਖੇ

** ਜਨਤਕ ਕਰਜ਼ੇ ਦੀਆਂ ਪ੍ਰਾਪਤੀਆਂ ਅਤੇ ਜਨਤਕ ਲੇਖੇ ਦੀਆਂ ਪ੍ਰਾਪਤੀਆਂ ਦਾ ਨਿਰੋਲ ਸ਼ਾਮਲ ਹੈ। 2020-21 ਅਤੇ 2021-22 ਦੌਰਾਨ ਜੀ ਐਸ ਟੀ ਮੁਆਵਜੇ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਕ੍ਰਮਵਾਰ ₹ 8,359 ਕਰੋੜ ਅਤੇ ₹ 12,132 ਕਰੋੜ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡਿਆ ਗਿਆ ਹੈ, ਜੋ ਰਾਜ ਸਰਕਾਰ ਦੁਆਰਾ ਆਪਣੇ ਸਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।*

^ 0.15 ਪ੍ਰਤੀਸ਼ਤ

ਸਾਰਣੀ 2.43 ਦਰਸਾਉਂਦੀ ਹੈ ਕਿ 2019-2024 ਦੇ ਸਮੇਂ ਦੌਰਾਨ, ਰਾਜ ਦੇ ਕੁੱਲ ਖਰਚੇ ਤੋਂ ਉਧਾਰ (ਮੂਲਧਨ) ਦੀ ਮੁੜ ਅਦਾਇਗੀ ਕੁੱਲ ਖਰਚੇ ਦੇ 15 *ਪ੍ਰਤੀਸ਼ਤ* ਅਤੇ 37 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਸੀ। ਇਸ ਸਮੇਂ ਦੌਰਾਨ, ਰਾਜ ਸਰਕਾਰ ਨੇ ਆਪਣੇ ਮੌਜੂਦਾ ਉਧਾਰਾਂ ਦੇ 59-70 *ਪ੍ਰਤੀਸ਼ਤ* ਉਧਾਰਾਂ (ਮੂਲਧਨ) ਦੀ ਵਾਪਸੀ ਲਈ ਵਰਤੇ। ਨਿਰੋਲ ਉਪਲੱਬਧ ਉਧਾਰਾਂ ਵਿੱਚੋਂ 12 *ਪ੍ਰਤੀਸ਼ਤ* ਅਤੇ 30 *ਪ੍ਰਤੀਸ਼ਤ* ਦੀ ਰੇਂਜ਼ ਵਿਚਕਾਰ ਰੈਵੀਨਿਊ ਖਰਚੇ ਦੀ ਪੂਰਤੀ ਕੀਤੀ ਗਈ। ਰਾਜ ਦੇ ਪੂੰਜੀਗਤ ਖਰਚ ਵਿੱਚ ਗਿਰਾਵਟ ਦਾ ਰੁਝਾਨ ਵੇਖਿਆ ਗਿਆ। ਪੂੰਜੀਗਤ ਖਰਚ 2019-20 ਵਿੱਚ ₹ 17,828 ਕਰੋੜ ਤੋਂ ਵੱਧ ਕੇ 2023-24 ਵਿੱਚ ₹ 4,743 ਕਰੋੜ ਹੋ ਗਿਆ। ਰਾਜ ਦੇ ਪੂੰਜੀਗਤ ਖਰਚ ਵਿੱਚ ਸਾਲ 2022-23 ਵਿੱਚ 17 *ਪ੍ਰਤੀਸ਼ਤ* ਅਤੇ 2023-24 ਵਿੱਚ 28 *ਪ੍ਰਤੀਸ਼ਤ* ਦੀ ਭਾਰੀ ਗਿਰਾਵਟ ਦਰਜ ਕੀਤੀ ਗਈ। ਜੋ 2021-22 ਵਿੱਚ

₹ 8,010 ਕਰੋੜ ਤੋਂ ਘੱਟ ਕੇ 2022-23 ਵਿੱਚ ₹ 6,667 ਕਰੋੜ ਅਤੇ 2023-24 ਵਿੱਚ ₹ 4,743 ਕਰੋੜ ਰਹਿ ਗਈ। ਵਾਲੇ ਰਾਜ ਦੇ 2019-2024 ਦੇ ਸਮੇਂ ਦੌਰਾਨ ਨਿਰੋਲ ਪੂੰਜੀਗਤ ਖਰਚਾ 5 *ਪ੍ਰਤੀਸ਼ਤ* ਅਤੇ 31 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ। 2019-20 ਦੌਰਾਨ ਨਿਰੋਲ ਪੂੰਜੀਗਤ ਖਰਚੇ (31 *ਪ੍ਰਤੀਸ਼ਤ*) ਵਿੱਚ ਵਾਧਾ ਮੁੱਖ ਤੌਰ ਤੇ ₹ 15,628 ਕਰੋੜ ਦੇ ਯੂ ਡੀ ਏ ਵਾਈ ਕਰਜ਼ਿਆਂ ਨੂੰ ਪੀ ਐਸ ਪੀ ਸੀ ਐਲ ਵਿੱਚ ਇਕਿਊਟੀ ਵਿੱਚ ਬਦਲਣ ਕਰਕੇ ਸੀ, ਜਿਵੇਂ ਕਿ 31 ਮਾਰਚ 2020 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 2.4.2.2 (v) ਵਿੱਚ ਚਰਚਾ ਕੀਤੀ ਗਈ ਸੀ। ਇਸ ਤਰ੍ਹਾਂ, ਉਧਾਰ ਲਏ ਗਏ ਫੰਡਾਂ ਦੀ ਵਰਤੋਂ ਪੂੰਜੀਗਤ ਨਿਰਮਾਣ/ਵਿਕਾਸਮਈ ਗਤੀਵਿਧੀਆਂ ਦੀ ਬਜਾਏ ਚਾਲੂ ਖਪਤ ਅਤੇ ਲਏ ਗਏ ਕਰਜ਼ਿਆ ਦੀ ਵਾਪਸੀ ਕਰਨ ਲਈ ਕੀਤੀ ਗਈ ਸੀ। ਹਾਲਾਂਕਿ, 2021-22 ਦੌਰਾਨ ਰਾਜ ਸਰਕਾਰ ਨੇ ਪੂੰਜੀਗਤ ਖਰਚੇ ਤੇ ₹ 8,010 ਕਰੋੜ (ਉਧਾਰ ਲਏ ਗਏ ਫੰਡ ਦਾ 25 *ਪ੍ਰਤੀਸ਼ਤ*) ਖਰਚ ਕੀਤੇ, ਜਿਸ ਨੇ ਠੋਸ ਸੰਪਤੀਆਂ ਦੀ ਸਿਰਜਣਾ ਲਈ ਉਧਾਰ ਲਏ ਫੰਡਾਂ ਦੀ ਵਰਤੋਂ ਵਿੱਚ ਮਹੱਤਵਪੂਰਨ ਸੁਧਾਰ ਦਿਖਾਇਆ, 2022-23 ਅਤੇ 2023-24 ਵਿੱਚ ਖਰਚਾ ਸੱਤ *ਪ੍ਰਤੀਸ਼ਤ* ਅਤੇ ਪੰਜ *ਪ੍ਰਤੀਸ਼ਤ* ਘੱਟ ਗਿਆ।

ਸਾਲ 2019-24 ਦੇ ਸਮੇਂ ਦੌਰਾਨ ਉਧਾਰ ਲਏ ਗਏ ਫੰਡਾਂ ਦੀ ਵਰਤੋਂ ਦੇ ਰੁਝਾਨ ਨੂੰ **ਚਾਰਟ 2.24** ਵਿੱਚ ਦਰਸਾਇਆ ਗਿਆ ਹੈ।

ਚਾਰਟ 2.24: ਉਧਾਰ ਲਏ ਗਏ ਫੰਡਾਂ ਦੀ ਵਰਤੋਂ ਦੇ ਰੁਝਾਨ



ਸ੍ਰੋਤ: ਵਿੱਤ ਲੇਖੇ

ਪੰਦਰਵ੍ਹੇਂ ਵਿੱਤੀ ਕਮਿਸ਼ਨ (15ਵੇਂ ਐਫ ਸੀ) ਦੇ ਅਨੁਸਾਰ, ਰਾਜਾਂ ਨੂੰ ਰੈਵੀਨਿਊ ਘਾਟੇ ਨੂੰ ਘਟਾਉਣ ਅਤੇ ਅੰਤ ਵਿੱਚ ਖਤਮ ਕਰਨ ਅਤੇ ਪੂੰਜੀਗਤ ਖਰਚਿਆਂ ਲਈ ਸਾਰੇ ਉਧਾਰ ਲੈਣ ਦੇ ਯੋਗ ਬਣਾਉਣ ਲਈ ਰੈਵੀਨਿਊ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। 2023-24 ਵਿੱਚ, ਜੋ ਕਿ 15ਵੇਂ ਐਫ ਸੀ ਵਿੱਤ ਕਮਿਸ਼ਨ ਦੀ ਮਿਆਦ ਦਾ ਤੀਜਾ ਸਾਲ ਹੈ, ਰਾਜ ਸਰਕਾਰ ਰੈਵੀਨਿਊ ਘਾਟੇ ਨੂੰ ਘੱਟ ਨਹੀਂ ਕਰ ਸਕੀ ਪਰ ਆਪਣੇ ਰੈਵੀਨਿਊ ਦੇ ਘਾਟੇ ਨੂੰ ਪੂਰਾ ਕਰਨ ਲਈ ਉਧਾਰ ਲਿਆ ਹੈ।

ਰਾਜ ਸਰਕਾਰ ਨੇ ਇਸ ਤੱਥ ਨੂੰ ਸਵੀਕਾਰ (ਦਸੰਬਰ 2024) ਕੀਤਾ ਕਿ ਪੂੰਜੀਗਤ ਖਰਚਿਆਂ ਤੇ ਖਰਚ ਕੀਤੇ ਜਾ ਰਹੇ ਕਰਜ਼ਿਆਂ ਦਾ ਹਿੱਸਾ ਬਹੁਤ ਘੱਟ ਸੀ, ਜੋ ਰਾਜ ਲਈ ਚਿੰਤਾ ਦਾ ਵਿਸ਼ਾ ਹੈ।

2.8.2 ਗਰੰਟੀਆਂ ਦੀ ਸਥਿਤੀ-ਅਚੇਤ ਦੇਣਦਾਰੀਆਂ

ਉਧਾਰ ਲੈਣ ਵਾਲਿਆਂ, ਜਿਨ੍ਹਾਂ ਲਈ ਗਰੰਟੀਆਂ ਦਿੱਤੀਆਂ ਗਈਆਂ ਹਨ, ਦੇ ਡਿਫਾਲਟ ਹੋਣ ਦੀ ਸੂਰਤ ਵਿੱਚ ਗਰੰਟੀਆਂ ਰਾਜ ਦੇ ਸੰਚਿਤ ਫੰਡ ਤੇ ਅਚੇਤ ਦੇਣਦਾਰੀਆਂ ਹਨ। ਰਾਜ ਸਰਕਾਰ ਵਿਧਾਨਕ ਨਿਗਮਾਂ/ਬੋਰਡਾਂ, ਸਥਾਨਕ ਸੰਗਠਨਾਂ, ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ, ਆਦਿ ਵੱਲੋਂ ਲਏ ਗਏ ਕਰਜ਼ਿਆ ਦੀ ਵਾਪਸੀ ਲਈ ਗਰੰਟੀਆਂ ਦਿੰਦੀ ਹੈ। ਪੰਜਾਬ ਐਫ ਆਰ ਬੀ ਐਮ ਐਕਟ, 2003 ਅਨੁਸਾਰ ਬਕਾਇਆਂ ਗਰੰਟੀਆਂ ਦੀ ਸੀਮਾਂ, ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦੇ 80 *ਪ੍ਰਤੀਸ਼ਤ* ਤੱਕ ਰੱਖਣੀ ਸੀ। ਵਿੱਤ ਲੇਖਿਆਂ ਦੀ ਵਿਵਰਣੀ 9 ਅਨੁਸਾਰ ਪਿਛਲੇ ਪੰਜ ਸਾਲਾਂ ਲਈ ਗਰੰਟੀਆਂ ਦੇ ਵੇਰਵੇ ਅਤੇ ਕੁੱਲ ਪ੍ਰਾਪਤੀਆਂ ਨੂੰ ਬਕਾਇਆ ਗਰੰਟੀਆਂ ਦੀ ਸਥਿਤੀ **ਸਾਰਣੀ 2.44** ਵਿੱਚ ਦਿੱਤੀ ਗਈ ਹੈ।

ਸਾਰਣੀ 2.44: ਰਾਜ ਸਰਕਾਰ ਵੱਲੋਂ ਦਿੱਤੀਆ ਗਰੰਟੀਆਂ

(₹ ਕਰੋੜ ਵਿੱਚ)

ਗਰੰਟੀਆਂ	2019-20	2020-21	2021-22	2022-23	2023-24
ਗਰੰਟੀਆਂ ਦੀ ਬਕਾਇਆ ਰਾਸ਼ੀ ਤੇ ਲਾਗੂ ਸੀਮਾ (ਭਾਵ ਪਿਛਲੇ ਸਾਲ ਦੀਆਂ ਰੈਵੀਨਿਊ ਪ੍ਰਾਪਤੀਆਂ ਦਾ 80 *ਪ੍ਰਤੀਸ਼ਤ*)	49,815	49,260	55,238	62,534	70,093
ਗਰੰਟੀਆਂ ਦੀ ਬਕਾਇਆ ਰਾਸ਼ੀ	25,352	23,552	20,165	20,208	22,691

ਸ੍ਰੋਤ: ਉਪਰੋਕਤ ਵਿੱਤ ਲੇਖੇ ਅਤੇ ਸਾਲਾਨਾ ਵਿੱਤੀ ਵਿਵਰਣੀਆਂ ਤੋਂ ਲਿਆ ਗਿਆ

31 ਮਾਰਚ 2024 ਨੂੰ ₹ 22,691 ਕਰੋੜ ਲਈ ਬਕਾਇਆ ਗਰੰਟੀਆਂ ਪਾਵਰ (₹ 17,224 ਕਰੋੜ); ਸਹਿਕਾਰੀ ਅਦਾਰਿਆਂ (₹ 750 ਕਰੋੜ); ਰਾਜ ਵਿੱਤ ਕੰਪਨੀਆਂ/ਨਿਗਮਾਂ (₹ 158 ਕਰੋੜ); ਖੁਰਾਕ ਅਤੇ ਸਿਵਲ ਸਪਲਾਈਜ਼ (₹ 791 ਕਰੋੜ); ਅਤੇ ਹੋਰ (₹ 3,768 ਕਰੋੜ) ਨਾਲ ਸਬੰਧਤ ਸਨ।

ਸਰਕਾਰ ਨੇ 2019-2024 ਦੌਰਾਨ ਐਫ ਆਰ ਬੀ ਐਮ ਐਕਟ ਵਿੱਚ ਨਿਰਧਾਰਤ ਸੀਮਾ ਦੇ ਅੰਦਰ ਰਹਿ ਕੇ ਗਰੰਟੀਆਂ ਦਿੱਤੀਆਂ।

31 ਮਾਰਚ 2024 ਨੂੰ ₹ 22,691 ਕਰੋੜ ਦੀਆਂ ਬਕਾਇਆ ਗਰੰਟੀਆਂ ਵਿੱਚੋਂ, ਰਾਜ ਸਰਕਾਰ ਨੇ ਪੰਜ ਪੀ ਐਸ ਯੂਜ਼ ਨੂੰ ₹ 909.59 ਕਰੋੜ[30] ਦੀਆਂ ਗਰੰਟੀਆਂ ਦਿੱਤੀਆਂ ਸਨ ਜਿਨ੍ਹਾਂ ਦਾ ਨਿਰੋਲ ਮੁੱਲ ਨੈਗੇਟਿਵ ਹੋ ਗਿਆ ਸੀ। ਇਸ ਤੋਂ ਭਾਵ ਹੈ ਕਿ ਉਨ੍ਹਾ ਦੇ ਕਰਜ਼ੇ ਵਾਪਸ ਕਰਨ ਦੀ ਅਸਲ ਜਿੰਮੇਵਾਰੀ ਰਾਜ ਸਰਕਾਰ ਦੀ ਹੈ।

ਸਾਲ 2023-24 ਵਿੱਚ, ਸਰਕਾਰ ਨੇ ₹ 5,594 ਕਰੋੜ ਵਿਰੁੱਧ ਉਧਾਰ ਲੈਣ ਲਈ ਗਾਰੰਟੀ ਪ੍ਰਦਾਨ ਕੀਤੀ। ਸਾਲ 2023-24 ਦੌਰਾਨ, ਰਾਜ ਸਰਕਾਰ ਨੇ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ (ਪੀ ਐਸ ਆਈ ਡੀ ਸੀ) ਦੇ ਸਬੰਧ ਵਿੱਚ ਦਿੱਤੀ ਗਈ ਗਾਰੰਟੀ ਦੇ ਭੁਗਤਾਨ ਲਈ ₹ 1.17 ਕਰੋੜ ਦਾ ਭੁਗਤਾਨ ਕੀਤਾ।

30 (i) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ: ₹ 507.29 ਕਰੋੜ; (ii) ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਲਿਮਿਟਡ: ₹ 107.33 ਕਰੋੜ; (iii) ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਡ: ₹ 103.53 ਕਰੋੜ; (iv) ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ: ₹ 176.42 ਕਰੋੜ; ਅਤੇ (v) ਪੰਜਾਬ ਵਿੱਤੀ ਕਾਰਪੋਰੇਸ਼ਨ: ₹ 14.62 ਕਰੋੜ।

2.8.3 ਕੈਸ਼ ਬਕਾਇਆਂ ਦਾ ਪ੍ਰਬੰਧਨ

ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨਾਲ ਕੀਤੇ ਇਕਰਾਰਨਾਮੇ ਅਨੁਸਾਰ, ਰਾਜ ਸਰਕਾਰਾਂ ਨੇ ਬੈਂਕ ਕੋਲ ਰੋਜਾਨਾ ਘੱਟੋ ਘੱਟ ਕੈਸ਼ ਬਕਾਇਆ ਬਰਕਰਾਰ ਰੱਖਣਾ ਹੁੰਦਾ ਹੈ। ਜੇਕਰ ਕਿਸੇ ਦਿਨ ਸਹਿਮਤ ਕੀਤੇ ਹੋਏ ਬਕਾਏ ਤੋਂ ਬਕਾਇਆ ਘਟ ਜਾਂਦਾ ਹੈ ਤਾਂ ਇਸ ਕਮੀ ਨੂੰ ਸਮੇਂ ਸਮੇਂ ਤੇ ਸਧਾਰਣ ਵੇਅਜ਼ ਐਂਡ ਮੀਨਜ਼ ਪੇਸ਼ਗੀਆ (ਡਬਲਿਊ ਐਮ ਏ)/ਵਿਸ਼ੇਸ ਵੇਅਜ਼ ਐਂਡ ਮੀਨਜ਼ ਪੇਸ਼ਗੀਆ (ਐਸ ਡਬਲਿਊ ਐਮ ਏ)/ ਸਪੈਸ਼ਲ ਡਰਾਇੰਗ ਫੈਸੀਲਿਟੀ (ਐਸ ਡੀ ਐਫ)/ਓਵਰਡਰਾਫਟ (ਓ ਡੀ) ਲੈ ਕੇ ਪੂਰਾ ਕਰ ਲਿਆ ਜਾਂਦਾ ਹੈ। ਆਰ ਬੀ ਆਈ ਦੁਆਰਾ ਰਾਜ ਸਰਕਾਰ ਨੂੰ ਦਿੱਤੇ ਜਾਣ ਵਾਲੇ ਸਧਾਰਣ ਡਬਲਿਊ ਐਮ ਏ ਦੀ ਸੀਮਾਂ ਦੀ ਸਮੇਂ ਸਮੇਂ ਤੇ ਸੋਧ ਕੀਤੀ ਜਾਂਦੀ ਹੈ।

ਰਾਜ ਸਰਕਾਰ ਆਪਣੇ ਵਾਧੂ ਕੈਸ਼ ਬਕਾਏ ਨੂੰ ਭਾਰਤ ਸਰਕਾਰ ਦੀਆਂ ਲਘੂ ਅਤੇ ਦੀਰਘ ਕਾਲੀਨ ਸਕਿਓਰਟੀਆਂ ਅਤੇ ਖਜ਼ਾਨਾ ਬਿਲਾਂ ਵਿੱਚ ਨਿਵੇਸ਼ ਕਰਦੀ ਹੈ। ਚਿੰਨਤ ਰਿਜ਼ਰਵ ਫੰਡਾਂ ਵਿੱਚ ਕੈਸ਼ ਬਕਾਇਆ ਨਿਵੇਸ਼ ਇਹਨਾਂ ਯੰਤਰਾਂ ਜਿਵੇਂ ਕਿ ਰਾਜ ਆਫਤ ਰਿਸਪਾਂਸ ਫੰਡ, ਸੰਚਿਤ ਸਿਕਿੰਗ ਫੰਡ, ਗਰੰਟੀ ਰਿਡੰਪਸ਼ਨ ਫੰਡ ਆਦਿ ਵਿੱਚ ਵੀ ਕੀਤਾ ਜਾਂਦਾ ਹੀ ਹੈ। ਅਜਿਹੇ ਨਿਵੇਸ਼ਾਂ ਤੋਂ ਪ੍ਰਾਪਤ ਲਾਭ '0049- ਵਿਆਜ ਪ੍ਰਾਪਤੀਆਂ' ਮੱਦ ਅਧੀਨ ਧਨ ਪ੍ਰਾਪਤੀਆਂ ਵਜੋਂ ਕ੍ਰੈਡਿਟ ਕੀਤੇ ਜਾਂਦੇ ਹੈ।

ਇਹ ਉਚਿਤ ਨਹੀਂ ਹੈ ਕਿ ਰਾਜ ਸਰਕਾਰ ਵੱਡੇ ਕੈਸ਼ ਬਕਾਏ ਹੋਣ ਦੇ ਬਾਵਜੂਦ ਮਾਰਕੀਟ ਕਰਜ਼ਿਆ ਦਾ ਸਹਾਰਾ ਲਏ ਜਿਸ ਕਰਕੇ ਬਿਨਾ ਕਿਸੇ ਲਾਭਕਾਰੀ ਵਰਤੋਂ ਦੇ ਪਏ ਕੈਸ਼ ਬਕਾਇਆਂ ਵਿੱਚ ਹੋਰ ਵਾਧਾ ਹੁੰਦਾ ਹੈ। 2022-23 ਅਤੇ 2023-24 ਦੌਰਾਨ ਕੈਸ਼ ਬਕਾਏ ਅਤੇ ਇਹਨਾਂ ਦੇ ਨਿਵੇਸ਼ ਦੇ ਵੇਰਵੇ **ਸਾਰਣੀ 2.45** ਵਿੱਚ ਦਰਸਾਏ ਗਏ ਹਨ।

ਸਾਰਣੀ 2.45: ਕੈਸ਼ ਬਕਾਏ ਅਤੇ ਉਹਨਾਂ ਦੇ ਨਿਵੇਸ਼

(₹ ਕਰੋੜ ਵਿੱਚ)

	1 ਅਪ੍ਰੈਲ 2023 ਨੂੰ ਮੁਢਲਾ ਬਕਾਇਆ	31 ਮਾਰਚ 2024 ਨੂੰ ਅੰਤਿਮ ਬਕਾਇਆ
ੳ. ਜਨਰਲ ਕੈਸ਼ ਬਕਾਇਆ		
ਭਾਰਤੀ ਰਿਜ਼ਰਵ ਬੈਂਕ ਕੋਲ ਡਿਪਾਜ਼ਿਟਜ਼	365.90	192.20
ਕੈਸ਼ ਬਕਾਇਆ ਨਿਵੇਸ਼ ਲੇਖੇ ਵਿੱਚ ਕੀਤੇ ਨਿਵੇਸ਼	912.67	7.34
ਜੋੜ (ੳ)	**1,278.57**	**199.54**
ਅ. ਹੋਰ ਕੈਸ਼ ਬਕਾਏ ਅਤੇ ਨਿਵੇਸ਼		
ਵਿਭਾਗੀ ਅਧਿਕਾਰੀਆਂ ਭਾਵ ਜੰਗਲਾਤ ਅਤੇ ਲੋਕ ਨਿਰਮਾਣ ਕੋਲ ਕੈਸ਼	1,378.34	1,341.28
ਕੰਟੀਜੈਂਟ ਖਰਚੇ ਲਈ ਵਿਭਾਗੀ ਅਧਿਕਾਰੀਆਂ ਕੋਲ ਸਥਾਈ ਪੇਸ਼ਗੀਆਂ	0.26	0.27
ਚਿੰਨਤ ਫੰਡਾਂ ਦਾ ਨਿਵੇਸ਼	6,352.29	8,617.34
ਜੋੜ (ਅ)	**7,730.89**	**9,958.89**
ਜੋੜ (ੳ+ ਅ))	**9,009.46**	**10,158.43**
ਪ੍ਰਾਪਤ ਕੀਤਾ ਵਿਆਜ	**2.69**	**(-)0.57**

ਸ੍ਰੋਤ: ਵਿੱਤ ਲੇਖੇ

ਚਾਲੂ ਸਾਲ ਦੇ ਅਖੀਰ ਤੇ ਅੰਤਿਮ ਕੈਸ਼ ਬਕਾਇਆ (₹ 10,158.43 ਕਰੋੜ) ਪਿਛਲੇ ਸਾਲ (₹ 9,009.46 ਕਰੋੜ) ਨਾਲੋਂ ₹ 1,148.97 ਕਰੋੜ ਵੱਧ ਗਿਆ।

ਕੈਸ਼ ਬਕਾਏ ਵਿੱਚ ਚਿੰਨ੍ਹਤ ਫੰਡਾਂ ਦੇ ਕੀਤੇ ₹ 8,617.34 ਕਰੋੜ ਦੇ ਨਿਵੇਸ਼ ਸ਼ਾਮਲ ਸਨ। ਸਾਲ 2023-24 ਦੌਰਾਨ, ਰਾਜ ਸਰਕਾਰ ਨੂੰ 43 ਦਿਨਾਂ ਲਈ ₹ 1.56 ਕਰੋੜ ਦਾ ਘੱਟੋ ਘੱਟ ਕੈਸ਼ ਬਕਾਇਆ ਰੱਖ ਸਕੀ ਸੀ ਅਤੇ ਇਸ ਨੂੰ 186 ਦਿਨਾਂ ਲਈ ਸਧਾਰਣ ਐਸ ਡੀ ਏ ਲੈ ਕੇ ਘੱਟੋ-ਘੱਟ, ਡਬਲਯੂ ਐਮ ਏ ਤੇ 105 ਦਿਨਾਂ ਅਤੇ ਓਵਰਡਰਾਫਟ ਤੇ 16 ਦਿਨਾਂ ਲਈ ਬਕਾਇਆ ਵੀ ਰੱਖਣਾ ਪਿਆ ਸੀ। ਉਪਰੋਕਤ ਪੇਸ਼ਗੀਆਂ ਲੈਣ ਤੋਂ ਬਾਅਦ ਵੀ 16 ਦਿਨਾਂ ਲਈ ਘੱਟੋ ਘੱਟ ਬਕਾਇਆ ਵਿੱਚ ਕਮੀ ਸੀ, ਪਰ ਕੋਈ ਓਵਰਡਰਾਫਟ ਨਹੀਂ ਲਿਆ ਗਿਆ ਸੀ। ਰਾਜ ਨੂੰ ਸਾਲ 2023-24 ਦੌਰਾਨ ਐਸ ਡੀ ਐਫ 'ਤੇ ₹ 75.05 ਕਰੋੜ ਦੇ ਵਿਆਜ ਦੀ ਅਦਾਇਗੀ ਕਰਨੀ ਪਈ ਸੀ।

ਸਾਲ ਦੇ ਅਖੀਰ ਵਿੱਚ ₹ 199.54 ਕਰੋੜ ਦਾ ਜਨਰਲ ਕੈਸ਼ ਬਕਾਏ ਵਿੱਚ ਦਿਖਾਏ ਗਏ ਰਿਜ਼ਰਵ ਫੰਡਾਂ ਵਿੱਚ ਰੱਖੇ ਕੈਸ਼ ਵਿੱਚ ਦਿਖਾਏ ਗਏ ₹ 12,065.57 ਕਰੋੜ ਦੇ ਬਕਾਏ ਦੇ ਬਰਾਬਰ ਵੀ ਨਹੀਂ ਸੀ, ਜਿਸ ਦਾ ਭਾਵ ਇਹ ਹੈ ਕਿ ਰਾਖਵੇਂ ਫੰਡ ਚਿਤਵੇ ਉਦੇਸ਼ ਨਾਲੋਂ ਕਿਤੇ ਹੋਰ ਵਰਤੇ ਗਏ ਸਨ।

ਪਿਛਲੇ ਪੰਜ ਸਾਲਾਂ ਦੌਰਾਨ ਕੈਸ਼ ਬਕਾਇਆ ਨਿਵੇਸ਼ ਲੇਖੇ ਦੇ ਵੇਰਵੇ; ਅਤੇ ਸਾਲ 2023-24 ਦੌਰਾਨ ਮਹੀਨੇ ਦੇ ਅੰਤ ਤੇ ਮਹੀਨਾਵਾਰ ਕੈਸ਼ ਬਕਾਇਆਂ ਅਤੇ ਨਿਰੋਲ ਕੈਸ਼ ਬਕਾਏ ਦੇ ਨਿਵੇਸ਼ਾਂ ਵਿੱਚ ਹਲਚਲ ਦੇ ਵੇਰਵੇ ਕ੍ਰਮਵਾਰ **ਸਾਰਣੀ 2.46** ਅਤੇ **ਚਾਰਟ 2.25** ਵਿੱਚ ਦਰਸਾਏ ਗਏ ਹਨ।

ਸਾਰਣੀ 2.46: ਕੈਸ਼ ਬਕਾਇਆ ਨਿਵੇਸ਼ ਲੇਖਾ (ਮੁੱਖ ਮੱਦ-8673)

(₹ ਕਰੋੜ ਵਿੱਚ)

ਸਾਲ	ਮੁਢਲਾ ਬਕਾਇਆ	ਅੰਤਿਮ ਬਕਾਇਆ	ਵਾਧਾ (+)/ਘਾਟਾ (-)	ਕਮਾਇਆ ਗਿਆ ਵਿਆਜ
2019-20	468.56	805.39	(+) 336.83	5.60
2020-21	805.39	6,710.25	(+) 5,904.86	10.30
2021-22	6,710.25	2,237.59	(-)4,472.66	35.08
2022-23	2,237.59	912.67	(-)1,324.92	2.69
2023-24	912.67	7.34	(-)905.33	(-)0.57

ਸ੍ਰੋਤ: ਵਿੱਤ ਲੇਖੇ

ਚਾਰਟ 2.25: 2023-24 ਦੌਰਾਨ ਮਹੀਨੇ ਦੇ ਅਖੀਰ ਤੇ ਨਿਰੋਲ ਕੈਸ਼ ਬਕਾਇਆ ਨਿਵੇਸ਼ਾਂ ਅਤੇ ਕੈਸ਼ ਬਕਾਏ ਦੀ ਮਹੀਨਾਵਾਰ ਹਲਚਲ



ਸ੍ਰੋਤ: ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਦਾ ਦਫਤਰ

ਪਿਛਲੇ ਪੰਜ ਸਾਲਾਂ ਦੌਰਾਨ ਮਾਰਕੀਟ ਕਰਜ਼ਿਆਂ ਦੀ ਤੁਲਨਾ ਵਿੱਚ ਕੈਸ਼ ਬਕਾਇਆਂ ਦੇ ਵੇਰਵਿਆਂ ਨੂੰ **ਚਾਰਟ 2.26** ਵਿੱਚ ਦਰਸਾਇਆ ਗਿਆ ਹੈ।

ਚਾਰਟ 2.26: ਕੈਸ਼ ਬਕਾਏ ਦੀ ਤੁਲਨਾ ਵਿੱਚ ਮਾਰਕੀਟ ਕਰਜ਼ੇ



ਸ੍ਰੋਤ: ਵਿੱਤ ਲੇਖੇ

ਸਾਲ 2023-24 ਦੌਰਾਨ, ਰਾਜ ਦੇ ਜਨਰਲ ਕੈਸ਼ ਬਕਾਏ (₹ 200 ਕਰੋੜ) ਦੀ ਹੱਦ ਤੱਕ ਮਾਰਕੀਟ ਉਧਾਰਾਂ ਤੋਂ ਬਚ ਸਕਦਾ ਸੀ। ₹ 200 ਕਰੋੜ ਦੇ ਆਮ ਕੈਸ਼ ਬਕਾਏ ਵਿੱਚ ₹ 7 ਕਰੋੜ ਦਾ ਕੈਸ਼ ਬਕਾਇਆ ਨਿਵੇਸ਼ ਸ਼ਾਮਲ ਸੀ।

2.9 ਮੁੱਖ ਵਿਸ਼ੇਸ਼ਤਾਵਾਂ

ਸਰਕਾਰ ਦੀ ਵਿੱਤੀ ਕਾਰਗੁਜ਼ਾਰੀ ਨੂੰ ਵੇਖਣ ਲਈ ਘਾਟਾ ਸੂਚਕ, ਰੈਵੀਨਿਊ ਵਾਧਾ ਅਤੇ ਖਰਚਾ ਪ੍ਰਬੰਧਨ ਮੁੱਖ ਮਾਪਦੰਡ ਹਨ। 2023-24 ਦੌਰਾਨ ਰਾਜ ਵਿੱਤਾਂ ਦੇ ਮਹੱਤਵਪੂਰਣ ਮਾਪਦੰਡਾਂ ਦੀ ਪਿਛਲੇ ਸਾਲ ਭਾਵ 2022-23 ਨਾਲ ਤੁਲਨਾ ਨੂੰ **ਸਾਰਣੀ 2.47** ਵਿੱਚ ਸੰਖੇਪ ਕੀਤਾ ਗਿਆ ਹੈ।

ਸਾਰਣੀ 2.47: ਮਹੱਤਵਪੂਰਣ ਮਾਪਦੰਡ

ਸਾਕਾਰਾਤਮਕ ਸੂਚਕ	ਨਜ਼ਦੀਕੀ ਨਿਗਰਾਨੀ ਦੀ ਲੋੜ ਵਾਲੇ ਮਾਪਦੰਡ
⇑ ਆਪਣੇ ਕਰ ਪ੍ਰਾਪਤੀਆਂ ਵਿੱਚ 11.86 *ਪ੍ਰਤੀਸ਼ਤ* ਦਾ ਵਾਧਾ	⇓ ਰੈਵੀਨਿਊ ਘਾਟੇ ਵਿੱਚ 8.33 *ਪ੍ਰਤੀਸ਼ਤ* ਦਾ ਵਾਧਾ
⇑ ਆਪਣੇ ਗੈਰ-ਕਰ ਰੈਵੀਨਿਊ ਵਿੱਚ 16.08 *ਪ੍ਰਤੀਸ਼ਤ* ਦਾ ਵਾਧਾ	⇓ ਕਰਜ਼ੇ ਅਤੇ ਪੇਸ਼ਗੀਆਂ ਦੀ ਵਸੂਲੀ ਵਿੱਚ 76.22 *ਪ੍ਰਤੀਸ਼ਤ* ਦਾ ਘਾਟਾ
⇑ ਸਮਾਜਿਕ ਸੇਵਾਵਾਂ ਤੇ ਰੈਵੀਨਿਊ ਖਰਚੇ ਵਿੱਚ 10.79 *ਪ੍ਰਤੀਸ਼ਤ* ਦਾ ਵਾਧਾ।	⇓ ਪੂੰਜੀਗਤ ਖਰਚੇ ਵਿੱਚ 28.86 *ਪ੍ਰਤੀਸ਼ਤ* ਦਾ ਘਾਟਾ

2.10 ਸਿੱਟਾ

ਰਾਜ ਨੇ ਰੈਵੀਨਿਊ ਘਾਟੇ ਦੇ ਸਿਲਸਲੇਵਾਰ ਖਾਤਮੇ ਰਾਹੀਂ ਵਿੱਤੀ ਸਥਿਰਤਾ ਲਿਆਉਣ ਅਤੇ ਵਿੱਤੀ ਪ੍ਰਬੰਧਨ ਵਿੱਚ ਸਿਆਣਪ ਨੂੰ ਯਕੀਨੀ ਬਣਾਉਣ ਲਈ ਐਫ ਆਰ ਬੀ ਐਮ ਐਕਟ, 2003 ਪਾਸ ਕੀਤਾ। ਰਾਜ ਨਿਰੰਤਰ ਰੈਵੀਨਿਊ ਘਾਟੇ ਵਾਲਾ ਰਾਜ ਰਿਹਾ।

ਰਾਜ ਦੀ ਰੈਵੀਨਿਊ ਘਾਟਾ 2019-20 ਵਿੱਚ ₹ 14,285 ਕਰੋੜ (ਜੀ ਐਸ ਡੀ ਪੀ ਦਾ 2.66 *ਪ੍ਰਤੀਸ਼ਤ*) ਤੋਂ ਵੱਧ ਕੇ 2023-24 ਵਿੱਚ ₹ 28,215 ਕਰੋੜ (ਜੀ ਐਸ ਡੀ ਪੀ ਦਾ 3.79 *ਪ੍ਰਤੀਸ਼ਤ*) ਹੋ ਗਿਆ, ਜੋ ਦਰਸਾਉਂਦਾ ਹੈ ਕਿ ਰਾਜ ਨੇ ਮੌਜੂਦਾ ਖਪਤ ਨੂੰ ਪੂਰਾ ਕਰਨ ਲਈ ਫੰਡ ਉਧਾਰ ਲਏ ਸਨ।

ਸਾਲ 2019-2024 ਦੌਰਾਨ ਰੈਵੀਨਿਊ ਘਾਟੇ ਵਿੱਚ ਸਬਸਿਡੀ ਦਾ ਯੋਗਦਾਨ 11 ਤੋਂ 18 *ਪ੍ਰਤੀਸ਼ਤ* ਅਤੇ ਰੈਵੀਨਿਊ ਘਾਟੇ ਵਿੱਚ 56 ਤੋਂ 79 *ਪ੍ਰਤੀਸ਼ਤ* ਦਾ ਯੋਗਦਾਨ ਰਿਹਾ। ਬਿਜਲੀ ਸਬਸਿਡੀ ਕੁੱਲ ਸਬਸਿਡੀਆਂ ਦਾ ਵੱਡਾ ਹਿੱਸਾ ਹੈ ਜੋ 92 *ਪ੍ਰਤੀਸ਼ਤ* ਤੋਂ 99 *ਪ੍ਰਤੀਸ਼ਤ* ਦੇ ਵਿਚਕਾਰ ਹੈ।

ਸਾਲ 2023-24 ਦੌਰਾਨ ਰਾਜ ਦਾ ਵਿੱਤੀ ਘਾਟਾ ₹ 33,115 ਕਰੋੜ (ਜੀ ਐਸ ਡੀ ਪੀ ਦਾ 4.45 *ਪ੍ਰਤੀਸ਼ਤ*) ਰਿਹਾ ਜਦੋਂਕਿ ਰਾਜ ਸਰਕਾਰ ਵੱਲੋਂ ਮੱਧਮ ਮਿਆਦ ਦੀ ਵਿੱਤੀ ਨੀਤੀ ਵਿੱਚ ਨਿਰਧਾਰਤ ₹ 34,784 ਕਰੋੜ (ਜੀ ਐਸ ਡੀ ਪੀ ਦਾ 4.98 *ਪ੍ਰਤੀਸ਼ਤ*) ਦਾ ਟੀਚਾ ਰੱਖਿਆ ਗਿਆ ਸੀ। ਵਿੱਤੀ ਘਾਟੇ ਨੂੰ ਮੁੱਖ ਤੌਰ ਤੇ ਬਾਜ਼ਾਰ ਤੋਂ ਉਧਾਰ ਲੈ ਕੇ ਵਿੱਤ ਦਿੱਤਾ ਗਿਆ ਸੀ।

ਸਾਲ 2023-24 ਦੌਰਾਨ ₹ 1,07,716 ਕਰੋੜ ਦੇ ਕੁੱਲ ਕਰਜ਼ਿਆਂ ਵਿੱਚੋਂ ਰਾਜ ਸਰਕਾਰ ਨੇ ਸਿਰਫ ₹ 4,743 ਕਰੋੜ (5 *ਪ੍ਰਤੀਸ਼ਤ*) ਦਾ ਪੂੰਜੀਗਤ ਖਰਚ ਕੀਤਾ।

ਚਾਲੂ ਸਾਲ ਦੌਰਾਨ ਰੈਵੀਨਿਊ ਪ੍ਰਾਪਤੀਆਂ ਪਿਛਲੇ ਸਾਲ ਦੇ ਮੁਕਾਬਲੇ ₹ 1,576 ਕਰੋੜ (1.80 *ਪ੍ਰਤੀਸ਼ਤ*) ਵਧਿਆ, ਜਦੋਂ ਕਿ ਰੈਵੀਨਿਊ ਖਰਚ ₹ 3,746 ਕਰੋੜ (3.30 *ਪ੍ਰਤੀਸ਼ਤ*) ਵਧਿਆ। ਇਸ ਤੋਂ ਇਲਾਵਾ, ਰਾਜ ਦੇ ਆਪਣੇ ਰੈਵੀਨਿਊ ਵਿੱਚ ਪਿਛਲੇ ਸਾਲ ਦੇ ਮੁਕਾਬਲੇ 12.40 *ਪ੍ਰਤੀਸ਼ਤ* ਦਾ ਸਕਾਰਾਤਮਕ ਵਾਧਾ ਦਰਜ ਕੀਤਾ ਗਿਆ ਹੈ।

ਰਾਜ ਨੇ ਤਨਖਾਹਾਂ ਅਤੇ ਉਜਰਤਾਂ, ਪੈਨਸ਼ਨਾਂ, ਵਿਆਜ ਭੁਗਤਾਨਾਂ ਵਰਗੀਆਂ ਵਚਨਬੱਧ ਦੇਣਦਾਰੀਆਂ ਤੇ ਕੁੱਲ ਰੈਵੀਨਿਊ ਖਰਚ ਦਾ 65 *ਪ੍ਰਤੀਸ਼ਤ* ਖਰਚ ਕੀਤਾ, ਜਦੋਂ ਕਿ ਤਰਜੀਹੀ ਖੇਤਰ ਦੇ ਖਰਚਿਆਂ ਲਈ ਸਿਰਫ 35 *ਪ੍ਰਤੀਸ਼ਤ* ਬਚਿਆ।

ਰਾਜ ਵਿੱਤ ਲੇਖੇ ਅਤੇ 15 ਪੀ ਐਸ ਯੂ ਦੇ ਲੇਖਿਆਂ ਮੁਤਾਬਕ ਇਕੁਇਟੀ ਨਿਵੇਸ਼ ਦੇ ਅੰਕੜਿਆਂ ਵਿੱਚ ₹ 4,089 ਕਰੋੜ ਦਾ ਫਰਕ ਸੀ। ਫਰਕ ਮਿਲਾਨ ਦੇ (ਮਈ 2024) ਅਧੀਨ ਸੀ।

ਰਾਜ ਸਰਕਾਰ ਨੇ 31 ਮਾਰਚ 2024 ਤੱਕ ਵਿਧਾਨਕ ਕਾਰਪੋਰੇਸ਼ਨਾਂ, ਸਰਕਾਰੀ ਕੰਪਨੀਆਂ ਅਤੇ ਸਹਿਕਾਰੀ ਸਭਾਵਾਂ ਵਿੱਚ ਆਪਣੇ ਕੁੱਲ ਨਿਵੇਸ਼ (₹ 20,040 ਕਰੋੜ) ਤੇ ਸਿਰਫ 0.02 *ਪ੍ਰਤੀਸ਼ਤ* ਰਿਟਰਨ ਪ੍ਰਾਪਤ ਕੀਤਾ ਹੈ।

ਰਾਜ ਸਰਕਾਰ ਨੂੰ ਸਾਲ 2023-24 ਦੌਰਾਨ ਬਕਾਇਆ ਕਰਜ਼ਿਆਂ ਤੇ ਵਿਆਜ ਵਜੋਂ ₹ 28 ਕਰੋੜ (0.07 *ਪ੍ਰਤੀਸ਼ਤ*) ਪ੍ਰਾਪਤ ਹੋਏ ਜਦੋਂਕਿ ਬਕਾਇਆ ਕਰਜ਼ੇ ਤੇ 7.28 *ਪ੍ਰਤੀਸ਼ਤ* ਵਿਆਜ ਅਦਾ ਕੀਤਾ ਗਿਆ।

2023-24 ਦੀ ਸ਼ੁਰੂਆਤ ਵਿੱਚ ਸਹਿਕਾਰੀ ਖੰਡ ਮਿੱਲਾਂ ਵਿਰੁੱਧ ₹ 2,700 ਕਰੋੜ ਦੇ ਕਰਜ਼ੇ ਬਕਾਇਆ ਸਨ ਪਹਿਲਾਂ ਦੇ ਕਰਜ਼ਿਆਂ, ਬਾਅਦ ਦੇ ਕਰਜ਼ਿਆਂ ਵਿੱਚੋਂ ਸਿਰਫ ₹ 7 ਕਰੋੜ ਦੀ ਵਸੂਲੀ ਦੇ ਬਾਵਜੂਦ, ਬਾਅਦ ਵਿੱਚ ਇਨ੍ਹਾਂ ਖੰਡ ਮਿੱਲਾਂ ਨੂੰ ₹ 100 ਕਰੋੜ ਦੇ ਕਰਜ਼ੇ ਦਿੱਤੇ ਗਏ।

ਜਨਤਕ ਕਰਜ਼ ਅਤੇ ਜਨਤਕ ਲੇਖੇ ਦੀਆਂ ਦੇਣਦਾਰੀਆਂ ਸਮੇਤ ਕੁੱਲ ਬਕਾਇਆ ਦੇਣਦਾਰੀਆਂ ਜੀ ਐਸ ਡੀ ਪੀ ਦਾ 43.72 *ਪ੍ਰਤੀਸ਼ਤ*[31] ਸਨ। ਕੁੱਲ ਦੇਣਦਾਰੀ ਪਿਛਲੇ ਸਾਲਾਂ ਦੇ ਮੁਕਾਬਲੇ 10.88 *ਪ੍ਰਤੀਸ਼ਤ* ਵੱਧ ਗਈ। ਸਾਲ ਦੌਰਾਨ, ਵਿਆਜ ਭੁਗਤਾਨ ਦੇ ਕਾਰਨ ਖਰਚ ਰੈਵੀਨਿਊ ਖਰਚ ਦੇ 19 *ਪ੍ਰਤੀਸ਼ਤ* ਅਤੇ ਰੈਵੀਨਿਊ ਪ੍ਰਾਪਤੀਆਂ ਦੇ 25 *ਪ੍ਰਤੀਸ਼ਤ* ਦੇ ਬਰਾਬਰ ਸੀ।

ਰਾਜ ਸਰਕਾਰ ਨੇ ਰਾਜ ਆਫਤ ਰਿਸਪੌਂਸ ਫੰਡ ਅਧੀਨ ਉਪਲਬਧ ₹ 10,380.41 ਕਰੋੜ ਦੇ ਫੰਡਾਂ ਦਾ ਨਿਵੇਸ਼ ਨਹੀਂ ਕੀਤਾ ਸੀ, ਜਿਸਦਾ ਮਤਲਬ ਹੈ ਕਿ ਫੰਡਾਂ ਦੀ ਵਰਤੋਂ ਨਿਸਚਿਤ ਉਦੇਸ਼ ਤੋਂ ਇਲਾਵਾ ਹੋਰ ਉਦੇਸ਼ਾਂ ਲਈ ਕੀਤੀ ਗਈ ਸੀ।

31 ਮਾਰਚ 2024 ਤੱਕ ਪੂਰਾ ਹੋਣ ਲਈ ਨਿਰਧਾਰਤ 44 ਪ੍ਰੋਜੈਕਟ ਅਧੂਰੇ ਸਨ। ਇਨ੍ਹਾਂ ਅਧੂਰੇ ਪ੍ਰੋਜੈਕਟਾਂ ਤੇ ਕੀਤੇ ਗਏ ₹ 1,764 ਕਰੋੜ ਦੇ ਖਰਚੇ ਨੇ ਅਜੇ ਤੱਕ ਲੋੜੀਂਦੇ ਲਾਭ ਪ੍ਰਾਪਤ ਨਹੀਂ ਕੀਤੇ ਹਨ।

ਰਾਜ ਸਰਕਾਰ ਨੇ ਪੰਜ ਪੀ ਐਸ ਯੂਜ਼ ਨੂੰ ₹ 909.59 ਕਰੋੜ ਦੀ ਗਰੰਟੀ ਦਿੱਤੀ ਸੀ ਜਿਨ੍ਹਾਂ ਦੀ ਸ਼ੁੱਧ ਜਾਇਦਾਦ ਨਕਾਰਾਤਮਕ ਹੋ ਗਈ ਸੀ। ਇਸਦਾ ਮਤਲਬ ਇਹ ਹੈ ਕਿ ਅਸਲ ਦੇਣਦਾਰੀ ਰਾਜ ਸਰਕਾਰ ਦੀ ਹੈ ਕਿ ਉਹ ਆਪਣੇ ਕਰਜ਼ੇ ਵਾਪਸ ਕਰੇ।

2.11 ਸਿਫਾਰਸ਼ਾਂ

ਲੇਖਾ ਪ੍ਰੀਖਿਆ ਟਿੱਪਣੀਆਂ ਦੀ ਰੋਸ਼ਨੀ ਵਿੱਚ, ਰਾਜ ਸਰਕਾਰ ਕਰ ਸਕਦੀ ਹੈ:

(i) ਅਧਿਨਿਯਮਿਕ ਵਿਧਾਨਕ ਨਿਗਮਾਂ, ਸਰਕਾਰੀ ਕੰਪਨੀਆਂ, ਸਹਿਕਾਰੀ ਬੈਂਕਾਂ ਅਤੇ ਸੁਸਾਇਟੀਆਂ ਤੋਂ ਨਿਵੇਸ਼ ਤੋਂ ਨਾਕਾਫੀ ਪ੍ਰਤੀਫਲ ਦੇ ਕਾਰਨਾਂ ਦਾ ਮੁਲਾਂਕਣ ਕਰਨਾ ਅਤੇ ਸੋਧਮਈ ਉਪਾਅ ਕਰਨਾ;

(ii) ਅਧੂਰੇ ਪ੍ਰੋਜੈਕਟਾਂ ਨੂੰ ਸਮਾਂਬੱਧ ਮੁਕੰਮਲ ਕਰਨ ਨੂੰ ਯਕੀਨੀ ਬਣਾਉਣਾ;

(iii) ਉਧਾਰ ਲੈਣ ਤੇ ਨਿਰਭਰਤਾ ਨੂੰ ਘੱਟ ਕਰਨ ਲਈ ਆਪਣੇ ਸਾਧਨਾਂ ਨੂੰ ਜਟਾਉਣਾ; ਅਤੇ

(iv) ਗਾਰੰਟੀ/ਕਰਜ਼ੇ ਪ੍ਰਦਾਨ ਕਰਨ ਤੋਂ ਪਹਿਲਾਂ ਸੰਸਥਾਵਾਂ ਦੀ ਕਰਜ਼ਾ ਸੇਵਾ ਸਮਰੱਥਾ ਦਾ ਮੁਲਾਂਕਣ ਕਰਨਾ।

31 2020-22 ਦੌਰਾਨ ਜੀ ਐਸ ਟੀ ਦੀ ਘਾਟ ਦੇ ਬਦਲੇ ਜੀ ਓ ਆਈ ਤੋਂ ਪ੍ਰਾਪਤ ਕੀਤੇ ₹ 20,491 ਕਰੋੜ ਦੇ ਬੈਕ-ਟੂ-ਬੈਕ ਕਰਜ਼ਿਆਂ ਨੂੰ ਛੱਡ ਕੇ, ਜੋ ਰਾਜ ਸਰਕਾਰ ਦੁਆਰਾ ਆਪਣੇ ਸ੍ਰੋਤਾਂ ਤੋਂ ਵਾਪਸ ਨਹੀਂ ਕੀਤੇ ਜਾਣੇ ਹਨ।

ਅਧਿਆਇ-III

ਬਜਟਰੀ ਪ੍ਰਬੰਧਨ

ਅਧਿਆਇ-III

ਬਜਟਰੀ ਪ੍ਰਬੰਧਨ

3.1 ਬਜਟ ਪ੍ਰਕਿਰਿਆ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਦੀ ਪਾਲਣਾ ਵਿੱਚ ਹਰ ਇੱਕ ਵਿੱਤੀ ਸਾਲ ਨਾਲ ਸਬੰਧਤ, ਉਸ ਸਾਲ ਲਈ ਰਾਜ ਦੀਆਂ ਅਨੁਮਾਨਿਤ ਪ੍ਰਾਪਤੀਆਂ ਅਤੇ ਖਰਚਿਆਂ ਦੀ ਇੱਕ ਵਿਵਰਣੀ ਜਿਸ ਨੂੰ ਕਿ "ਸਾਲਾਨਾ ਵਿੱਤੀ ਵਿਵਰਣੀ (ਬਜਟ)" ਕਿਹਾ ਜਾਂਦਾ ਹੈ, ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤੀ ਜਾਂਦੀ ਹੈ। ਖਰਚੇ ਦੇ ਅਨੁਮਾਨਾਂ ਵਿੱਚ ਖਰਚੇ ਦੀਆਂ 'ਚਾਰਜਡ' ਅਤੇ 'ਵੋਟਡ' ਆਈਟਮਾਂ[1] ਨੂੰ ਵੱਖ-ਵੱਖ ਕਰਕੇ ਦਰਸਾਇਆ ਜਾਂਦਾ ਹੈ ਅਤੇ ਰੈਵੀਨਿਊ ਲੇਖੇ ਦੇ ਖਰਚੇ ਨੂੰ ਹੋਰ ਖਰਚਿਆਂ ਤੋਂ ਵੱਖਰਾ ਕਰਕੇ ਦਰਸਾਇਆ ਜਾਂਦਾ ਹੈ। ਰਾਜ ਸਰਕਾਰ ਵੱਲੋਂ ਕੋਈ ਵੀ ਖਰਚਾ ਕਰਨ ਤੋਂ ਪਹਿਲਾਂ ਵਿਧਾਨਕ ਅਧਿਕਾਰ ਹਾਸਲ ਕਰਨਾ ਜ਼ਰੂਰੀ ਹੈ।

ਪੰਜਾਬ ਬਜਟ ਮੈਨੂਅਲ ਅਨੁਸਾਰ, ਵਿੱਤ ਵਿਭਾਗ ਵੱਖ-ਵੱਖ ਵਿਭਾਗਾਂ ਤੋਂ ਅਨੁਮਾਨ ਪ੍ਰਾਪਤ ਕਰਕੇ ਸਾਲਾਨਾ ਬਜਟ ਤਿਆਰ ਕਰਨ ਲਈ ਜਿੰਮੇਵਾਰ ਹੈ। ਪ੍ਰਾਪਤੀਆਂ ਅਤੇ ਖਰਚਿਆਂ ਦੇ ਵਿਭਾਗੀ ਅਨੁਮਾਨ, ਨਿਯੰਤਰਣ ਅਧਿਕਾਰੀਆਂ ਵੱਲੋਂ ਵਿਭਾਗਾਂ ਦੇ ਮੁਖੀਆਂ ਦੀ ਸਲਾਹ ਨਾਲ ਤਿਆਰ ਕੀਤੇ ਜਾਂਦੇ ਹਨ ਅਤੇ ਨਿਰਧਾਰਤ ਤਰੀਕਾਂ ਤੇ ਵਿੱਤ ਵਿਭਾਗ ਨੂੰ ਭੇਜੇ ਜਾਂਦੇ ਹਨ। ਵਿੱਤ ਵਿਭਾਗ ਇਨ੍ਹਾਂ ਅਨੁਮਾਨਾਂ ਨੂੰ ਸੰਕਲਿਤ ਕਰਦਾ ਹੈ ਅਤੇ ਵਿਸਥਾਰਤ ਅਨੁਮਾਨ ਤਿਆਰ ਕਰਦਾ ਹੈ, ਜਿਨ੍ਹਾਂ ਨੂੰ ਕਿ 'ਗ੍ਰਾਂਟਾਂ ਲਈ ਮੰਗਾਂ' ਕਿਹਾ ਜਾਂਦਾ ਹੈ। ਰਾਜ ਦੇ ਬਜਟ ਵਿੱਚ ਹੇਠ ਲਿਖੇ ਦਸਤਾਵੇਜ਼ ਸ਼ਾਮਲ ਹੁੰਦੇ ਹਨ, ਜਿਵੇਂ ਕਿ **ਚਾਰਟ 3.1** ਵਿੱਚ ਦਿੱਤਾ ਗਿਆ ਹੈ।

1 **ਚਾਰਜਡ ਖਰਚਾ:** ਖਰਚਿਆਂ ਦੀਆਂ ਕੁੱਝ ਸ਼੍ਰੇਣੀਆਂ (ਜਿਵੇਂ ਕਿ ਸੰਵਿਧਾਨਕ ਅਥਾਰਟੀਆਂ ਦੀਆਂ ਤਨਖਾਹਾਂ, ਕਰਜ਼ੇ ਦੀ ਮੁੜ ਅਦਾਇਗੀ, ਆਦਿ), ਰਾਜ ਦੇ ਸੰਚਿਤ ਫੰਡ ਨੂੰ ਚਾਰਜ ਕੀਤੀਆਂ ਜਾਂਦੀਆਂ ਹਨ ਅਤੇ ਇਹ ਵਿਧਾਨਪਾਲਿਕਾ ਦੀ ਵੋਟ ਅਧੀਨ ਨਹੀਂ ਹਨ। **ਵੋਟਡ ਖਰਚਾ:** ਹੋਰ ਸਾਰੇ ਖਰਚਿਆਂ ਲਈ ਵਿਧਾਨਪਾਲਿਕਾ ਤੋਂ ਵੋਟ ਲਈ ਜਾਂਦੀ ਹੈ।

ਚਾਰਟ 3.1: ਰਾਜ ਦੇ ਬਜਟ ਦਸਤਾਵੇਜ਼ਾਂ ਦੇ ਵੇਰਵੇ



ਸਾਲ 2023-24 ਲਈ ਬਜਟ ਦੇ ਵੱਖ ਵੱਖ ਕੰਪੋਨੈਂਟਾਂ ਨੂੰ **ਚਾਰਟ 3.2** ਵਿੱਚ ਦਰਸਾਇਆ ਗਿਆ ਹੈ।

ਚਾਰਟ 3.2: ਬਜਟ ਲਾਗੂਕਰਣ ਦਾ ਫਲੋਅ ਚਾਰਟ



ਸ੍ਰੋਤ: ਨਿਮਿੱਤਣ ਲੇਖੇ

3.1.1 ਜੈਂਡਰ ਰਿਸਪਾਂਸਇਵ ਬਜਟਿੰਗ

ਜੈਂਡਰ ਰਿਸਪਾਂਸਇਵ ਬਜਟਿੰਗ (ਜੀ ਆਰ ਬੀ) ਇਹ ਯਕੀਨੀ ਬਣਾਉਣ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਹੈ ਕਿ ਸਰੋਤਾਂ ਨੂੰ ਲਿੰਗ ਪਾੜੇ, ਅਸਮਾਨਤਾਵਾਂ ਅਤੇ ਲਿੰਗ ਪਰਿਵਰਤਨਕਾਰੀ ਏਜੰਡੇ ਦੇ ਲਾਗੂਕਰਨ ਨੂੰ ਹੱਲ ਕਰਨ ਲਈ ਬਿਹਤਰ ਤਰੀਕੇ ਨਾਲ ਟੀਚਾਗਤ ਕੀਤਾ ਜਾਵੇ। ਪੰਜਾਬ ਸਰਕਾਰ (ਜੀ ਓ ਪੀ) ਨੇ ਸਾਲ 2023-24 ਦੌਰਾਨ ਲਿੰਗ ਬਜਟਿੰਗ ਸ਼ੁਰੂ ਕੀਤੀ ਹੈ ਤਾਂ ਜੋ ਰਾਜ ਦੇ ਲਿੰਗ ਸਮਾਨਤਾ ਦੇ ਏਕੀਕਰਨ ਅਤੇ ਸਾਰੀਆਂ ਵਿਕਾਸ ਪ੍ਰਕਿਰਿਆਵਾਂ ਅਤੇ ਯੋਜਨਾਵਾਂ ਵਿੱਚ ਸਮਾਨਤਾ ਨੂੰ ਯਕੀਨੀ ਬਣਾਇਆ ਜਾ ਸਕੇ। ਸਮਾਜਿਕ ਸੁਰੱਖਿਆ, ਔਰਤਾਂ ਅਤੇ ਬਾਲ ਵਿਕਾਸ ਵਿਭਾਗ ਨੂੰ ਰਾਜ ਵਿੱਚ ਲਿੰਗ ਜਵਾਬਦੇਹ ਬਜਟ ਲਾਗੂ ਕਰਨ ਲਈ ਨੋਡਲ ਵਿਭਾਗ ਵਜੋਂ ਨਾਮਜ਼ਦ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਸਾਲ 2023-24 ਲਈ ਪੇਸ਼ ਕੀਤੇ ਗਏ ਜੈਂਡਰ ਬਜਟ ਸਟੇਟਮੈਂਟ (ਜੀ ਬੀ ਐਸ) ਵਿੱਚ ਤਿੰਨ ਸ਼੍ਰੇਣੀਆਂ ਅਧੀਨ ਜਾਣਕਾਰੀ ਸ਼ਾਮਲ ਹੈ:

ਭਾਗ ੳ – 100 *ਪ੍ਰਤੀਸ਼ਤ* ਔਰਤਾਂ ਵਿਸ਼ੇਸ਼ ਯੋਜਨਾਵਾਂ: ਸਾਰੀਆਂ ਨੀਤੀਆਂ/ਪ੍ਰੋਗਰਾਮ/ਸਕੀਮਾਂ ਜੋ ਪੂਰੀ ਤਰ੍ਹਾਂ ਔਰਤਾਂ ਅਤੇ ਲੜਕੀਆਂ ਲਾਭਪਾਤਰੀਆਂ ਲਈ ਹਨ, ਨੂੰ ਇਸ ਭਾਗ ਵਿੱਚ ਰੱਖਿਆ ਗਿਆ ਸੀ। ਇਸ ਸ਼੍ਰੇਣੀ ਦੇ ਅਧੀਨ 26 ਸਕੀਮਾਂ ਸਨ, ਜਿਨ੍ਹਾਂ ਵਿੱਚੋਂ ਚਾਰ ਸਕੀਮਾਂ ਦਾ ਅਸਲ ਬਜਟ ਉਪਬੰਧ ₹ 50 ਕਰੋੜ ਤੋਂ ਵੱਧ ਸੀ ***(ਅੰਤਿਕਾ 3.1)***।

ਭਾਗ ਅ – ਔਰਤਾਂ ਨਾਲ ਸਬੰਧਤ ਭਾਗਾਂ 'ਤੇ 30 *ਪ੍ਰਤੀਸ਼ਤ* ਤੋਂ 99 *ਪ੍ਰਤੀਸ਼ਤ* ਖਰਚ ਵਾਲੀਆਂ ਸਕੀਮਾਂ: ਇਸ ਸ਼੍ਰੇਣੀ ਦੇ ਅਧੀਨ 35 ਸਕੀਮਾਂ ਸਨ, ਜਿਨ੍ਹਾਂ ਵਿੱਚੋਂ 11 ਸਕੀਮਾਂ ਵਿੱਚ ₹ 50 ਕਰੋੜ ਜਾਂ ਇਸ ਤੋਂ ਵੱਧ ਦੇ ਮੂਲ ਬਜਟ ਉਪਬੰਧ ਸੀ ***(ਅੰਤਿਕਾ 3.1)***।

ਭਾਗ ੲ – ਔਰਤਾਂ ਨਾਲ ਸਬੰਧਤ ਭਾਗਾਂ 'ਤੇ 30 *ਪ੍ਰਤੀਸ਼ਤ* ਤੋਂ ਘੱਟ ਖਰਚ ਵਾਲੀਆਂ ਸਕੀਮਾਂ: ਇਸ ਸ਼੍ਰੇਣੀ ਦੇ ਅਧੀਨ 19 ਸਕੀਮਾਂ ਸਨ, ਜਿਨ੍ਹਾਂ ਵਿੱਚੋਂ ਚਾਰ ਸਕੀਮਾਂ ਵਿੱਚ ₹ 50 ਕਰੋੜ ਜਾਂ ਇਸ ਤੋਂ ਵੱਧ ਦੇ ਮੂਲ ਬਜਟ ਉਪਬੰਧ ਸੀ ***(ਅੰਤਿਕਾ 3.1)***।

ਇਹ ਮਹੱਤਵਪੂਰਨ ਹੈ ਕਿ ਨੀਤੀਆਂ, ਯੋਜਨਾਵਾਂ ਅਤੇ ਪ੍ਰੋਗਰਾਮਾਂ ਦੀ ਯੋਜਨਾਬੰਦੀ ਅਤੇ ਡਿਜ਼ਾਈਨਿੰਗ ਦੀ ਪ੍ਰਕਿਰਿਆ ਨੂੰ ਲੋੜੀਂਦੇ ਸਰੋਤਾਂ ਦੀ ਵੰਡ ਦੁਆਰਾ ਸਮਰਥਿਤ ਜੈਂਡਰ ਰਿਸਪਾਂਸਇਵ ਬਜਟਿੰਗ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਹਾਲਾਂਕਿ, ਇਹ ਦੇਖਿਆ ਗਿਆ ਕਿ 13 ਸਕੀਮਾਂ ਅਧੀਨ ₹ 11.74 ਕਰੋੜ ਤੋਂ ₹ 221.46 ਕਰੋੜ ਦੇ ਵਿਚਕਾਰ ਦੇ ਮੂਲ ਬਜਟ ਉਪਬੰਧਾਂ ਨੂੰ ਪੁਨਰ-ਨਿਮਿੱਤਣ ਰਾਹੀਂ ਵਾਪਸ ਲੈ ਲਿਆ ਗਿਆ ਸੀ ***(ਅੰਤਿਕਾ 3.1)*** । ਇਸ ਤੋਂ ਇਲਾਵਾ ਦੋ[2] ਸਕੀਮਾਂ ਅਧੀਨ ₹ 100.00 ਕਰੋੜ ਤੋਂ ਵੱਧ ਦੀ ਬੱਚਤ ਵੇਖੀ ਗਈ ਸੀ ਅਤੇ ਇੱਕ[3] ਯੋਜਨਾ ਅਧੀਨ ਕੋਈ ਖਰਚ ਨਹੀਂ ਕੀਤਾ ਗਿਆ ਸੀ।

2 (i) ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਸਕੀਮ (₹ 138.40 ਕਰੋੜ); ਅਤੇ (ii) ਪੰਚਾਇਤੀ ਰਾਜ ਸੰਸਥਾਵਾਂ ਲਈ 15ਵੇਂ ਵਿੱਤ ਕਮਿਸ਼ਨ ਦੁਆਰਾ ਸਿਫਾਰਸ਼ ਕੀਤੀ ਗ੍ਰਾਂਟ (₹ 702.85 ਕਰੋੜ)।

3 ਭਾਰਤ ਵਿੱਚ ਪੜ੍ਹਾਈ ਲਈ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ ਪੋਸਟ-ਮੈਟ੍ਰਿਕ ਸਕਾਲਰਸ਼ਿਪ।

3.1.2 ਵਿੱਤੀ ਸਾਲ 2023-24 ਦੌਰਾਨ ਕੁੱਲ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦਾ ਸਾਰ

ਸਾਲ 2023-24 ਦੌਰਾਨ ਕੁੱਲ 42 ਗ੍ਰਾਂਟਾਂ/ਨਿਮਿੱਤਣਾਂ ਲਈ ਕੁੱਲ ਬਜਟ ਉਪਬੰਧਾਂ, ਅਦਾਇਗੀਆਂ ਅਤੇ ਬੱਚਤਾਂ ਦੀ ਸੰਖੇਪਕ ਸਥਿਤੀ ਅਤੇ ਨਾਲ ਹੀ ਅੱਗੇ ਇਸ ਦੀ ਵੋਟਡ/ਚਾਰਜਡ ਵਿਚਕਾਰ ਵੰਡ **ਸਾਰਣੀ 3.1** ਵਿੱਚ ਦਿੱਤੀ ਗਈ ਹੈ।

ਸਾਰਣੀ 3.1: ਵਿੱਤੀ ਸਾਲ 2023-24 ਦੌਰਾਨ ਬਜਟ ਉਪਬੰਧਾਂ, ਅਦਾਇਗੀਆਂ ਅਤੇ ਬੱਚਤਾਂ

(₹ ਕਰੋੜ ਵਿੱਚ)

ਵੇਰਵਾ	ਕੁੱਲ ਬਜਟ ਉਪਬੰਧ		ਅਦਾਇਗੀਆਂ		ਬੱਚਤਾਂ (-)/ਵਾਧੂ(+)	
	ਵੋਟਡ	ਚਾਰਜਡ	ਵੋਟਡ	ਚਾਰਜਡ	ਵੋਟਡ	ਚਾਰਜਡ
ਰੈਵੀਨਿਊ	1,02,498.62	24,600.93	93,209.66	24,624.09	(-)9,288.96	(+)23.16
ਪੂੰਜੀਗਤ	10,699.81	0.00	4,899.67	0.00	(-)5,800.14	0.00
ਕਰਜ਼ੇ ਅਤੇ ਪੇਸ਼ਗੀਆਂ	1,083.32	0.00	195.82	0.00	(-)887.50	0.00
ਜਨਤਕ ਕਰਜ਼ਾ	0.00	69,626.00	0.00	73,451.79	0.00	(+)3,825.79
ਜੋੜ	**1,14,281.75**	**94,226.93**	**98,305.15**	**98,075.88**	**(-)15,976.60**	**(+)3,848.95**

ਸ੍ਰੋਤ: ਨਿਮਿੱਤਣ ਲੇਖੇ

3.1.3 ਚਾਰਜਡ ਅਤੇ ਵੋਟਡ ਅਦਾਇਗੀਆਂ

ਸਾਰਣੀ 3.2: 2019-2024 ਸਾਲਾਂ ਦੌਰਾਨ ਕੁੱਲ ਅਦਾਇਗੀਆਂ ਦੀ ਚਾਰਜਡ ਅਤੇ ਵੋਟਡ ਵਿਚਕਾਰ ਨਿਖੇੜਾ

(₹ ਕਰੋੜ ਵਿੱਚ)

ਸਾਲ	ਅਦਾਇਗੀਆਂ		ਬੱਚਤਾਂ (-)/ਵਾਧੂ(+)	
	ਵੋਟਡ	ਚਾਰਜਡ	ਵੋਟਡ	ਚਾਰਜਡ
2019-20	77,284.43	57,597.68	(-)22,051.09	(-)5,126.89
2020-21	73,489.75	53,919.66	(-)20,175.01	(-)13,744.55
2021-22	86,173.21	40,397.27	(-)23,236.63	(-)29,597.87
2022-23	98,613.31	81,611.41	(-)10,656.60	(-)1,774.34
2023-24	98,305.15	98,075.88	(-)15,976.60	(+)3,848.95

ਸ੍ਰੋਤ: ਨਿਮਿੱਤਣ ਲੇਖੇ

3.1.4 ਬਜਟ ਮਾਰਕਸਮੈਨਸ਼ਿਪ

3.1.4.1 ਕੁੱਲ ਖਰਚਾ ਆਊਟ-ਟਰਨ

ਕੁੱਲ ਖਰਚੇ ਦਾ ਆਊਟ-ਟਰਨ ਮੂਲ ਰੂਪ ਵਿੱਚ ਪ੍ਰਵਾਨਿਤ ਬਜਟ ਅਨੁਮਾਨ (ਬੀ ਈ) ਦੀ ਤੁਲਨਾ ਵਿੱਚ ਅਸਲ ਖਰਚੇ (ਅਸਲ) ਵਿੱਚ ਡੀਵੀਏਸ਼ਨ ਦੀ ਆਂਕਣਾ ਕਰਦਾ ਹੈ, ਜੋ ਕਿ ਪ੍ਰਵਾਨਿਤ ਤੋਂ ਘੱਟ ਅਤੇ ਵੱਧ ਦੋਵਾਂ ਰੂਪ ਵਿੱਚ ਹੈ, ਜਿਵੇਂ ਕਿ **ਸਾਰਣੀ 3.3** ਵਿੱਚ ਦਿੱਤਾ ਗਿਆ ਹੈ।

ਸਾਰਣੀ 3.3: ਸਾਲ 2023-24 ਦੌਰਾਨ ਬਜਟ ਅਨੁਮਾਨਾਂ ਅਤੇ ਅਸਲ ਆਊਟ-ਟਰਨ ਦੀ ਤੁਲਨਾ

(₹ ਕਰੋੜ ਵਿੱਚ)

ਵੇਰਵਾ	ਪ੍ਰਵਾਨਿਤ ਬਜਟ (ਮੂਲ+ ਪੂਰਕ) (ਬੀ ਈ)	ਅਸਲ ਆਊਟ-ਟਰਨ	ਅਸਲ ਅਤੇ ਬੀ ਈ* ਵਿਚਕਾਰ ਅੰਤਰ
(1)	(2)	(3)	(4=3-2)
ਰੈਵੀਨਿਊ	1,27,099.55	1,17,833.75	(-)9,265.80
ਪੂੰਜੀਗਤ	81,409.13	78,547.28	(-)2,861.85
ਜੋੜ	**2,08,508.68**	**1,96,381.03**	**(-)12,127.65**

ਸ੍ਰੋਤ: ਨਿਮਿੱਤਣ ਲੇਖੇ

** ਮੂਲ ਉਪਬੰਧ ਨਾਲੋਂ ਅਸਲਾਂ ਦੇ ਘੱਟ ਹੋਣ ਨੂੰ (-) ਅੰਕ ਵਜੋਂ ਦਰਸਾਇਆ ਗਿਆ ਹੈ।*

ਰੈਵੀਨਿਊ ਸੈਕਸ਼ਨ ਵਿੱਚ, ਬਜਟ ਅਨੁਮਾਨਾਂ (ਬੀ ਈ) ਦੀ ਤੁਲਨਾ ਵਿੱਚ 7.29 *ਪ੍ਰਤੀਸ਼ਤ* ਦੀ ਬਚਤ ਹੋਈ ਸੀ। ਇਹ 35 ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ* ਤੱਕ, ਤਿੰਨ ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ* ਅਤੇ 50 *ਪ੍ਰਤੀਸ਼ਤ* ਦੇ ਵਿਚਕਾਰ; ਅਤੇ ਚਾਰ ਗ੍ਰਾਂਟਾਂ ਵਿੱਚ 50 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਵਿਚਕਾਰ ਵਾਧੂ/ਬਚਤ ਦੇ ਕਾਰਣ ਸੀ ***(ਅੰਤਿਕਾ 3.2)***।

ਪੂੰਜੀਗਤ ਸੈਕਸ਼ਨ ਵਿੱਚ, ਬੀ ਈ ਦੀ ਤੁਲਨਾ ਵਿੱਚ 3.52 *ਪ੍ਰਤੀਸ਼ਤ* ਦੀ ਬਚਤ ਸੀ। ਇਹ ਪੰਜ ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ* ਤੱਕ; ਤਿੰਨ ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ* ਅਤੇ 50 *ਪ੍ਰਤੀਸ਼ਤ* ਦੇ ਵਿਚਕਾਰ; ਅਤੇ 28 ਗ੍ਰਾਂਟਾਂ ਵਿੱਚ 50 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਵਿਚਕਾਰ ਵਾਧੂ/ਬਚਤ ਦੇ ਕਾਰਣ ਸੀ, ਜਿਨ੍ਹਾਂ ਵਿੱਚ ਛੇ ਗ੍ਰਾਂਟਾਂ ਵਿੱਚ ਕੋਈ ਖਰਚਾ ਨਹੀਂ ਕੀਤਾ ਗਿਆ ਸੀ। ਛੇ ਗ੍ਰਾਂਟਾਂ ਵਿੱਚ ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ ਸੀ ***(ਅੰਤਿਕਾ 3.3)***।

3.1.4.2 ਖਰਚੇ ਦੀ ਬਣਤਰ ਦਾ ਆਊਟ-ਟਰਨ

ਖਰਚੇ ਦੀ ਬਣਤਰ ਦਾ ਆਊਟ-ਟਰਨ ਇਹ ਆਂਕਣਾ ਕਰਦਾ ਹੈ ਕਿ ਅਮਲ ਵਿੱਚ ਲਿਆਉਣ ਵੇਲੇ ਮੁੱਖ ਬਜਟ ਵਰਗਾਂ ਵਿਚਕਾਰ ਮੁੜ ਵੰਡਾਂ ਕਿਸ ਹੱਦ ਤੱਕ ਖਰਚੇ ਦੀ ਬਣਤਰ ਵਿੱਚ ਤਬਦੀਲੀਆਂ ਲਿਆਉਣ ਵਿੱਚ ਯੋਗਦਾਨ ਪਾਉਂਦੀਆਂ ਹਨ, ਜਿਵੇਂ ਕਿ **ਸਾਰਣੀ 3.4** ਵਿੱਚ ਦਿੱਤਾ ਗਿਆ ਹੈ।

ਸਾਰਣੀ 3.4 : ਸਾਲ 2023-24 ਦੌਰਾਨ ਬਜਟ ਅਨੁਮਾਨਾਂ, ਸੋਧਿਤ ਅਨੁਮਾਨਾਂ ਅਤੇ ਅਸਲ ਆਊਟ-ਟਰਨ ਦੀ ਤੁਲਨਾ

(₹ ਕਰੋੜ ਵਿੱਚ)

ਵੇਰਵਾ	ਬਜਟ ਅਨੁਮਾਨਾਂ (ਬੀ ਈ)	ਸੋਧਿਤ ਅਨੁਮਾਨਾਂ (ਆਰ ਈ)	ਅਸਲ ਆਊਟ-ਟਰਨ	ਬੀ ਈ ਅਤੇ ਆਰ ਈ ਵਿਚਕਾਰ ਅੰਤਰ	ਅਸਲ ਅਤੇ ਆਰ ਈ* ਵਿਚਕਾਰ ਅੰਤਰ
(1)	(2)	(3)	(4)	(5=2-3)	(6=4-3)
ਰੈਵੀਨਿਊ	1,27,099.55	1,22,751.46	1,17,833.75	4,348.09	(-)4,917.71
ਪੂੰਜੀਗਤ	81,409.13	76,324.90	78,547.28	5,084.23	(+)2,222.38
ਜੋੜ	**2,08,508.68**	**1,99,076.36**	**1,96,381.03**	**9,432.32**	**(-)2,695.33**

ਸ੍ਰੋਤ: ਨਿਮਿੱਤਣ ਲੇਖੇ (2023-24) ਅਤੇ ਸਾਲਾਨਾ ਵਿੱਤੀ ਵਿਵਰਣੀ (2024-25)

** ਸੋਧਿਤ ਅਨੁਮਾਨਾਂ ਨਾਲੋਂ ਅਸਲਾਂ ਦੇ ਵੱਧ ਹੋਣ ਨੂੰ (+) ਅੰਕ ਵਜੋਂ ਦਰਸਾਇਆ ਗਿਆ ਹੈ ਅਤੇ ਸੋਧਿਤ ਅਨੁਮਾਨਾਂ ਨਾਲੋਂ ਅਸਲਾਂ ਦੇ ਘੱਟ ਹੋਣ ਨੂੰ (-) ਵਜੋਂ ਦਰਸਾਇਆ ਗਿਆ ਹੈ।*

ਰੈਵੀਨਿਊ ਸੈਕਸ਼ਨ ਵਿੱਚ, ਸੋਧੇ ਅਨੁਮਾਨਾਂ (ਆਰ ਈ) ਦੀ ਤੁਲਨਾ ਵਿੱਚ ਬਚਤ 4.01 *ਪ੍ਰਤੀਸ਼ਤ* ਸੀ। ਇਹ 40 ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ,* ਇੱਕ ਗ੍ਰਾਂਟ ਵਿੱਚ ਬਚਤ 25 *ਪ੍ਰਤੀਸ਼ਤ* ਅਤੇ 50 *ਪ੍ਰਤੀਸ਼ਤ* ਦੇ ਵਿਚਕਾਰ ਅਤੇ ਇੱਕ ਗ੍ਰਾਂਟ ਵਿੱਚ 50 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਦੇ ਵਿਚਕਾਰ ਵਾਧੂ/ਬਚਤ ਦੇ ਕਾਰਨ ਸੀ ***(ਅੰਤਿਕਾ 3.4)***।

ਪੂੰਜੀਗਤ ਸੈਕਸ਼ਨ ਵਿੱਚ, ਆਰ ਈ ਦੀ ਤੁਲਨਾ ਵਿੱਚ 2.91 *ਪ੍ਰਤੀਸ਼ਤ* ਦਾ ਵੱਧ ਖਰਚ ਸੀ। ਇਹ 16 ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ* (ਇੱਕ ਗ੍ਰਾਂਟ ਵਿੱਚ ਕੋਈ ਭਿੰਨਤਾ ਸ਼ਾਮਲ ਨਹੀਂ ਸੀ), ਚਾਰ ਗ੍ਰਾਂਟਾਂ ਵਿੱਚ 25 *ਪ੍ਰਤੀਸ਼ਤ* ਅਤੇ 50 *ਪ੍ਰਤੀਸ਼ਤ* ਦੇ ਵਿਚਕਾਰ, 14 ਗ੍ਰਾਂਟਾਂ ਵਿੱਚ 50 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਦੇ ਵਿਚਕਾਰ ਵਾਧੂ/ ਬਚਤ ਦੇ ਕਾਰਨ ਸੀ, ਜਿਸ ਵਿੱਚੋਂ ਚਾਰ ਗ੍ਰਾਂਟਾਂ ਵਿੱਚ ਕੋਈ ਖਰਚ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਅੱਠ ਗ੍ਰਾਂਟਾਂ (ਗ੍ਰਾਂਟ ਨੰ. 10,14,16,18,22,26,32 ਅਤੇ 37) ਦੇ ਸਬੰਧ ਵਿੱਚ ਕੋਈ ਬਜਟ ਉਪਬੰਧ ਨਹੀਂ ਕੀਤਾ ਗਿਆ ਸੀ ***(ਅੰਤਿਕਾ 3.5)***।

3.2 ਨਿਮਿੱਤਣ ਲੇਖੇ

ਜਿਵੇਂ ਕਿ ਨਿਮਿੱਤਣ ਐਕਟ ਨਾਲ ਨੱਥੀ ਸੂਚੀਆਂ ਵਿੱਚ ਸਪੱਸ਼ਟ ਕੀਤਾ ਗਿਆ ਹੈ, ਨਿਮਿੱਤਣ ਲੇਖੇ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 204 ਅਧੀਨ ਪਾਸ ਕੀਤੀਆਂ ਗਈਆਂ, ਹਰੇਕ ਵਿੱਤੀ ਸਾਲ ਲਈ ਵੱਖੋ ਵੱਖਰੇ ਮੰਤਵਾਂ ਲਈ ਵੋਟਡ ਗ੍ਰਾਂਟਾਂ ਅਤੇ ਚਾਰਜਡ ਨਿਮਿੱਤਣਾਂ ਦੀਆਂ ਰਾਸ਼ੀਆਂ ਨਾਲ ਤੁਲਨਾ ਕਰਦੇ ਹੋਏ, ਸਰਕਾਰ ਦੇ ਖਰਚਿਆਂ ਦੇ ਲੇਖੇ ਹਨ। ਨਿਮਿੱਤਣ ਲੇਖੇ ਸਕਲ ਅਧਾਰ ਤੇ ਹਨ। ਇਹ ਲੇਖੇ, ਮੂਲ ਬਜਟ ਉਪਬੰਧ, ਪੂਰਕ ਗ੍ਰਾਂਟਾਂ, ਸਪੁਰਦਗੀਆਂ ਅਤੇ ਪੁਨਰ-ਨਿਮਿੱਤਣਾਂ ਨੂੰ ਵੱਖ ਵੱਖ ਕਰਕੇ ਦਰਸਾਉਂਦੇ ਹਨ ਅਤੇ ਇਹ ਬਜਟ ਦੀਆਂ ਚਾਰਜਡ ਅਤੇ ਵੋਟਡ ਦੋਵੇਂ ਮੱਦਾਂ ਦੇ ਵੱਖ ਵੱਖ ਨਿਸ਼ਚਿਤ ਸੇਵਾਵਾਂ ਉੱਤੇ ਨਿਮਿੱਤਣ ਐਕਟ ਦੁਆਰਾ ਅਧਿਕਾਰਿਤ ਕੀਤੇ ਗਏ, ਪੂੰਜੀਗਤ ਅਤੇ ਰੈਵੀਨਿਊ ਖਰਚੇ ਦੀ ਅਸਲ ਖਰਚੇ ਨਾਲ ਤੁਲਨਾ ਨੂੰ ਦਰਸਾਉਂਦੇ ਹਨ। ਇਸ ਤਰ੍ਹਾਂ ਨਿਮਿੱਤਣ ਲੇਖੇ ਫੰਡਾਂ ਦੀ ਵਰਤੋਂ, ਵਿੱਤਾਂ ਦੇ ਪ੍ਰਬੰਧਨ ਅਤੇ ਬਜਟਰੀ ਉਪਬੰਧਾਂ ਦੀ ਮਾਨੀਟਰਿੰਗ ਨੂੰ ਸਮਝਣਾ ਸੁਖਾਲਾ ਕਰਦੇ ਹਨ ਅਤੇ ਇਸ ਲਈ ਇਹ ਵਿੱਤ ਲੇਖਿਆਂ ਦੇ ਪੂਰਕ ਹਨ।

ਸੀ ਏ ਜੀ ਦੁਆਰਾ ਨਿਮਿੱਤਣਾਂ ਦੀ ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵੱਖ ਵੱਖ ਗ੍ਰਾਂਟਾਂ ਅਧੀਨ ਅਸਲ ਵਿੱਚ ਕੀਤਾ ਗਿਆ ਖਰਚਾ ਨਿਮਿੱਤਣ ਐਕਟ ਵਿੱਚ ਦਿੱਤੇ ਅਧਿਕਾਰ ਅਨੁਸਾਰ ਹੈ ਅਤੇ ਸੰਵਿਧਾਨ (ਅਨੁਛੇਦ 202) ਦੇ ਉਪਬੰਧਾਂ ਅਧੀਨ ਚਾਰਜ ਹੋਣ ਵਾਲਾ ਖਰਚਾ ਇਸ ਅਨੁਸਾਰ ਚਾਰਜ ਕੀਤਾ ਗਿਆ ਹੈ। ਇਹ ਇਸ ਗੱਲ ਨੂੰ ਵੀ ਯਕੀਨੀ ਬਣਾਉਦਾ ਹੈ ਕਿ ਇਸ ਤਰ੍ਹਾਂ ਕੀਤਾ ਗਿਆ ਖਰਚਾ ਕਾਨੂੰਨਾਂ, ਸਬੰਧਤ ਨਿਯਮਾਂ, ਵਿਨਿਯਮਾਂ ਅਤੇ ਹਦਾਇਤਾਂ ਦੇ ਅਨੁਕੂਲ ਹੈ।

3.3 ਬਜਟਰੀ ਅਤੇ ਲੇਖਾ ਪ੍ਰਕਿਰਿਆ ਦਾ ਏਕੀਕਰਣ

3.3.1 ਕਾਨੂੰਨੀ ਅਧਿਕਾਰ ਤੋਂ ਬਗੈਰ ਕੀਤਾ ਗਿਆ ਖਰਚਾ

ਸੰਵਿਧਾਨ ਦੇ ਅਨੁਛੇਦ 204 ਦੇ ਉਪਬੰਧਾਂ ਅਨੁਸਾਰ ਪਾਸ ਕੀਤੇ ਗਏ ਕਾਨੂੰਨ ਦੁਆਰਾ ਬਣਾਏ ਗਏ ਨਿਮਿੱਤਣ ਤੋਂ ਬਗੈਰ ਰਾਜ ਦੇ ਸੰਚਿਤ ਫੰਡ ਵਿੱਚੋਂ ਕੋਈ ਵੀ ਪੈਸਾ ਨਹੀਂ ਕਢਵਾਇਆ ਜਾ ਸਕੇਗਾ। ਪੰਜਾਬ ਬਜਟ ਮੈਨੂਅਲ ਦਾ ਪੈਰ੍ਹਾ 14.1 ਇਹ ਵਿਵਸਥਾ ਕਰਦਾ ਹੈ ਕਿ ਪੁਨਰ- ਨਿਮਿੱਤਣ, ਪੂਰਕ ਗ੍ਰਾਂਟ

ਜਾਂ ਨਿਮਿੱਤਣ ਰਾਹੀਂ ਜਾਂ ਰਾਜ ਦੇ ਅਚੇਤ ਫੰਡ ਤੋਂ ਪੇਸ਼ਗੀ ਰਾਹੀਂ ਵੱਧ ਫੰਡ ਪ੍ਰਾਪਤ ਕੀਤੇ ਬਗੈਰ ਕੋਈ ਅਜਿਹਾ ਖਰਚਾ ਨਹੀਂ ਕਰਨਾ ਚਾਹੀਦਾ ਜਿਸਦੇ ਪ੍ਰਭਾਵ ਨਾਲ ਕਿਸੇ ਵਿੱਤੀ ਸਾਲ ਲਈ ਨਿਮਿੱਤਣ ਐਕਟ ਦੁਆਰਾ ਅਧਿਕਾਰਿਤ ਕੁੱਲ ਗ੍ਰਾਂਟ ਜਾਂ ਨਿਮਿੱਤਣ ਤੋਂ ਵੱਧ ਖਰਚਾ ਹੁੰਦਾ ਹੋਵੇ। ਜਦੋਂਕਿ, ਇਹ ਵੇਖਿਆ ਗਿਆ ਸੀ ਕਿ ਸਾਲ 2023-24 ਦੌਰਾਨ ਪੰਜ ਗ੍ਰਾਂਟਾਂ ਅਧੀਨ 18 ਸਕੀਮਾਂ (ਹਰ ਇੱਕ ਸਕੀਮ ਵਿੱਚ ₹ ਇੱਕ ਕਰੋੜ ਤੋਂ ਵੱਧ) ਵਿੱਚ ਮੂਲ ਬਜਟ ਅਨੁਮਾਨਾਂ/ਪੂਰਕ ਮੰਗਾਂ ਵਿੱਚ ਬਿਨਾਂ ਕਿਸੇ ਉਪਬੰਧ ਦੇ ਅਤੇ ਇਸ ਸਬੰਧੀ ਕੋਈ ਪੁਨਰ ਨਿਮਿੱਤਣ ਦੇ ਆਦੇਸ਼ ਜਾਰੀ ਕੀਤਿਆਂ ਬਗੈਰ, ₹ 2340.79 ਕਰੋੜ ਦਾ ਖਰਚਾ ਕੀਤਾ ਗਿਆ ਸੀ ***(ਅੰਤਿਕਾ 3.6)*** । ਰਾਜ ਸਰਕਾਰ ਨੇ ਕਿਹਾ (ਦਸੰਬਰ 2024) ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

3.3.2 ਗੈਰ-ਜ਼ਰੂਰੀ /ਵਾਧੂ ਪੂਰਕ ਗ੍ਰਾਂਟਾਂ

ਸੰਵਿਧਾਨ ਦੇ ਅਨਛੇਦ 205 ਅਨੁਸਾਰ, ਚਾਲੂ ਵਿੱਤੀ ਸਾਲ ਦੌਰਾਨ ਕਿਸੇ ਸਾਲ ਲਈ ਨਿਮਿੱਤਣ ਐਕਟ ਦੁਆਰਾ ਕੀਤੇ ਗਏ ਉਪਬੰਧ ਤੋਂ ਵੱਧ ਪੂਰਕ ਜਾਂ ਵਧੀਕ ਗ੍ਰਾਂਟ ਜਾਂ ਨਿਮਿੱਤਣ ਕੀਤੀ ਜਾ ਸਕਦੀ ਹੈ ਪ੍ਰੰਤੂ ਚਾਲੂ ਵਿੱਤੀ ਸਾਲ ਦੇ ਖਤਮ ਹੋਣ ਤੋਂ ਬਾਅਦ ਨਹੀਂ। ਜਦੋਂ ਅਜਿਹਾ ਵਾਧੂ ਖਰਚਾ ਨਾ ਟਾਲਣਯੋਗ ਪਾਇਆ ਜਾਂਦਾ ਹੈ ਅਤੇ ਪੁਨਰ-ਨਿਮਿੱਤਣ ਰਾਹੀਂ ਵਾਧੂ ਖਰਚੇ ਨੂੰ ਕਵਰ ਕਰਨ ਲਈ ਗ੍ਰਾਂਟ ਦੇ ਅੰਦਰ ਬੱਚਤਾਂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਸਬੰਧਤ ਵਿਭਾਗ ਦਾ ਸਕੱਤਰ ਵਿੱਤ ਵਿਭਾਗ ਨੂੰ ਪੂਰਕ ਜਾਂ ਵਾਧੂ ਗ੍ਰਾਂਟ ਜਾਂ ਨਿਮਿਤੱਣ ਲਈ ਪ੍ਰਸਤਾਵ ਭੇਜਦਾ ਹੈ।

ਇਹ ਵੇਖਿਆ ਗਿਆ ਸੀ ਕਿ ਸਾਲ 2023-24 ਦੌਰਾਨ 20 ਮਾਮਲਿਆਂ (ਹਰ ਇੱਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਵਿੱਚ ₹ 1,147.64 ਕਰੋੜ ਦੇ ਪੂਰਕ ਉਪਬੰਧ ਗੈਰ ਜਰੂਰੀ ਸਾਬਤ ਹੋਏ ***(ਅੰਤਿਕਾ 3.7)*** ਕਿਉਂਜੋਂ ਖਰਚਾ ਮੂਲ ਉਪਬੰਧ ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ। ਇਸੇ ਤਰ੍ਹਾਂ, ਸੱਤ ਮਾਮਲਿਆਂ (ਹਰ ਇੱਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਵਿੱਚ ₹ 356.61 ਕਰੋੜ ਦੇ ਪੂਰਕ ਉਪਬੰਧ ਵਾਧੂ ਸਾਬਤ ਹੋਏ ***(ਅੰਤਿਕਾ 3.8)*** ਕਿਉਂਕਿ ਪੂਰਕ ਉਪਬੰਧਾਂ ਦੀ ਪੂਰੀ ਰਾਸ਼ੀ ਦੀ ਵਰਤੋਂ ਨਹੀਂ ਹੋ ਸਕੀ।

3.3.3 ਫੰਡਾਂ ਦਾ ਗੈਰ ਜ਼ਰੂਰੀ ਪੁਨਰ-ਨਿਮਿੱਤਣ

ਪੁਨਰ-ਨਿਮਿੱਤਣ, ਇੱਕ ਗ੍ਰਾਂਟ ਦੇ ਅੰਦਰ ਨਿਮਿੱਤਣ ਦੀ ਇੱਕ ਇਕਾਈ ਜਿੱਥੇ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ, ਤੋਂ ਦੂਜੀ ਇਕਾਈ, ਜਿੱਥੇ ਕਿ ਵੱਧ ਫੰਡਾਂ ਦੀ ਲੋੜ ਹੋਵੇ, ਵਿੱਚ ਫੰਡਾਂ ਦੀ ਬਦਲੀ ਕਰਨਾ ਹੈ। ਸਾਲ 2023-24 ਦੌਰਾਨ, 41 ਗ੍ਰਾਂਟਾ ਅਧੀਨ ₹ 19,045.57 ਕਰੋੜ ਦੀ ਰਾਸ਼ੀ ਦੇ ਪੁਨਰ-ਨਿਮਿੱਤਣ ਆਦੇਸ਼ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ ₹ 17,283.41 ਕਰੋੜ ਦੀ ਰਾਸ਼ੀ ਦੇ 37 ਪੁਨਰ-ਨਿਮਿੱਤਣ ਆਦੇਸ਼ 31 ਮਾਰਚ 2024 ਨੂੰ ਜਾਰੀ ਕੀਤੇ ਗਏ ਸਨ।

ਇਸ ਤੋਂ ਇਲਾਵਾ, ਸੱਤ ਸਕੀਮਾਂ (***ਅੰਤਿਕਾ 3.9*** – **ਲੜੀ ਨੰਬਰ 5,11,12,14,16,18 ਅਤੇ 26**) ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਪੁਨਰ-ਨਿਮਿੱਤਣਾਂ ਦੇ ਆਦੇਸ਼ਾਂ ਰਾਹੀ (ਹਰ ਸਕੀਮ ਵਿੱਚ ₹ ਇੱਕ ਕਰੋੜ ਜਾਂ ਵੱਧ) ਘਟਾਇਆ ਉਪਬੰਧ ਗੈਰ-ਤਰਕਸੰਗਤ ਸਾਬਤ ਹੋਇਆ, ਕਿਉਂਜੋਂ ਇਨ੍ਹਾਂ ਮਾਮਲਿਆਂ ਅਧੀਨ ਵੱਧ ਖਰਚਾ ਹੋਇਆ ਸੀ। 22 ਸਕੀਮਾਂ ਵਿੱਚ, ਪੁਨਰ-ਨਿਮਿੱਤਣਾ ਆਦੇਸ਼ ਰਾਹੀਂ

ਉਪਬੰਧਾਂ ਵਿੱਚ ਵਾਧਾ ਵੀ ਗੈਰ ਜਰੂਰੀ ਸਾਬਤ ਹੋਇਆ ਕਿਉਂਕਿ ਖਰਚਾ ਉਸ ਮੂਲ/ਪੂਰਕ ਬਜਟ ਉਪਬੰਧ ਦੇ ਪੱਧਰ ਤੱਕ ਨਹੀਂ ਹੋਇਆ ਸੀ।

3.3.4 ਅਣਖਰਚੀ ਰਾਸ਼ੀ ਅਤੇ ਸਪੁਰਦ ਕੀਤੇ ਨਿਮਿੱਤਣ ਅਤੇ/ਜਾਂ ਭਾਰੀ ਬੱਚਤਾਂ/ ਸਪੁਰਦਗੀਆਂ

ਇਹ ਹੋ ਸਕਦਾ ਹੈ ਕਿ ਅਨੁਮਾਨਾਂ ਦਾ ਪੂਰੀ ਤਰਾਂ ਸਹੀ ਹੋਣਾ ਹਮੇਸ਼ਾ ਸੰਭਵ ਨਾ ਹੋਵੇ; ਪ੍ਰੰਤੂ ਜੇਕਰ ਇਹ ਭੁੱਲ ਜਾਂ ਗਲਤੀ ਦੂਰ-ਅੰਦੇਸ਼ੀ ਦੀ ਘਾਟ ਦੇ ਨਤੀਜੇ ਵਜੋਂ ਹੋਵੇ ਤਾਂ ਇਹ ਚਿੰਤਾ ਦਾ ਵਿਸ਼ਾ ਹੈ। ਅਨੁਮਾਨ ਲਗਾਉਣ ਵਾਲੇ ਸਾਰੇ ਅਧਿਕਾਰੀਆਂ ਨੂੰ ਬਜਟ ਵਿੱਚ ਉਸ ਸਭ ਕੁੱਝ ਦਾ ਉਪਬੰਧ ਕੀਤੇ ਜਾਣ ਜਿਸਦਾ ਪਹਿਲਾਂ ਤੋਂ ਅੰਦੇਸ਼ਾ ਹੋਵੇ ਅਤੇ ਜਿੰਨਾ ਲੋੜੀਂਦਾ ਹੋਵੇ ਓਨਾ ਹੀ ਉਪਬੰਧ ਕਰਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਪ੍ਰਸ਼ਾਸਨਿਕ ਅਤੇ ਵਿੱਤ ਵਿਭਾਗਾਂ ਨੂੰ ਅਨੁਮਾਨਾਂ ਦੀ ਅੰਤਿਮ ਜਾਂਚ ਕਰਦੇ ਹੋਏ, ਇਸ ਤੇ ਵਿਚਾਰ ਕਰਨਾ ਚਾਹੀਦਾ ਹੈ।

ਗੈਰ ਵਿਵਹਾਰਕ ਤਜਵੀਜ਼ਾਂ ਤੇ ਅਧਾਰਤ ਬਜਟਰੀ ਵੰਡਾਂ, ਸਾਧਨ ਜਟਾਉਣ ਦੀ ਵਾਧੂ ਸੰਭਾਵਨਾ, ਖਰਚੇ ਦਾ ਮਾੜਾ ਨਿਗਰਾਨ ਤੰਤਰ ਅਤੇ ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ/ਕਮਜ਼ੋਰ ਅੰਦਰੂਨੀ ਕੰਟਰੋਲ ਵਿੱਤੀ ਸਾਲ ਦੇ ਅਖੀਰ ਤੇ ਫੰਡਾਂ ਦੇ ਜਾਰੀ ਕਰਨ ਨੂੰ ਉਤਸ਼ਾਹਿਤ ਕਰਦੇ ਹਨ। ਕੁੱਝ ਮੱਦਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਵੀ ਹੋਰ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਸਾਲ 2023-24 ਲਈ ਗ੍ਰਾਂਟਾਂ ਅਤੇ ਨਿਮਿੱਤਣਾਂ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ 15 ਮਾਮਲਿਆਂ ਵਿੱਚ (12 ਗ੍ਰਾਂਟਾਂ ਅਧੀਨ), ਬੱਚਤਾਂ (ਸਪੁਰਦਗੀਆਂ ਨੂੰ ਛੱਡ ਕੇ) ਹਰ ਮਾਮਲੇ ਵਿੱਚ ₹ 100 ਕਰੋੜ ਤੋਂ ਵਧ ਗਈਆਂ ਸਨ***(ਅੰਤਿਕਾ 3.10)*** । ਅੱਗੇ ਇਹ ਵੀ ਧਿਆਨ ਵਿੱਚ ਆਇਆ ਸੀ ਕਿ ਚਾਲੂ ਸਾਲ ਦੌਰਾਨ ਛੇ ਗ੍ਰਾਂਟਾਂ ਵਿੱਚ ₹ 116.76 ਕਰੋੜ (**ਸਾਰਣੀ 3.5**) ਦੀ ਰਾਸ਼ੀ ਦੇ ਕੁੱਲ ਬਜਟ ਦੇ ਵਿਰੁੱਧ ਕੋਈ ਖਰਚਾ ਨਹੀਂ ਕੀਤਾ ਗਿਆ ਸੀ।

ਸਾਰਣੀ 3.5: ਵਿੱਤੀ ਸਾਲ 2023-24 ਦੌਰਾਨ ਅਣਵਰਤੀ ਰਹੀ ਸਾਰੀ ਗ੍ਰਾਂਟ
(₹ ਇੱਕ ਕਰੋੜ ਤੋਂ ਵੱਧ)

(₹ ਕਰੋੜ ਵਿੱਚ)

ਲੜੀ ਨੰ.	ਗ੍ਰਾਂਟ ਦੀ ਸੰਖਿਆਂ ਅਤੇ ਨਾਂਅ	ਰਾਸ਼ੀ
1.	01-ਖੇਤੀਬਾੜੀ (ਪ੍ਰੰਜੀਗਤ-ਵੋਟਡ)	48.79
2.	07-ਆਬਕਾਰੀ ਅਤੇ ਕਰਬੰਦੀ (ਪ੍ਰੰਜੀਗਤ-ਵੋਟਡ)	25.00
3.	16-ਕਿਰਤ (ਪ੍ਰੰਜੀਗਤ-ਵੋਟਡ)	5.00
4.	22-ਰੈਵੀਨਿਊ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ (ਪ੍ਰੰਜੀਗਤ-ਵੋਟਡ)	8.00
5.	34-ਬਾਗਬਾਨੀ (ਪ੍ਰੰਜੀਗਤ-ਵੋਟਡ)	25.97
6.	39-ਛਪਾਈ ਅਤੇ ਲਿਖਣ ਸਮੱਗਰੀ (ਪ੍ਰੰਜੀਗਤ-ਵੋਟਡ)	4.00
ਜੋੜ		**116.76**

ਸ੍ਰੋਤ: ਨਿਮਿਤੱਣ ਲੇਖੇ

ਅੱਗੇ, ਇਹ ਵੀ ਵੇਖਿਆ ਗਿਆ ਸੀ ਕਿ 2021-22 ਤੋਂ 2023-24 ਦੌਰਾਨ 12 ਗ੍ਰਾਂਟਾਂ ਅਧੀਨ 15 ਮਾਮਲਿਆਂ ਵਿੱਚ ਹਰ ਇੱਕ ਮਾਮਲੇ ਵਿੱਚ ₹ 100 ਕਰੋੜ ਤੋਂ ਵੱਧ ਦੀਆਂ ਨਿਰੰਤਰ ਬੱਚਤਾਂ ਸਨ ***(ਅੰਤਿਕਾ 3.11)***।

ਸਾਲ 2023-24 ਦੌਰਾਨ ਵਰਤੋਂ ਦੀ ਪ੍ਰਤੀਸ਼ਤਤਾ ਦੇ ਅਨੁਸਾਰ ਬਣਦੇ ਗ੍ਰਾਂਟਾਂ ਦੇ ਸਮੂਹਾਂ ਅਤੇ ਇਸ ਦੇ ਨਾਲ ਕੁੱਲ ਬੱਚਤਾਂ ਦੇ ਵੇਰਵੇ ***ਅੰਤਿਕਾ 3.12*** ਅਤੇ **ਚਾਰਟ 3.3** ਵਿੱਚ ਦਰਸਾਏ ਗਏ ਹਨ।

ਚਾਰਟ 3.3: ਵਰਤੋਂ ਦੀ ਪ੍ਰਤੀਸ਼ਤਤਾ ਅਤੇ ਕੁੱਲ ਬੱਚਤਾਂ ਅਨੁਸਾਰ ਬਣਦੇ ਸਮੂਹਾਂ ਦੀਆਂ ਗ੍ਰਾਂਟਾਂ/ਨਿਮਿੱਤਣਾਂ ਦੀ ਸੰਖਿਆ ਦੀ ਵੰਡ



ਸ੍ਰੋਤ: ਨਿਮਿੱਤਣ ਲੇਖੇ
ਤਿੰਨ ਗ੍ਰਾਂਟਾਂ ਵਿੱਚ 100 ਪ੍ਰਤੀਸ਼ਤ ਤੋਂ ਵੱਧ ਵਰਤੋਂ (ਗ੍ਰਾਂਟ ਨੰ. 04,08 ਅਤੇ 22) ਸੀ।

ਬੱਚਤਾਂ ਜੋ ਕਿ ਆਦਰਸ਼ਕ ਤੌਰ ਤੇ ਸਮੇਂ ਸਿਰ ਸਪੁਰਦ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਨੂੰ ਆਪਣੇ ਕੋਲ ਰੱਖਣ ਨਾਲ ਕੋਈ ਉਦੇਸ਼ ਪੂਰਾ ਨਹੀਂ ਹੁੰਦਾ ਹੈ। ਇਸ ਕਰਕੇ ਨਿਮਿੱਤਣ, ਜਿਨ੍ਹਾਂ ਦੇ ਅਣਖਰਚੇ ਰਹਿਣ ਦੀ ਸੰਭਾਵਨਾ ਹੋਵੇ, ਦੀ ਸਪੁਰਦਗੀ ਲਈ ਜਿੰਨੀ ਜਲਦੀ ਹੋ ਸਕੇ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਇਹ ਨਹੀਂ ਕੀਤਾ ਜਾਂਦਾ, ਤਾਂ ਹੋਰ ਖਰਚ ਵਿਭਾਗਾਂ ਨੂੰ ਉਨ੍ਹਾਂ ਫੰਡਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ ਜਿਨ੍ਹਾਂ ਦੀ ਕਿ ਉਹ ਵਰਤੋਂ ਕਰ ਸਕਦੇ ਸਨ। ਸਪੁਰਦਗੀਆਂ ਆਮ ਤੌਰ ਤੇ ਮਾਰਚ ਦੇ ਮਹੀਨੇ ਵਿੱਚ ਕੀਤੀਆਂ ਜਾਂਦੀਆਂ ਹਨ ਅਤੇ ਕੀਤੇ ਜਾ ਚੁੱਕੇ ਖਰਚੇ ਦੇ ਧਿਆਨ ਪੂਰਵਕ ਅਧਿਐਨ ਅਤੇ ਪਿਛਲੇ ਮਹੀਨੇ ਦੇ ਖਰਚਿਆਂ ਦੀ ਪ੍ਰਗਤੀ ਦੀ ਨਿਗਰਾਨੀ ਰੱਖਣ ਨਾਲ, ਨਿਯੰਤਰਣ ਅਧਿਕਾਰੀ ਨੂੰ, ਆਪਣੀਆਂ ਅੰਤਿਮ ਲੋੜਾਂ ਨੂੰ ਇੱਕ ਤਰਕਸੰਗਤ ਸੀਮਾਂ ਤੱਕ ਸਹੀ ਨਿਰਧਾਰਤ ਕਰਨ ਦੇ ਯੋਗ ਬਣਾ ਸਕਦਾ ਹੈ।

ਜਦੋਂ ਸਪੁਰਦਗੀ ਦੀ ਜ਼ਰੂਰਤ ਪੈਦਾ ਹੁੰਦੀ ਹੈ ਤਾਂ ਕੰਟਰੋਲਿੰਗ ਅਫਸਰਾਂ ਨੂੰ ਧਿਆਨ ਨਾਲ ਉਨ੍ਹਾਂ ਰਕਮਾਂ ਦਾ ਅਨੁਮਾਨ ਲਾਉਣਾ ਚਾਹੀਦਾ ਹੈ ਜੋ ਉਹ ਸਪੁਰਦ ਕਰ ਸਕਦੇ ਹਨ। ਇਸ ਦਾ ਉਦੇਸ਼ ਜਿੰਨਾ ਹੋ ਸਕੇ ਸਪੁਰਦ ਕਰਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਖਰਚੇ ਨੂੰ ਸੋਧੀ ਹੋਈ ਗ੍ਰਾਂਟ ਦੇ ਅੰਦਰ ਹੀ ਰੱਖਿਆ ਜਾ ਸਕੇ।

ਇਹ ਧਿਆਨ ਵਿੱਚ ਆਇਆ ਸੀ ਕਿ 14 ਗ੍ਰਾਂਟਾਂ ਅਤੇ ਇੱਕ ਨਿਮਿਤੱਣ ਅਧੀਨ ₹ 3,245.71 ਕਰੋੜ ***(ਅੰਤਿਕਾ 3.13)*** ਦੀ ਰਾਸ਼ੀ ਦੀਆਂ ਬੱਚਤਾਂ (ਹਰ ਇੱਕ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਬਿਲਕੁਲ ਵੀ ਸਪੁਰਦ ਨਹੀਂ ਕੀਤੀਆਂ ਗਈਆਂ ਸਨ। ਮਾਰਚ 2024 ਦੇ ਅਖਰੀਲੇ ਦਿਨ ਨੂੰ ਸਪੁਰਦ ਕੀਤੀਆਂ (₹ 11,503.12 ਕਰੋੜ) ਦੀਆਂ ਬੱਚਤਾਂ (ਹਰ ਇਕ ਮਾਮਲੇ ਵਿੱਚ ₹ 10 ਕਰੋੜ ਤੋਂ ਵੱਧ) ਦੇ ਵੇਰਵੇ ***ਅੰਤਿਕਾ 3.14*** ਵਿੱਚ ਦਿੱਤੇ ਗਏ ਹਨ। ਇਸ ਤੋਂ ਇਲਾਵਾ, ਗ੍ਰਾਂਟ ਨੰ. 08 ਵਿੱਤ (ਪੂੰਜੀਗਤ-ਚਾਰਜਡ) ਅਧੀਨ ₹ 4,500.00 ਕਰੋੜ ਅਤੇ ਗ੍ਰਾਂਟ ਨੰ.- 04

ਰੱਖਿਆ ਸੇਵਾਵਾਂ ਭਲਾਈ (ਰੈਵੀਨਿਊ-ਵੋਟਡ) ਅਧੀਨ ₹ 1.70 ਕਰੋੜ ਦੀ ਰਾਸ਼ੀ ਸਪੁਰਦ ਕੀਤੀ ਗਈ ਸੀ, ਭਾਵੇਂ ਇਸ ਦੇ ਅਧੀਨ ਕ੍ਰਮਵਾਰ ₹ 3,825.79 ਕਰੋੜ ਅਤੇ ₹ 41.79 ਕਰੋੜ ਦਾ ਵੱਧ ਖਰਚਾ ਸੀ।

ਚਾਰਟ 3.4: ਸਾਲ 2023-24 ਲਈ ਬੱਚਤਾਂ ਅਤੇ ਸਪੁਰਦਗੀਆਂ

(₹ ਕਰੋੜ ਵਿੱਚ)



ਸ੍ਰੋਤ: ਨਿਮਿੱਤਣ ਲੇਖੇ

ਚਾਰਟ 3.4 ਨੇ ਦਰਸਾਇਆ ਕਿ 91.55 *ਪ੍ਰਤੀਸ਼ਤ* ਦੀਆਂ ਬੱਚਤਾਂ ਵਿੱਤੀ ਸਾਲ ਦੇ ਅਖੀਰਲੇ ਦਿਨ ਅਰਥਾਤ 31 ਮਾਰਚ 2024 ਨੂੰ ਸਪੁਰਦ ਕੀਤੀਆਂ ਗਈਆਂ ਸਨ।

3.3.5 ਵਾਧੂ ਖਰਚਿਆ ਨੂੰ ਨਿਯਮਤ ਕਰਵਾਉਣਾ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 204 ਅਨੁਸਾਰ ਇਸ ਅਨੁਛੇਦ ਦੇ ਉਪਬੰਧਾਂ ਅਨੁਸਾਰ ਪਾਸ ਕੀਤੇ ਗਏ ਕਾਨੂੰਨ ਦੁਆਰਾ ਬਣਾਏ ਗਏ ਨਿਮਿੱਤਣ ਤੋਂ ਇਲਾਵਾ ਰਾਜ ਦੇ ਸੰਚਿਤ ਫੰਡ ਵਿੱਚੋਂ ਕੋਈ ਵੀ ਪੈਸਾ ਨਹੀਂ ਕਢਵਾਇਆ ਜਾ ਸਕੇਗਾ। ਅੱਗੇ, ਭਾਰਤ ਦੇ ਸੰਵਿਧਾਨ ਦਾ ਅਨੁਛੇਦ 205 (1)(ਬੀ) ਵਿਵਸਥਾ ਕਰਦਾ ਹੈ ਕਿ ਜੇਕਰ ਕਿਸੇ ਸੇਵਾ ਉੱਤੇ ਕਿਸੇ ਵਿੱਤੀ ਸਾਲ ਦੌਰਾਨ, ਉਸ ਸੇਵਾ ਲਈ ਉਸ ਸਾਲ ਦੌਰਾਨ ਪ੍ਰਦਾਨ ਕੀਤੀ ਕਿਸੇ ਰਾਸ਼ੀ ਤੋਂ ਵੱਧ ਕੋਈ ਧਨ ਖਰਚਿਆ ਗਿਆ ਹੈ, ਤਾਂ ਰਾਜਪਾਲ ਰਾਜ ਦੀ ਵਿਧਾਨ ਸਭਾ ਦੇ ਸਨਮੁੱਖ ਇਸ ਵੱਧ ਖਰਚੇ ਲਈ ਮੰਗ ਪੇਸ਼ ਕਰਵਾਉਣਗੇ। ਇਸ ਤੋਂ ਭਾਵ ਹੈ ਕਿ ਗ੍ਰਾਂਟਾਂ/ਨਿਮਿੱਤਣਾਂ ਨਾਲੋਂ ਵੱਧ ਹੋਏ ਖਰਚੇ ਨੂੰ ਰਾਜ ਵਿਧਾਨਪਾਲਿਕਾ ਕੋਲੋਂ ਨਿਯਮਤ ਕਰਵਾਉਣਾ ਰਾਜ ਸਰਕਾਰ ਲਈ ਲਾਜ਼ਮੀ ਹੈ। ਭਾਵੇਂ ਕਿ, ਇਸ ਅਨੁਛੇਦ ਅਧੀਨ ਵਾਧੂ ਖਰਚਿਆਂ ਦੀ ਨਿਯਮਤਤਾ ਲਈ ਕੋਈ ਸਮਾਂ ਸੀਮਾਂ ਨਿਰਧਾਰਤ ਨਹੀਂ ਹੈ, ਫਿਰ ਵੀ ਵਾਧੂ ਖਰਚੇ ਦੀ ਨਿਯਮਤਤਾ ਲੋਕ ਲੇਖਾ ਕਮੇਟੀ ਦੁਆਰਾ ਨਿਮਿੱਤਣ ਲੇਖਿਆਂ ਤੇ ਚਰਚਾ ਪੂਰੀ ਹੋਣ ਤੋਂ ਬਾਅਦ ਕੀਤੀ ਜਾਂਦੀ ਹੈ।

3.3.5.1 ਵੱਧ ਖਰਚਾ

ਸਾਲ ਲਈ ਕੀਤਾ ਗਿਆ ਉਪਬੰਧ ਨਾਲੋਂ ਵੱਧ ਖਰਚਾ ਨਾ ਸਿਰਫ ਵਿਧਾਨਿਕ ਮਨਜ਼ੂਰੀ ਦੀ ਲੋੜ ਵਾਲੀਆਂ ਵਿਵਸਥਾਵਾਂ ਦੀ ਉਲੰਘਣਾ ਹੈ ਬਲਕਿ ਮਾੜੀ ਯੋਜਨਾਬੰਦੀ ਦਾ ਸੂਚਕ ਵੀ ਹੈ, ਜਿਸ ਨੂੰ ਕਿ ਉਦੇਸ਼ ਲਈ ਬਣਾਏ ਗਏ ਬਜਟ ਦੇ ਨਾਲ ਖਰਚਿਆਂ ਦੀ ਪ੍ਰਗਤੀ ਦਾ ਧਿਆਨ ਰੱਖ ਕੇ ਟਾਲਿਆਂ ਜਾ ਸਕਦਾ ਹੈ।

ਸਾਲ 2023-24 ਦੌਰਾਨ ਵੱਧ ਖਰਚੇ, ਜਿਸਦੀ ਕਿ ਵਿਧਾਨਪਾਲਿਕਾ ਤੋਂ ਨਿਯਮਤਤਾ ਕਰਵਾਉਣੀ ਲੋੜੀਂਦੀ ਸੀ, ਦੇ ਵੇਰਵੇ **ਸਾਰਣੀ 3.6** ਵਿੱਚ ਦਿੱਤੇ ਗਏ ਹਨ।

ਸਾਰਣੀ 3.6 : ਸਾਲ 2023-24 ਦੌਰਾਨ ਨਿਯਮਤਤਾ ਲਈ ਲੋੜੀਂਦਾ ਵੱਧ ਖਰਚਾ

(₹ ਕਰੋੜ ਵਿੱਚ)

ਗ੍ਰਾਂਟ ਨੰਬਰ/ਨਿਮਿੱਤਣ	ਗ੍ਰਾਂਟ /ਨਿਮਿੱਤਣ ਦੇ ਵੇਰਵੇ	ਨਿਯਮਤਤਾ ਲਈ ਲੋੜੀਂਦੇ ਵੱਧ ਖਰਚੇ ਦੀ ਰਾਸ਼ੀ
04	ਰੱਖਿਆ ਸੇਵਾਵਾਂ ਭਲਾਈ (ਰੈਵੀਨਿਊ-ਵੋਟਡ)	41.79
08	ਵਿੱਤ (ਰੈਵੀਨਿਊ – ਵੋਟਡ)	1,146.84
	ਵਿੱਤ (ਰੈਵੀਨਿਊ – ਚਾਰਜਡ)	51.93
	ਵਿੱਤ (ਪੂੰਜੀਗਤ – ਚਾਰਜਡ)	3,825.79
22	ਰੈਵੀਨਿਊ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ (ਪੂੰਜੀਗਤ-ਵੋਟਡ)	176.40
ਜੋੜ		**5,242.75**

ਸ੍ਰੋਤ: ਨਿਮਿੱਤਣ ਲੇਖੇ

ਸਾਰਣੀ 3.6 ਦਰਸਾਉਂਦੀ ਹੈ ਕਿ ਸਾਲ 2023-24 ਦੌਰਾਨ ਤਿੰਨ ਗ੍ਰਾਂਟਾਂ ਅਧੀਨ ਰਾਜ ਵਿਧਾਨਪਾਲਿਕਾ ਵੱਲੋਂ ਦਿੱਤੇ ਗਏ ਅਧਿਕਾਰ ਨਾਲੋਂ ₹ 5,242.75 ਕਰੋੜ ਦੀ ਵੱਧ ਅਦਾਇਗੀ ਸੀ।

3.3.5.2 ਕੁੱਝ ਗ੍ਰਾਂਟਾਂ ਵਿੱਚ ਨਿਰੰਤਰ ਵਾਧੇ

ਲੋਕ ਲੇਖਾ ਕਮੇਟੀ ਦੀਆਂ ਵੱਧ ਖਰਚੇ ਦੇ ਮਾਮਲਿਆਂ ਨੂੰ ਘੱਟ ਤੋਂ ਘੱਟ ਕਰਨ ਦੀਆਂ ਸਿਫਾਰਸ਼ਾਂ ਦੇ ਬਾਵਜੂਦ, ਇੱਕ ਗ੍ਰਾਂਟ ਵਿੱਚ ਨਿਰੰਤਰ ਵੱਧ ਖਰਚੇ ਧਿਆਨ ਵਿੱਚ ਆਏ ਸਨ। ਨਿਰੰਤਰ ਵੱਧ ਖਰਚੇ ਇਹ ਸੰਕੇਤ ਦਿੰਦੇ ਹਨ ਕਿ ਵਿਭਾਗ ਵਿੱਚ ਬਜਟਰੀ ਕੰਟਰੋਲ ਅਸਰਦਾਰ ਨਹੀਂ ਸੀ ਅਤੇ ਬਜਟ ਅਨੁਮਾਨ ਵਿਵਹਾਰਕ ਅਧਾਰ ਤੇ ਨਹੀਂ ਬਣਾਏ ਗਏ ਸਨ। ਬਾਰ ਬਾਰ ਅਜਿਹੇ ਵੱਧ ਖਰਚੇ ਕਰਨਾ ਰਾਜ ਵਿਧਾਨਪਾਲਿਕਾ ਦੀ ਮਨਸ਼ਾ ਦੀ ਉਲੰਘਣਾ ਹੈ। ਅਸਲ ਵਿੱਚ ਵਿਧਾਨਪਾਲਿਕਾ ਪਾਸੋਂ ਅਗਾਊਂ ਅਧਿਕਾਰ ਲਏ ਬਗੈਰ ਇੱਕ ਰੁਪਇਆ ਵੀ ਖਰਚ ਨਹੀਂ ਕੀਤਾ ਜਾ ਸਕਦਾ ਅਤੇ ਇਸ ਲਈ ਇਸ ਨੂੰ ਗੰਭੀਰਤਾ ਨਾਲ ਵੇਖਣਾ ਹੋਵੇਗਾ। ਨਿਰੰਤਰ ਵੱਧ ਖਰਚੇ ਦਾ ਕਾਰਣ ਬਜਟ ਬਣਾਉਣ ਸਮੇਂ ਗਲਤ ਅਨੁਮਾਨ ਹੋਣਾ ਹੋ ਸਕਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਗ੍ਰਾਂਟ-08-ਵਿੱਤ ਅਧੀਨ ਇੱਕ ਸਕੀਮ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ₹ 10 ਕਰੋੜ ਤੋਂ ਵੱਧ ਦੇ ਨਿਰਤੰਰ ਵੱਧ ਖਰਚੇ ਕੀਤੇ ਗਏ ਸਨ ਜਿਵੇਂ ਕਿ **ਸਾਰਣੀ 3.7** ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 3.7 : 2019-20 ਤੋਂ 2023-24 ਦੌਰਾਨ ਨਿਰੰਤਰ ਵੱਧ ਖਰਚਾ

(₹ ਕਰੋੜ ਵਿੱਚ)

ਲੜੀ ਨੰ:	ਗ੍ਰਾਂਟ/ਨਿਮਿੱਤਣ ਦਾ ਵੇਰਵਾ	2019-20	2020-21	2021-22	2022-23	2023-24
1.	ਗ੍ਰਾਂਟ ਨੰਬਰ -08-ਵਿੱਤ 2071-ਪੈਨਸ਼ਨਾਂ ਅਤੇ ਹੋਰ ਰਿਟਾਇਰਮੈਂਟ ਲਾਭ 01-ਸਿਵਲ, 101-ਸੁਪਰੈਨੂਏਸ਼ਨ ਅਤੇ ਰਿਟਾਇਰਮੈਂਟ ਭੱਤੇ 01-ਪੈਨਸ਼ਨ ਅਤੇ ਹੋਰ ਰਿਟਾਇਰਮੈਂਟ ਲਾਭ					
	ਗ੍ਰਾਂਟਾਂ	6,300.00	7,400.00	8,100.00	10,180.00	11,189.42
	ਖਰਚਾ	6,487.05	8,031.84	8,796.77	10,644.66	11,811.90
	ਵੱਧ ਖਰਚਾ	187.05	631.84	696.77	464.66	622.48

ਸ੍ਰੋਤ: ਨਿਮਿੱਤਣ ਲੇਖੇ

3.3.5.3 ਪਿਛਲੇ ਵਿੱਤੀ ਸਾਲ ਦੇ ਵੱਧ ਖਰਚਿਆਂ ਨੂੰ ਨਿਯਮਿਤ ਕਰਨਾ

ਵੱਧ ਸਮੇਂ ਲਈ ਵੱਧ ਖਰਚਾ ਅਨਿਯਮਿਤ ਰਹਿਣਾ ਕਾਰਜਪਾਲਿਕਾ ਤੇ ਵਿਧਾਨਕ ਨਿਯੰਤਰਣ ਨੂੰ ਕਮਜ਼ੋਰ ਕਰਦਾ ਹੈ। ਸਾਲ 2022-23 ਨਾਲ ਸਬੰਧਤ ₹ 1,475.11 ਕਰੋੜ ਦੀ ਵੱਧ ਵੰਡ, ਜਿਵੇਂ ਕਿ **ਸਾਰਣੀ 3.8** ਵਿੱਚ ਦਰਸਾਇਆ ਗਿਆ ਹੈ, ਨੂੰ ਰਾਜ ਵਿਧਾਨ ਸਭਾ ਦੁਆਰਾ ਨਿਯਮਿਤ ਕੀਤਾ ਜਾਣਾ ਅਜੇ ਬਾਕੀ ਹੈ।

ਸਾਰਣੀ 3.8: ਪਿਛਲੇ ਸਾਲ ਨਾਲ ਸਬੰਧਤ ਨਿਯਮਿਤ ਕਰਨ ਵਾਲੇ ਵੱਧ ਖਰਚੇ

(₹ ਕਰੋੜ ਵਿੱਚ)

ਸਾਲ	ਗ੍ਰਾਂਟ ਨੰ./ ਨਿਮਿਤੱਣ	ਗ੍ਰਾਂਟ/ਨਿਮਿਤੱਣ ਦੇ ਵੇਰਵੇ	ਨਿਯਮਿਤ ਕਰਨ ਵਾਲੇ ਵੱਧ ਖਰਚੇ
2022-2023	08	ਵਿੱਤ (ਰੈਵੀਨਿਊ-ਵੋਟਡ)	1,405.65
	21	ਜਨਤਕ ਕੰਮ (ਰੈਵੀਨਿਊ-ਵੋਟਡ)	52.93
	41	ਜਲ ਸਪਲਾਈ ਅਤੇ ਸੈਨੀਟੇਸ਼ਨ (ਰੈਵੀਨਿਊ-ਵੋਟਡ)	16.53
ਜੋੜ			**1,475.11**

ਸ੍ਰੋਤ: ਨਿਮਿੱਤਣ ਲੇਖੇ

ਵੱਧ ਖਰਚ ਦਰਸਾਉਂਦਾ ਹੈ ਕਿ ਵਿਭਾਗ ਵਿੱਚ ਬਜਟ ਨਿਯੰਤਰਣ ਪ੍ਰਭਾਵਹੀਣ ਸੀ, ਅਤੇ ਬਜਟ ਅਨੁਮਾਨ ਯਥਾਰਥਵਾਦੀ ਅਧਾਰ 'ਤੇ ਤਿਆਰ ਨਹੀਂ ਕੀਤੇ ਗਏ ਸਨ। ਰਾਜ ਵਿਧਾਨ ਸਭਾ ਦੁਆਰਾ ਪ੍ਰਵਾਨਿਤ ਗ੍ਰਾਂਟਾਂ 'ਤੇ ਇਸ ਤਰ੍ਹਾਂ ਦਾ ਵਾਰ-ਵਾਰ ਵਾਧੂ ਖਰਚ ਵਿਧਾਨ ਸਭਾ ਦੀ ਇੱਛਾ ਅਤੇ ਲੋਕਤੰਤਰ ਦੇ ਬੁਨਿਆਦੀ ਸਿਧਾਂਤ ਦੀ ਉਲੰਘਣਾ ਹੈ ਕਿ ਰਾਜ ਵਿਧਾਨ ਸਭਾ ਦੀ ਪ੍ਰਵਾਨਗੀ ਤੋਂ ਬਿਨਾਂ ਇੱਕ ਰੁਪਿਆ ਵੀ ਖਰਚ ਨਹੀਂ ਕੀਤਾ ਜਾ ਸਕਦਾ, ਇਸ ਲਈ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਵੱਧ ਖਰਚਿਆਂ ਦੇ ਸਾਰੇ ਮੌਜੂਦਾ ਮਾਮਲਿਆਂ ਨੂੰ ਜਲਦੀ ਤੋਂ ਜਲਦੀ ਨਿਯਮਿਤ ਕਰਨ ਦੀ ਲੋੜ ਹੈ ਅਤੇ, ਭਵਿੱਖ ਵਿੱਚ, ਅਜਿਹੇ ਅਣਵੋਟਡ ਖਰਚਿਆਂ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ।

3.4 ਬਜਟਰੀ ਅਤੇ ਲੇਖਾ ਪ੍ਰਕਿਰਿਆ ਦੀ ਪ੍ਰਭਾਵਿਕਤਾ

3.4.1 ਬਜਟ ਦੀ ਪ੍ਰੋਜੈਕਸ਼ਨ ਅਤੇ ਅਨੁਮਾਨ ਅਤੇ ਅਸਲ ਵਿਚਕਾਰ ਪਾੜਾ

ਕਰ ਪ੍ਰਬੰਧਨ/ਹੋਰ ਧਨ ਪ੍ਰਾਪਤੀਆਂ ਅਤੇ ਜਨਤਕ ਖਰਚੇ ਦਾ ਨਿਪੁੰਨਤਾ ਭਰਪੂਰ ਪ੍ਰਬੰਧਨ ਵੱਖ-ਵੱਖ ਵਿੱਤੀ ਸੰਕੇਤਾਂ ਦੀ ਪ੍ਰਾਪਤੀ ਲਈ ਸੰਤੁਲਨ ਬਣਾ ਕੇ ਰੱਖਦਾ ਹੈ। ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਆਧਾਰਤ ਬਜਟਰੀ ਵੰਡ, ਖਰਚੇ ਦਾ ਮਾੜਾ ਮਾਨੀਟਰਿੰਗ ਮੈਕਾਨਿਜ਼ਮ, ਸਕੀਮ ਲਾਗੂ ਕਰਨ ਦੀਆਂ ਕਮਜ਼ੋਰ ਸਮਰੱਥਾਵਾਂ ਅਤੇ ਕਮਜ਼ੋਰ ਅੰਦਰੂਨੀ ਕੰਟਰੋਲ, ਵਿਕਾਸ ਦੀਆਂ ਵੱਖ-ਵੱਖ ਲੋੜਾਂ ਵਿਚਕਾਰ ਅਣਉਚਿਤ ਵੰਡ ਵੱਲ ਲੈ ਕੇ ਜਾਂਦਾ ਹੈ। ਕੁੱਝ ਵਿਭਾਗਾਂ ਵਿੱਚ ਬਹੁਤ ਜ਼ਿਆਦਾ ਬੱਚਤਾਂ ਦੂਜੇ ਵਿਭਾਗਾਂ ਨੂੰ ਫੰਡਾਂ ਤੋਂ ਵਾਂਝੇ ਕਰਦੀਆਂ ਹਨ, ਜਿਸ ਦੀ ਕਿ ਉਹ ਵਰਤੋਂ ਕਰ ਸਕਦੇ ਸਨ।

ਸਾਲ 2023-24 ਵਿੱਚ ਖਰਚੇ ਲਈ ਕੁੱਲ ਉਪਬੰਧ ₹ 2,08,508.68 ਕਰੋੜ ਸੀ। ਸਾਲ ਦੌਰਾਨ ਅਸਲ ਕੁੱਲ ਖਰਚਾ ₹ 1,96,381.03 ਕਰੋੜ ਸੀ। ਜਿਸ ਦੇ ਨਤੀਜੇ ਵਜੋਂ ₹ 12,127.65 ਕਰੋੜ ਦੀਆਂ ਬੱਚਤਾਂ ਹੋਈਆਂ। ਸਾਲ ਦੌਰਾਨ ₹ 12,637.38 ਕਰੋੜ ਦੀ ਰਾਸ਼ੀ ਸਪੁਰਦ ਕੀਤੀ ਗਈ ਸੀ। ਜਿਸ ਵਿੱਚੋਂ ₹ 11,569.32 ਕਰੋੜ (91.55 *ਪ੍ਰਤੀਸ਼ਤ*) ਵਿੱਤੀ ਸਾਲ ਦੇ ਅਖੀਰ ਦਿਨ ਵਿੱਚ ਅਰਥਾਤ 31 ਮਾਰਚ 2024 ਨੂੰ ਸਪੁਰਦ ਕੀਤੇ ਗਏ ਸਨ। ਇਸ ਦੇ ਵੇਰਵੇ **ਸਾਰਣੀ 3.9** ਵਿੱਚ ਦਿੱਤੇ ਗਏ ਹਨ।

ਸਾਰਣੀ 3.9: ਵਿੱਤੀ ਸਾਲ 2023-24 ਦੌਰਾਨ ਬਜਟ ਉਪਬੰਧਾਂ ਦੀ ਤੁਲਨਾ ਵਿੱਚ ਅਸਲ ਖਰਚਾ

(₹ ਕਰੋੜ ਵਿੱਚ)

ਖਰਚੇ ਦੀ ਪ੍ਰਕਿਰਤੀ		ਮੂਲ ਗ੍ਰਾਂਟ/ ਨਿਮਿੱਤਣ	ਪੂਰਕ ਗ੍ਰਾਂਟ/ ਨਿਮਿੱਤਣ	ਕੁੱਲ ਬਜਟ	ਅਸਲ ਖਰਚਾ	ਬਚੱਤਾਂ (-)/ ਵਾਧੂ (+)	ਸਪੁਰਦਗੀਆਂ	
							ਰਾਸ਼ੀ	ਪ੍ਰਤੀਸ਼ਤ
ਵੋਟਡ	I. ਰੈਵੀਨਿਊ	1,00,149.28	2,349.34	1,02,498.62	93,209.66	(-)9,288.96	3,196.36	34.41
	II. ਪੂੰਜੀਗਤ	10,354.53	345.28	10,699.81	4,899.67	(-)5,800.14	4,214.81	72.67
	III. ਕਰਜ਼ੇ ਅਤੇ ਪੇਸ਼ਗੀਆਂ	1,040.84	42.48	1,083.32	195.82	(-)887.50	720.00	81.12
ਜੋੜ		**1,11,544.65**	**2,737.10**	**1,14,281.75**	**98,305.15**	**(-)15,976.60**	**8,131.17**	**50.90**
ਚਾਰਜਡ	IV. ਰੈਵੀਨਿਊ	23,291.63	1,309.30	24,600.93	24,624.09	(+)23.16	6.21	-
	V. ਪੂੰਜੀਗਤ	0	0	0	0	0	0	0
	VI. ਜਨਤਕ ਕਰਜ਼ਾ-ਮੁੜ ਅਦਾਇਗੀ	61626.00	8,000.00	69,626.00	73,451.79	(+)3,825.79	4,500.00	-
ਜੋੜ		**84,917.63**	**9,309.30**	**94,226.93**	**98,075.88**	**(+)3,848.95**	**4,506.21**	**-**
ਅਚੇਤ ਫੰਡ ਨੂੰ ਨਿਮਿੱਤਣ (ਜੇ ਕੋਈ ਹੋਵੇ)		0	0	0	0	0	0	0
ਕੁੱਲ ਜੋੜ		**1,96,462.28**	**12,046.40**	**2,08,508.68**	**1,96,381.03**	**(-)12,127.65**	**12,637.38**	**-**

ਸ੍ਰੋਤ: ਨਿਮਿੱਤਣ ਲੇਖੇ

ਨੋਟ: ਉੱਪਰ ਦਰਸਾਏ ਗਏ ਖਰਚੇ ਰੈਵੀਨਿਊ ਮੱਦਾਂ (₹ 426.39 ਕਰੋੜ) ਅਤੇ ਪੂੰਜੀਗਤ ਮੱਦਾਂ (₹ 156.88 ਕਰੋੜ) ਅਧੀਨ ਖਰਚੇ ਦੀ ਕਟੌਤੀ ਵਜੋਂ ਲੇਖਿਆਂ ਵਿੱਚ ਸਮਾਯੋਜਿਤ ਵਸੂਲੀਆਂ ਨੂੰ ਹਿਸਾਬ ਵਿੱਚ ਲਏ ਬਗੈਰ ਸਕਲ ਰਾਸ਼ੀਆਂ ਹਨ।

2023-24 ਦੌਰਾਨ ਖਰਚੇ ਦੀ ਬਣਤਰ **ਸਾਰਣੀ 3.10** ਵਿੱਚ ਦਿੱਤੀ ਗਈ ਹੈ।

ਸਾਰਣੀ 3.10: ਖਰਚੇ ਦੀ ਬਣਤਰ

(₹ ਕਰੋੜ ਵਿੱਚ)

ਮਾਪਦੰਡ	ਰਾਸ਼ੀ	ਪ੍ਰਤੀਸ਼ਤਤਾ
ਰੈਵੀਨਿਊ ਖਰਚਾ	1,17,833.75	60.00
ਪੂੰਜੀਗਤ ਖਰਚਾ	4,899.67	2.50
ਕਰਜ਼ੇ ਅਤੇ ਪੇਸ਼ਗੀਆਂ	195.82	0.10
ਜਨਤਕ ਕਰਜ਼ਾ	73,451.79	37.40
ਕੁੱਲ ਖਰਚਾ	**1,96,381.03**	**100.00**

ਸ੍ਰੋਤ: ਨਿਮਿੱਤਣ ਲੇਖੇ

ਪਿਛਲੇ ਪੰਜ ਸਾਲਾਂ ਦੌਰਾਨ ਬਜਟ ਦੀ ਵਰਤੋਂ ਦੀ ਸਥਿਤੀ **ਚਾਰਟ 3.5** ਵਿੱਚ ਦਿੱਤੀ ਗਈ ਹੈ।

ਚਾਰਟ 3.5: ਸਾਲ 2019-20 ਤੋਂ 2023-24 ਦੌਰਾਨ ਬਜਟ ਦੀ ਵਰਤੋਂ



ਸ੍ਰੋਤ: ਨਿਮਿੱਤਣ ਲੇਖੇ *('ਓ'-ਮੂਲ; 'ਐਸ'-ਪੂਰਕ)*

ਸਾਲ 2019-20 ਤੋਂ 2023-24 ਦੇ ਸਮੇਂ ਲਈ ਮੂਲ ਅਤੇ ਪੂਰਕ ਬਜਟ, ਸੋਧੇ ਅਨੁਮਾਨ ਅਤੇ ਅਸਲ ਖਰਚੇ ਦੇ ਰੁਝਾਨਾਂ ਨੂੰ **ਸਾਰਣੀ 3.11** ਵਿੱਚ ਦਰਸਾਇਆ ਗਿਆ ਹੈ।

ਸਾਰਣੀ 3.11: 2019-2024 ਦੌਰਾਨ ਮੂਲ ਬਜਟ, ਪੂਰਕ ਬਜਟ, ਸੋਧੇ ਅਨੁਮਾਨ ਅਤੇ ਅਸਲ ਖਰਚਾ

(₹ ਕਰੋੜ ਵਿੱਚ)

ਵੇਰਵੇ	2019-20	2020-21	2021-22	2022-23	2023-24
ਮੂਲ ਬਜਟ	1,58,492.66	1,54,805.29	1,68,015.19	1,55,859.78	1,96,462.28
ਪੂਰਕ ਬਜਟ	3,567.43	6,523.68	11,389.81	36,795.88	12,046.40
ਕੁੱਲ ਬਜਟ (ਟੀ ਬੀ)	1,62,060.09	1,61,328.97	1,79,405.00	1,92,655.66	2,08,508.68
ਸੋਧਿਆ ਅਨੁਮਾਨ (ਆਰ ਈ)	1,51,696.94	1,39,999.68	1,36,476.04	1,87,325.32	1,99,076.36
ਅਸਲ ਖਰਚਾ (ਏ ਈ)	1,34,882.11	1,27,409.41	1,26,570.48	1,80,224.72	1,96,381.03
ਬੱਚਤਾਂ	27,177.98	33,919.56	52,834.52	12,430.94	12,127.65
ਪੂਰਕ ਦੀ ਮੂਲ ਉਪਬੰਧ ਨੂੰ ਪ੍ਰਤੀਸ਼ਤਤਾ	2.25	4.21	6.78	23.61	6.13
ਸਮੁੱਚੀਆਂ ਬੱਚਤਾਂ ਦੀ ਸਮੁੱਚੇ ਉਪਬੰਧਾਂ ਨੂੰ ਪ੍ਰਤੀਸ਼ਤਤਾ	16.77	21.02	29.45	6.45	5.82
ਟੀ ਬੀ-ਆਰ ਈ	10,363.15	21,329.29	42,928.96	5,330.34	9,432.32
ਆਰ ਈ-ਏ ਈ	16,814.83	12,590.27	9,905.56	7,100.60	2,695.33
(ਟੀ ਬੀ-ਆਰ ਈ) ਟੀ ਬੀ ਦੀ *ਪ੍ਰਤੀਸ਼ਤ* ਵਜੋਂ	6.39	13.22	23.93	2.77	4.52
(ਆਰ ਈ-ਏ ਈ) ਟੀ ਬੀ ਦੀ *ਪ੍ਰਤੀਸ਼ਤ* ਵਜੋਂ	10.38	7.80	5.52	3.69	1.29

ਸ੍ਰੋਤ: ਸਾਲਾਨਾ ਵਿੱਤੀ ਵਿਵਰਣੀ ਅਤੇ ਨਿਮਿੱਤਣ ਲੇਖੇ

ਕੁੱਲ ਬਜਟ (ਟੀ ਬੀ), ਸੋਧੇ ਅਨੁਮਾਨਾਂ (ਆਰ ਈ) ਅਤੇ ਅਸਲਾਂ ਨੂੰ **ਚਾਰਟ 3.6** ਵਿੱਚ ਦਰਸਾਇਆ ਗਿਆ ਹੈ।

ਚਾਰਟ 3.6: 2019-2024 ਦੌਰਾਨ ਟੀ ਬੀ, ਆਰ ਈ ਅਤੇ ਅਸਲਾਂ ਦਾ ਰੁਝਾਨ



ਸ੍ਰੋਤ: ਸਾਲਾਨਾ ਵਿੱਤੀ ਵਿਵਰਣੀ ਅਤੇ ਨਿਮਿੱਤਣ ਲੇਖੇ

ਸਾਰਣੀ 3.11 ਅਤੇ **ਚਾਰਟ 3.6** ਦਰਸਾਉਂਦਾ ਹੈ ਕਿ 2019-20 ਤੋਂ 2023-24 ਦੌਰਾਨ ਰਾਜ ਦਾ ਆਰ ਈ ਹਮੇਸ਼ਾ ਕੁੱਲ ਬਜਟ ਤੋਂ ਘੱਟ ਸੀ। ਆਰ ਈ ਅਤੇ ਟੀ ਬੀ ਵਿਚਕਾਰ ਅੰਤਰ ਨੇ ਦਰਸਾਇਆ ਕਿ ਪਹਿਲੇ ਤਿੰਨ ਸਾਲਾਂ ਅਰਥਾਤ 2019-20 (6.39 *ਪ੍ਰਤੀਸ਼ਤ*) ਤੋਂ 2021-22 (23.93 *ਪ੍ਰਤੀਸ਼ਤ*) ਦੌਰਾਨ ਵਧਣ ਦਾ ਰੁਝਾਨ ਸੀ ਭਾਵੇਂ ਕਿ 2022-23 ਦੌਰਾਨ ਇਹ ਘਟ ਕੇ 2.77 *ਪ੍ਰਤੀਸ਼ਤ* ਰਹਿ ਗਿਆ ਸੀ ਅਤੇ ਚਾਲੂ ਸਾਲ ਦੌਰਾਨ ਫਿਰ 4.52 *ਪ੍ਰਤੀਸ਼ਤ* ਤੱਕ ਵੱਧ ਗਿਆ ਸੀ। ਸਾਲ 2022-23 ਤੋਂ ਇਲਾਵਾ ਪਿਛਲੇ ਪੰਜ ਸਾਲਾਂ ਦੌਰਾਨ ਪੂਰਕ ਉਪਬੰਧ ਗੈਰ-ਜ਼ਰੂਰੀ ਸਾਬਤ ਹੋਏ ਕਿਉਂਕਿ ਖਰਚਾ ਮੂਲ ਉਪਬੰਧਾਂ ਤੱਕ ਵੀ ਨਹੀਂ ਪਹੁੰਚ ਸਕਿਆ ਸੀ। 2019-2024 ਦੇ ਸਮੇਂ ਦੌਰਾਨ ਸਮੁੱਚੀਆਂ ਬੱਚਤਾਂ ਬਜਟ ਉਪਬੰਧਾਂ ਦੇ 5.82 *ਪ੍ਰਤੀਸ਼ਤ* ਅਤੇ 29.45 *ਪ੍ਰਤੀਸ਼ਤ* ਵਿਚਕਾਰ ਸੀ, ਹਾਲਾਂਕਿ ਪਿਛਲੇ ਦੋ ਸਾਲਾਂ ਭਾਵ 2022-23 ਅਤੇ 2023-24 ਦੌਰਾਨ ਬੱਚਤਾਂ 10 *ਪ੍ਰਤੀਸ਼ਤ* ਤੋਂ ਘੱਟ ਰਹੀਆਂ।

ਨਿਮਿੱਤਣ ਲੇਖਿਆਂ ਵਿੱਚ ਅੰਤਰ ਦੇ ਮਾਮਲੇ ਵਿੱਚ ਪ੍ਰਾਪਤ ਕੀਤੇ ਸਪਸ਼ਟੀਕਰਣਾ ਦੀ ਸਥਿਤੀ ਨੂੰ **ਚਾਰਟ 3.7** ਵਿੱਚ ਦਰਸਾਇਆ ਗਿਆ ਹੈ।

ਚਾਰਟ 3.7: ਨਿਮਿੱਤਣ ਲੇਖਿਆਂ ਵਿੱਚ ਅੰਤਰ ਲਈ ਸਪਸ਼ਟੀਕਰਣ ਦੀ ਸਥਿਤੀ



ਸ੍ਰੋਤ: ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਦਾ ਦਫਤਰ

3.4.2 ਬਜਟ ਵਿੱਚ ਕੀਤੀਆਂ ਮੁੱਖ ਨੀਤੀਗਤ ਘੋਸ਼ਣਾਵਾਂ ਅਤੇ ਇਨ੍ਹਾਂ ਦੇ ਲਾਗੂਕਰਣ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਅਸਲ ਫੰਡਿੰਗ

ਸਕੀਮ ਦੇ ਦਿਸ਼ਾ-ਨਿਰਦੇਸ਼ਾਂ/ਰੂਪਰੇਖਾ ਦੀ ਪ੍ਰਵਾਨਗੀ ਨਾ ਹੋਣ, ਪ੍ਰਸ਼ਾਸਨਿਕ ਮਨਜ਼ੂਰੀ ਦੇ ਨਾ ਮਿਲਣ, ਬਜਟ ਦੇ ਜਾਰੀ ਨਾ ਹੋਣ, ਆਦਿ ਕਰਕੇ ਕੰਮਾਂ ਦੇ ਸ਼ੁਰੂ ਨਾ ਹੋਣ ਕਾਰਣ ਸਰਕਾਰ ਦੁਆਰਾ ਲਈਆਂ ਗਈਆਂ ਕਈ ਨੀਤੀਗਤ ਪਹਿਲਕਦਮੀਆਂ ਨੂੰ ਪੂਰੀ ਤਰਾਂ ਜਾਂ ਅੰਸ਼ਿਕ ਤੌਰ ਤੇ ਅਮਲ ਵਿੱਚ ਨਹੀਂ ਲਿਆਂਦਾ ਜਾਂਦਾ। ਇਹ ਲਾਭਪਾਤਰੀਆਂ ਨੂੰ ਚਿਤਵੇਂ ਲਾਭਾਂ ਤੋਂ ਵਾਂਝੇ ਕਰਦਾ ਹੈ। ਅਜਿਹੀਆਂ ਸਕੀਮਾਂ ਵਿੱਚ ਬੱਚਤਾਂ ਦੂਜੇ ਵਿਭਾਗਾਂ ਨੂੰ ਫੰਡਾਂ ਤੋਂ ਵਾਂਝਾ ਕਰਦੀਆਂ ਹਨ, ਜਿਨ੍ਹਾਂ ਦੀ ਉਹ ਵਰਤੋਂ ਕਰ ਸਕਦੇ ਸਨ।

ਇਹ ਵੇਖਿਆ ਗਿਆ ਸੀ ਕਿ 12 ਸਕੀਮਾਂ ਅਧੀਨ, ₹ 4,090.86 ਕਰੋੜ (ਹਰ ਸਕੀਮ ਵਿੱਚ ₹ 100 ਕਰੋੜ ਜਾਂ ਵੱਧ) ਦਾ ਬਜਟ ਉਪਬੰਧ ਸੀ ਜਿਸ ਨੂੰ ਕਿ ਪੁਨਰ-ਨਿਮਿੱਤਣ ਰਾਹੀ ₹ 2,196.56 ਕਰੋੜ ਕਰ ਦਿੱਤਾ ਗਿਆ ਸੀ (***ਅੰਤਿਕਾ 3.15***)। ਪ੍ਰੰਤੂ ਇਨ੍ਹਾਂ ਸਕੀਮਾਂ ਤੇ ਕੋਈ ਵੀ ਖਰਚਾ ਨਹੀਂ ਕੀਤਾ ਗਿਆ ਸੀ।

ਇਸ ਤੋਂ ਇਲਾਵਾ, 24 ਸਕੀਮਾਂ ਅਧੀਨ ₹ 6,488.94 ਕਰੋੜ (ਹਰੇਕ ਸਕੀਮ ਵਿੱਚ ₹ 10 ਕਰੋੜ ਜਾਂ ਵੱਧ) ਦਾ ਪ੍ਰਵਾਨਿਤ ਆਊਟਲੇਅ ਸੀ, ਜਿਸ ਨੂੰ ਪੁਨਰ-ਨਿਮਿੱਤਣ ਆਦੇਸ਼ ਰਾਹੀਂ ਪੂਰੀ ਤਰ੍ਹਾਂ ਵਾਪਸ ਲੈ ਲਿਆ ਗਿਆ ਸੀ ਜਿਵੇ ਕਿ ***ਅੰਤਿਕਾ 3.16*** ਵਿੱਚ ਦਰਸਾਇਆ ਗਿਆ ਹੈ। ਇਹ ਦਰਸਾਉਂਦਾ ਹੈ ਕਿ ਬਜਟਰੀ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ ਕੁੱਲ 37 ਸਕੀਮਾਂ ਵਿੱਚੋਂ ਯਾਨੀਕਿ ਕੋਰ ਆਫ ਕੋਰ ਸਕੀਮਾਂ ਦੀਆਂ ਛੇ ਅਤੇ 31 ਕੋਰ ਸਕੀਮਾਂ (ਜਿਵੇਂ ਕਿ 2022-23 ਦੌਰਾਨ ਭਾਰਤ ਸਰਕਾਰ ਦੁਆਰਾ ਵਰਗੀਕਰਣ ਕੀਤਾ ਗਿਆ ਹੈ), 2023-24 ਦੌਰਾਨ 21 ਸਕੀਮਾਂ ਜਦੋਂਕਿ ਕੋਰ ਆਫ ਕੋਰ ਸਕੀਮਾਂ ਦੀਆਂ ਦੋ ਅਤੇ 19 ਕੋਰ ਸਕੀਮਾਂ ਰਾਜ ਸਰਕਾਰ ਦੁਆਰਾ ਲਾਗੂ ਕੀਤੀਆਂ ਜਾ ਰਹੀਆਂ ਸਨ। ਇਨ੍ਹਾਂ ਵਿੱਚੋਂ ਦਸ ਸਕੀਮਾਂ ਕੋਲ ₹ 100 ਕਰੋੜ ਤੋਂ ਵੱਧ ਦੇ ਮੂਲ ਬਜਟ ਉਪਬੰਧ ਸਨ ***(ਅੰਤਿਕਾ 3.17)***। ਇਨ੍ਹਾਂ ਦਸ ਸਕੀਮਾਂ ਅਧੀਨ ਬਜਟ ਅਲਾਟਮੈਂਟ ਦੀ ਸਥਿਤੀ ਨੇ ਦਰਸਾਇਆ ਕਿ ਅੱਠ ਸਕੀਮਾਂ (***ਅੰਤਿਕਾ 3.17*** – **ਸਕੀਮ ਨੰ. I ਤੋਂ IX**) ਅਧੀਨ ਪੰਜ *ਪ੍ਰਤੀਸ਼ਤ* ਅਤੇ 69 *ਪ੍ਰਤੀਸ਼ਤ* ਦੀ ਹੱਦ

ਵਿਚਕਾਰ ਮੂਲ ਬਜਟ ਉਪਬੰਧ ਪੁਨਰ-ਨਿਮਿੱਤਣ ਰਾਹੀਂ ਵਾਪਸ ਲੈ ਲਿਆ ਗਿਆ ਸੀ। ਇਹ ਰਾਜ ਸਰਕਾਰ ਦੇ ਪੱਖ ਤੇ ਬਜਟ ਪ੍ਰਤੀ ਗੰਭੀਰਤਾ ਦੀ ਘਾਟ ਨੂੰ ਦਰਸਾਉਂਦਾ ਹੈ, ਜਿਸ ਕਰਕੇ ਸਬੰਧਤ ਸਕੀਮਾਂ ਦਾ ਲਾਗੂਕਰਣ ਪ੍ਰਭਾਵਿਤ ਹੋਇਆ।

3.4.3 ਨਵੀਆਂ ਸਕੀਮਾਂ

2023-24 ਦੌਰਾਨ ਰਾਜ ਸਰਕਾਰ ਦੁਆਰਾ 102 ਨਵੀਂ ਸਕੀਮਾਂ/ਸੇਵਾਵਾਂ ਲਾਗੂ ਕੀਤੀਆਂ ਜਾ ਰਹੀਆਂ ਸਨ। 12 ਨਵੀਂ ਸਕੀਮਾਂ (ਹਰੇਕ ਸਕੀਮ ਵਿੱਚ ₹ 100 ਕਰੋੜ ਤੋਂ ਵੱਧ) ਅਧੀਨ ਬਜਟ ਉਪਬੰਧ ਅਤੇ ਇਸ ਦੇ ਵਿਰੁੱਧ ਕੀਤੇ ਗਏ ਖਰਚੇ ਦਾ ਵੇਰਵਾ ***ਅੰਤਿਕਾ 3.18*** ਵਿੱਚ ਦਿੱਤਾ ਗਿਆ ਹੈ।

ਇਹ ਵੇਖਿਆ ਗਿਆ ਸੀ ਕਿ ਸਾਲ 2023-24 ਦੌਰਾਨ ਇਨ੍ਹਾਂ ਨਵੀਂ ਸਕੀਮਾਂ ਅਧੀਨ ਮੂਲ ਬਜਟ ਉਪਬੰਧ ਵਿੱਚ ਚਿਤਵੀ ਰਾਸ਼ੀ ਨਾਲੋਂ ਘੱਟ ਖਰਚਾ ਕੀਤਾ ਗਿਆ ਸੀ। ਇਹ ਇਸ ਤੱਥ ਕਰਕੇ ਸੀ ਕਿ ਜਾਂ ਤਾਂ ਪੁਨਰ ਨਿਮਿੱਤਣ ਰਾਹੀਂ ਬਜਟ ਉਪਬੰਧ ਵਾਪਸ ਲੈ ਲਿਆ ਗਿਆ ਸੀ ਅਤੇ/ਜਾਂ ਪੂਰੇ ਬਜਟ ਉਪਬੰਧ ਦੀ ਵਰਤੋਂ ਨਹੀਂ ਕੀਤੀ ਗਈ ਸੀ।

3.4.4 ਖਰਚੇ ਵਿੱਚ ਤੇਜ਼ੀ

ਸਰਕਾਰੀ ਫੰਡ ਸਾਰੇ ਸਾਲ ਦੌਰਾਨ ਸਮਾਨਤਾ-ਪੂਰਵਕ ਖਰਚਣੇ ਚਾਹੀਦੇ ਹਨ। ਖਰਚੇ ਦੀ ਅਟੁੱਟ ਚਾਲ, ਵਧੀਆ ਜਨਤਕ ਵਿੱਤੀ ਪ੍ਰਬੰਧਨ ਦਾ ਮਹੱਤਵਪੂਰਣ ਭਾਗ ਹੈ ਕਿਉਂਜੋ ਇਹ ਅਣਚਿਤਵੇ ਵੱਡੇ ਖਰਚੇ ਤੋਂ ਉਪਜੇ ਵਿੱਤੀ ਅਸੰਤੁਲਨ ਅਤੇ ਕੈਸ਼ ਦੀ ਆਰਜ਼ੀ ਥੁੜ੍ਹ ਤੋਂ ਬਚਾਅ ਕਰਦਾ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਅੱਠ ਮੁੱਖ ਮੱਦਾਂ ਅਧੀਨ, ਮਾਰਚ 2024 ਦੇ ਮਹੀਨੇ ਦੌਰਾਨ ਜਿਵੇਂ ਕਿ ***ਅੰਤਿਕਾ 3.19*** ਵਿੱਚ ਵੇਰਵਾ ਦਿੱਤਾ ਗਿਆ ਹੈ, ਕੁੱਲ ਖਰਚੇ ਦਾ 50.43 *ਪ੍ਰਤੀਸ਼ਤ* ਅਤੇ 93.02 *ਪ੍ਰਤੀਸ਼ਤ* ਦੀ ਹੱਦ ਵਿਚਕਾਰ ਖਰਚਾ ਕੀਤਾ ਗਿਆ ਸੀ। ਸਾਲ 2023-24 ਦੌਰਾਨ ਇਨ੍ਹਾਂ ਅੱਠ ਮੁੱਖ ਮੱਦਾਂ ਵਿੱਚੋਂ ਸੱਭ ਤੋਂ ਵੱਧ ਖਰਚ ਵਾਲੇ ਮੁੱਖ ਮੱਦ 4055-'ਪੁਲਿਸ 'ਤੇ ਪੂੰਜੀਗਤ ਖਰਚਾ' ਅਧੀਨ ਮਹੀਨਾਵਾਰ ਖਰਚੇ ਦਾ ਵੇਰਵਾ **ਚਾਰਟ 3.8** ਵਿੱਚ ਦਰਸਾਇਆ ਗਿਆ ਹੈ।

ਚਾਰਟ 3.8 : ਸਾਲ 2023-24 ਦੌਰਾਨ ਮੁੱਖ ਮੱਦ 4055-'ਪੁਲਿਸ 'ਤੇ ਪੂੰਜੀਗਤ ਖਰਚਾ' ਅਧੀਨ ਮਹੀਨਾਵਾਰ ਖਰਚਾ

(₹ ਕਰੋੜ ਵਿੱਚ)



ਸ੍ਰੋਤ: ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਦਾ ਦਫਤਰ

ਚਾਰਟ 3.8 ਦਰਸਾਉਂਦਾ ਹੈ ਕਿ ਮੁੱਖ ਮੁੱਦ-4055, ਅਧੀਨ ₹ 211.52 ਕਰੋੜ ਦੇ ਕੁੱਲ ਖਰਚੇ ਦਾ 53.14 *ਪ੍ਰਤੀਸ਼ਤ* (₹ 112.41 ਕਰੋੜ) ਮਾਰਚ 2024 ਵਿੱਚ ਖਰਚ ਕੀਤਾ ਗਿਆ ਸੀ ।

ਇਸ ਤੋਂ ਇਲਾਵਾ, 18 ਉਪ ਮੱਦਾਂ ਵਿੱਚ ₹ 3,106.45 ਕਰੋੜ (ਹਰ ਮਾਮਲੇ ਵਿੱਚ ₹ 10 ਕਰੋੜ ਤੋਂ ਵੱਧ) ਦਾ ਸਾਰਾ ਖਰਚਾ ਮਾਰਚ 2024, ਵਿੱਚ ਕੀਤਾ ਗਿਆ ਸੀ ***(ਅੰਤਿਕਾ 3.20)***।

3.4.5 ਚੁਣੀਆਂ ਗਈਆਂ ਗ੍ਰਾਂਟਾਂ ਦੀ ਸਮੀਖਿਆ

ਚੁਣੀਆਂ ਗਈਆਂ ਦੋਂ ਗ੍ਰਾਂਟਾਂ ਅਰਥਾਤ '01-ਖੇਤੀਬਾੜੀ' ਅਤੇ '17-ਸਥਾਨਕ ਸਰਕਾਰ' ਦੀ ਬਜਟਰੀ ਪ੍ਰਕਿਰਿਆ ਅਤੇ ਖਰਚੇ ਉੱਤੇ ਕੰਟਰੋਲ ਦੀ ਸਮੀਖਿਆਂ ਕੀਤੀ ਗਈ ਸੀ, ਜਿਸ ਵਿੱਚ ਮੂਲ ਗ੍ਰਾਂਟਾਂ, ਪੂਰਕ ਗ੍ਰਾਂਟਾਂ ਅਤੇ ਅਸਲ ਖਰਚੇ ਵਿਚਕਾਰ ਵਖਰੇਵੇਂ ਦੀ ਮਾਤਰਾ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ।

3.4.5.1 ਗ੍ਰਾਂਟ ਨੰ. 1-ਖੇਤੀਬਾੜੀ

(i) ਜਾਣ-ਪਛਾਣ

ਗ੍ਰਾਂਟ ਨੰ. '01-ਖੇਤੀਬਾੜੀ ਵਿੱਚ ਮੁੱਖ ਮੱਦਾਂ', '2401-ਫਸਲ ਪਾਲਣ', '2402-ਭੂਮੀ ਅਤੇ ਜਲ ਸੰਭਾਲ', '2415-ਖੇਤੀਬਾੜੀ ਖੋਜ ਅਤੇ ਸਿੱਖਿਆ', '2435-ਹੋਰ ਖੇਤੀਬਾੜੀ ਪ੍ਰੋਗਰਾਮ', '4401-ਫਸਲ ਪਾਲਣ 'ਤੇ ਪੂੰਜੀਗਤ ਖਰਚਾ' ਅਤੇ '6401-ਫਸਲ ਪਾਲਣ' ਲਈ ਕਰਜ਼ੇ ਸ਼ਾਮਲ ਹਨ।

(ii) ਬਜਟ ਅਤੇ ਖਰਚਾ

ਪਿਛਲੇ ਤਿੰਨ ਸਾਲਾਂ (2021-22 ਤੋਂ 2023-24) ਲਈ ਗ੍ਰਾਂਟ ਨੰ. 01 ਅਧੀਨ ਬਜਟ ਉਪਬੰਧਾਂ, ਖਰਚਾਂ ਅਤੇ ਬੱਚਤਾਂ ਦੀ ਸੱਮੁਚੀ ਸਥਿਤੀ **ਸਾਰਣੀ 3.12** ਵਿੱਚ ਦਿੱਤੀ ਗਈ ਹੈ।

ਸਾਰਣੀ 3.12: 2021-2024 ਦੌਰਾਨ ਗ੍ਰਾਂਟ ਨੰ. 01 ਅਧੀਨ ਬਜਟ ਅਤੇ ਖਰਚਾ

(₹ ਕਰੋੜ ਵਿੱਚ)

ਸਾਲ	ਸੈਕਸ਼ਨ	ਬਜਟ ਉਪਬੰਧ	ਜੋੜ	ਖਰਚਾ	ਅਣਵਰਤਿਆ ਉਪਬੰਧ (ਪ੍ਰਤੀਸ਼ਤਤਾ)
2021-22	ਰੈਵੀਨਿਊ-ਮੂਲ (ਵੋਟਡ)	10,795.53	10,795.53	9,095.93	1,699.60 (15.74)
	ਪੂਰਕ	0.00			
	ਰੈਵੀਨਿਊ-ਮੂਲ (ਚਾਰਜਡ)	0.06	0.06	0.02	0.04 (66.67)
	ਪੂਰਕ	0.00			
	ਪੂੰਜੀਗਤ-ਮੂਲ (ਵੋਟਡ)	145.46	145.46	2.26	143.20 (98.45)
	ਪੂਰਕ	0.00			
2022-23	ਰੈਵੀਨਿਊ-ਮੂਲ (ਵੋਟਡ)	9,389.64	11,069.73	10,516.91	552.82 (4.99)
	ਪੂਰਕ	1,680.09			
	ਰੈਵੀਨਿਊ-ਮੂਲ (ਚਾਰਜਡ)	0.08	0.52	0.47	0.05 (9.62)
	ਪੂਰਕ	0.44			
	ਪੂੰਜੀਗਤ-ਮੂਲ (ਵੋਟਡ)	8.36	81.33	5.62	75.71 (93.09)
	ਪੂਰਕ	72.97			

ਸਾਲ	ਸੈਕਸ਼ਨ	ਬਜਟ ਉਪਬੰਧ	ਜੋੜ	ਖਰਚਾ	ਅਣਵਰਤਿਆ ਉਪਬੰਧ (ਪ੍ਰਤੀਸ਼ਤਤਾ)
2023-24	ਰੈਵੀਨਿਊ-ਮੂਲ (ਵੋਟਡ)	11,961.10	11,978.81	10,710.17	1,268.64 (10.59)
	ਪੂਰਕ	17.71			
	ਰੈਵੀਨਿਊ-ਮੂਲ (ਚਾਰਜਡ)	0.10	0.10	0.08	0.02 (20.00)
	ਪੂਰਕ	0.00			
	ਪੂੰਜੀਗਤ-ਮੂਲ (ਵੋਟਡ)	6.31	48.79	0.00	48.79 (100.00)
	ਪੂਰਕ	42.48			

ਸ੍ਰੋਤ: ਨਿਮਿੱਤਣ ਲੇਖੇ

ਸਾਰਣੀ 3.12 ਦਰਸਾਉਂਦੀ ਹੈ ਕਿ 2021-2024 ਦੌਰਾਨ ਰੈਵੀਨਿਊ (ਵੋਟਡ) ਅਧੀਨ ਅਣਵਰਤਿਆ ਬਜਟ ਉਪਬੰਧ 5 *ਪ੍ਰਤੀਸ਼ਤ* ਅਤੇ 16 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ ਅਤੇ ਪੂੰਜੀਗਤ (ਵੋਟਡ) ਅਧੀਨ ਇਸ ਦੀ ਰੇਂਜ 93 *ਪ੍ਰਤੀਸ਼ਤ* ਅਤੇ 100 *ਪ੍ਰਤੀਸ਼ਤ* ਵਿਚਕਾਰ ਸੀ।

ਗ੍ਰਾਂਟ ਨੰ. 01 (***ਅੰਤਿਕਾ 3.21***) ਅਧੀਨ ਲਾਗੂ ਕੀਤੇ 21 ਪ੍ਰੋਗਰਾਮਾਂ (ਜਿਨ੍ਹਾਂ ਲਈ ਮੂਲ ਬਜਟ ਉਪਬੰਧ ਜਾਂ ਕੁੱਲ ਬਜਟ ਉਪਬੰਧ ₹ 10 ਕਰੋੜ ਜਾਂ ਜ਼ਿਆਦਾ ਦੇ ਸਨ) ਅਧੀਨ ਲਾਗੂ ਕੀਤੇ ਸਮੁੱਚੇ ਉਪਬੰਧ, ਖਰਚਾ, ਅਤੇ ਬੱਚਤਾਂ ਦਰਸਾਉਂਦੀਆਂ ਹਨ ਕਿ ਤਿੰਨ ਪ੍ਰੋਗਰਾਮਾਂ ਵਿੱਚ 20 *ਪ੍ਰਤੀਸ਼ਤ* ਤੋਂ ਵੱਧ ਦੀਆਂ ਵੱਡੀਆਂ ਬੱਚਤਾਂ ਸਨ ਅਤੇ ਸੱਤ ਪ੍ਰੋਗਰਾਮਾਂ (***ਅੰਤਿਕਾ 3.21* ਦੇ ਲੜੀ ਨੰ. 11 ਤੋਂ 16 ਅਤੇ 21**) ਵਿੱਚ ਕੋਈ ਖਰਚਾ ਨਹੀਂ ਕੀਤਾ ਗਿਆ ਸੀ।

(iii) ਬੱਚਤਾਂ ਸਪੁਰਦ ਨਾ ਕਰਨਾ

ਪੰਜਾਬ ਵਿੱਤੀ ਨਿਯਮਾਵਲੀ ਦੇ ਨਿਯਮ 17.20 ਅਨੁਸਾਰ ਜਿਵੇਂ ਅਤੇ ਜਦੋਂ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ ਤਾਂ ਗ੍ਰਾਂਟਾਂ/ਨਿਮਿੱਤਣਾਂ ਜਾਂ ਉਨ੍ਹਾਂ ਦੇ ਹਿੱਸੇ ਨੂੰ ਖਰਚ ਵਿਭਾਗਾਂ ਵੱਲੋਂ ਵਿੱਤ ਵਿਭਾਗ ਨੂੰ ਸਪੁਰਦ ਕਰਨ ਦੀ ਲੋੜ ਹੁੰਦੀ ਹੈ। 2021-2024 ਦੌਰਾਨ ਗ੍ਰਾਂਟ ਨੰ .01-ਖੇਤੀਬਾੜੀ ਅਧੀਨ ਬੱਚਤਾਂ ਅਤੇ ਸਪੁਰਦਗੀਆਂ ਦੀ ਸਥਿਤੀ ਨੂੰ **ਸਾਰਣੀ 3.13** ਵਿੱਚ ਦਰਸਾਇਆ ਗਿਆ ਹੈ।

ਸਾਰਣੀ 3.13: ਸਾਲ 2021-2024 ਦੌਰਾਨ ਗ੍ਰਾਂਟ ਨੰ. 01 ਅਧੀਨ ਬੱਚਤਾਂ ਸਪੁਰਦ ਨਾ ਕਰਨਾ

(₹ ਕਰੋੜ ਵਿੱਚ)

ਸਾਲ	ਬੱਚਤਾਂ			ਸਪੁਰਦ ਕੀਤੀ ਗਈ ਰਾਸ਼ੀ (*ਪ੍ਰਤੀਸ਼ਤ*)		
	ਰੈਵੀਨਿਊ (ਵੀ)	ਰੈਵੀਨਿਊ (ਸੀ)	ਪੂੰਜੀਗਤ (ਵੀ)	ਰੈਵੀਨਿਊ (ਵੀ)	ਰੈਵੀਨਿਊ (ਸੀ)	ਪੂੰਜੀਗਤ (ਵੀ)
2021-22	1,699.60	0.04	143.20	2,245.12 (132.10)	0.02 (50.00)	142.10 (99.23)
2022-23	552.82	0.05	75.71	302.67 (54.75)	0	1.08 (1.43)
2023-24	1,268.64	0.02	48.79	391.33 (30.85)	0	3.79 (7.77)

ਸ੍ਰੋਤ: ਨਿਮਿਤੱਣ ਲੇਖੇ

ਵੀ-ਵੋਟਡ, ਸੀ-ਚਾਰਜਡ

ਬਰੈਕਟਾਂ ਵਿੱਚ ਦਿੱਤੀ ਰਾਸ਼ੀ ਕੁੱਲ ਬੱਚਤਾਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੀ ਹੈ।

ਸਾਰਣੀ 3.13 ਦਰਸਾਉਂਦੀ ਹੈ ਕਿ ਸਾਲ 2023-2024 ਦੌਰਾਨ ਰੈਵੀਨਿਊ (ਵੋਟਡ) ਅਧੀਨ ਸਿਰਫ 30.85 *ਪ੍ਰਤੀਸ਼ਤ* ਅਤੇ ਪੂੰਜੀਗਤ (ਵੋਟਡ) ਅਧੀਨ 7.77 *ਪ੍ਰਤੀਸ਼ਤ* ਬਚਤ ਸਪੁਰਦ ਕੀਤੀ ਗਈ ਸੀ; ਜਿਸ ਨਾਲ ਹੋਰ ਵਿਭਾਗਾਂ ਨੂੰ ਫੰਡਾਂ ਤੋਂ ਉਸ ਹੱਦ ਤੱਕ ਵਾਂਝਾ ਰੱਖਿਆ ਗਿਆ ਸੀ ਜਿਸ ਦੀ ਵਰਤੋਂ ਉਹ ਹੋਰ ਉਦੇਸ਼ਾਂ ਲਈ ਕਰ ਸਕਦੇ ਸਨ।

(iv) ਪੂਰਾ ਉਪਬੰਧ ਅਣਵਰਤਿਆ ਰਿਹਾ

ਇਹ ਵੇਖਿਆ ਗਿਆ ਸੀ ਕਿ 2023-24 ਦੌਰਾਨ ਛੇ ਸਕੀਮਾਂ (ਗ੍ਰਾਂਟ ਨੰ. 01) ਅਧੀਨ ਪੂਰੀ ਬਜਟ ਵੰਡ (ਹਰ ਮਾਮਲੇ ਵਿੱਚ ₹ ਇੱਕ ਕਰੋੜ ਜਾਂ ਜ਼ਿਆਦਾ) ਅਣਵਰਤੀ ਰਹੀ ਜੋ ਸਕੀਮਾਂ ਦੇ ਲਾਗੂ ਨਾ ਹੋਣ ਦਾ ਸੰਕੇਤ ਕਰਦੀ ਸੀ ਜਿਵੇਂ ਕਿ **ਸਾਰਣੀ 3.14** ਵਿੱਚ ਦਰਸਾਇਆ ਗਿਆ ਹੈ।

ਸਾਰਣੀ 3.14: ਸਾਲ 2023-24 ਦੌਰਾਨ ਗ੍ਰਾਂਟ ਨੰ. 01 ਅਧੀਨ ਪੂਰਾ ਉਪਬੰਧ (₹ ਇੱਕ ਕਰੋੜ ਜਾਂ ਵੱਧ) ਅਣਵਰਤਿਆ ਰਿਹਾ

(₹ ਕਰੋੜ ਵਿੱਚ)

ਲੜੀ ਨੰ.	ਲੇਖੇ ਦੀ ਮੱਦ	ਮੂਲ ਬਜਟ	ਪੂਰਕ	ਪੁਨਰ-ਨਿਮਿੱਤਣ	ਕੁੱਲ ਬਜਟ
1.	2401-00-104-03- ਖੇਤੀਬਾੜੀ ਖਪਤਕਾਰਾਂ ਨੂੰ ਬਿਜਲੀ ਲਈ ਸਿੱਧੇ ਲਾਭ ਟ੍ਰਾਂਸਫਰ ਦੀ ਪਾਣੀ ਬਚਾਓ ਪੈਸਾ ਕਮਾਓ ਸਕੀਮ	1.00	0.00	0.00	1.00
2.	2401-00-105-15- ਟਿਕਾਊ ਖੇਤੀਬਾੜੀ ਲਈ ਰਾਸ਼ਟਰੀ ਮਿਸ਼ਨ ਭੂਮੀ ਸਿਹਤ ਪ੍ਰਬੰਧਨ-08-ਭੂਮੀ ਸਿਹਤ ਕਾਰਡ ਸਕੀਮ	10.95	0.00	(-)9.32	1.63
3.	2401-00-109-14- ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ	85.83	0.00	61.17	147.00
4.	2401-00-789-19- ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ	13.97	0.00	14.03	28.00
5.	2401-00-789-35- ਖੇਤੀਬਾੜੀ ਮਸ਼ੀਨੀਕਰਨ ਬਾਰੇ ਉਪ-ਮਿਸ਼ਨ	58.10	0.00	(-)16.82	41.28
6.	6401-00-190-04- ਐਸ ਆਈ ਡੀ ਬੀ ਆਈ ਕਲੱਸਟਰ ਡਿਵੈਲਪਮੈਂਟ ਸਕੀਮ ਫੰਡ (ਐਸ ਸੀ ਡੀ ਐਫ) ਅਧੀਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ (ਪੀ ਏ ਜੀ ਆਰ ਐਫ ਐਕਸ ਸੀ ਓ ਆਈ) ਨੂੰ ਕਰਜ਼ਾ	0.00	42.48	2.52	45.00

ਸ੍ਰੋਤ: ਨਿਮਿੱਤਣ ਲੇਖੇ

(v) ਗਲਤ ਵਰਤੋਂ ਸਰਟੀਫਿਕੇਟ ਜਮ੍ਹਾਂ ਕਰਨਾ

ਗ੍ਰਾਂਟ ਨੰ.1 ਦੀ ਸਮੀਖਿਆ ਦੌਰਾਨ, ਲੇਖਾ ਪ੍ਰੀਖਿਆ ਨੇ ਦੇਖਿਆ ਕਿ

(ੳ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਨੇ ਸਾਲ 2018-19 ਦੌਰਾਨ ₹ 2.11 ਕਰੋੜ ਦੀ ਲਾਗਤ ਨਾਲ ਕੇਂਦਰੀ ਸਪਾਂਸਰ ਸਕੀਮ-ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) ਅਧੀਨ "ਰਾਜ ਐਗਮਾਰਕ ਲੈਬਾਰਟਰੀਆਂ ਨੂੰ ਮਜ਼ਬੂਤ ਕਰਨਾ" ਪ੍ਰੋਜੈਕਟ ਨੂੰ

ਪ੍ਰਵਾਨਗੀ ਦੇ ਦਿੱਤੀ ਸੀ। ਇਸ ਅਨੁਸਾਰ, ਵਿਭਾਗ ਨੇ ਸੰਯੁਕਤ ਡਾਇਰੈਕਟਰ (ਨਕਦੀ ਫਸਲਾਂ) ਅਤੇ ਸਹਾਇਕ ਮਾਰਕੀਟਿੰਗ ਅਫਸਰ (ਏ ਐਮ ਓ), ਐਸ ਏ ਐਸ ਨਗਰ ਨੂੰ ਕ੍ਰਮਵਾਰ ₹ 0.60 ਕਰੋੜ (ਮਾਰਚ 2021) ਅਤੇ ₹ 1.50 ਕਰੋੜ (ਅਪ੍ਰੈਲ 2021) ਜਾਰੀ ਕੀਤੇ। ਇਨ੍ਹਾਂ ਵਿੱਚੋਂ , ₹ 1.39 ਕਰੋੜ ਦੇ ਫੰਡ ਕਾਰਜਕਾਰੀ ਇੰਜੀਨੀਅਰ (ਈ ਈ), ਸੂਬਾਈ ਡਵੀਜ਼ਨ, ਪੀ ਡਬਲਯੂ ਡੀ (ਬੀ ਐਂਡ ਆਰ), ਫਰੀਦਕੋਟ ਨੂੰ ਜੂਨ 2021 ਵਿੱਚ (₹ 0.35 ਕਰੋੜ) ਅਤੇ ਅਗਸਤ 2023 (₹ 1.04 ਕਰੋੜ) ਫਰੀਦਕੋਟ ਵਿਖੇ ਖੇਤੀਬਾੜੀ ਦਫ਼ਤਰ ਕੰਪਲੈਕਸ ਵਿੱਚ ਰਾਜ ਐਗਮਾਰਕ ਲੈਬਾਰਟਰੀ ਦੀ ਉਸਾਰੀ ਲਈ ਜਾਰੀ ਕੀਤੇ ਗਏ ਸਨ। ਇਹ ਕੰਮ ₹ 1.29 ਕਰੋੜ ਦੀ ਲਾਗਤ ਨਾਲ ਇੱਕ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ। ਇਹ ਕੰਮ ਮਾਰਚ 2023 ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਸਤੰਬਰ 2023[4] ਤੱਕ ਪੂਰਾ ਕੀਤਾ ਜਾਣਾ ਸੀ।

ਇਹ ਦੇਖਿਆ ਗਿਆ ਕਿ ਈ ਈ ਨੇ ₹ 1.39 ਕਰੋੜ ਰਾਸ਼ੀ ਦੀ ਪ੍ਰਾਪਤੀ ਦੇ ਵਿਰੁੱਧ ਆਰਜ਼ੀ ਯੂ ਸੀ ₹ 0.72 ਕਰੋੜ ਜਮ੍ਹਾ ਕਰਵਾਏ (ਅਪ੍ਰੈਲ 2024) ਹਾਲਾਂਕਿ, ਸੰਯੁਕਤ ਡਾਇਰੈਕਟਰ ਨੇ ਭਾਰਤ ਸਰਕਾਰ ਨੂੰ ₹ 1.39 ਕਰੋੜ ਲਈ ਯੂ ਸੀ ਪੇਸ਼ ਕੀਤੇ (ਮਈ 2024)। ਵਿਭਾਗ ਨੇ ਨਿਸ਼ਚਿਤ ਜਵਾਬ ਨਹੀਂ ਦਿੱਤਾ।

ਇਸ ਤਰ੍ਹਾਂ, ਫੰਡਾਂ ਦੀ ਅਸਲ ਵਰਤੋਂ ਤੋਂ ਬਿਨਾਂ ਯੂ ਸੀ ਪੇਸ਼ ਕਰਨਾ ਅਨਿਯਮਿਤ ਸੀ।

3.4.5.2 ਗ੍ਰਾਂਟ ਨੰ. 17-ਸਥਾਨਕ ਸਰਕਾਰ

(i) ਜਾਣ-ਪਛਾਣ

ਗ੍ਰਾਂਟ ਨੰ. 17-ਸਥਾਨਕ ਸਰਕਾਰ ਵਿੱਚ ਮੁੱਖ ਮੱਦ 2216-ਮਕਾਨ ਉਸਾਰੀ, '2217-ਸ਼ਹਿਰੀ ਵਿਕਾਸ', '3604-ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ, ਸੰਸਥਾਵਾਂ ਨੂੰ ਮੁਆਵਜ਼ਾ ਅਤੇ ਅਸਾਈਨਮੈਂਟਾਂ' ਅਤੇ '4217-ਸ਼ਹਿਰੀ ਵਿਕਾਸ 'ਤੇ ਪੂੰਜੀਗਤ ਖਰਚਾ' ਸ਼ਾਮਲ ਹਨ।

(ii) ਬਜਟ ਅਤੇ ਖਰਚਾ

ਪਿਛਲੇ ਤਿੰਨ ਸਾਲਾਂ ਦੌਰਾਨ ਇਸ ਗ੍ਰਾਂਟ ਅਧੀਨ ਬਜਟ ਉਪਬੰਧਾਂ, ਅਸਲ ਅਦਾਇਗੀਆਂ ਅਤੇ ਬੱਚਤਾਂ ਦੀ ਸਮੁੱਚੀ ਸਥਿਤੀ ਨੂੰ **ਸਾਰਣੀ 3.15** ਵਿੱਚ ਦਿੱਤਾ ਗਿਆ ਹੈ।

ਸਾਰਣੀ 3.15: ਗ੍ਰਾਂਟ ਨੰ. 17 ਅਧੀਨ 2021-2024 ਦੌਰਾਨ ਬਜਟ ਅਤੇ ਖਰਚਾ

(₹ ਕਰੋੜ ਵਿੱਚ)

ਸਾਲ	ਸੈਕਸ਼ਨ	ਬਜਟ ਉਪਬੰਧ	ਕੁੱਲ ਬਜਟ ਉਪਬੰਧ	ਖਰਚਾ	ਅਣਵਰਤੇ ਉਪਬੰਧ (ਪ੍ਰਤੀਸ਼ਤਤਾ)
2021-22	ਰੈਵੀਨਿਊ-ਮੂਲ (ਵੋਟਡ)	3,342.43	3,342.43	2,495.65	846.78 (25.33)
	ਪੂਰਕ	0			
	ਰੈਵੀਨਿਊ-ਮੂਲ (ਚਾਰਜਡ)	0	0	0	0
	ਪੂਰਕ	0			
	ਪੂੰਜੀਗਤ-ਮੂਲ (ਵੋਟਡ)	3,849.78	3,849.78	1,918.93	1,930.85 (50.15)
	ਪੂਰਕ	0			

4 ਕੰਮ ਅਜੇ ਪੂਰਾ ਹੋਣਾ ਬਾਕੀ ਸੀ (ਸਤੰਬਰ 2024)।

ਸਾਲ	ਸੈਕਸ਼ਨ	ਬਜਟ ਉਪਬੰਧ	ਕੁੱਲ ਬਜਟ ਉਪਬੰਧ	ਖਰਚਾ	ਅਣਵਰਤੇ ਉਪਬੰਧ (ਪ੍ਰਤੀਸ਼ਤਤਾ)
2022-23	ਰੈਵੀਨਿਊ-ਮੂਲ (ਵੋਟਡ)	3,237.81	3,241.30	2,623.73	617.57 (19.05)
	ਪੂਰਕ	3.49			
	ਰੈਵੀਨਿਊ-ਮੂਲ (ਚਾਰਜਡ)	0	0	0	0
	ਪੂਰਕ	0			
	ਪੂੰਜੀਗਤ-ਮੂਲ (ਵੋਟਡ)	3,098.19	3,459.99	2,270.02	1,189.97 (34.39)
	ਪੂਰਕ	361.80			
2023-24	ਰੈਵੀਨਿਊ-ਮੂਲ (ਵੋਟਡ)	4,008.72	4,008.72	2,668.38	1,340.34 (33.44)
	ਪੂਰਕ	0			
	ਰੈਵੀਨਿਊ-ਮੂਲ (ਚਾਰਜਡ)	0	0	0	0
	ਪੂਰਕ	0			
	ਪੂੰਜੀਗਤ-ਮੂਲ (ਵੋਟਡ)	2,422.56	2,422.56	1,103.51	1,319.05 (54.45)
	ਪੂਰਕ	0			

ਸ੍ਰੋਤ: ਨਿਮਿਤੱਣ ਲੇਖੇ

ਸਾਰਣੀ 3.15 ਦਰਸਾਉਂਦੀ ਹੈ ਕਿ 2021-22 ਤੋਂ 2023-24 ਦੌਰਾਨ ਰੈਵੀਨਿਊ (ਵੋਟਡ) ਅਧੀਨ ਅਣਵਰਤਿਆ ਬਜਟ ਉਪਬੰਧ 19 *ਪ੍ਰਤੀਸ਼ਤ* ਅਤੇ 33 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ ਅਤੇ ਪੂੰਜੀਗਤ (ਵੋਟਡ) ਅਧੀਨ ਇਸ ਦੀ ਰੇਂਜ 34 *ਪ੍ਰਤੀਸ਼ਤ* ਅਤੇ 54 *ਪ੍ਰਤੀਸ਼ਤ* ਵਿਚਕਾਰ ਸੀ, ਜਿਸਨੇ ਰਾਜ ਸਰਕਾਰ ਦੀ ਮੁਕੰਮਲ ਗੈਰ-ਕਾਰਗੁਜ਼ਾਰੀ ਨੂੰ ਦਰਸਾਇਆ।

ਵਿਭਾਗ ਨੇ ਕਿਹਾ (ਅਕਤੂਬਰ 2024) ਬੱਚਤ ਦਾ ਕਾਰਨ ਸਾਲ 2023-24 ਦੌਰਾਨ ਭਾਰਤ ਸਰਕਾਰ ਵੱਲੋਂ ਸਿਹਤ ਖੇਤਰ ਅਧੀਨ 15$^{ਵੀਂ}$ ਐਫ ਸੀ ਗ੍ਰਾਂਟ ਜਾਰੀ ਨਾ ਕਰਨਾ; 31 ਮਾਰਚ 2024 ਨੂੰ ਵੱਖ-ਵੱਖ ਕੇਂਦਰੀ ਸਪਾਂਸਰਡ ਸਕੀਮਾਂ ਅਧੀਨ ਫੰਡ ਜਾਰੀ ਕਰਨਾ; ਅਤੇ ਰਾਜ ਸਰਕਾਰ ਵੱਲੋਂ ਵੱਖ-ਵੱਖ ਸਕੀਮਾਂ ਅਧੀਨ ਬਿੱਲਾਂ ਦਾ ਭੁਗਤਾਨ ਨਾ ਕਰਨਾ ਹੈ।

ਗ੍ਰਾਂਟ ਨੰ. 17 (***ਅੰਤਿਕਾ 3.22***) ਅਧੀਨ ਲਾਗੂ ਕੀਤੇ 28 ਪ੍ਰੋਗਰਾਮਾਂ (ਜਿਨ੍ਹਾਂ ਦੇ ਮੂਲ ਬਜਟ ਉਪਬੰਧ ਜਾਂ ਕੁੱਲ ਬਜਟ ਉਪਬੰਧ ₹ 10 ਕਰੋੜ ਜਾਂ ਜ਼ਿਆਦਾ ਦੇ ਸਨ) ਦੇ ਬਜਟ ਉਪਬੰਧ, ਖਰਚੇ ਅਤੇ ਬੱਚਤਾਂ ਦੀ ਸਮੁੱਚੀ ਸਥਿਤੀ ਨੇ ਦਰਸਾਇਆ ਕਿ 14 ਪ੍ਰੋਗਰਾਮਾਂ ਵਿੱਚ 20 *ਪ੍ਰਤੀਸ਼ਤ* ਤੋਂ ਵੱਧ ਦੀਆਂ ਵੱਡੀਆਂ ਬੱਚਤਾ ਸਨ ਅਤੇ ਪੰਜ ਪ੍ਰੋਗਰਾਮ (***ਅੰਤਿਕਾ 3.22 ਦੀ ਲੜੀ ਨੰ. 10 ਤੋਂ 12, 23 ਅਤੇ 24***) ਅਧੀਨ ਕੋਈ ਖਰਚਾ ਨਹੀਂ ਕੀਤਾ ਗਿਆ ਸੀ।

(iii) ਬੱਚਤਾਂ ਸਪੁਰਦ ਨਾ ਕਰਨਾ

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 17.20 ਵਿਵਸਥਾ ਕਰਦਾ ਹੈ ਕਿ ਜਿਵੇਂ ਅਤੇ ਜਦੋਂ ਵੀ ਬੱਚਤਾਂ ਦਾ ਪੂਰਵ ਅਨੁਮਾਨ ਹੋਵੇ ਤਾਂ ਅਜਿਹੀਆਂ ਗ੍ਰਾਂਟਾਂ/ਨਿਮਿੱਤਣਾਂ ਜਾਂ ਉਨ੍ਹਾਂ ਦੇ ਕੁੱਝ ਹਿੱਸੇ ਨੂੰ ਖਰਚ ਵਿਭਾਗਾਂ ਵੱਲੋਂ ਵਿੱਤ ਵਿਭਾਗ ਨੂੰ ਸਪੁਰਦ ਕਰਨ ਦੀ ਲੋੜ ਹੁੰਦੀ ਹੈ। ਅਣਵਰਤੇ ਉਪਬੰਧ ਨੂੰ ਸਪੁਰਦ ਕਰਨ ਦੀ ਸਥਿਤੀ ਨੂੰ **ਸਾਰਣੀ 3.16** ਵਿੱਚ ਦਰਸਾਇਆ ਗਿਆ ਹੈ।

ਸਾਰਣੀ 3.16: ਗ੍ਰਾਂਟ ਨੰ. 17 ਅਧੀਨ 2021-2024 ਦੌਰਾਨ ਬੱਚਤਾਂ ਸਪੁਰਦ ਨਾ ਕਰਨਾ

(₹ ਕਰੋੜ ਵਿੱਚ)

ਸਾਲ	ਬੱਚਤਾਂ			ਸਪੁਰਦ ਕੀਤੀ ਗਈ ਰਾਸ਼ੀ (*ਪ੍ਰਤੀਸ਼ਤ*)		
	ਰੈਵੀਨਿਊ (ਵੀ)	ਰੈਵੀਨਿਊ (ਸੀ)	ਪੂੰਜੀਗਤ (ਵੀ)	ਰੈਵੀਨਿਊ (ਵੀ)	ਰੈਵੀਨਿਊ (ਸੀ)	ਪੂੰਜੀਗਤ (ਵੀ)
2021-22	846.78	0	1,930.85	230.85 (27.26)	0	1,724.24 (89.30)
2022-23	617.57	0	1,189.97	35.84 (5.80)	0	296.67 (24.93)
2023-24	1,340.34	0	1,319.05	534.04 (39.84)	0	660.12 (50.05)

ਸ੍ਰੋਤ: ਨਿਮਿੱਤਣ ਲੇਖੇ
ਵੀ-ਵੌਟਡ, ਸੀ-ਚਾਰਜਡ
ਬਰੈਕਟਾਂ ਵਿੱਚ ਦਿੱਤੀ ਗਈ ਰਾਸ਼ੀ ਕੁੱਲ ਬੱਚਤਾਂ ਦੀ ਪ੍ਰਤੀਸ਼ਤਤਾ ਨੂੰ ਦਰਸਾਉਂਦੀ ਹੈ।

ਸਾਰਣੀ 3.16 ਦਰਸਾਉਂਦੀ ਹੈ ਰੈਵੀਨਿਊ-ਵੌਟਡ ਅਤੇ ਪੂੰਜੀਗਤ-ਵੌਟਡ ਸੈਕਸ਼ਨਾਂ ਅਧੀਨ 2023-24 ਦੌਰਾਨ ਕ੍ਰਮਵਾਰ ਕੇਵਲ 39.84 *ਪ੍ਰਤੀਸ਼ਤ* ਅਤੇ 50.05 *ਪ੍ਰਤੀਸ਼ਤ* ਬੱਚਤਾਂ ਸਪੁਰਦ ਕੀਤੀਆਂ ਗਈਆਂ ਸਨ ਜਿਸ ਦੇ ਨਤੀਜੇ ਵਜੋਂ ਹੋਰ ਵਿਭਾਗਾਂ ਨੂੰ ਫੰਡਾਂ ਤੋਂ ਵਾਂਝਾਂ ਰੱਖਿਆ ਗਿਆ ਜੋ ਉਹ ਵਰਤ ਸਕਦੇ ਸਨ।

ਵਿਭਾਗ ਨੇ ਕਿਹਾ (ਅਕਤੂਬਰ 2024) ਕਿ ਵੱਖ-ਵੱਖ ਕੇਂਦਰੀ ਸਕੀਮਾਂ ਅਧੀਨ ਫੰਡ ਪ੍ਰਾਪਤ ਹੋਣ ਦੀ ਉਮੀਦ ਵਿੱਚ ਬਹੁਤ ਜ਼ਿਆਦਾ ਬਜਟ ਉਪਬੰਧ ਕੀਤੇ ਗਏ ਸਨ, ਪਰ ਸਾਲ ਦੌਰਾਨ ਭਾਰਤ ਸਰਕਾਰ ਤੋਂ ਲੋੜੀਂਦੇ ਫੰਡ ਪ੍ਰਾਪਤ ਨਹੀਂ ਹੋਏ ਸਨ। ਵਿਭਾਗ ਨੇ ਅਣਵਰਤੇ ਫੰਡਾਂ ਨੂੰ ਸਪੁਰਦ ਨਾ ਕਰਨ ਲਈ ਰਾਜ ਸਰਕਾਰ ਦੁਆਰਾ ਵੱਖ-ਵੱਖ ਸਕੀਮਾਂ ਅਧੀਨ ਬਿੱਲਾਂ ਦੀ ਅਦਾਇਗੀ ਨਾ ਕਰਨ ਨੂੰ ਵੀ ਕਾਰਨ ਦੱਸਿਆ।

(iv) ਨਿਰੰਤਰ ਬੱਚਤਾਂ

ਇਹ ਵੇਖਿਆ ਗਿਆ ਸੀ ਕਿ ਸਾਲ 2021-22 ਤੋਂ 2023-24 ਦੌਰਾਨ ਤਿੰਨ ਸਕੀਮਾਂ (ਹਰ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਨਾਲ ਸਬੰਧਤ ਬਜਟ ਵੰਡ ਦਾ ਇੱਕ ਵੱਡਾ ਹਿੱਸਾ ਅਣਵਰਤਿਆ ਰਿਹਾ ਜੋ ਕਿ ਸਬੰਧਤ ਸਾਲਾਂ ਵਿੱਚ ਪ੍ਰੋਜੈਕਟ ਕੀਤੇ ਗਏ ਵਿੱਤੀ ਆਊਟਲੇਜ਼ ਤੱਕ ਨਾ ਪਹੁੰਚਣ ਦਾ ਸੰਕੇਤ ਦੇ ਰਿਹਾ ਸੀ, ਜਿਵੇਂ ਕਿ **ਸਾਰਣੀ 3.17** ਵਿੱਚ ਦਰਸਾਇਆ ਗਿਆ ਹੈ।

ਸਾਰਣੀ 3.17: ਸਾਲ 2021-2024 ਦੌਰਾਨ ਗ੍ਰਾਂਟ ਨੰ. 17 ਅਧੀਨ ਨਿਰੰਤਰ ਬੱਚਤਾਂ (₹ ਇੱਕ ਕਰੋੜ ਤੋਂ ਵੱਧ)

(₹ ਕਰੋੜ ਵਿੱਚ)

ਲੜੀ ਨੰ.	ਲੇਖੇ ਦੀ ਮੱਦ	2021-22	2022-23	2023-24	ਵਿਭਾਗ ਦਾ ਜਵਾਬ/ਕਾਰਨ (ਅਕਤੂਬਰ 2024)
ਰੈਵੀਨਿਊ (ਵੌਟਡ)					
1.	2217-80-001-02-ਸਥਾਨਕ ਸਰਕਾਰ ਡਾਇਰੈਕਟੋਰੇਟ	1.94 (16.97)	1.68 (11.23)	1.36 (10.45)	ਤਨਖਾਹ ਅਤੇ ਮੈਡੀਕਲ ਮੱਦਾਂ ਅਧੀਨ ਬਕਾਏ ਦੇ ਬਿਲਾਂ ਦਾ ਭੁਗਤਾਨ ਨਾ ਹੋਣ ਅਤੇ ਵਾਹਨਾਂ ਦੇ ਕਿਰਾਏ, ਪੈਟਰੋਲ ਤੇਲ ਲੁਬਰਿਕੇਟ, ਦਫਤਰੀ ਖਰਚੇ ਟੈਲੀਫੋਨ ਖਰਚੇ ਅਤੇ ਬਿਜਲੀ ਖਰਚੇ ਅਧੀਨ ਘੱਟ ਬਿਲ ਪ੍ਰਾਪਤ ਕੀਤੇ ਜਾਣ ਕਾਰਨ।

ਲੜੀ ਨੰ.	ਲੇਖੇ ਦੀ ਮੱਦ	2021-22	2022-23	2023-24	ਵਿਭਾਗ ਦਾ ਜਵਾਬ/ਕਾਰਨ (ਅਕਤੂਬਰ 2024)
2.	2216-02-800-01- ਪ੍ਰਧਾਨ ਮੰਤਰੀ ਆਵਾਸ ਯੋਜਨਾ ਸ਼ਾਰਿਆਂ ਲਈ ਮਕਾਨ (ਸ਼ਹਿਰੀ)-01-ਕਾਰਜ ਯੋਜਨਾ ਤਿਆਰ ਕਰਨਾ ਅਤੇ ਤਕਨੀਕੀ ਸੈੱਲ ਦੀ ਸਥਾਪਨਾ	5.07 (100)	1.28 (24.57)	1.42 (44.10)	ਭਾਰਤ ਸਰਕਾਰ ਵੱਲੋਂ ਫੰਡ ਜਾਰੀ ਨਾ ਕੀਤੇ ਜਾਣ ਕਾਰਨ।
3.	3604-00-200-28-15ਵੇਂ ਕੇਂਦਰੀ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸਹਾਇਤਾ ਗ੍ਰਾਂਟਾਂ-01-ਜਨਰਲ ਬੇਸਿਕ ਗ੍ਰਾਂਟ	212.25 (26.57)	545.21 (56.04)	273.63 (39.09)	ਰਾਜ ਸਰਕਾਰ ਵੱਲੋਂ ਬਿੱਲਾਂ ਦੀ ਅਦਾਇਗੀ ਨਾ ਕੀਤੇ ਜਾਣ ਅਤੇ ਭਾਰਤ ਸਰਕਾਰ ਵੱਲੋਂ ਸਿਹਤ ਖੇਤਰ ਅਧੀਨ ਬੰਨੀ ਗ੍ਰਾਂਟ ਜਾਰੀ ਨਾ ਕੀਤੇ ਜਾਣ ਕਾਰਨ।

ਸ੍ਰੋਤ: ਨਿਮਿਤੱਣ ਲੇਖੇ

ਬਰੈਕਟਾਂ ਵਿੱਚਲੇ ਅੰਕ ਕੁੱਲ ਉਪਬੰਧਾਂ ਨੂੰ ਬੱਚਤਾਂ ਦੀ ਪ੍ਰਤੀਸ਼ਤਤਾ ਦਰਸਾਉਂਦੇ ਹਨ।

(v) ਪੂਰਾ ਅਣਵਰਤਿਆਂ ਰਿਹਾ ਉਪਬੰਧ

ਇਹ ਵੇਖਿਆ ਗਿਆ ਸੀ ਕਿ 2023-24 ਦੌਰਾਨ ਤਿੰਨ ਸਕੀਮਾਂ ਅਧੀਨ ਪੂਰੀ ਬਜਟ ਵੰਡ (ਹਰ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ) ਅਣਵਰਤੀ ਰਹੀ ਜੋ ਕਿ ਸਕੀਮਾਂ ਦੇ ਗੈਰ-ਲਾਗੂਕਰਣ ਨੂੰ ਦਰਸਾ ਰਹੀ ਸੀ, ਜਿਵੇਂ ਕਿ **ਸਾਰਣੀ 3.18** ਵਿੱਚ ਦਰਸਾਇਆ ਗਿਆ ਹੈ।

ਸਾਰਣੀ 3.18 : ਸਾਲ 2023-24 ਦੌਰਾਨ ਗ੍ਰਾਂਟ ਨੰ. 17 ਅਧੀਨ ਅਣਵਰਤਿਆ ਰਿਹਾ ਪੂਰਾ ਉਪਬੰਧ (ਹਰ ਮਾਮਲੇ ਵਿੱਚ ₹ ਇੱਕ ਕਰੋੜ ਤੋਂ ਵੱਧ)

(₹ ਕਰੋੜ ਵਿੱਚ)

ਲੜੀ ਨੰ.	ਲੇਖੇ ਦੀ ਮੱਦ	ਮੂਲ ਬਜਟ	ਪੂਰਕ	ਪੁਨਰ ਨਿਮਿੱਤਣ	ਕੁੱਲ ਬਜਟ	ਵਿਭਾਗ ਦਾ ਜਵਾਬ/ਕਾਰਨ (ਅਕਤੂਬਰ 2024)
1.	2217-80-004-01- ਸ਼ਹਿਰੀ ਕਾਇਆਕਲਪ ਮਿਸ਼ਨ 500 ਰਿਹਾਇਸ਼ਾਂ ਏ ਐਮ ਆਰ ਯੂ ਟੀ-03-ਏ ਐਮ ਆਰ ਯੂ ਟੀ 2.0 ਪ੍ਰਸ਼ਾਸਨਿਕ ਅਤੇ ਦਫਤਰੀ ਖਰਚੇ (ਏ ਅਤੇ ਓ ਈ)	9.80	0.00	(-)8.33	1.47	ਭਾਰਤ ਸਰਕਾਰ ਦੁਆਰਾ ਉਮੀਦ ਕੀਤੇ ਫੰਡ ਜਾਰੀ ਨਹੀਂ ਕੀਤੇ ਗਏ ਸਨ।
2.	2217-80-800-02- ਪੰਜਾਬ ਦੇ ਵਿਕਾਸ ਲਈ ਵਿੱਤੀ ਅਤੇ ਸੰਸਥਾਗਤ ਪੁਨਰਗਠਨ ਦਾ ਨਿਰਮਾਣ	49.74	0.00	(-)47.74	2.00	ਵਿਸ਼ਵ ਬੈਂਕ ਦੁਆਰਾ ਉਮੀਦ ਕੀਤੇ ਫੰਡ ਜਾਰੀ ਨਹੀਂ ਕੀਤੇ ਗਏ ਸਨ।
3.	4217-60-051-14- 100 ਸਮਾਰਟ ਸ਼ਹਿਰਾਂ ਦੇ ਵਿਕਾਸ ਲਈ ਮਿਸ਼ਨ-03-ਸੁਲਤਾਨਪੁਰ ਲੋਧੀ ਦਾ ਵਿਕਾਸ	25.00	0.00	1.57	26.57	ਮਾਰਚ 2024 ਵਿੱਚ ਭਾਰਤ ਸਰਕਾਰ ਵੱਲੋਂ ਫੰਡ ਦੇਰੀ ਨਾਲ ਜਾਰੀ ਕੀਤੇ ਜਾਣ ਕਾਰਨ, ਰਾਜ ਸਰਕਾਰ ਨੇ 2024-25 ਵਿੱਚ ਫੰਡ ਜਾਰੀ ਕੀਤੇ ਸਨ।

ਸ੍ਰੋਤ: ਨਿਮਿਤੱਣ ਲੇਖੇ

(vi) ਭਾਰਤ ਸਰਕਾਰ ਨੂੰ ਵਰਤੋਂ ਸਰਟੀਫਿਕੇਟ ਜਮ੍ਹਾਂ ਨਾ ਕਰਵਾਉਣਾ

ਖਰਚ ਵਿਭਾਗ (ਡੀ ਓ ਈ), ਵਿੱਤ ਮੰਤਰਾਲੇ (ਐਮ ਓ ਐਫ) ਭਾਰਤ ਸਰਕਾਰ (ਜੀ ਓ ਆਈ), ਵੱਲੋਂ ਜਾਰੀ ਸਿਹਤ ਖੇਤਰ ਗ੍ਰਾਂਟ (ਜੁਲਾਈ 2021) ਬਾਰੇ 15ਵੇਂ ਵਿੱਤ ਕਮਿਸ਼ਨ (ਐਫ ਸੀ) ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੇ ਪੈਰਾ ਨੰ. 10(vi) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਸਿਹਤ ਵਿਭਾਗ ਸਾਰੀਆਂ ਜ਼ਿਲ੍ਹਾਂ ਪੱਧਰੀ ਕਮੇਟੀਆਂ (ਐਫ ਸੀ-XV) ਤੋਂ ਮਹੀਨਾਵਾਰ

ਪ੍ਰਗਤੀ (ਭੌਤਿਕ ਅਤੇ ਵਿੱਤੀ) ਪ੍ਰਾਪਤ ਕਰੇਗਾ ਅਤੇ ਸਮੀਮਿਆਂ ਅਤੇ ਨਿਰਦੇਸ਼ਾਂ ਲਈ ਤਿਮਾਹੀ ਪ੍ਰਗਤੀ ਰਾਜ ਪੱਧਰੀ ਕਮੇਟੀ ਨੂੰ ਸੌਂਪੇਗਾ। ਇਸ ਤੋਂ ਇਲਾਵਾ, ਪੈਰਾ ਨੰ. 10 (vii) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਵੱਖ-ਵੱਖ ਸੰਸਥਾਵਾਂ ਤੋਂ ਇਕੱਤਰ ਕੀਤੇ ਵਰਤੋਂ ਸਰਟੀਫਿਕੇਟਾਂ ਦੇ ਅਧਾਰ ਤੇ, ਰਾਜ ਦਾ ਸਿਹਤ ਵਿਭਾਗ ਪੰਚਾਇਤੀ ਰਾਜ ਵਿਭਾਗ ਨਾਲ ਮਿਲ ਕੇ ਦੋਵਾਂ ਵਿਭਾਗਾਂ ਦੇ ਸਕੱਤਰਾਂ ਦੇ ਦਸਤਖਤਾਂ ਨਾਲ ਇੱਕ ਸੰਯੁਕਤ ਵਰਤੋਂ ਸਰਟੀਫਿਕੇਟ (ਯੂ ਸੀ) ਤਿਆਰ ਕਰੇਗਾ ਅਤੇ ਇਸ ਨੂੰ ਡੀ ਓ ਈ, ਐਮ ਓ ਐਫ ਅਤੇ ਐਮ ਓ ਐਚ ਐਂਡ ਐਫ ਡਬਲਯੂ ਨੂੰ ਅੱਗੇ ਭੇਜਣ ਲਈ ਰਾਜ ਦੇ ਵਿੱਤ ਵਿਭਾਗ ਨੂੰ ਸੌਂਪੇਗਾ।

ਵਿੱਤ ਕਮਿਸ਼ਨ ਡਵੀਜ਼ਨ (15ਵੀਂ ਐਫ ਸੀ) ਨੇ ਸਾਲ 2021-22 ਲਈ ਸਿਹਤ ਖੇਤਰ ਦੀ ਗ੍ਰਾਂਟ ਲਈ ਰਾਜ ਸਰਕਾਰ ਨੂੰ ₹ 248.96 ਕਰੋੜ[5] ਦੀ ਪਹਿਲੀ ਕਿਸ਼ਤ ਜਾਰੀ ਕੀਤੀ (ਨਵੰਬਰ 2021)। ਸਥਾਨਕ ਸਰਕਾਰ ਵਿਭਾਗ, ਪੰਜਾਬ ਸਰਕਾਰ ਨੇ ਫੰਡਾਂ ਨੂੰ ਸਕੱਤਰ (ਸਿਹਤ)-ਕਮ-ਮਿਸ਼ਨ ਡਾਇਰੈਕਟਰ (ਸਟੇਟ-ਹੈਲਥ ਸੋਸਾਇਟੀ), ਪੰਜਾਬ ਨੂੰ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਰਤੋਂ ਲਈ ਟਰਾਂਸਫਰ ਕਰ ਦਿੱਤਾ (ਨਵੰਬਰ 2021) ।

ਭਾਰਤ ਸਰਕਾਰ ਨੇ ਸਾਲ 2021-22 ਲਈ ਜਾਰੀ ਕੀਤੀ ਗਈ ਗ੍ਰਾਂਟ ਲਈ ਯੂ ਸੀਜ਼ ਜਮ੍ਹਾਂ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ (24 ਮਾਰਚ 2023) ਤਾਂ ਜੋ ਸਾਲ 2022-23 ਲਈ ਗ੍ਰਾਂਟ ਜਾਰੀ ਕਰਨ ਦੀ ਯੋਗਤਾ ਤੇ ਵਿਚਾਰ ਕੀਤਾ ਜਾ ਸਕੇ।

ਇਹ ਦੇਖਿਆ ਗਿਆ ਕਿ ਸਿਹਤ ਵਿਭਾਗ ਨੇ ਭਾਰਤ ਸਰਕਾਰ ਨੂੰ ਅੱਗੇ ਜਮ੍ਹਾਂ ਕਰਵਾਉਣ ਲਈ ਸਥਾਨਕ ਸਰਕਾਰ ਵਿਭਾਗ ਨੂੰ ਲੋੜੀਂਦੇ ਯੂ ਸੀਜ਼ ਜਮ੍ਹਾਂ ਨਹੀਂ ਕਰਵਾਏ। ਇਸ ਦੇ ਨਤੀਜੇ ਵਜੋਂ, ਭਾਰਤ ਸਰਕਾਰ ਨੇ ਸਾਲ 2022-23 ਅਤੇ 2023-24 ਲਈ ਸਿਹਤ ਖੇਤਰ ਦੀਆਂ ₹ 510.36 ਕਰੋੜ ਦੀਆਂ ਗ੍ਰਾਂਟਾਂ ਜਾਰੀ ਨਹੀਂ ਕੀਤੀਆਂ **(ਸਾਰਣੀ 3.19),** ਜਿਵੇਂ ਕਿ 15ਵੇਂ ਵਿੱਤ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ।

ਸਾਰਣੀ 3.19: ਸਿਹਤ ਖੇਤਰ ਦੀ ਗ੍ਰਾਂਟਾਂ ਜਾਰੀ ਨਾ ਕਰਨਾ

(₹ ਕਰੋੜ ਵਿੱਚ)

ਸਾਲ	ਸ਼ਹਿਰੀ ਪੀ ਐਚ ਸੀਜ਼ ਵਿੱਚ ਪ੍ਰਾਇਮਰੀ ਸਿਹਤ ਸੰਭਾਲ ਸਹੂਲਤਾਂ ਦੇ ਡਾਇਗਨੋਸਟਿਕ ਬੁਨਿਆਦੀ ਢਾਂਚੇ ਦੀ ਸਹਾਇਤਾ ਲਈ	ਅਰਬਨ ਹੈਲਥ ਐਂਡ ਵੈਲ ਨੈਸ ਸੈਂਟਰਜ਼ (ਯੂ ਐਚ ਡਬਲਯੂ ਸੀਜ਼)	ਜੋੜ
2022-23	7.21	241.75	248.96
2023-24	7.57	253.83	261.40
ਜੋੜ	**14.78**	**495.58**	**510.36**

ਸ੍ਰੋਤ: ਵਿਭਾਗ ਦੁਆਰਾ ਇਕੱਤਰ ਕੀਤੀ ਜਾਣਕਾਰੀ

ਸਥਾਨਕ ਸਰਕਾਰ ਦੇ ਵਿਭਾਗ ਨੇ ਕਿਹਾ (ਜੂਨ 2024) ਕਿ ਸਿਹਤ ਖੇਤਰ ਦੀ ਗ੍ਰਾਂਟ ਸਿੱਧੇ ਤੌਰ ਤੇ ਰਾਜ ਸਰਕਾਰ ਰਾਹੀਂ ਸਿਹਤ ਵਿਭਾਗ ਨੂੰ ਜਾਰੀ ਕੀਤੀ ਗਈ ਸੀ ਅਤੇ ਇਸ ਵਿਭਾਗ ਨੇ ਗ੍ਰਾਂਟ ਦੇ ਬਿਲ ਹੀ ਜਮ੍ਹਾਂ ਕਰਵਾਏ ਸਨ। ਯੂ ਸੀਜ਼ ਨੂੰ ਸਿਹਤ ਵਿਭਾਗ ਦੁਆਰਾ ਕੇਂਦਰ ਸਰਕਾਰ ਦੇ ਪੋਰਟਲ ਤੇ ਅਪਲੋਡ ਕੀਤਾ ਜਾਣਾ ਸੀ ਅਤੇ ਇਸ ਵਿਭਾਗ ਦੀ ਕੋਈ ਭੂਮਿਕਾ ਨਹੀਂ ਸੀ। ਸਿਹਤ ਵਿਭਾਗ ਨੇ ਕੋਈ ਜਵਾਬ ਨਹੀਂ ਦਿੱਤਾ ਸੀ।

5 ₹ 7.21 ਕਰੋੜ : ਸ਼ਹਿਰੀ ਪੀ ਐਚ ਸੀਜ਼ ਵਿੱਚ ਪ੍ਰਾਇਮਰੀ ਸਿਹਤ ਸੰਭਾਲ ਸਹੂਲਤਾਂ ਦੇ ਡਾਇਗਨੋਸਟਿਕ ਬੁਨਿਆਦੀ ਢਾਂਚੇ ਦੀ ਸਹਾਇਤਾ ਲਈ : ਅਤੇ ₹ 241.75 ਕਰੋੜ : ਸ਼ਹਿਰੀ ਸਿਹਤ ਅਤੇ ਤੰਦਰੁਸਤੀ ਕੇਂਦਰਾ ਲਈ।

(vii) ਡੀ ਸੀ ਬਿੱਲ ਜਮ੍ਹਾਂ ਨਾ ਕਰਨਾ

ਜਦੋਂ ਅਡਵਾਂਸ ਪੈਸੇ ਦੀ ਲੋੜ ਹੁੰਦੀ ਹੈ ਜਾਂ ਜਦੋਂ ਉਹ ਲੋੜੀਂਦੀ ਸਹੀ ਰਾਸ਼ੀ ਦੀ ਗਣਨਾ ਕਰਨ ਦੇ ਯੋਗ ਨਹੀਂ ਹੁੰਦੇ, ਤਾਂ ਡਰਾਇੰਗ ਅਤੇ ਡਿਸਬ੍ਰਸਿੰਗ ਅਫਸਰਾਂ (ਡੀ ਡੀ ਓ) ਨੂੰ ਐਬਸਟ੍ਰੈਕਟ ਕੰਟੀਜੈਂਟ (ਏ ਸੀ) ਬਿਲਾਂ ਰਾਹੀਂ, ਸੇਵਾ ਮੱਦ ਨੂੰ ਡੈਬਿਟ ਕਰਕੇ ਪੈਸੇ ਕੱਢਣ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਖਰਚੇ ਨੂੰ ਸੇਵਾ ਮੱਦ ਦੇ ਅਧੀਨ ਖਰਚੇ ਵਜੋਂ ਦਰਸਾਇਆ ਜਾਂਦਾ ਹੈ। ਰਾਜ ਸਰਕਾਰ ਵੱਲੋਂ ਦਸੰਬਰ 2016 ਵਿੱਚ ਸੋਧੇ ਗਏ ਪੰਜਾਬ ਖਜ਼ਾਨਾ ਨਿਯਮਾਂ ਦੇ ਨਿਯਮ 274 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਡੀ ਡੀ ਓਜ਼ ਨੂੰ ਅਜਿਹੇ ਅਡਵਾਂਸ ਦੀ ਡਰਾਇੰਗ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਦਰ ਨਾਲ ਵਿੱਤੀ ਖਰਚਿਆਂ ਦੇ ਸਮਰਥਨ ਵਿੱਚ ਵਾਊਚਰ ਵਾਲੇ ਵਿਸਥਾਰਤ ਕੰਟੀਜੈਂਟ (ਡੀ ਸੀ) ਬਿਲ ਪੇਸ਼ ਕਰਨ ਦੀ ਲੋੜ ਹੁੰਦੀ ਹੈ। ਡੀ ਸੀ ਬਿਲਾਂ ਨੂੰ ਦੇਰੀ ਨਾਲ ਜਮ੍ਹਾਂ ਕਰਨਾ ਜਾਂ ਲੰਬੇ ਸਮੇਂ ਤੱਕ ਜਮ੍ਹਾਂ ਨਾ ਕਰਨਾ ਖਾਤਿਆਂ ਦੀ ਸੰਪੂਰਨਤਾ ਅਤੇ ਸ਼ੁੱਧਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਗ੍ਰਾਂਟ ਨੰ. 17 ਦੇ ਲੇਖਾ ਪ੍ਰੀਖਿਆ ਦੌਰਾਨ, ਇਹ ਦੇਖਿਆ ਗਿਆ ਕਿ 31 ਮਾਰਚ 2024 ਤੱਕ ਹੇਠ ਲਿਖੇ ਡੀ ਸੀ ਬਿੱਲ ਬਕਾਇਆ ਸਨ।

ਸਾਰਣੀ 3.20: ਬਕਾਇਆ ਡੀ ਸੀ ਬਿੱਲਾਂ ਦਾ ਵੇਰਵਾ

(₹ ਕਰੋੜ ਵਿੱਚ)

ਲੜੀ ਨੰ.	ਸਕੀਮ ਦਾ ਨਾਂ	ਬਕਾਇਆ ਡੀ ਸੀ ਬਿਲਾਂ ਦੀ ਸੰਖਿਆ	ਰਾਸ਼ੀ
1.	ਅਟਲ ਮਿਸ਼ਨ ਫਾਰ ਰੀਜਵੇਨੇਸ਼ਨ ਐਂਡ ਅਰਬਨ ਟਰਾਂਸਫਾਰਮੇਸ਼ਨ (ਏ ਐਮ ਆਰ ਯੂ ਟੀ) ਸਕੀਮ	68	1,021.13
2.	ਸਵੱਛ ਭਾਰਤ ਮਿਸ਼ਨ-ਸ਼ਹਿਰੀ	40	404.48
3.	ਸਮਾਰਟ ਸਿਟੀ ਜਲੰਧਰ	24	438.03
4.	ਸਮਾਰਟ ਸਿਟੀ ਅੰਮ੍ਰਿਤਸਰ	25	388.91
5.	ਸਮਾਰਟ ਸਿਟੀ ਲੁਧਿਆਣਾ	12	230.00
ਜੋੜ		**169**	**2,482.55**

ਸ੍ਰੋਤ: ਵਿਭਾਗੀ ਜਾਣਕਾਰੀ

ਸਾਰਣੀ 3.21: ਸਮਾਂ-ਵਾਰ ਬਕਾਇਆ ਡੀ ਸੀ ਬਿੱਲ

(₹ ਕਰੋੜ ਵਿੱਚ)

ਨਿਯਤ ਸਾਲ	ਡੀ ਸੀ ਬਿੱਲਾਂ ਦੀ ਸੰਖਿਆ	ਰਾਸ਼ੀ
2017-18	01	0.47
2018-19	01	4.27
2020-21	07	96.78
2021-22	24	56.23
2022-23	97	1,866.91
2023-24	39	457.89
ਜੋੜ	**169**	**2,482.55**

ਸ੍ਰੋਤ: ਵਿਭਾਗੀ ਜਾਣਕਾਰੀ

ਵਿਭਾਗ ਨੇ ਉਪਰੋਕਤ ਨਿਯਮਾਂ ਦਾ ਨੋਟਿਸ ਲਏ ਬਿਨਾਂ ਕਿਹਾ (ਜੂਨ 2024) ਕਿ ਡੀ ਸੀ ਬਿੱਲ ਖਰਚੇ ਤੋਂ ਬਾਅਦ ਪੇਸ਼ ਕੀਤੇ ਜਾਣਗੇ।

3.5 ਸਿੱਟਾ

ਸਾਲ 2023-24 ਦੌਰਾਨ ਬਜਟ ਦੀ ਸਮੁੱਚੀ ਵਰਤੋਂ ਕੁੱਲ ਗ੍ਰਾਂਟ ਅਤੇ ਨਿਮਿੱਤਣ ਦਾ 94.18 *ਪ੍ਰਤੀਸ਼ਤ* ਸੀ।

ਸਾਲ 2023-24 ਦੌਰਾਨ ਪੰਜ ਗ੍ਰਾਂਟਾਂ ਅਧੀਨ 18 ਸਕੀਮਾਂ ਵਿੱਚ ₹ 2,340.79 ਕਰੋੜ ਦਾ ਖਰਚਾ ਮੂਲ ਬਜਟ ਅਨੁਮਾਨ/ਪੂਰਕ ਮੰਗਾਂ, ਵਿੱਚ ਬਗੈਰ ਕਿਸੇ ਉਪਬੰਧ ਦੇ ਅਤੇ ਬਗੈਰ ਇਸ ਸਬੰਧੀ ਕਿਸੇ ਪੁਨਰ-ਨਿਮਿੱਤਣ ਆਦੇਸ਼ਾਂ ਦੇ ਜਾਰੀ ਹੋਣ ਤੋਂ ਕੀਤਾ ਗਿਆ ਸੀ।

ਪੂਰਕ ਉਪਬੰਧ ਵੀ ਵਿਵਹਾਰਕਤਾ ਤੇ ਅਧਾਰਤ ਨਹੀਂ ਸਨ ਕਿਉਂਜੋ 20 ਮਾਮਲਿਆਂ ਵਿੱਚ ₹ 1,147.64 ਕਰੋੜ ਦੇ ਪੂਰਕ ਉਪਬੰਧ ਗੈਰ ਜ਼ਰੂਰੀ ਸਾਬਤ ਹੋਏ ਸਨ ਕਿਉਂ ਜੋ ਖਰਚਾ ਮੂਲ ਉਪਬੰਧਾਂ ਦੇ ਪੱਧਰ ਤੱਕ ਵੀ ਨਹੀਂ ਹੋਇਆ ਸੀ। ਬਜਟਰੀ ਵੰਡਾਂ ਗੈਰ-ਵਿਵਹਾਰਕ ਪ੍ਰਸਤਾਵਾਂ ਤੇ ਅਧਾਰਤ ਸਨ ਕਿਉਂਜੋ ਕੁੱਲ 42 ਵਿੱਚੋਂ 12 ਗ੍ਰਾਂਟਾਂ ਵਿੱਚ, ਸਪੁਰਦਗੀਆਂ ਨੂੰ ਛੱਡਕੇ, ₹ 100 ਕਰੋੜ ਨਾਲੋਂ ਵੱਧ ਬੱਚਤਾਂ ਸਨ।

ਚਾਲੂ ਸਾਲ 2023-24 ਲਈ ₹ 5,242.75 ਕਰੋੜ ਅਤੇ ਸਾਲ 2022-23 ਲਈ ₹ 1,475.11 ਕਰੋੜ ਦਾ ਵੱਧ ਖਰਚਾ ਰਾਜ ਵਿਧਾਨਪਾਲਿਕਾ ਤੋਂ ਨਿਯਮਤ ਕਰਵਾਉਣਾ ਲੋੜੀਂਦਾ ਸੀ।

12 ਸਕੀਮਾਂ ਅਧੀਨ, ₹ 4,090.86 ਕਰੋੜ (ਹਰ ਸਕੀਮ ਵਿੱਚ ₹ 100 ਕਰੋੜ ਜਾਂ ਵੱਧ) ਦਾ ਪ੍ਰਵਾਨਿਤ ਆਊਟਲੇਅ ਸੀ ਜਿਸ ਨੂੰ ਸੋਧ ਕਰ ਕੇ ₹ 2,196.56 ਕਰੋੜ ਕਰ ਦਿੱਤਾ ਗਿਆ ਸੀ ਪ੍ਰੰਤੂ ਕੋਈ ਖਰਚਾ ਨਹੀਂ ਕੀਤਾ ਗਿਆ ਸੀ। ਇਸ ਤੋਂ ਇਲਾਵਾ, 24 ਸਕੀਮਾਂ ਅਧੀਨ ₹ 6,488.94 ਕਰੋੜ ਦਾ ਪ੍ਰਵਾਨਿਤ ਆਊਟਲੇਅ ਸੀ ਜਿਸ ਨੂੰ ਕਿ ਸਾਰੇ ਨੂੰ ਪੁਨਰ-ਨਿਮਿੱਤਣ ਆਦੇਸ਼ਾਂ ਰਾਹੀ ਵਾਪਸ ਲੈ ਲਿਆ ਗਿਆ ਸੀ ਜਿਸ ਕਰਕੇ ਲਾਭਪਾਤਰੀ ਚਿਤਵੇ ਲਾਭਾਂ ਤੋਂ ਵਾਂਝੇ ਰਹਿ ਗਏ।

ਸਾਲ ਦੇ ਬਿਲਕੁਲ ਅਖੀਰ ਵਿੱਚ ਖਰਚ ਕਰਨ ਵਿੱਚ ਤੇਜ਼ੀ ਸੀ। ਅੱਠ ਮੁੱਖ ਮੱਦਾਂ ਵਿੱਚ, ਹਰ ਇੱਕ ਮੁੱਖ ਮੱਦ ਅਧੀਨ 50 *ਪ੍ਰਤੀਸ਼ਤ* ਤੋਂ ਵੱਧ ਖਰਚਾ ਮਾਰਚ 2024 ਦੇ ਮਹੀਨੇ ਵਿੱਚ ਕੀਤਾ ਗਿਆ ਸੀ।

3.6 ਸਿਫਾਰਸ਼ਾਂ

ਲੇਖਾ ਪ੍ਰੀਖਿਆ ਟਿੱਪਣੀਆਂ ਦੀ ਰੋਸ਼ਨੀ ਵਿੱਚ, ਰਾਜ ਸਰਕਾਰ ਇਹ ਕਰ ਸਕਦੀ ਹੈ:

(i) *ਵੱਡੀਆਂ ਬੱਚਤਾਂ ਅਤੇ ਪੂਰਕ ਉਪਬੰਧਾਂ ਤੋਂ ਬਚਣ ਲਈ, ਸਾਧਨਾਂ ਦੀ ਉਪਲਬੱਧਤਾ ਅਤੇ ਵਾਧੇ ਦੀ ਸਮਰੱਥਾ ਦਾ ਸਹੀ ਮੁਲਾਂਕਣ ਕਰਦੇ ਹੋਏ, ਵਿਵਹਾਰਕ ਬਜਟ ਅਨੁਮਾਨ ਤਿਆਰ ਕਰ ਸਕਦੀ ਹੈ;*

(ii) *ਗੈਰ ਜ਼ਰੂਰੀ ਪੂਰਕ ਉਪਬੰਧਾਂ ਤੋਂ ਬਚਣ ਲਈ ਪੂਰਕ ਉਪਬੰਧ ਬਣਾਉਣ ਵਿੱਚ ਬਜਟ ਮੈਨੂਅਲ ਦੇ ਉਪਬੰਧਾਂ ਦੀ ਸਖਤੀ ਨਾਲ ਪਾਲਣਾ ਕਰਨ ਨੂੰ ਅਤੇ ਅਨੁਮਾਨਾਂ ਵਿੱਚ ਪਾਰਦਰਸ਼ਤਾ ਲਿਆਉਣ ਨੂੰ ਯਕੀਨੀ ਬਣਾ ਸਕਦੀ ਹੈ ;*

(iii) *ਬਜਟਰੀ ਅਨੁਮਾਨ ਤਿਆਰ ਕਰਨ ਸਮੇਂ ਰਾਜ ਵਿੱਚ ਵੱਡੇ ਨੀਤੀਗਤ ਫੈਸਲਿਆਂ ਨੂੰ ਅਮਲ ਵਿੱਚ ਲਿਆਉਣ ਲਈ ਰਣਨੀਤੀਆਂ ਬਣਾਉਣ ਬਾਰੇ ਵਿਚਾਰ ਕਰ ਸਕਦੀ ਹੈ ; ਅਤੇ*

(iv) *ਸਾਲ ਦੇ ਅੰਤ ਵਿੱਚ ਖਰਚੇ ਵਿੱਚ ਤੇਜ਼ੀ ਤੋਂ ਬੱਚ ਸਕਦੀ ਹੈ ਅਤੇ ਸਮੇਂ ਸਿਰ ਸਪੁਰਦਗੀ ਰਾਹੀਂ ਬੱਚਤਾਂ ਦੀ ਉਚਿਤ ਵਰਤੋਂ ਕਰ ਸਕਦੀ ਹੈ।*

ਅਧਿਆਇ-IV

ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ

ਅਧਿਆਇ-IV

ਲੇਖਿਆਂ ਦੀ ਗੁਣਵੱਤਾ ਅਤੇ ਵਿੱਤੀ ਰਿਪੋਰਟਿੰਗ ਦੇ ਪ੍ਰਚਲਨ

ਚੁਕਵੀਂ ਅਤੇ ਭਰੋਸੇਯੋਗ ਸੂਚਨਾ ਵਾਲੀ ਇੱਕ ਮਜ਼ਬੂਤ ਅੰਦਰੂਨੀ ਵਿੱਤੀ ਰਿਪੋਰਟਿੰਗ ਪ੍ਰਣਾਲੀ, ਰਾਜ ਸਰਕਾਰ ਦੁਆਰਾ ਨਿਪੁੰਨ ਅਤੇ ਅਸਰਦਾਰ ਸ਼ਾਸਨ ਪ੍ਰਬੰਧ ਚਲਾਉਣ ਵਿੱਚ ਮਹੱਤਵਪੂਰਣ ਯੋਗਦਾਨ ਪਾਉਂਦੀ ਹੈ। ਇੰਜ, ਵਿੱਤੀ ਨਿਯਮਾਂ, ਪ੍ਰਕਿਰਿਆਵਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੇ ਨਾਲ ਨਾਲ ਇਸ ਪਾਲਣਾ ਦੀ ਸਥਿਤੀ ਬਾਰੇ ਸਮੇਂ ਸਿਰ ਅਤੇ ਗੁਣਵੱਤਾ ਭਰਪੂਰ ਰਿਪੋਰਟਿੰਗ ਦਾ ਹੋਣਾ, ਇਕ ਚੰਗੇ ਸ਼ਾਸਨ ਪ੍ਰਬੰਧ ਦੇ ਗੁਣਾਂ ਵਿੱਚੋਂ ਇੱਕ ਹੈ। ਪਾਲਣਾ ਅਤੇ ਨਿਯੰਤਰਣਾਂ ਉੱਤੇ ਰਿਪੋਰਟਾਂ, ਜੇਕਰ ਅਸਰਦਾਰ ਅਤੇ ਆਪ੍ਰੇਸ਼ਨਲ ਹੋਣ ਤਾਂ ਇਹ ਸਰਕਾਰ ਦੁਆਰਾ ਨੀਤੀਗਤ ਯੋਜਨਾਬੰਦੀ ਕਰਨ ਅਤੇ ਫੈਸਲੇ ਲੈਣ ਸਮੇਤ ਇਸ ਦੀਆਂ ਮੁਢਲੀਆਂ ਪ੍ਰਬੰਧਕੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਸਹਾਈ ਹੁੰਦੀਆਂ ਹਨ।

ਲੇਖਿਆਂ ਦੀ ਮੁਕੰਮਲਤਾ ਨਾਲ ਸਬੰਧਤ ਮਾਮਲੇ

4.1 ਵਿਆਜਯੋਗ ਰਾਖਵੇਂ ਫੰਡਾਂ ਅਤੇ ਵਿਆਜਯੋਗ ਡਿਪਾਜ਼ਿਟਜ਼ ਨਾਲ ਸਬੰਧਤ ਵਿਆਜ ਦੀ ਦੇਣਦਾਰੀ ਨਾ ਚੁਕਾਉਣਾ

ਵਿਆਜਯੋਗ ਰਾਖਵੇਂ ਫੰਡਾਂ ਅਤੇ ਵਿਆਯੋਗ ਡਿਪਾਜ਼ਿਟਜ਼ ਵਿੱਚ ਪਈਆਂ ਰਾਸ਼ੀਆਂ ਤੇ ਵਿਆਜ ਦਾ ਭੁਗਤਾਨ/ਵਿਵਸਥਿਤ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਵਿਆਜਯੋਗ ਰਾਖਵੇਂ ਫੰਡਾਂ ਅਤੇ ਵਿਆਜਯੋਗ ਡਿਪਾਜ਼ਿਟਜ਼ ਵਿੱਚ ਪਈਆਂ ਰਾਸ਼ੀਆਂ 'ਤੇ 31 ਮਾਰਚ 2024 ਤੱਕ ₹ 42.12 ਕਰੋੜ ਵਿਆਜ ਵਜੋਂ ਅਦਾ ਕੀਤੇ ਜਾਣੇ ਲੋੜੀਂਦੇ ਸਨ, ਜਿਵੇਂ ਕਿ **ਸਾਰਣੀ 4.1** ਵਿੱਚ ਦਰਸਾਇਆ ਗਿਆ ਹੈ।

ਸਾਰਣੀ 4.1: ਵਿਆਜਯੋਗ ਰਾਖਵੇਂ ਫੰਡਾਂ ਅਤੇ ਵਿਆਜਯੋਗ ਡਿਪਾਜ਼ਿਟਜ਼ ਨਾਲ ਸਬੰਧਤ ਵਿਆਜ ਦੀ ਦੇਣਦਾਰੀ ਨਾਂ ਚੁਕਾਏ ਜਾਣ ਦੇ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਵਿਆਜਯੋਗ ਰਾਖਵੇਂ ਫੰਡ ਅਤੇ ਵਿਆਜਯੋਗ ਡਿਪਾਜ਼ਿਟਜ਼ ਦਾ ਨਾਂਅ/ਮੱਦ	ਵਿਆਜ ਦੀ ਆਂਕਣਾ ਲਈ ਅਧਾਰ	ਪ੍ਰੋਵੀਜ਼ਨ[1] ਨਹੀਂ ਕੀਤੀ ਗਈ ਵਿਆਜ ਦੀ ਰਾਸ਼ੀ
1.	ਸਰਕਾਰੀ ਕਰਮਚਾਰੀਆਂ ਲਈ ਡਿਫਾਂਈਡ ਕੰਟਰੀਬਿਊਸ਼ਨ ਪੈਨਸ਼ਨ ਸਕੀਮ	7.10 *ਪ੍ਰਤੀਸ਼ਤ* ਦੀ ਦਰ ਤੇ ਵਿਆਜ਼ ਦੀ ਆਂਕਣਾ ਕੀਤੀ ਗਈ ਜਿਵੇਂ ਕਿ ਜਨਰਲ ਪ੍ਰਾਵੀਡੈਂਟ ਫੰਡ ਤੇ ਵਿਆਜ ਅਦਾਇਗੀਯੋਗ ਹੈ।	7.88
2.	ਡੈਪਰੀਸੀਏਸ਼ਨ ਰਾਖਵੇਂ ਫੰਡ (ਮੋਟਰ ਟਰਾਂਸਪੋਰਟ)	ਸਾਲ 2023-24 ਲਈ 14 ਦਿਨਾਂ ਦੇ ਖਜ਼ਾਨਾ ਬਿੱਲ ਨਿਵੇਸ਼ ਲਈ ਲਾਗੂ ਦਰ ਨਾਲ ਵਿਆਜ ਦੀ ਗਣਨਾ ਕੀਤੀ ਗਈ ਭਾਵ ਰਿਜ਼ਰਵ ਰੇਸ਼ੋ ਦਰ 3.35 *ਪ੍ਰਤੀਸ਼ਤ* ਲੈਂਦੇ ਹੋਏ ਇੱਕ *ਪ੍ਰਤੀਸ਼ਤ* ਘਟਾ ਕੇ ਭਾਵ 2.35 *ਪ੍ਰਤੀਸ਼ਤ*।	2.75
3.	ਜਨਰਲ ਰਾਖਵੇਂ ਫੰਡ (ਮੋਟਰ ਟਰਾਂਸਪੋਰਟ)		0.44
4.	ਪੰਜਾਬ ਸੜ੍ਹਕ ਸੁਰੱਖਿਆ ਫੰਡ		1.49
5.	ਸਰਕਾਰੀ ਕੰਪਨੀਆਂ, ਕਾਰਪੋਰੇਸ਼ਨਾਂ ਆਦਿ ਦੇ ਡਿਪਾਜਿਟਜ਼ ਅਤੇ ਫੁਟਕਲ ਡਿਪਾਜਿਟਜ਼		29.56
ਜੋੜ			**42.12**

ਸ੍ਰੋਤ: ਵਿੱਤ ਲੇਖੇ

1 ਮਾਰਚ 2024 ਤੱਕ ਦੇ ਮਹੀਨੇ ਦੇ ਪ੍ਰਗਤੀਸ਼ੀਲ ਬਕਾਏ 'ਤੇ ਗਣਨਾ ਕੀਤੀ ਗਈ ਹੈ।

₹ 42.12 ਕਰੋੜ ਦੇ ਵਿਆਜ ਦੀ ਭੁਗਤਾਨ ਨਾ ਕਰਨ ਦੇ ਨਤੀਜੇ ਵਜੋਂ ਰੈਵੀਨਿਊ ਘਾਟਾ, ਰੈਵੀਨਿਊ ਖਰਚਾ ਅਤੇ ਵਿੱਤੀ ਘਾਟਾ ਉਸ ਹੱਦ ਤੱਕ ਘੱਟ ਹੋ ਗਿਆ।

4.2 ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਟਰਾਂਸਫਰ ਕੀਤੇ ਗਏ ਫੰਡ

ਭਾਰਤ ਸਰਕਾਰ (ਜੀ ਓ ਆਈ) ਵੱਖ ਵੱਖ ਸਕੀਮਾਂ ਨੂੰ ਲਾਗੂ ਕਰਨ ਲਈ ਰਾਜ ਲਾਗੂਕਰਤਾ ਏਜੰਸੀਆਂ ਨੂੰ ਸਿੱਧੇ ਹੀ ਚੋਖੇ ਫੰਡ ਟਰਾਂਸਫਰ ਕਰਦੀ ਰਹੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਫੰਡਾਂ ਨੂੰ 2014-15 ਤੋਂ ਬਾਅਦ ਰਾਜ ਦੇ ਬਜਟ ਰਾਹੀਂ ਭੇਜਣ ਦਾ ਫੈਸਲਾ ਕੀਤਾ। ਜਦੋਂਕਿ, ਸਾਲ 2023-24 ਦੌਰਾਨ, ₹ 3,997.84 ਕਰੋੜ ਦਾ ਕੇਂਦਰੀ ਹਿੱਸਾ (ਹਰੇਕ ₹ ਦਸ ਕਰੋੜ ਤੋਂ ਵੱਧ ਦੀਆਂ 10 ਕੇਂਦਰੀ ਸਕੀਮਾਂ ਨਾਲ ਸਬੰਧਤ ₹ 3,921.41 ਕਰੋੜ ਅਤੇ ਹਰੇਕ ₹ ਦਸ ਕਰੋੜ ਤੋਂ ਘੱਟ ਦੀਆਂ ਜਾਰੀ ਕਰਨ ਵਾਲੀਆਂ ਹੋਰ ਸਕੀਮਾਂ ਨਾਲ ਸੰਬੰਧਤ ₹ 76.43 ਕਰੋੜ) ਰਾਜ ਦੇ ਸੰਚਿਤ ਫੰਡ ਅਤੇ ਰਾਜ ਦੇ ਬਜਟ ਨੂੰ ਬਾਈਪਾਸ ਕਰਦੇ ਹੋਏ ਸਿੱਧੇ ਹੀ ਰਾਜ ਲਾਗੂਕਰਤਾ ਏਜੰਸੀਆਂ ਨੂੰ ਟਰਾਂਸਫਰ ਕੀਤਾ ਗਿਆ ਸੀ ਜਿਸ ਦਾ ਵੇਰਵਾ ***ਅੰਤਿਕਾ 4.1*** ਵਿੱਚ ਦਿੱਤਾ ਗਿਆ ਹੈ। ਇਸ ਵਿੱਚੋਂ, ਸੱਤ ਕੇਂਦਰੀ ਪ੍ਰਾਯੋਜਿਤ ਸਕੀਮਾਂ (ਸੀ ਐਸ ਐਸ) ਦੇ ਅਧੀਨ ਕੇਂਦਰੀ ਹਿੱਸੇ ਦਾ ₹ 1,083.35 ਕਰੋੜ ਜਿਵੇਂ ਕਿ ***ਅੰਤਿਕਾ 4. 2*** ਵਿੱਚ ਦਰਸਾਇਆ ਗਿਆ ਹੈ, ਸਿੱਧੇ ਤੌਰ ਤੇ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਟਰਾਂਸਫਰ ਕੀਤਾ ਗਿਆ, ਜੋ ਕਿ ਹਰੇਕ ਯੋਜਨਾ ਦੇ ਅਧੀਨ ਭਾਰਤ ਸਰਕਾਰ ਦੁਆਰਾ ਕੀਤੀਆਂ ਗਈਆ ਕੁੱਲ ਟਰਾਂਸਫਰਾਂ ਦਾ 0.50 *ਪ੍ਰਤੀਸ਼ਤ* ਤੋਂ 100 *ਪ੍ਰਤੀਸ਼ਤ* ਤੱਕ ਸੀ।

ਰਾਜ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਿੱਧੇ ਤੌਰ ਤੇ ਟਰਾਂਸਫਰ ਕੀਤੇ ਗਏ ਫੰਡ ਕੁੱਲ ਰੈਵੀਨਿਊ ਪ੍ਰਾਪਤੀਆਂ (₹ 89,192.07 ਕਰੋੜ) ਅਤੇ ਸਹਾਇਤਾ ਗ੍ਰਾਂਟ (₹ 14,296.36 ਕਰੋੜ) ਦਾ ਕ੍ਰਮਵਾਰ 4.48 *ਪ੍ਰਤੀਸ਼ਤ* ਅਤੇ 27.96 *ਪ੍ਰਤੀਸ਼ਤ* ਬਣਦੇ ਹਨ। ਫੰਡਾਂ ਦਾ ਸਿੱਧਾ ਟਰਾਂਸਫਰ 2022-23 ਦੇ ਮੁਕਾਬਲੇ 12.72 *ਪ੍ਰਤੀਸ਼ਤ* ਵਧਿਆ (2022-23 ਵਿੱਚ ₹ 3,546.60 ਕਰੋੜ ਤੋਂ 2023-24 ਵਿੱਚ ₹ 3,997.84 ਕਰੋੜ)।

ਰਾਜ ਸਰਕਾਰ ਦੇ ਸਾਲ 2023-24 ਦੇ ਲੇਖਿਆਂ ਲਈ ਕੇਂਦਰੀ ਪ੍ਰਾਯੋਜਿਤ ਸਕੀਮਾਂ ਦੇ ਕੇਂਦਰੀ ਹਿੱਸੇ ਦੇ ਅਧੀਨ ਸਿਰਫ ₹ 3,184.97 ਕਰੋੜ ਦਰਸਾਇਆ ਹੈ। ਇਸ ਤਰ੍ਹਾਂ ₹ 3,997.84 ਕਰੋੜ ਦੀ ਹੱਦ ਤੱਕ ਬਜਟ ਅਤੇ ਖਰਚੇ ਰਾਜ ਸਰਕਾਰ ਦੇ ਲੇਖਿਆਂ ਤੋਂ ਬਾਹਰ ਰਹੇ ਜਿਸ ਨਾਲ ਰਾਜ ਦੀ ਵਿੱਤੀ ਸਥਿਤੀ ਅਧੂਰੀ ਵਿਖਾਈ ਗਈ।

ਪਾਰਦਰਸ਼ਤਾ ਨਾਲ ਸਬੰਧਤ ਮਾਮਲੇ

4.3 ਵਰਤੋਂ ਸਰਟੀਫਿਕੇਟਾਂ ਨੂੰ ਭੇਜਣ ਵਿੱਚ ਦੇਰੀ

ਪੰਜਾਬ ਵਿੱਤੀ ਨਿਯਮਾਵਲੀ, ਭਾਗ-1 ਦਾ ਨਿਯਮ 8.14 (ਬੀ) ਨਿਰਧਾਰਤ ਕਰਦਾ ਹੈ ਕਿ ਜਿੱਥੇ ਗ੍ਰਾਂਟਾਂ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਅਤੇ ਉਹ ਮਾਮਲੇ ਜਿਨ੍ਹਾਂ ਵਿੱਚ, ਖਰਚੇ ਦੇ ਕਿਸੇ ਖਾਸ ਆਬਜੈਕਟ ਦੇ ਜਾਂ ਸਮੇ ਦੇ ਜਿਸ ਵਿੱਚ ਪੈਸਾ ਖਰਚ ਕਰਨਾ ਲਾਜ਼ਮੀ ਹੁੰਦਾ ਹੈ, ਜਾਂ ਕਿਸੇ ਹੋਰ ਵਿਸ਼ੇਸ਼ਤਾ ਦੇ ਰੂਪ ਵਿੱਚ ਗ੍ਰਾਂਟਾਂ ਦੀ ਵਰਤੋਂ ਨਾਲ ਸ਼ਰਤਾਂ ਜੁੜੀਆਂ ਹੁੰਦੀਆਂ ਹਨ, ਉੱਥੇ ਉਹ ਵਿਭਾਗੀ ਅਧਿਕਾਰੀ ਜਿਸਦੇ ਹਸਤਾਖਰ ਜਾਂ ਪ੍ਰਤੀ ਹਸਤਾਖਰ ਹੇਠ ਸਹਾਇਤਾ ਗ੍ਰਾਂਟ ਦੇ ਬਿਲ ਡਰਾਅ ਕੀਤੇ ਗਏ ਸਨ, ਮਹਾਂ ਲੇਖਾਕਾਰ ਨੂੰ ਗ੍ਰਾਂਟ ਨਾਲ ਜੁੜੀਆਂ ਸ਼ਰਤਾਂ ਦੀ ਪੂਰਤੀ ਨੂੰ ਪ੍ਰਮਾਣਿਤ ਕਰਨ ਲਈ ਮੁਢਲੇ ਤੌਰ ਤੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਨਿਰਧਾਰਤ ਕੀਤੇ ਗਏ ਸਮੇਂ ਤੋਂ ਬਾਅਦ (ਭਾਵ ਗ੍ਰਾਂਟ ਦੀ ਮਨਜ਼ੂਰੀ ਤੋਂ 18 ਮਹੀਨੇ) ਵਰਤੋਂ ਸਰਟੀਫਿਕੇਟਾਂ (ਯੂ ਸੀਜ਼) ਦਾ ਬਕਾਇਆ ਹੋਣਾ ਗ੍ਰਾਂਟਾਂ ਦੀ ਚਿਤਵੇ ਮੰਤਵਾਂ ਲਈ ਕੀਤੀ ਵਰਤੋਂ ਦਾ ਭਰੋਸਾ ਨਾ ਹੋਣ ਦਾ ਸੰਕੇਤ ਦਿੰਦਾ ਹੈ ਅਤੇ ਲੇਖਿਆਂ ਵਿੱਚ ਦਿਖਾਏ ਗਏ ਉਸ ਖਰਚੇ ਨੂੰ ਉਸ ਹੱਦ ਤੱਕ ਅੰਤਿਮ ਨਹੀਂ ਮੰਨਿਆ ਜਾ ਸਕਦਾ।

ਸਾਲ 2023-24 ਦੌਰਾਨ, ₹ 10,593.04 ਕਰੋੜ ਦੀ ਰਾਸ਼ੀ ਦੇ 1,508 ਯੂ ਸੀਜ਼ ਪੇਸ਼ ਕਰਨ (ਸਤੰਬਰ 2022 ਤੱਕ ਡਰਾਅ ਕੀਤੇ ਗਏ ਸਹਾਇਤਾ ਅਨੁਦਾਨ ਬਿਲ) ਲਈ ਬਕਾਇਆ ਸਨ। ਇਨ੍ਹਾਂ ਵਿੱਚ, ₹ 7,503.47 ਕਰੋੜ ਦੇ 911 ਯੂ ਸੀਜ਼ ਕਲੀਅਰ ਕੀਤੇ ਗਏ। 31 ਮਾਰਚ 2024 ਤੱਕ ₹ 3,089.57 ਕਰੋੜ ਦੇ 597 ਬਕਾਇਆ ਯੂ ਸੀਜ਼ ਦਾ ਸਮਾਂ-ਵਾਰ ਬਕਾਇਆ **ਸਾਰਣੀ 4.2** ਵਿੱਚ ਦਿੱਤਾ ਗਿਆ ਹੈ।

ਸਾਰਣੀ 4.2: ਵਰਤੋਂ ਸਰਟੀਫਿਕੇਟਾਂ ਦਾ ਸਮਾਂ-ਵਾਰ ਬਕਾਇਆ

(₹ ਕਰੋੜ ਵਿੱਚ)

ਯੂ ਸੀ ਡਿਊ ਸਾਲ *	ਯੂ ਸੀਜ਼ ਦੀ ਗਿਣਤੀ	ਰਾਸ਼ੀ
2017-18	01	50.00
2018-19	01	0.05
2019-20	09	24.67
2020-21	68	46.69
2021-22	61	175.63
2022-23	189	1,472.87
2023-24 (ਸਤੰਬਰ 2022 ਤੱਕ ਕਢਵਾਏ ਗਏ)	268	1,319.66
ਜੋੜ	**597****	**3,089.57****

ਸ੍ਰੋਤ: ਵਿੱਤ ਲੇਖੇ ਅਤੇ ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਦਾ ਦਫਤਰ

** ਉੱਪਰ ਲਿਖਿਆ ਸਾਲ "ਡਿਊ ਸਾਲ" ਨਾਲ ਸਬੰਧਤ ਹੈ ਭਾਵ ਅਸਲ ਵਿੱਚ ਡਰਾਅ ਕਰਨ ਤੋਂ 18 ਮਹੀਨੇ ਬਾਅਦ*

*** ਇਹਨਾਂ ਵਿੱਚ ਸਿੰਗਲ ਨੋਡਲ ਏਜੰਸੀ ਦੀ ਗ੍ਰਾਂਟਾਂ ਨਾਲ ਸਬੰਧਤ ₹ 625.97 ਕਰੋੜ ਦੀ ਰਾਸ਼ੀ ਦੇ 91 ਬਕਾਇਆ ਯੂ ਸੀਜ਼ ਸ਼ਾਮਲ ਹਨ।*

ਚਾਰਟ 4.1: 31 ਮਾਰਚ 2024 ਨੂੰ ਪੰਜ ਮੁੱਖ ਵਿਭਾਗਾਂ ਨਾਲ ਸਬੰਧਤ ਬਕਾਇਆ ਯੂ ਸੀਜ਼



ਸ੍ਰੋਤ: ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਦਾ ਦਫਤਰ

ਚਾਰਟ 4.1 ਦਰਸਾਉਂਦਾ ਹੈ ਕਿ ₹ 2,624.84 ਕਰੋੜ ਯਾਨੀ ਕੁੱਲ ਬਕਾਇਆ ਯੂ ਸੀਜ਼ (₹ 3,089.57 ਕਰੋੜ) ਦਾ 84.96 *ਪ੍ਰਤੀਸ਼ਤ* ਪੰਜ ਵਿਭਾਗਾਂ ਨਾਲ ਸਬੰਧਤ ਸੀ, ਜਿਨ੍ਹਾਂ ਵਿੱਚੋਂ 64.08 *ਪ੍ਰਤੀਸ਼ਤ* ਇੱਕ ਵਿਭਾਗ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ (₹ 1,979.72 ਕਰੋੜ) ਨਾਲ ਸਬੰਧਤ ਸੀ। ਖੇਤੀਬਾੜੀ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਬਕਾਇਆ

ਯੂ ਸੀਜ਼ ਦੀ ਰਾਸ਼ੀ ਵਿੱਚ ਪਿਛਲੇ ਸਾਲ ਭਾਵ 31 ਮਾਰਚ 2023[2] ਦੇ ਮੁਕਾਬਲੇ 31 ਮਾਰਚ 2024 ਤੱਕ ਕ੍ਰਮਵਾਰ 36.83 *ਪ੍ਰਤੀਸ਼ਤ* ਅਤੇ 3.75 *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ।

ਜਿਵੇਂ ਕੀ ਯੂ ਸੀਜ਼ ਨਾ ਭੇਜਣਾ ਦੁਰਵਰਤੋਂ ਦੇ ਖਤਰੇ ਨਾਲ ਭਰਪੂਰ ਹੈ, ਇਸ ਲਈ ਰਾਜ ਸਰਕਾਰ ਨੂੰ ਲਾਜ਼ਮੀ ਤੌਰ ਤੇ ਇਸ ਪੱਖ ਦੀ ਨੇੜੇ ਤੋਂ ਨਿਗਰਾਨੀ ਕਰਨੀ ਚਾਹੀਦੀ ਹੈ ਅਤੇ ਯੂ ਸੀਜ਼ ਨੂੰ ਸਮੇਂ ਸਿਰ ਨਾ ਭੇਜਣ ਲਈ ਸਬੰਧਤ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।

4.4 ਅਬਸਟ੍ਰੈਕਟ ਕੰਟੀਜੈਂਟ ਬਿਲ

ਜਦੋਂ ਪੈਸੇ ਦੀ ਅਡਵਾਂਸ ਵਿੱਚ ਲੋੜ ਹੋਵੇ ਜਾਂ ਜਦੋਂ ਉਹ ਲੋੜੀਂਦੀ ਰਾਸ਼ੀ ਦੀ ਸਹੀ ਆਂਕਣਾ ਨਹੀਂ ਕਰ ਸਕਦੇ ਤਾਂ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ (ਡੀ ਡੀ ਓਜ਼) ਨੂੰ ਅਬਸਟ੍ਰੈਕਟ ਕੰਟੀਜੈਂਟ (ਏ ਸੀ) ਬਿਲਾਂ ਰਾਹੀ, ਸਰਵਿਸ ਮੱਦਾਂ ਨੂੰ ਡੈਬਿਟ ਕਰਕੇ ਪੈਸਾ ਕਢਵਾਉਣ ਦੀ ਆਗਿਆ ਹੈ ਅਤੇ ਇਸ ਖਰਚੇ ਨੂੰ ਸਰਵਿਸ ਮੱਦ ਹੇਠ ਖਰਚੇ ਵਜੋਂ ਦਰਸਾਇਆ ਜਾਂਦਾ ਹੈ। ਰਾਜ ਸਰਕਾਰ ਵੱਲੋਂ ਦਸੰਬਰ 2016 ਵਿੱਚ ਸੋਧ ਕੀਤੇ ਗਏ ਪੰਜਾਬ ਖਜ਼ਾਨਾ ਨਿਯਮਾਵਲੀ ਦਾ ਨਿਯਮ 274 ਵਿਵਸਥਾ ਕਰਦਾ ਹੈ ਕਿ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀਆਂ (ਡੀ ਡੀ ਓਜ਼) ਨੂੰ ਅਜਿਹੀ ਪੇਸ਼ਗੀ ਕਢਵਾਉਣ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਅੰਦਰ ਵਿੱਤੀ ਖਰਚੇ ਦੀ ਸਮਰਥਨ ਵਿੱਚ ਵਾਊਚਰਾਂ ਸਮੇਤ ਡਿਟੇਲਡ ਕੰਟੀਜੈਂਟ (ਡੀ ਸੀ) ਬਿੱਲ ਪੇਸ਼ ਕਰਨੇ ਲੋੜੀਂਦੇ ਹਨ। ਡੀ ਸੀ ਬਿਲਾਂ ਨੂੰ ਦੇਰੀ ਨਾਲ ਜਮ੍ਹਾਂ ਕਰਵਾਉਣਾ ਜਾਂ ਲੰਮੇ ਸਮੇਂ ਤੋਂ ਨਾ ਜਮ੍ਹਾਂ ਕਰਨ ਨਾਲ ਲੇਖਿਆਂ ਦੀ ਮੁਕੰਮਲਤਾ ਅਤੇ ਸਹੀ ਹੋਣ ਤੇ ਅਸਰ ਪੈ ਸਕਦਾ ਹੈ।

31 ਮਾਰਚ 2024 ਨੂੰ, ਸਮਾਯੋਜਿਤ ਹੋਣ ਲਈ ਪਏ ਬਕਾਇਆ ਏ ਸੀ ਬਿੱਲਾਂ ਦੇ ਵੇਰਵੇ **ਸਾਰਣੀ 4.3** ਵਿੱਚ ਦਿੱਤੇ ਗਏ ਹਨ।

ਸਾਰਣੀ 4.3: ਏ ਸੀ ਬਿਲਾਂ ਦਾ ਸਮਾਂ-ਵਾਰ ਬਕਾਇਆ ਸਮਾਯੋਜਨ

(₹ ਕਰੋੜ ਵਿੱਚ)

ਡਿਊ ਸਾਲ	ਏ ਸੀ ਬਿਲਾਂ ਦੀ ਗਿਣਤੀ	ਰਾਸ਼ੀ
2014-15	06	12.84
2015-16	11	1.72
2016-17	07	3.84
2017-18	10	0.96
2018-19	17	20.61
2019-20	60	36.21
2020-21	165	135.82
2021-22	401	782.55
2022-23	421	752.29
2023-24 (ਸਤੰਬਰ 2023 ਤੱਕ ਕਢਵਾਏ ਗਏ)	939	1,058.01
ਜੋੜ	**2,037***	**2,804.85***

ਸ੍ਰੋਤ: ਵਿੱਤ ਲੇਖੇ ਅਤੇ ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਦਾ ਦਫਤਰ

** ਇਹਨਾਂ ਵਿੱਚ ਸਿੰਗਲ ਨੋਡਲ ਏਜੰਸੀ ਨੂੰ ਟਰਾਂਸਫਰ ਕਰਨ ਨਾਲ ਸਬੰਧਤ ਏ ਸੀ ਬਿੱਲ ਸ਼ਾਮਲ ਨਹੀਂ ਹਨ।*

2 ਸਾਲ 2022-23 ਦੇ ਅੰਤ ਤੱਕ ਖੇਤੀਬਾੜੀ ਵਿਭਾਗ (₹ 228.88 ਕਰੋੜ) ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ (₹ 1,908.10 ਕਰੋੜ) ਦੇ ਬਕਾਇਆ ਯੂ ਸੀਜ਼ ਦੀ ਰਾਸ਼ੀ।

ਇਹ ਵੇਖਿਆ ਗਿਆ ਸੀ ਕਿ 2023-24 ਦੌਰਾਨ ₹ 1,991.67 ਕਰੋੜ ਦੇ 2,543 ਏ ਸੀ ਬਿਲਾਂ ਵਿੱਚੋਂ ਮਾਰਚ 2024 ਵਿੱਚ ₹ 192.84 ਕਰੋੜ (9.68 *ਪ੍ਰਤੀਸ਼ਤ*) ਦੇ 483 ਏ ਸੀ ਕੱਢੇ ਗਏ ਸਨ। ਵਿੱਤੀ ਸਾਲ ਦੇ ਅੰਤ ਵਿੱਚ ਏ ਸੀ ਬਿੱਲਾਂ ਦੇ ਵਿਰੁੱਧ ਖਰਚਾ ਮਾੜੇ ਜਨਤਕ ਖਰਚ ਪ੍ਰਬੰਧਨ ਨੂੰ ਦਰਸਾਉਂਦਾ ਹੈ ਕਿਉਂਕਿ ਇਹ ਹੋ ਸਕਦਾ ਹੈ ਕਿ ਏ ਸੀ ਬਿੱਲ ਮੁੱਖ ਤੌਰ ਤੇ ਬਜਟ ਉਪਬੰਧ ਨੂੰ ਖਤਮ ਕਰਨ ਲਈ ਡਰਾਅ ਕੀਤੇ ਗਏ ਸਨ।

ਚਾਰਟ 4.2: ਪੰਜ ਮੁੱਖ ਵਿਭਾਗਾਂ ਨਾਲ ਸਬੰਧਤ ਬਕਾਇਆ ਡੀ ਸੀ ਬਿਲ (ਗੈਰ-ਐਸ ਐਨ ਏ)



ਸ੍ਰੋਤ: ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ ਦਾ ਦਫਤਰ

ਉਪਰੋਕਤ ਚਾਰਟ ਤੋਂ ਇਹ ਸਪੱਸ਼ਟ ਹੈ ਕਿ ₹ 2,183.19 ਕਰੋੜ *ਭਾਵ* 77.84 *ਪ੍ਰਤੀਸ਼ਤ* ਦੇ ਕੁੱਲ ਬਕਾਇਆ ਏ ਸੀ ਬਿੱਲ (₹ 2,804.85 ਕਰੋੜ) ਪੰਜ ਵਿਭਾਗਾਂ ਨਾਲ ਸਬੰਧਤ ਹਨ।

ਲੰਮੇ ਸਮੇਂ ਲਈ ਪੇਸ਼ਗੀਆਂ ਦਾ ਗੈਰ-ਸਮਾਯੋਜਿਤ ਰਹਿਣਾ ਦੁਰਵਰਤੋਂ ਦੇ ਖਤਰੇ ਤੋਂ ਭਰਪੂਰ ਹੈ, ਅਤੇ ਇਸ ਲਈ ਸਬੰਧਤ ਡੀ ਡੀ ਓਜ਼ ਵਲੋਂ ਡੀ ਸੀ ਬਿਲ ਭੇਜਣ ਨੂੰ ਯਕੀਨੀ ਬਣਾਉਣ ਲਈ ਨੇੜੇ ਤੋਂ ਨਿਗਰਾਨੀ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ, ਪ੍ਰਾਪਤ ਨਹੀਂ ਹੋਏ ਡੀ ਸੀ ਬਿਲਾਂ ਦੀ ਹੱਦ ਤੱਕ ਵਿੱਤ ਲੇਖਿਆਂ ਵਿੱਚ ਦਰਸਾਏ ਗਏ ਖਰਚੇ ਨੂੰ ਸਹੀ ਜਾਂ ਫਾਈਨਲ ਨਹੀਂ ਕਿਹਾ ਜਾ ਸਕਦਾ।

ਰਾਜ ਸਰਕਾਰ ਨੇ ਕਿਹਾ (ਦਸੰਬਰ 2024) ਕਿ ਬਕਾਇਆ ਏ ਸੀ ਬਿੱਲਾਂ ਦੀ ਗਿਣਤੀ ਨੂੰ ਘਟਾਉਣ ਲਈ ਲਾਈਨ ਵਿਭਾਗਾਂ ਨਾਲ ਨਿਯਮਤ ਮੀਟਿੰਗਾਂ ਕਰਕੇ ਮਹੱਤਵਪੂਰਨ ਯਤਨ ਕੀਤੇ ਜਾ ਰਹੇ ਹਨ।

4.5 ਛੋਟੀ ਮੱਦ-800 ਦੀ ਅਵਿਵੇਕਪੂਰਣ ਵਰਤੋਂ

ਹੋਰ ਪ੍ਰਾਪਤੀਆਂ ਅਤੇ ਹੋਰ ਖਰਚੇ ਨਾਲ ਸਬੰਧਤ ਛੋਟੀ ਮੱਦ-800 ਦਾ ਸੰਚਾਲਨ ਸਿਰਫ ਉਦੋਂ ਕੀਤਾ ਜਾਂਦਾ ਹੈ ਜਦੋਂ ਲੇਖਿਆਂ ਵਿੱਚ ਉੱਚਿਤ ਛੋਟੀ ਮੱਦ ਮੁਹੱਈਆ ਨਹੀਂ ਕਰਵਾਈ ਗਈ । ਛੋਟੀ ਮੱਦ-800 ਦਾ ਨਿਯਮਤ ਸੰਚਾਲਨ ਨਿਰਉਤਸਾਹਿਤ ਕੀਤਾ ਜਾਂਦਾ ਹੈ ਕਿਉਂਕਿ ਇਹ ਅਸਪਸ਼ੱਟ ਲੇਖੇ ਪੇਸ਼ ਕਰਦਾ ਹੈ। ਸਰਵਜਨਕ ਛੋਟੀ ਮੱਦ-800 ਅਧੀਨ ਵੱਡੀਆਂ ਰਾਸ਼ੀਆਂ ਦਾ ਵਰਗੀਕਰਣ ਵਿੱਤੀ ਰਿਪੋਰਟਿੰਗ ਅਤੇ ਵੰਡ ਤਰਜੀਹਾਂ ਦੇ ਸਹੀ ਵਿਸ਼ਲੇਸ਼ਣ ਅਤੇ ਖਰਚੇ ਦੀ ਗੁਣਵੱਤਾ ਵਿੱਚ ਪਾਰਦਰਸ਼ਤਾ ਨੂੰ ਪ੍ਰਭਾਵਿਤ ਕਰਦਾ ਹੈ।

ਇਹ ਵੇਖਿਆ ਗਿਆ ਸੀ ਕਿ ਸਾਲ 2023-24 ਦੌਰਾਨ, 46 ਲੇਖਿਆਂ ਦੀਆਂ ਮੁੱਖ ਮੱਦਾਂ ਅਧੀਨ ₹ 2,360.17 ਕਰੋੜ, ਕੁੱਲ ਰੈਵੀਨਿਊ ਅਤੇ ਪੂੰਜੀਗਤ ਖਰਚੇ (₹ 1,22,150.18 ਕਰੋੜ) ਦਾ 1.93 *ਪ੍ਰਤੀਸ਼ਤ* ਬਣਦਾ ਹੈ, ਨੂੰ ਲੇਖਿਆਂ ਵਿੱਚ ਛੋਟੀ ਮੱਦ-800-ਹੋਰ ਖਰਚਾ ਅਧੀਨ ਵਰਗੀਕ੍ਰਿਤ

ਕੀਤਾ ਗਿਆ ਸੀ। ਛੋਟੀ ਮੱਦ-800 ਹੋਰ ਖਰਚ ਅਧੀਨ ਦਰਜ ਕੀਤੇ ਗਏ ਮਹੱਤਵਪੂਰਨ ਖਰਚਿਆਂ (ਹਰੇਕ ਮੁੱਖ ਮੱਦ ਅਧੀਨ ਕੁੱਲ ਖਰਚ ਦਾ ₹ 10 ਕਰੋੜ ਤੋਂ ਵੱਧ ਅਤੇ 50 *ਪ੍ਰਤੀਸ਼ਤ* ਜਾਂ ਵੱਧ) ਦਾ ਵੇਰਵਾ ***ਅੰਤਿਕਾ 4.3*** ਵਿੱਚ ਦਿੱਤਾ ਗਿਆ ਹੈ।

ਇਸੇ ਤਰ੍ਹਾਂ, ਲੇਖੇ ਦੀਆਂ 50 ਮੁੱਖ ਮੱਦਾਂ ਅਧੀਨ ₹ 10,404.19 ਕਰੋੜ, ਕੁੱਲ ਰੈਵੀਨਿਊ ਅਤੇ ਪੂੰਜੀਗਤ ਪ੍ਰਾਪਤੀਆਂ (₹ 89,192.07 ਕਰੋੜ) ਦਾ 11.66 *ਪ੍ਰਤੀਸ਼ਤ* ਦਾ ਗਠਨ ਕਰਦੇ ਹੋਏ ਲੇਖਿਆਂ ਵਿੱਚ 800-ਹੋਰ ਪ੍ਰਾਪਤੀਆਂ ਅਧੀਨ ਵਰਗੀਕਰਣ ਕੀਤਾ ਗਿਆ ਸੀ। ਛੋਟੀ ਮੱਦ 800-ਹੋਰ ਪ੍ਰਾਪਤੀਆਂ ਅਧੀਨ ਇੰਦਰਾਜ ਕੀਤੀਆਂ ਵੱਡੀਆਂ ਪ੍ਰਾਪਤੀਆਂ (ਹਰੇਕ ਮੁੱਖ ਮੱਦ ਅਧੀਨ ਕੁੱਲ ਪ੍ਰਾਪਤੀਆਂ ਦਾ ₹ 10 ਕਰੋੜ ਤੋਂ ਵੱਧ ਜਾਂ 50 *ਪ੍ਰਤੀਸ਼ਤ* ਜਾਂ ਵੱਧ) ਦੇ ਵੇਰਵੇ ***ਅੰਤਿਕਾ 4.4*** ਵਿੱਚ ਦਿੱਤੇ ਗਏ ਹਨ।

ਕੁੱਝ ਮਾਮਲਿਆਂ ਵਿੱਚ ਜਿੱਥੇ ਸਬੰਧਤ ਛੋਟੀ ਮੱਦ ਦੀ ਬਜਾਏ ਉਪ-ਮੱਦਾਂ ਨੂੰ ਛੋਟੀ ਮੱਦ 800- ਹੋਰ ਖਰਚ ਅਧੀਨ ਸੰਚਾਲਿਤ ਕੀਤਾ ਜਾਂਦਾ ਸੀ, ਨੂੰ ***ਅੰਤਿਕਾ 4.5*** ਵਿੱਚ ਦਿੱਤਾ ਗਿਆ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2024) ਕਿ ਇਸ ਮੁੱਦੇ ਦੇ ਹੱਲ ਲਈ ਸਬੰਧਤ ਵਿਭਾਗਾਂ ਨਾਲ ਨਿਯਮਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਮਾਪ ਨਾਲ ਸਬੰਧਤ ਮਾਮਲੇ

4.6 ਮੁੱਖ ਸਸਪੈਂਸ ਅਤੇ ਡੀ ਡੀ ਆਰ ਮੱਦਾਂ ਅਧੀਨ ਪਿਆ ਬਕਾਇਆ

ਵਿੱਤ ਲੇਖੇ, ਸਸਪੈਂਸ ਅਤੇ ਰੈਮੀਟੈਂਸ ਮੱਦਾਂ ਅਧੀਨ ਨਿਰੋਲ ਬਕਾਇਆਂ ਨੂੰ ਦਰਸਾਉਂਦੇ ਹਨ। ਇਨ੍ਹਾਂ ਮੱਦਾਂ ਅਧੀਨ ਪਏ ਬਕਾਇਆਂ ਦੀ ਆਂਕਣਾ ਵੱਖ-ਵੱਖ ਮੱਦਾਂ ਅਧੀਨ ਪਏ ਡੈਬਿਟ ਅਤੇ ਕ੍ਰੈਡਿਟ ਬਕਾਇਆਂ ਨੂੰ ਵੱਖਰਾ ਵੱਖਰਾ ਜੋੜ ਕੇ ਕੀਤੀ ਜਾਂਦੀ ਹੈ। ਪਿਛਲੇ ਤਿੰਨ ਸਾਲਾਂ ਲਈ ਸਸਪੈਂਸ ਅਤੇ ਰੈਮੀਟੈਂਸ ਮੱਦ ਦੇ ਬਕਾਇਆ ਨੂੰ **ਸਾਰਣੀ 4.4** ਵਿੱਚ ਦਰਸਾਇਆ ਗਿਆ ਹੈ।

ਸਾਰਣੀ 4.4: ਸਸਪੈਂਸ ਅਤੇ ਰੈਮੀਟੈਂਸ ਮੱਦਾਂ ਅਧੀਨ ਬਕਾਏ

(₹ ਕਰੋੜ ਵਿੱਚ)

ਲੇਖੇ ਦੀ ਮੱਦ		2021-22		2022-23		2023-24	
		ਡੈਬਿਟ	ਕ੍ਰੈਡਿਟ	ਡੈਬਿਟ	ਕ੍ਰੈਡਿਟ	ਡੈਬਿਟ	ਕ੍ਰੈਡਿਟ
8658	**ਸਸਪੈਂਸ ਲੇਖਾ**						
101	ਪੇਅ ਅਤੇ ਅਕਾਊਂਟਸ ਆਫਿਸ –ਸਸਪੈਂਸ	113.19	0.07	60.45	0.05	90.76	0.05
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**113.12 ਡੈਬਿਟ**		**60.40 ਡੈਬਿਟ**		**90.71 ਡੈਬਿਟ**	
102	ਸਸਪੈਂਸ ਲੇਖਾ-(ਸਿਵਲ)	147.49	57.09	108.83	16.10	90.77	..
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**90.40 ਡੈਬਿਟ**		**92.73 ਡੈਬਿਟ**		**90.77 ਡੈਬਿਟ**	
109	ਰਿਜ਼ਰਵ ਬੈਂਕ ਸਸਪੈਂਸ-(ਹੈਡਕੁਆਟਰਜ਼)	0.42	..	0.01	..	0.01	..
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**0.42 ਡੈਬਿਟ**		**0.01 ਡੈਬਿਟ**		**0.01 ਡੈਬਿਟ**	
110	ਰਿਜ਼ਰਵ ਬੈਂਕ ਸਸਪੈਂਸ-(ਕੇਂਦਰੀ ਲੇਖਾ ਦਫਤਰ)	32.11	..	45.52	..	41.41	..
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**32.11 ਡੈਬਿਟ**		**45.52 ਡੈਬਿਟ**		**41.41 ਡੈਬਿਟ**	

ਲੇਖੇ ਦੀ ਮੱਦ		2021-22		2022-23		2023-24	
		ਡੈਬਿਟ	ਕ੍ਰੈਡਿਟ	ਡੈਬਿਟ	ਕ੍ਰੈਡਿਟ	ਡੈਬਿਟ	ਕ੍ਰੈਡਿਟ
112	ਟੈਕਸ ਡਿਡਕਟਡ ਐਟ ਸੋਰਸ (ਟੀ ਡੀ ਐਸ) ਸਸਪੈਂਸ	..	106.12	..	430.84	..	469.54
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**106.12 ਕ੍ਰੈਡਿਟ**		**430.84 ਕ੍ਰੈਡਿਟ**		**469.54 ਕ੍ਰੈਡਿਟ**	
123	ਸਰਵ ਭਾਰਤੀ ਸੇਵਾ ਅਧਿਕਾਰੀਆਂ ਦੀ ਗਰੁੱਪ ਬੀਮਾ ਸਕੀਮ	..	0.22	..	0.26	..	0.31
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**0.22 ਕ੍ਰੈਡਿਟ**		**0.26 ਕ੍ਰੈਡਿਟ**		**0.31 ਕ੍ਰੈਡਿਟ**	
8782	**ਇੱਕੋ ਲੇਖਾ ਅਧਿਕਾਰੀ ਨੂੰ ਲੇਖਾ ਪੇਸ਼ ਕਰਨ ਵਾਲੇ ਅਧਿਕਾਰੀਆਂ ਵਿਚਕਾਰ ਕੈਸ਼ ਰੈਮੀਟੈਂਸ ਅਤੇ ਸਮਾਯੋਜਨ**						
102	ਲੋਕ ਨਿਰਮਾਣ ਰੈਮੀਟੈਂਸਜ਼	0.12	..	2.87	..	1.99	..
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**0.12 ਡੈਬਿਟ**		**2.87 ਡੈਬਿਟ**		**1.99 ਡੈਬਿਟ**	
103	ਜੰਗਲਾਤ ਰੈਮੀਟੈਂਸਜ਼	17.93	..	5.54	..	(-)2.59	..
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**17.93 ਡੈਬਿਟ**		**5.54 ਡੈਬਿਟ**		**(-)2.59 ਡੈਬਿਟ**	
8793	**ਅੰਤਰ-ਰਾਜੀ ਸਸਪੈਂਸ ਲੇਖਾ**	57.40	..	35.85	..	24.58	..
	ਨਿਰੋਲ ਡੈਬਿਟ (ਡੈਬਿਟ)/ਕ੍ਰੈਡਿਟ (ਕ੍ਰੈਡਿਟ)	**57.40 ਡੈਬਿਟ**		**35.85 ਡੈਬਿਟ**		**24.58 ਡੈਬਿਟ**	

ਸ੍ਰੋਤ: ਵਿੱਤ ਲੇਖੇ

31 ਮਾਰਚ 2024 ਤੱਕ, ਵੱਖ-ਵੱਖ ਮੱਦਾਂ ਅਧੀਨ ₹ 222.97 ਕਰੋੜ ਦਾ ਨਿਰੋਲ ਕ੍ਰੈਡਿਟ ਬਕਾਇਆ ਸੀ। ਇਨ੍ਹਾਂ ਮੱਦਾਂ ਅਧੀਨ ਪਏ ਬਕਾਇਆਂ ਦੀ ਕਲੀਅਰੈਂਸ ਨਾ ਹੋਣ ਨਾਲ ਰਾਜ ਸਰਕਾਰ ਦੇ ਲੇਖਿਆਂ ਦੀਆਂ ਵੱਖ-ਵੱਖ ਮੱਦਾਂ ਅਧੀਨ ਪ੍ਰਾਪਤੀ/ਖਰਚੇ ਦੇ ਅੰਕੜਿਆਂ ਅਤੇ ਬਕਾਇਆਂ (ਜਿਹੜੇ ਸਾਲ ਦਰ ਸਾਲ ਅੱਗੇ ਲਿਆਂਦੇ ਗਏ ਹਨ) ਦੀ ਸ਼ੁੱਧਤਾ ਪ੍ਰਭਾਵਿਤ ਹੁੰਦੀ ਹੈ।

4.7 ਕੈਸ਼ ਬਕਾਇਆਂ ਦਾ ਮਿਲਾਨ

ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ) ਦੇ ਲੇਖਿਆਂ ਅਨੁਸਾਰ 31 ਮਾਰਚ 2024 ਨੂੰ ਰਾਜ ਸਰਕਾਰ ਦਾ ਕੈਸ਼ ਬਕਾਇਆ ₹ 192.20 ਕਰੋੜ (ਡੈਬਿਟ) ਸੀ ਅਤੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਵੱਲੋਂ ਇਹ ₹ 49.60 ਕਰੋੜ (ਡੈਬਿਟ) ਦੱਸਿਆ ਗਿਆ ਸੀ। ਇਸ ਤਰਾਂ, ₹ 241.80 ਕਰੋੜ (ਡੈਬਿਟ) ਦਾ ਅੰਤਰ ਸੀ, ਜਿਸ ਦਾ ਮੁੱਖ ਕਾਰਨ ਖਜਾਨਾ/ਆਰ ਬੀ ਆਈ/ਏਜੰਸੀ ਬੈਂਕ ਅਤੇ ਏ ਜੀ (ਲੇਖਾ ਅਤੇ ਹੱਕਦਾਰੀ) ਦਫਤਰ ਵਿਚਕਾਰ ਲੰਬਿਤ ਮਿਲਾਨ ਸੀ।

4.8 ਮੰਡਲ ਅਧਿਕਾਰੀਆਂ ਕੋਲ ਪਈ ਅਣਖਰਚੀ ਰਾਸ਼ੀ

ਕਾਨੂੰਨੀ ਵਿਵਸਥਾਵਾਂ ਦੇ ਅਨੁਸਾਰ, ਗੈਰ ਸਰਕਾਰੀ ਏਜੰਸੀਆਂ ਤੋਂ ਡਿਪਾਜ਼ਿਟ ਕੰਮਾਂ ਲਈ ਲੋਕ ਨਿਰਮਾਣ ਮੰਡਲਾਂ ਦੁਆਰਾ ਪ੍ਰਾਪਤ ਕੀਤੇ ਫੰਡਾਂ ਨੂੰ ਮੁੱਖ ਮੱਦ '8443-ਸਿਵਲ ਡਿਪਾਜ਼ਿਟ' ਦੇ ਹੇਠਾਂ ਛੋਟੀ ਮੱਦ '108-ਲੋਕ ਨਿਰਮਾਣ ਡਿਪਾਜ਼ਿਟ' ਅਧੀਨ ਕ੍ਰੈਡਿਟ ਕੀਤੇ ਜਾਣ ਦੀ ਲੋੜ ਹੁੰਦੀ ਹੈ। ਸਬੰਧਤ ਡਿਪਾਜ਼ਿਟ ਕੰਮਾਂ ਲਈ ਖਰਚੇ ਵੀ ਲੇਖੇ ਦੀ ਉਸ ਮੱਦ ਤੋਂ ਪੂਰੇ ਕੀਤੇ ਜਾਂਦੇ ਹਨ। ਮਹੀਨਾਵਾਰ ਡਵੀਜ਼ਨਲ ਲੇਖਿਆਂ ਵਿੱਚ ਅਜਿਹੇ ਡਿਪਾਜ਼ਿਟ ਦੀ ਜਮ੍ਹਾਂ ਨਾ ਕੀਤੀ ਰਾਸ਼ੀ ਨੂੰ ਮੁੱਖ ਮੱਦ '8671-ਵਿਭਾਗੀ ਬਕਾਏ, 101-ਸਿਵਲ', ਪੀ ਡਬਲਯੂ ਮੰਡਲਾਂ ਦੁਆਰਾ ਰਾਜ ਦੇ ਲੋਕ ਲੇਖੇ ਦੇ ਅਧੀਨ ਵਰਗੀਕ੍ਰਿਤ ਕੀਤਾ ਜਾਂਦਾ ਹੈ ਅਤੇ ਫਿਰ ਸਰਕਾਰੀ ਲੇਖੇ ਦਾ ਹਿੱਸਾ ਬਣਦਾ ਹੈ। ਜਦੋਂਕਿ ਡਿਪਾਜ਼ਿਟ ਕੰਮਾਂ ਲਈ ਪ੍ਰਾਪਤ ਫੰਡਾਂ ਨੂੰ ਸਰਕਾਰੀ ਲੇਖੇ ਵਿੱਚ ਜਮ੍ਹਾਂ ਕਰਵਾਉਣ ਦੀ ਬਜਾਏ ਪੀ ਡਬਲਯੂ ਮੰਡਲਾਂ ਦੁਆਰਾ ਸੰਚਾਲਿਤ ਮੰਡਲ

ਅਧਿਕਾਰੀਆਂ ਦੇ ਬੈਂਕ ਖਾਤਿਆਂ ਵਿੱਚ ਰੱਖਿਆ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਆਰ ਬੀ ਆਈ ਕੋਲ ਰਾਜ ਦੇ ਨਕਦ ਬਕਾਏ ਦਾ ਹਿੱਸਾ ਨਹੀਂ ਬਣਦਾ।

ਰਾਜ ਸਰਕਾਰ ਨੇ ਲੋਕ ਨਿਰਮਾਣ ਮੰਡਲਾਂ ਨੂੰ ਮੱਦ '8443-ਸਿਵਲ ਡਿਪਾਜ਼ਿਟ 108-ਲੋਕ ਨਿਰਮਾਣ ਡਿਪਾਜ਼ਿਟ' ਦੇ ਅਧੀਨ ਖਜ਼ਾਨੇ ਵਿੱਚ ਖੋਲੇ ਜਾਣ ਵਾਲੇ ਲੇਖਿਆਂ ਵਿੱਚ ਫੰਡ ਜਮ੍ਹਾਂ ਕਰਨ ਦੇ ਨਿਰਦੇਸ਼ ਦਿੱਤੇ (2 ਮਾਰਚ 2015)। ਜਦੋਂਕਿ, ਉਪਰੋਕਤ ਆਦੇਸ਼ਾਂ ਦੇ ਬਾਵਜੂਦ, ਮੰਡਲ ਅਧਿਕਾਰੀ ਅਜੇ ਤੱਕ ਆਪਣੇ ਬੈਂਕ ਖਾਤਿਆਂ ਵਿੱਚ ਫੰਡ ਜਮ੍ਹਾਂ ਕਰਵਾ ਰਹੇ ਹਨ। 31 ਮਾਰਚ 2024 ਤੱਕ, 177 ਲੋਕ ਨਿਰਮਾਣ ਮੰਡਲ ਅਧਿਕਾਰੀਆਂ ਦੇ ਬੈਂਕ ਖਾਤਿਆਂ ਵਿੱਚ ਉਨ੍ਹਾਂ ਦੀਆਂ ਕੈਸ਼ ਬੁੱਕਾਂ ਅਨੁਸਾਰ ₹ 1,253.85 ਕਰੋੜ ਦੀ ਰਾਸ਼ੀ ਪਈ ਸੀ । ਜੇਕਰ ਫੰਡ ਖਜ਼ਾਨੇ ਵਿੱਚ ਜਮ੍ਹਾਂ ਕੀਤੇ ਜਾਂਦੇ, ਤਾਂ ਰਾਜ ਸਰਕਾਰ ਦੇ ਰੋਜ਼ਾਨਾ ਨਕਦ ਬਕਾਏ ਤੇ ਵੀ ਇਸ ਦਾ ਪ੍ਰਭਾਵ ਪੈਂਦਾ।

ਮੰਡਲ ਅਧਿਕਾਰੀਆਂ ਦੁਆਰਾ ਚਲਾਏ ਜਾ ਰਹੇ ਬੈਂਕ ਖਾਤਿਆਂ ਵਿੱਚ ਪਈ ਰਾਸ਼ੀ ਦੇ ਵਿਭਾਗ-ਵਾਰ ਵੇਰਵੇ **ਸਾਰਣੀ 4.5** ਵਿੱਚ ਦਿੱਤੇ ਗਏ ਹਨ।

ਸਾਰਣੀ 4.5 : ਮੰਡਲ ਅਧਿਕਾਰੀਆਂ ਕੋਲ ਪਈ ਅਣਖਰਚੀ ਰਾਸ਼ੀ ਨੂੰ ਦਰਸਾਉਂਦੇ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਵਿਭਾਗ ਦਾ ਨਾਂਅ	ਬੈਂਕ ਖਾਤਿਆਂ ਨੂੰ ਚਲਾਉਣ ਵਾਲੇ ਮੰਡਲ ਅਧਿਕਾਰੀਆਂ ਦੀ ਗਿਣਤੀ	ਬੈਂਕ ਖਾਤਿਆਂ ਵਿੱਚ ਪਈ ਰਾਸ਼ੀ
1.	ਲੋਕ ਨਿਰਮਾਣ (ਭਵਨ ਤੇ ਸੜਕਾਂ ਮੰਡਲ)	69	548.10
2.	ਪੇਂਡੂ ਵਿਕਾਸ ਅਤੇ ਪੰਚਾਇਤਾਂ (ਪੰਚਾਇਤੀ ਰਾਜ ਮੰਡਲ)	16	204.72
3.	ਜਲ ਸਰੋਤ	39	421.67
4.	ਜਲ ਸਪਲਾਈ ਅਤੇ ਸੈਨੀਟੇਸ਼ਨ	53	79.36
ਜੋੜ		**177**	**1,253.85**

ਸ੍ਰੋਤ: ਵਿੱਤ ਲੇਖੇ

ਰਾਜ ਸਰਕਾਰ ਨੇ ਕਿਹਾ (ਦਸੰਬਰ 2024) ਕਿ ਡਵੀਜ਼ਨਲ ਅਧਿਕਾਰੀਆਂ ਨੂੰ ਖਜ਼ਾਨੇ ਵਿੱਚ ਅਣਖਰਚੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਪੈਰਵ੍ਹੀ ਕੀਤੀ ਜਾਵੇਗੀ।

ਡਿਸਕਲੋਜ਼ਰ ਨਾਲ ਸਬੰਧਤ ਮਾਮਲੇ

4.9 ਲੇਖਾ ਮਿਆਰਾਂ ਦੀ ਪਾਲਣਾ

ਭਾਰਤ ਦੇ ਸੰਵਿਧਾਨ ਦੇ ਅਨੁਛੇਦ 150 ਅਨੁਸਾਰ, ਭਾਰਤ ਦੇ ਰਾਸ਼ਟਰਪਤੀ, ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਲਾਹ ਤੇ, ਸੰਘ ਅਤੇ ਰਾਜਾਂ ਦੇ ਲੇਖਿਆਂ ਦੇ ਫਾਰਮ ਨਿਰਧਾਰਤ ਕਰਦੇ ਹਨ। ਭਾਰਤ ਦੇ ਰਾਸ਼ਟਰਪਤੀ ਵੱਲੋਂ ਸੀ ਏ ਜੀ ਦੀ ਸਲਾਹ ਤੇ ਹੁਣ ਤੱਕ ਚਾਰ ਭਾਰਤ ਸਰਕਾਰ ਦੇ ਲੇਖਾ ਮਿਆਰ (ਆਈ ਜੀ ਏ ਐਸ) ਨੋਟੀਫਾਈ ਕੀਤੇ ਜਾ ਚੁੱਕੇ ਹਨ। ਸਾਲ 2023-24 ਦੌਰਾਨ ਪੰਜਾਬ ਸਰਕਾਰ ਵਲੋਂ ਇਨ੍ਹਾਂ ਲੇਖਾ ਮਿਆਰਾਂ ਦੀ ਪਾਲਣਾ ਅਤੇ ਅਜਿਹਾ ਕਰਨ ਵਿੱਚ ਕਮੀਆਂ ਦਾ **ਸਾਰਣੀ 4.6** ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 4.6: ਲੇਖਾ ਮਿਆਰਾਂ ਦੀ ਪਾਲਣਾ

ਲੜੀ ਨੰ.	ਲੇਖਾ ਮਿਆਰ	ਆਈ ਜੀ ਏ ਐਸ ਦਾ ਸੰਖੇਪ	ਰਾਜ ਸਰਕਾਰ ਵੱਲੋਂ ਪਾਲਣਾ	ਕਮੀ
1.	ਆਈ ਜੀ ਏ ਐਸ-1:	ਸਰਕਾਰ ਵੱਲੋਂ ਦਿੱਤੀਆ ਗਰੰਟੀਆਂ	ਪਾਲਣਾ ਕੀਤੀ ਗਈ (ਵਿੱਤ ਲੇਖਿਆਂ ਦੀ ਵਿਵਰਣੀ 9 ਅਤੇ 20)	-
2.	ਆਈ ਜੀ ਏ ਐਸ-2:	ਸਹਾਇਤਾ-ਗ੍ਰਾਂਟਾਂ ਦੀ ਲੇਖਾਬੱਧਤਾ ਅਤੇ ਵਰਗੀਕਰਣ	ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਗਈ (ਵਿੱਤ ਲੇਖਿਆਂ ਦੀ ਵਿਵਰਣੀ 10)	ਵਸਤੂ ਰੂਪ ਵਿੱਚ ਸਹਾਇਤਾ ਗ੍ਰਾਂਟਾਂ ਦੇ ਕੁੱਲ ਮੁੱਲ ਅਤੇ ਪੂੰਜੀਗਤ ਸੰਪਤੀ ਹੋਣ ਦੇ ਰੂਪ ਵਿੱਚ ਸਹਾਇਤਾ ਗ੍ਰਾਂਟਾਂ ਦੇ ਮੁੱਲ ਬਾਰੇ ਰਾਜ ਸਰਕਾਰ ਤੋਂ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ।
3.	ਆਈ ਜੀ ਏ ਐਸ-3:	ਸਰਕਾਰ ਵੱਲੋਂ ਦਿੱਤੇ ਗਏ ਕਰਜ਼ੇ ਅਤੇ ਪੇਸ਼ਗੀਆਂ	ਪਾਲਣਾ ਨਹੀ ਕੀਤੀ ਗਈ (ਵਿੱਤ ਲੇਖਿਆਂ ਦੀ ਵਿਵਰਣੀ 7 ਅਤੇ 18)	ਕਰਜ਼ੇ ਅਤੇ ਪੇਸ਼ਗੀਆਂ ਰਾਜ ਸਰਕਾਰ ਦੁਆਰਾ ਪੁਸ਼ਟੀ ਅਧੀਨ ਹਨ।
4.	ਆਈ ਜੀ ਏ ਐਸ-4:	ਪਹਿਲਾਂ ਦੀ ਮਿਆਦ ਦੇ ਸਮਾਯੋਜਨ	ਪਾਲਣਾ ਕੀਤੀ ਗਈ	-

ਸ੍ਰੋਤ: ਵਿੱਤ ਲੇਖੇ

4.10 ਖੁਦਮੁਖਤਿਆਰ ਸੰਗਠਨਾਂ ਦੇ ਲੇਖੇ ਪੇਸ਼ ਕਰਨਾ

31 ਮਾਰਚ 2024 ਨੂੰ, ਛੇ ਖੁਦਮੁਖਤਿਆਰ ਸੰਗਠਨਾਂ (ਏ ਬੀ) ਦੇ ਸਬੰਧ ਵਿੱਚ 2017-18 ਤੋਂ 2022-23 ਤੱਕ ਦੇ 17 ਲੇਖੇ ਬਕਾਇਆ ਸਨ, ਜਿਵੇਂ ਕਿ **ਸਾਰਣੀ 4.7** ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 4.7: 31 ਮਾਰਚ 2024 ਨੂੰ ਖੁਦਮੁਖਤਿਆਰ ਸੰਗਠਨਾਂ ਦੇ ਲੇਖਿਆਂ ਦੇ ਬਕਾਏ

ਲੜੀ ਨੰ.	ਸੰਗਠਨ ਜਾਂ ਅਥਾਰਟੀ ਦਾ ਨਾਂਅ	ਲੇਖੇ ਕਦੋਂ ਤੋਂ ਬਕਾਇਆ	ਬਕਾਇਆ ਲੇਖਿਆਂ ਦੀ ਗਿਣਤੀ
1.	ਪੰਜਾਬ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ, ਐਸ ਏ ਐਸ ਨਗਰ	2020-21	3
2.	ਪੰਜਾਬ ਬੱਸ ਮੈਟਰੋ ਸੁਸਾਇਟੀ	2018-19	5
3.	ਪੰਜਾਬ ਕਿਰਤ ਭਲਾਈ ਬੋਰਡ, ਚੰਡੀਗੜ੍ਹ	2017-18	6
4.	ਪੰਜਾਬ ਖਾਦੀ ਅਤੇ ਪੇਂਡੂ ਉਦਯੋਗ, ਬੋਰਡ, ਚੰਡੀਗੜ੍ਹ	2022-23	1
5.	ਰੀਅਲ ਐਸਟੇਟ ਰੈਗੂਲੇਟਰੀ ਅਥਾਰਟੀ, ਚੰਡੀਗੜ੍ਹ	2022-23	1
6.	ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ	2022-23	1
ਜੋੜ			**17**

ਸ੍ਰੋਤ: ਵਿਭਾਗੀ ਡਾਟਾ/ਸੂਚਨਾ

ਲੇਖਿਆਂ ਨੂੰ ਪੇਸ਼ ਕਰਨ ਵਿੱਚ ਬਕਾਇਆ ਇੱਕ ਤੋਂ ਛੇ ਸਾਲਾਂ ਦਾ ਸੀ, ਜਿਨ੍ਹਾਂ ਵਿੱਚੋਂ ਪੰਜਾਬ ਕਿਰਤ ਭਲਾਈ ਬੋਰਡ ਚੰਡੀਗੜ੍ਹ ਨੇ 2017-18 ਤੋਂ ਆਪਣੇ ਲੇਖੇ ਪੇਸ਼ ਨਹੀਂ ਕੀਤੇ ਸਨ। ਲੇਖਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਕਰਕੇ ਵਿੱਤੀ ਅਨਿਯਮਤਾਵਾਂ ਦੇ ਪਤਾ ਨਾ ਲੱਗਣ ਦਾ ਜੋਖਮ ਹੁੰਦਾ ਹੈ ਅਤੇ, ਇਸ ਲਈ, ਲੇਖਿਆਂ ਨੂੰ ਜਲਦੀ ਤੋਂ ਜਲਦੀ ਅੰਤਿਮ ਰੂਪ ਦੇਣ ਅਤੇ ਲੇਖਾ ਪ੍ਰੀਖਿਆ ਕੋਲ ਪੇਸ਼ ਕਰਨ ਦੀ ਜ਼ਰੂਰਤ ਹੁੰਦੀ ਹੈ।

ਇਸ ਤੋਂ ਇਲਾਵਾ, ਇਹ ਵੇਖਿਆ ਗਿਆ ਕਿ, ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈਡਰੇਸ਼ਨ (ਮਾਰਕਫੈਡ), ਪੰਜਾਬ ਲੈਂਡ ਰਿਕਾਰਡਜ਼ ਸੁਸਾਇਟੀ (ਪੀ ਐਲ ਆਰ ਐਸ), ਜਲੰਧਰ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਪੀ ਡਬਲਯੂ ਐਸ ਐਸ ਬੀ) ਨੂੰ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਨੂੰ ਨਾ ਸੌਂਪੇ ਜਾਣ ਕਾਰਨ ਲੇਖਾ ਪ੍ਰੀਖਿਆ ਨਹੀਂ ਹੋ ਸਕੀ। ਇਸ ਤੋਂ ਇਲਾਵਾ, ਰਾਜ ਸਰਕਾਰ ਵੱਲੋਂ ਲੇਖਾ ਪ੍ਰੀਖਿਆ ਸੌਂਪੇ ਜਾਣ ਦੇ ਬਾਵਜੂਦ ਨਿਯਮਾਂ ਅਤੇ ਸ਼ਰਤਾਂ ਨੂੰ ਅੰਤਿਮ ਰੂਪ ਨਾ ਦਿੱਤੇ ਜਾਣ ਕਾਰਨ ਇੰਪਰੂਵਮੈਂਟ ਟਰੱਸਟਾਂ ਦੀ ਲੇਖਾ ਪ੍ਰੀਖਿਆ ਨਹੀਂ ਕੀਤੀ ਜਾ ਸਕੀ।

ਰਾਜ ਸਰਕਾਰ ਖੁਦਮੁਖਤਿਆਰ ਸੰਗਠਨਾਂ ਦੇ ਸਾਲਾਨਾ ਲੇਖਿਆਂ ਦੇ ਸੰਕਲਨ ਅਤੇ ਜਮ੍ਹਾਂ ਕਰਵਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਾਲ ਨਾਲ ਮਾਰਕਫੈਡ, ਪੀ ਐਲ ਆਰ ਐਸ ਅਤੇ ਪੀ ਡਬਲਯੂ ਐਸ ਐਸ ਬੀ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਕਰਨ ਲਈ ਲੇਖਾ ਪ੍ਰੀਖਿਆ ਦੀ ਜ਼ਿੰਮੇਵਾਰੀ ਸੌਂਪਣ ਲਈ ਇੱਕ ਪ੍ਰਣਾਲੀ ਦਾ ਵਿਕਾਸ ਕਰਨ ਲਈ ਵਿਚਾਰ ਕਰ ਸਕਦੀ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2024) ਕਿ ਇਸ ਸਬੰਧ ਵਿੱਚ ਸੁਧਾਰਾਤਮਕ ਕਾਰਵਾਈ ਕੀਤੀ ਜਾਵੇਗੀ।

4.11 ਵਿਭਾਗੀ ਕਮਰਸ਼ੀਅਲ ਅਦਾਰੇ/ਕਾਰਪੋਰੇਸ਼ਨਾਂ/ਕੰਪਨੀਆਂ

ਕੰਪਨੀਜ਼ ਐਕਟ, 2013 ਦੀਆਂ ਧਾਰਾਵਾਂ 394 ਅਤੇ 395 ਅਨੁਸਾਰ, ਸਰਕਾਰੀ ਕੰਪਨੀ ਦੇ ਕੰਮਕਾਜ ਅਤੇ ਮਾਮਲਿਆਂ ਤੇ ਸਾਲਾਨਾ ਰਿਪੋਰਟ ਇਸ ਦੀ ਸਾਲਾਨਾ ਜਨਰਲ ਮੀਟਿੰਗ (ਏ ਜੀ ਐਮ) ਦੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਤਿਆਰ ਕੀਤੀ ਜਾਣੀ ਹੈ। ਇਸ ਨੂੰ ਤਿਆਰ ਕਰਨ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਸਾਲਾਨਾ ਰਿਪੋਰਟ ਨੂੰ, ਲੇਖਾ ਪ੍ਰੀਖਿਆ ਰਿਪੋਰਟ ਦੀ ਇੱਕ ਕਾਪੀ ਅਤੇ ਸੀ ਏ ਜੀ ਵੱਲੋਂ ਲੇਖਾ ਪ੍ਰੀਖਿਆ ਰਿਪੋਰਟ 'ਤੇ ਕੀਤੀ ਟਿੱਪਣੀ ਜਾਂ ਇਸਦੇ ਪੂਰਕ ਸਮੇਤ, ਰਾਜ ਵਿਧਾਨਪਾਲਿਕਾ ਦੇ ਸਨਮੁੱਖ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਲਗਭਗ ਇਸੇ ਤਰਾਂ ਦੀਆਂ ਵਿਵਸਥਾਵਾਂ ਵਿਧਾਨਕ ਕਾਰਪੋਰੇਸ਼ਨਾਂ ਨੂੰ ਰੈਗੂਲੇਟ ਕਰਨ ਵਾਲੇ ਵੱਖ ਵੱਖ ਐਕਟਾਂ ਵਿੱਚ ਮੌਜੂਦ ਹਨ। ਉਕਤ ਮੈਕਾਨਿਜ਼ਮ ਰਾਜ ਦੇ ਸੰਚਿਤ ਫੰਡ ਵਿੱਚੋਂ ਕੰਪਨੀਆਂ ਅਤੇ ਕਾਰਪੋਰੇਸ਼ਨਾਂ ਵਿੱਚ ਨਿਵੇਸ਼ ਕੀਤੇ ਜਨਤਕ ਫੰਡਾਂ ਦੀ ਵਰਤੋਂ ਉੱਤੇ ਵਿਧਾਨਪਾਲਿਕਾ ਦੇ ਲੋੜੀਂਦੇ ਕੰਟਰੋਲ ਦੀ ਵਿਵਸਥਾ ਕਰਦਾ ਹੈ।

ਇਹ ਵੇਖਿਆ ਗਿਆ ਸੀ ਕਿ 25 ਜਨਤਕ ਖੇਤਰ ਦੇ ਅਦਾਰਿਆਂ (ਪੀ ਐਸ ਯੂਜ਼)/ਕਾਰਪੋਰੇਸ਼ਨਾਂ ਦੇ ਲੇਖੇ ਬਕਾਇਆ ਸਨ (30 ਜੂਨ 2024 ਤੱਕ), ਜਿਨਾਂ ਵਿੱਚੋਂ ਨੌ ਗੈਰ-ਕਾਰਜਸ਼ੀਲ ਸਨ। ਬਾਕੀ ਰਹਿੰਦੇ 16 ਕਾਰਜਸ਼ੀਲ ਪੀ ਐਸ ਯੂਜ਼ ਵਿੱਚੋਂ, ਦਸ[3] ਘਾਟੇ ਵਿੱਚ ਚਲ ਰਹੇ ਸਨ। ਅੱਗੇ, ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਆਇਆ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਛੇ ਘਾਟੇ ਵਾਲੇ ਕਾਰਜਸ਼ੀਲ ਪੀ ਐਸ ਯੂਜ਼/ਕਾਰਪੋਰੇਸ਼ਨਾਂ ਨੂੰ ਇਨ੍ਹਾਂ ਦੇ ਲੇਖੇ ਬਕਾਇਆ ਹੋਣ ਦੇ ਬਾਵਜੂਦ, ₹ 3,137.31 ਕਰੋੜ

3 (i) ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ; (ii) ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਿਡ; (iii) ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ; (iv) ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ; (v) ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ; (vi) ਪੰਜਾਬ ਵਿੱਤੀ ਕਾਰਪੋਰੇਸ਼ਨ; (vii) ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ; (viii) ਪੰਜਾਬ ਅਨੁਸੂਚਿਤ ਜਾਤੀਆਂ ਭੂਮੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ; (ix) ਲੁਧਿਆਣਾ ਸਮਾਰਟ ਸਿਟੀ ਲਿਮਟਿਡ; ਅਤੇ (x) ਜਲੰਧਰ ਸਮਾਰਟ ਸਿਟੀ ਲਿਮਟਿਡ।

ਦੀ ਬਜਟਰੀ ਸਹਾਇਤਾ ਮੁਹੱਈਆ ਕਰਵਾਈ ਗਈ ਸੀ, ਜਿਵੇਂ ਕਿ **ਸਾਰਣੀ 4.8** ਵਿੱਚ ਵੇਰਵਾ ਦਿੱਤਾ ਗਿਆ ਹੈ।

ਸਾਰਣੀ 4.8: ਘਾਟੇ ਵਿੱਚ ਚੱਲ ਰਹੇ ਕਾਰਜਸ਼ੀਲ ਕਮਰਸ਼ੀਅਲ ਅਦਾਰਿਆਂ/ਕਾਰਪੋਰੇਸ਼ਨਾਂ/ਕੰਪਨੀਆਂ ਜਿਨ੍ਹਾਂ ਦੇ ਲੇਖੇ ਬਕਾਇਆ ਹਨ, ਲਈ ਬਜਟਰੀ ਸਹਾਇਤਾ ਦੇ ਸਾਲ-ਵਾਰ ਵੇਰਵੇ

(₹ ਕਰੋੜ ਵਿੱਚ)

ਲੜੀ ਨੰ.	ਕੰਪਨੀ/ਕਾਰਪੋਰੇਸ਼ਨ ਦਾ ਨਾਂਅ	ਬਜਟਰੀ ਸਹਾਇਤਾ			
		2021-22	2022-23	2023-24	ਜੋੜ
1.	ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਿਟਡ (ਪਨਸਪ)	571.07	487.10	100.00	1158.17
2.	ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ	60.08	59.00	15.97	135.05
3.	ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ	353.11	74.12	70.14	497.37
4.	ਜਲੰਧਰ ਸਮਾਰਟ ਸਿਟੀ ਲਿਮਿਟਡ	135.25	214.75	20.75	370.75
5.	ਪੰਜਾਬ ਵਿੱਤੀ ਕਾਰਪੋਰੇਸ਼ਨ	8.00	92.41	40.00	140.41
6.	ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਡ	49.00	254.09	532.47	835.56
ਜੋੜ		**1,176.51**	**1,181.47**	**779.33**	**3,137.31**

ਸ੍ਰੋਤ: ਪੀ ਐਸ ਯੂਜ਼ ਵਲੋਂ ਮੁਹੱਈਆ ਕਰਵਾਈ ਗਈ ਸੂਚਨਾ

ਬਕਾਇਆ ਲੇਖੇ ਵਾਲੀਆਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਸਮਾਂ-ਵਾਰ ਰੂਪ ਰੇਖਾ ਨੂੰ **ਸਾਰਣੀ 4.9** ਵਿੱਚ ਦਿੱਤਾ ਗਿਆ ਹੈ।

ਸਾਰਣੀ 4.9 : ਬਕਾਇਆ ਲੇਖੇ ਵਾਲੀਆਂ ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਸਮਾਂ-ਵਾਰ ਰੂਪ ਰੇਖਾ

ਸਾਲਾਂ ਵਿੱਚ ਰੇਂਜ	ਪੀ ਐਸ ਯੂਜ਼/ਕਾਰਪੋਰੇਸ਼ਨਾਂ ਦੀ ਗਿਣਤੀ
0-1	0
2-3	11
4-5	07
>5	07
ਜੋੜ	**25**

ਸ੍ਰੋਤ: ਪੀ ਐਸ ਯੂਜ਼ ਵੱਲੋਂ ਭੇਜੀ ਗਈ ਸੂਚਨਾ

ਸਾਰਣੀ 4.9 ਦਰਸਾਉਂਦੀ ਹੈ ਕਿ ਸੱਤ ਪੀ ਐਸ ਯੂਜ਼ ਦੇ ਲੇਖੇ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਬਕਾਇਆ ਸਨ। ਲੇਖਿਆਂ ਨੂੰ ਸਮੇ ਸਿਰ ਅੰਤਿਮ ਰੂਪ ਨਾ ਦੇਣ ਕਰਕੇ, ਸਰਕਾਰ ਦੇ ਨਿਵੇਸ਼ਾਂ ਦੇ ਸਿੱਟੇ ਰਾਜ ਵਿਧਾਨਪਾਲਿਕਾ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੇ ਹਨ ਅਤੇ ਲੇਖਾ ਪ੍ਰੀਖਿਆ ਪੜਤਾਲ ਤੋਂ ਬਚ ਜਾਂਦੇ ਹਨ। ਸਿੱਟੇ ਵੱਜੋਂ, ਜਵਾਬਦੇਹੀ ਨੂੰ ਯਕੀਨੀ ਬਣਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਲਈ ਲੋੜੀਂਦੇ ਸੋਧਮਈ ਉਪਾਅ, ਜੇਕਰ ਕੋਈ ਹੋਣ, ਸਮੇਂ ਸਿਰ ਨਹੀਂ ਕੀਤੇ ਜਾ ਸਕਦੇ। ਧੋਖਾਧੜੀ ਅਤੇ ਜਨਤਕ ਧਨ ਦੀ ਗਲਤ ਵਰਤੋਂ ਦੇ ਜੋਖਮ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਇਹ ਸ਼ਿਫਾਰਸ ਕੀਤੀ ਗਈ ਹੈ ਕਿ ਰਾਜ ਸਰਕਾਰ ਨੂੰ ਇਕ ਸਿਸਟਮ ਵਿਕਸਤ ਕਰਨਾ ਚਾਹੀਦਾ ਹੈ ਅਤੇ ਪੀ ਐਸ ਯੂਜ਼/ਕਾਰਪੋਰੇਸ਼ਨਾ ਦੀਆਂ ਅਥਾਰਟੀਆਂ ਨੂੰ, ਜੇ ਲੋੜੀਂਦਾ ਹੋਵੇ, ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਲਈ ਉਹਨਾਂ ਨੂੰ ਯੋਗ ਬਣਾਉਣ ਲਈ ਇਸ ਦੇ ਅੱਪ ਟੂ ਡੇਟ ਲੇਖਿਆਂ (ਭਾਵ ਪਿਛਲੇ ਸਾਲ) ਨੂੰ ਮੁਕੰਮਲ ਕਰਨ ਲਈ ਨਿਰਦੇਸ਼ ਦੇਣੇ ਚਾਹੀਦੇ ਹਨ।

ਹੋਰ ਮਾਮਲੇ

4.12 ਦੁਰਵਰਤੋਂ, ਨੁਕਸਾਨ, ਚੋਰੀਆਂ, ਆਦਿ

ਪੰਜਾਬ ਵਿੱਤੀ ਨਿਯਮਾਵਲੀ ਦਾ ਨਿਯਮ 2.33 ਤੈਅ ਕਰਦਾ ਹੈ ਕਿ ਹਰ ਸਰਕਾਰੀ ਕਰਮਚਾਰੀ ਨੂੰ ਸਰਕਾਰ ਦੁਆਰਾ ਝੱਲੇ ਗਏ ਉਸ ਨੁਕਸਾਨ ਲਈ ਜੋ ਕਿ ਉਸ ਕਰਮਚਾਰੀ ਵਲੋਂ ਧੋਖੇ ਜਾਂ ਅਣਗਹਿਲੀ ਕਾਰਣ ਹੋਇਆ ਹੋਵੇ ਜਾਂ ਉਸ ਨੁਕਸਾਨ ਲਈ ਜੋ ਕਿ ਕਿਸੇ ਹੋਰ ਸਰਕਾਰੀ ਕਰਮਚਾਰੀ ਤੋਂ ਧੋਖੇ ਜਾਂ ਅਣਗਹਿਲੀ ਕਾਰਣ ਹੋਇਆ ਹੋਵੇ, ਉਸ ਹੱਦ ਤੱਕ ਜਿਥੋਂ ਤੱਕ ਉਸ ਕਰਮਚਾਰੀ ਨੇ ਆਪਣੀ ਕਾਰਵਾਈ ਜਾਂ ਅਣਗਹਿਲੀ ਕਰਕੇ ਨੁਕਸਾਨ ਕਰਨ ਵਿੱਚ ਯੋਗਦਾਨ ਪਾਇਆ ਹੋਵੇ, ਵਿਅਕਤੀਗਤ ਤੌਰ ਤੇ ਜਿੰਮੇਵਾਰ ਠਹਿਰਾਇਆ ਜਾਵੇਗਾ। ਇਸ ਤੋਂ ਇਲਾਵਾ, ਉਕਤ ਨਿਯਮ 2.34 ਅਨੁਸਾਰ ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਨੂੰ ਧੋਖਾਧੜੀ ਅਤੇ ਨੁਕਸਾਨ ਦੇ ਮਾਮਲਿਆਂ ਦੀ ਸੂਚਨਾ ਦੇਣੀ ਜਰੂਰੀ ਹੈ।

31 ਮਾਰਚ 2024 ਨੂੰ ਦੁਰਵਰਤੋਂ, ਨੁਕਸਾਨ, ਚੋਰੀ, ਆਦਿ ਦੇ ₹ 97.56 ਕਰੋੜ ਦੇ 36 ਮਾਮਲੇ ਬਕਾਇਆ ਪਏ ਸਨ। ਬਕਾਇਆ ਮਾਮਲਿਆਂ ਦਾ ਵਿਭਾਗ-ਵਾਰ ਨਿਖੇੜਾ **ਸਾਰਣੀ 4.10** ਵਿੱਚ ਦਿੱਤਾ ਗਿਆ ਹੈ।

ਸਾਰਣੀ 4.10 : ਦੁਰਵਰਤੋਂ, ਨੁਕਸਾਨ, ਚੋਰੀ, ਆਦਿ ਦੇ ਬਕਾਇਆ ਮਾਮਲਿਆਂ ਦੇ ਵੇਰਵੇ

(₹ ਕਰੋੜ ਵਿੱਚ)

ਵਿਭਾਗ/ ਕਾਰਪੋਰੇਸ਼ਨ ਦਾ ਨਾਂਅ	ਦੁਰਵਰਤੋਂ/ਨੁਕਸਾਨ/ ਚੋਰੀ ਦੇ ਮਾਮਲੇ		ਦੁਰਵਰਤੋਂ, ਨੁਕਸਾਨ, ਚੋਰੀ, ਆਦਿ ਦੇ ਬਕਾਇਆ ਮਾਮਲਿਆਂ ਦੇ ਅੰਤਿਮ ਨਿਪਟਾਰੇ ਵਿੱਚ ਦੇਰੀ ਦੇ ਕਾਰਣ					
			ਵਿਭਾਗੀ ਅਤੇ ਅਪਰਾਧਿਕ ਜਾਂਚ ਦੀ ਉਡੀਕ ਵਿੱਚ		ਵਿਭਾਗੀ ਕਾਰਵਾਈ ਆਰੰਭੀ ਗਈ ਪਰ ਮੁਕੰਮਲ ਨਹੀਂ ਹੋਈ		ਅਪਰਾਧਿਕ ਕਾਰਵਾਈਆਂ ਮੁਕੰਮਲ ਹੋਈਆਂ ਪਰ ਰਾਸ਼ੀ ਦੀ ਵਸੂਲੀ ਬਕਾਇਆ	
	ਮਾਮਲਿਆਂ ਦੀ ਗਿਣਤੀ	ਰਾਸ਼ੀ	ਮਾਮਲਿਆਂ ਦੀ ਗਿਣਤੀ	ਰਾਸ਼ੀ	ਮਾਮਲਿਆਂ ਦੀ ਗਿਣਤੀ	ਰਾਸ਼ੀ	ਮਾਮਲਿਆਂ ਦੀ ਗਿਣਤੀ	ਰਾਸ਼ੀ
ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਲਿਮਿਟਡ	5	6.97	5	6.97	0	0	0	0
ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ	11	12.23	10	11.89	1	0.34	0	0
ਪੰਜਾਬ ਰਾਜ ਸੀਡਜ਼ ਕਾਰਪੋਰੇਸ਼ਨ ਲਿਮਿਟਡ	1*	4.10	0	0	0	0	0	0
ਪਨਸਪ	9	31.74	7	19.99	2	11.75	0	0
ਪਨਗਰੇਨ	8	41.87	6	19.18	2	22.69	0	0
ਨਗਰ ਨਿਗਮ, ਪਟਿਆਲਾ	2	0.65	0	0	2	0.65	0	0
ਜੋੜ	**36**	**97.56**	**28**	**58.03**	**7**	**35.43**	**0**	**0**

ਸ੍ਰੋਤ: ਵਿਭਾਗੀ ਡਾਟਾ/ਸੂਚਨਾ

** ਇੱਕ ਮਾਮਲੇ ਦੇ ਸਬੰਧ ਵਿੱਚ ਸਥਿਤੀ ਉਪਲਬਧ ਨਹੀਂ ਸੀ।*

ਕੁੱਲ 36 ਮਾਮਲਿਆਂ ਵਿੱਚੋਂ, ਸੱਤ ਮਾਮਲਿਆਂ (₹ 35.43 ਕਰੋੜ) ਦੇ ਸਬੰਧ ਵਿੱਚ ਵਿਭਾਗੀ ਕਾਰਵਾਈ ਆਰੰਭੀ ਗਈ ਸੀ ਪਰ ਅੰਤਮ ਰੂਪ ਨਹੀਂ ਦਿੱਤਾ ਗਿਆ ਸੀ ਜਦੋਂਕਿ 28 ਮਾਮਲਿਆਂ (₹ 58.03 ਕਰੋੜ) ਵਿੱਚ ਵਿਭਾਗੀ ਅਤੇ ਅਪਰਾਧਿਕ ਕਾਰਵਾਈਆਂ ਬਕਾਇਆ ਸਨ।

ਬਕਾਇਆ ਮਾਮਲਿਆਂ ਦੀ ਸਮਾਂ-ਵਾਰ ਰੂਪ ਰੇਖਾ ਅਤੇ ਹਰ ਸ਼੍ਰੇਣੀ ਵਿੱਚ ਸਰਕਾਰੀ ਸਮਾਨ ਦੀ ਚੋਰੀ ਅਤੇ ਦੁਰਵਰਤੋਂ/ਨੁਕਸਾਨ ਵਿੱਚ, ਬਕਾਇਆ ਮਾਮਲਿਆਂ ਦੀ ਗਿਣਤੀ ਦਾ ਸਾਰ **ਸਾਰਣੀ 4.11** ਵਿੱਚ ਦਿੱਤਾ ਗਿਆ ਹੈ।

ਸਾਰਣੀ 4.11: ਦੁਰਵਰਤੋਂ, ਨੁਕਸਾਨ, ਧੋਖਾਧੜੀ, ਆਦਿ ਦੀ ਰੂਪ ਰੇਖਾ

(₹ ਕਰੋੜ ਵਿੱਚ)

ਬਕਾਇਆ ਮਾਮਲਿਆਂ ਦੀ ਸਮਾ ਰੂਪ ਰੇਖਾ			ਬਕਾਇਆ ਮਾਮਲਿਆਂ ਦੀ ਪ੍ਰਕ੍ਰਿਤੀ	ਮਾਮਲਿਆਂ ਦੀ ਗਿਣਤੀ	ਸ਼ਾਮਲ ਰਾਸ਼ੀ
ਸਾਲਾਂ ਵਿੱਚ ਰੇਂਜ	ਮਾਮਲਿਆਂ ਦੀ ਗਿਣਤੀ	ਸ਼ਾਮਲ ਰਾਸ਼ੀ			
0-5	22	71.70	ਚੋਰੀ ਦੇ ਮਾਮਲੇ	6	0.57
			ਸਰਕਾਰੀ ਸਮਾਨ ਦੀ ਦੁਰਵਰਤੋਂ/ਨੁਕਸਾਨ	16	71.13
5-10	8	10.53	ਚੋਰੀ ਦੇ ਮਾਮਲੇ	4	0.43
			ਸਰਕਾਰੀ ਸਮਾਨ ਦੀ ਦੁਰਵਰਤੋਂ/ਨੁਕਸਾਨ	4	10.10
10-15	6	15.33	ਸਰਕਾਰੀ ਸਮਾਨ ਦੀ ਦੁਰਵਰਤੋਂ/ਨੁਕਸਾਨ	6	15.33
ਜੋੜ	**36**	**97.56**	**ਜੋੜ**	**36**	**97.56**

ਸ੍ਰੋਤ: ਵਿਭਾਗੀ ਡਾਟਾ/ਸੂਚਨਾ

ਕੁੱਲ ਮਾਮਲਿਆਂ ਵਿੱਚੋਂ, ₹ 15.33 ਕਰੋੜ ਦੇ ਛੇ ਮਾਮਲੇ ਸਰਕਾਰੀ ਸਮਾਨ ਦੀ ਦੁਰਵਰਤੋਂ/ਨੁਕਸਾਨ ਨਾਲ ਸਬੰਧਤ ਦਸ ਸਾਲਾਂ ਤੋਂ ਵੱਧ ਸਮੇਂ ਤੋਂ ਬਕਾਇਆ ਸਨ।

ਚੋਰੀ, ਦੁਰਵਰਤੋਂ, ਨੁਕਸਾਨ ਆਦਿ ਦੇ ਮਾਮਲਿਆਂ ਵਿੱਚ ਤੁਰੰਤ ਕਾਰਵਾਈ ਕਰਨ ਲਈ ਸਰਕਾਰ ਸਮਾਂ-ਬੱਧ ਫਰੇਮਵਰਕ ਤਿਆਰ ਕਰਨ ਬਾਰੇ ਵਿਚਾਰ ਕਰ ਸਕਦੀ ਹੈ।

ਰਾਜ ਸਰਕਾਰ ਨੇ ਕਿਹਾ (ਦਸੰਬਰ 2024) ਕਿਹਾ ਕਿ ਦੁਰਵਰਤੋਂ, ਨੁਕਸਾਨ, ਚੋਰੀਆਂ ਆਦਿ ਦੇ ਮਾਮਲਿਆਂ ਦੀ ਗਿਣਤੀ ਨੂੰ ਘਟਾਉਣ ਲਈ ਯਤਨ ਕੀਤੇ ਜਾਣਗੇ।

4.13 ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਪੈਰਵੀ ਕਰਨ ਲਈ ਕਾਰਵਾਈ

ਰਿਪੋਰਟਾਂ ਵਿਧਾਨਪਾਲਿਕਾ ਵਿੱਚ ਪੇਸ਼ ਹੋਣ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਅਨੁਮਾਨਾਂ ਵਾਲੀ ਕਮੇਟੀ ਅਤੇ ਵਿੱਤ ਵਿਭਾਗ ਨੂੰ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਪੈਰ੍ਹਿਆਂ 'ਤੇ ਸਬੰਧਤ ਵਿਭਾਗਾਂ ਵੱਲੋਂ ਆਪਣੇ ਆਪ ਹੀ ਵਿਆਖਿਆਤਮਕ ਨੋਟ ਮੁਹੱਈਆ ਕਰਾਉਣਾ ਲੋੜੀਂਦਾ ਹੈ। ਰਿਪੋਰਟਾਂ ਪੇਸ਼ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਬੰਧਤ ਵਿਭਾਗਾਂ ਨੂੰ ਐਕਸ਼ਨ ਟੇਕਨ ਨੋਟ (ਏ ਟੀ ਐਨ) ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਮੁਹੱਈਆ ਕਰਵਾਉਣੇ ਵੀ ਲੋੜੀਂਦੇ ਹਨ।

ਲੋਕ ਲੇਖਾ ਕਮੇਟੀ (ਪੀ ਏ ਸੀ) ਵੱਲੋਂ ਅਲੱਗ ਅਲੱਗ ਮੀਟਿੰਗਾਂ ਵਿੱਚ ਉੱਤਰ ਨਾ ਭੇਜਣ ਬਾਰੇ ਚਿੰਤਾ ਜ਼ਾਹਰ ਕੀਤੀ ਗਈ ਹੈ ਅਤੇ ਜਿਸਨੇ ਸਾਲ 2017-18 ਅਤੇ 2019-20 ਤੋਂ 2021-22 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟਾਂ ਦੇ ਜਵਾਬ ਭੇਜਣ ਲਈ ਵਿੱਤ ਵਿਭਾਗ ਨੂੰ ਨਿਰਦੇਸ਼ ਦਿੱਤੇ। ਸਾਲ 2015-16, 2016-17 ਅਤੇ 2018-19 ਲਈ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਦੇ ਦਫਤਰ ਨੂੰ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟਾਂ ਤੇ ਜਵਾਬ ਪ੍ਰਾਪਤ ਹੋਏ ਹਨ। ਪੀ ਏ ਸੀ ਦੀ ਇੱਕ ਮੀਟਿੰਗ ਵਿੱਚ ਸਾਲ 2016-17 ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ 'ਤੇ ਚਰਚਾ ਕੀਤੀ ਗਈ ਸੀ ਪਰ ਸਾਲ 2015-16 ਅਤੇ 2018-19 ਦੇ ਸਾਲਾਂ ਲਈ ਰਾਜ ਦੇ ਵਿੱਤਾਂ ਉੱਤੇ ਲੇਖਾ ਪ੍ਰੀਖਿਆ ਰਿਪੋਰਟ 'ਤੇ ਚਰਚਾ ਅਜੇ ਬਾਕੀ ਸੀ। ਪਿਛਲੇ ਸਾਲ, ਰਾਜ ਦੇ ਵਿੱਤਾਂ

ਉੱਤੇ ਲੇਖਾ ਪ੍ਰੀਖਿਆ ਰਿਪੋਰਟ ਦੀ ਚਰਚਾ (ਅਪ੍ਰੈਲ 2023) ਅਨੁਮਾਨਾਂ ਵਾਲੀ ਕਮੇਟੀ ਨੂੰ ਸੌਂਪੀ ਗਈ ਸੀ, ਪਰ 2023-24 ਦੌਰਾਨ ਕੋਈ ਚਰਚਾ ਨਹੀਂ ਹੋਈ।

4.14 ਵਿੱਤੀ ਵੰਡ ਬਾਰੇ ਛੇਵੇਂ ਪੰਜਾਬ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ

ਛੇਵੇਂ ਪੰਜਾਬ ਵਿੱਤ ਕਮਿਸ਼ਨ ਦਾ ਗਠਨ ਰਾਜ ਸਰਕਾਰ ਵੱਲੋਂ ਪੰਜਾਬ ਵਿੱਤ ਕਮਿਸ਼ਨ ਫਾਰ ਪੰਚਾਇਤਾਂ ਅਤੇ ਨਗਰਪਾਲਿਕਾ ਐਕਟ, 1994 ਦੀ ਧਾਰਾ 3(1) ਅਧੀਨ ਕੀਤਾ ਗਿਆ ਸੀ। ਕਮਿਸ਼ਨ ਨੇ 29 ਮਾਰਚ 2022 ਨੂੰ ਸਾਲ 2021-22 ਤੋਂ 2025-26 ਲਈ ਆਪਣੀ ਰਿਪੋਰਟ ਪੇਸ਼ ਕੀਤੀ ਸੀ। ਕਮਿਸ਼ਨ ਨੇ ਸਥਾਨਕ ਸੰਸਥਾਵਾਂ ਨੂੰ ਵੰਡ ਲਈ ਰਾਜ ਦੇ ਨਿਰੋਲ ਆਪਣੇ ਕਰ ਰੈਵੀਨਿਊ ਦਾ 3.5 *ਪ੍ਰਤੀਸ਼ਤ* ਹਿੱਸਾ ਦੇਣ ਦੀ ਸਿਫਾਰਸ਼ ਕੀਤੀ ਹੈ। ਰਾਜ ਸਰਕਾਰ ਨੇ ਸਿਫਾਰਸ਼ ਮੰਨ ਲਈ ਹੈ। ਇਸ ਅਨੁਸਾਰ, ਸਾਲ 2023-24 ਲਈ ₹ 1,504 ਕਰੋੜ ਸਥਾਨਕ ਸੰਸਥਾਵਾਂ ਨੂੰ ਵੰਡੇ ਜਾਣੇ ਲੋੜੀਂਦੇ ਸਨ। ਹਾਲਾਂਕਿ, 2023-24 ਦੌਰਾਨ ਸਿਰਫ ₹ 100.00 ਕਰੋੜ ਵੰਡੇ ਗਏ ਸਨ। ਸਾਲ 2023-24 ਲਈ ₹ 338.00 ਕਰੋੜ ਦਾ ਬਜਟ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚੋਂ ₹ 83.00 ਕਰੋੜ ਪੁਨਰ-ਨਿਮਿੱਤਣ ਆਦੇਸ਼ ਰਾਹੀਂ ਵਾਪਸ ਲੈ ਲਏ ਗਏ ਸਨ ਅਤੇ ਵਿੱਤ/ਖਜ਼ਾਨਾ ਵਿਭਾਗ ਵੱਲੋਂ ₹ 155.00 ਕਰੋੜ ਦੇ ਬਿੱਲਾਂ ਦੀ ਮਨਜ਼ੂਰੀ ਨਹੀਂ ਦਿੱਤੀ ਗਈ ਸੀ।

4.15 ਸਿੱਟਾ

₹ 3,089.57 ਕਰੋੜ (597 ਯੂ ਸੀਜ਼) ਦੀ ਰਾਸ਼ੀ ਦੇ ਵਰਤੋਂ ਸਰਟੀਫੀਕੇਟਾਂ (ਯੂ ਸੀਜ਼) ਦਾ ਇੰਤਜ਼ਾਰ ਸੀ, ਜੋ ਕਿ ਪ੍ਰਸ਼ਾਸਨਿਕ ਵਿਭਾਗਾਂ ਦੇ ਅੰਦਰੂਨੀ ਕੰਟਰੋਲ ਦੀ ਘਾਟ ਅਤੇ ਇਹ ਸਰਕਾਰ ਵੱਲੋਂ ਪਿਛਲੀਆਂ ਗ੍ਰਾਂਟਾਂ ਦੀ ਉਚਿੱਤ ਵਰਤੋਂ ਕੀਤੇ ਜਾਣ ਨੂੰ ਯਕੀਨੀ ਬਣਾਏ ਬਗੈਰ ਨਵੀਆਂ ਗ੍ਰਾਂਟਾਂ ਦੀ ਵੰਡ ਕਰਨ ਵੱਲ ਝੁਕਾਅ ਦਾ ਸੰਕੇਤ ਕਰਦਾ ਹੈ। ਇਸੇ ਤਰ੍ਹਾਂ, ₹ 2,804.85 ਕਰੋੜ (2,037 ਡੀ ਸੀ ਬਿਲ) ਦੀ ਰਾਸ਼ੀ ਦੇ ਡਿਟੇਲਡ ਕੰਟੀਜੈਂਟ (ਡੀ ਸੀ) ਬਿਲਾਂ ਦਾ ਵੀ ਇੰਤਜ਼ਾਰ ਸੀ। ਸਾਲ 2023-24 ਲਈ ਰਾਜ ਸਰਕਾਰ ਦੇ ਕੈਸ਼ ਬਕਾਏ ਵਿੱਚ ₹ 241.80 ਕਰੋੜ (ਡੈਬਿਟ) ਦਾ ਬਿਨਾਂ ਮਿਲਾਨ ਕੀਤੇ ਅੰਤਰ ਸੀ। ਚਾਰ ਵਿਭਾਗਾਂ ਨਾਲ ਸਬੰਧਤ ਮੰਡਲਾਂ ਦੇ ਬੈਂਕ ਖਾਤਿਆਂ ਵਿੱਚ ₹ 1,253.85 ਕਰੋੜ ਦੀ ਰਾਸ਼ੀ ਅਜੇ ਤੱਕ ਪਈ ਸੀ।

ਛੇ ਖੁਦਮੁਖਤਿਆਰ ਸੰਗਠਨਾਂ ਅਤੇ 25 ਜਨਤਕ ਖੇਤਰ ਦੇ ਅਦਾਰਿਆਂ/ਕਾਰਪੋਰੇਸ਼ਨ ਨੇ ਕਾਫੀ ਸਮੇਂ ਤੋਂ ਆਪਣੇ ਫਾਈਨਲ ਲੇਖੇ ਪੇਸ਼ ਨਹੀਂ ਕੀਤੇ। ਸਿੱਟੇ ਵਜੋਂ, ਉਨ੍ਹਾਂ ਦੀ ਵਿੱਤੀ ਸਥਿਤੀ ਦਾ ਮੁਲਾਂਕਣ ਨਹੀਂ ਹੋ ਸਕਦਾ ਸੀ ਅਤੇ ਸਰਕਾਰ ਦੇ ਨਿਵੇਸ਼ ਦੇ ਨਤੀਜੇ ਰਾਜ ਵਿਧਾਨ ਪਾਲਿਕਾ ਦੇ ਦਾਇਰੇ ਤੋਂ ਬਾਹਰ ਰਹੇ।

ਇਸ ਤੋਂ ਇਲਾਵਾ, ਸਰਕਾਰੀ ਸਮਾਨ ਦੀ ਚੋਰੀ, ਦੁਰਵਰਤੋਂ ਅਤੇ ਨੁਕਸਾਨ ਦੇ 36 ਮਾਮਲਿਆਂ ਵਿੱਚ ਲੰਮੇਂ ਸਮੇਂ ਤੋਂ ਵਿਭਾਗੀ ਕਾਰਵਾਈ ਬਕਾਇਆ ਸੀ। 2023-24 ਦੌਰਾਨ 6ਵੇਂ ਪੰਜਾਬ ਵਿੱਤ ਕਮਿਸ਼ਨ ਵੱਲੋਂ ਸ਼ਿਫਾਰਸ਼ ਕੀਤੀ ਗਈ ₹ 1,504.00 ਕਰੋੜ ਦੀ ਰਾਸ਼ੀ ਦੇ ਮੁਕਾਬਲੇ ਸਿਰਫ ₹ 100.00 ਕਰੋੜ ਹੀ ਸਥਾਨਕ ਸਰਕਾਰਾਂ ਨੂੰ ਟਰਾਂਸਫਰ ਕੀਤੇ ਗਏ ਸਨ।

4.16 ਸਿਫਾਰਸ਼ਾਂ

ਲੇਖਾ ਪ੍ਰੀਖਿਆ ਟਿੱਪਣੀਆਂ ਦੀ ਰੋਸ਼ਨੀ ਵਿੱਚ, ਰਾਜ ਸਰਕਾਰ ਇਹ ਕਰ ਸਕਦੀ ਹੈ:

(i) *ਵਿਸ਼ੇਸ ਮੰਤਵਾਂ ਲਈ ਜਾਰੀ ਗ੍ਰਾਂਟਾਂ ਦੇ ਸਬੰਧ ਵਿੱਚ ਵਿਭਾਗਾਂ ਵੱਲੋਂ ਸਮੇਂ ਸਿਰ ਵਰਤੋਂ ਸਰਟੀਫੀਕੇਟ ਭੇਜਣ ਨੂੰ ਯਕੀਨੀ ਬਣਾਉਣਾ;*

